**1000/Gurpreet kaur**

**PUNJAB VIDHAN SABHA**

*Thursday, the 27th March, 2025*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Sardar Kultar Singh Sandhwan) in the Chair.*

---------

**STARRED QUESTIONS AND ANSWERS**

**ਮਾਣਯੋਗ ਸਪੀਕਰ:** ਵਾਹਿਗੁਰੂ ਜੀ। ਪ੍ਰਸ਼ਨ ਕਾਲ।

**ਹਲਕਾ ਮਾਨਸਾ ਦੇ ਪਿੰਡਾਂ ਵਿੱਚ ਨਵੇਂ ਵਾਟਰ ਵਰਕਸ ਲਗਾਉਣਾ ਅਤੇ ਪੁਰਾਣੇ ਵਾਟਰ ਵਰਕਸ ਅਬਾਦੀ ਦੇ ਹਿਸਾਬ ਨਾਲ ਅੱਪਗ੍ਰੇਡ ਕਰਨਾ**

***1636. ਡਾਕਟਰ ਵਿਜੈ ਸਿੰਗਲਾ:** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਮਾਨਸਾ ਦੇ ਪਿੰਡਾਂ ਵਿੱਚ ਨਵੇਂ ਵਾਟਰ ਵਰਕਸ ਲਗਾਉਣ ਅਤੇ ਪੁਰਾਣੇ ਲੱਗੇ ਵਾਟਰ ਵਰਕਸਾਂ ਨੂੰ ਅਬਾਦੀ ਦੇ ਹਿਸਾਬ ਨਾਲ ਅੱਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸਰਦਾਰ ਹਰਦੀਪ ਸਿੰਘ ਮੁੰਡੀਆਂ:** ਸ਼੍ਰੀਮਾਨ ਜੀ, ਇਹ ਦੱਸਿਆ ਜਾਂਦਾ ਹੈ ਕਿ ਵਿਧਾਨ ਸਭਾ ਹਲਕਾ ਮਾਨਸਾ ਦੇ ਪਿੰਡ ਚਕੇਰੀਆਂ ਵਿੱਚ ਨਵਾਂ ਵਾਟਰ ਵਰਕਸ ਬਣਾਏ ਜਾਣ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਪਿੰਡ ਅਕਲੀਆ ਦੇ ਪੁਰਾਣੇ ਲੱਗੇ ਵਾਟਰ ਵਰਕਸ ਨੂੰ ਆਬਾਦੀ ਦੇ ਹਿਸਾਬ ਨਾਲ ਅੱਪਗ੍ਰੇਡ ਕੀਤਾ ਜਾ ਰਿਹਾ ਹੈ। ਇਨ੍ਹਾਂ ਦੋਨਾਂ ਕੰਮਾਂ ਦੀ ਟੈਂਡਰ ਪ੍ਰਕਿਰਿਆ ਪ੍ਰਗਤੀ ਅਧੀਨ ਹੈ। ਹਲਕਾ ਮਾਨਸਾ ਦੇ ਬਾਕੀ ਪਿੰਡਾਂ ਨੂੰ ਪੀਣ ਵਾਲ਼ੇ ਪਾਣੀ ਦੀ ਸਪਲਾਈ ਵਿਭਾਗ ਦੇ ਨਾਰਮਜ ਅਨੁਸਾਰ ਪਹਿਲਾ ਹੀ 70 ਲੀਟਰ ਪ੍ਰਤੀ ਵਿਅਕਤੀ ਪ੍ਰਤੀ ਦਿਨ ਮੌਜੂਦਾ ਵਾਟਰ ਵਰਕਸਾਂ ਤੋਂ ਦਿੱਤੀ ਜਾ ਰਹੀ ਹੈ। ਇਸ ਲਈ ਉਨ੍ਹਾਂ ਨੂੰ ਅੱਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਡਾਕਟਰ ਵਿਜੈ ਸਿੰਗਲਾ**: ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ 63 ਪਿੰਡਾਂ ਵਿੱਚੋਂ 40 ਪਿੰਡਾਂ ਵਿੱਚ ਹੀ ਵਾਟਰ ਵਰਕਸ ਹਨ। ਜਿਵੇਂ ਮੰਤਰੀ ਸਾਹਿਬ ਵੱਲੋਂ ਕਿਹਾ ਗਿਆ ਹੈ ਕਿ ਪਿੰਡ ਚਕੇਰੀਆਂ ਅਤੇ ਅਕਲੀਆਂ ਦਾ ਪ੍ਰੋਸੈਸ ਸ਼ੁਰੂ ਕਰ ਦਿੱਤਾ ਗਿਆ ਹੈ। ਇਹ ਕੰਮ ਕਦੋਂ ਤੋਂ ਸ਼ੁਰੂ ਹੋ ਜਾਵੇਗਾ ਅਤੇ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਇਹ ਕੰਮ 10 ਅਪਰੈਲ, 2025 ਤੱਕ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਕੰਮ ਨੂੰ ਮੁਕੰਮਲ ਕਰਨ ਦਾ ਸਮਾਂ 15 ਮਹੀਨੇ ਹੈ। ਇਸ ਲਈ ਇਹ ਕੰਮ ਜੁਲਾਈ, 2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ।

**ਡਾਕਟਰ ਵਿਜੈ ਸਿੰਗਲਾ**: ਮਾਣਯੋਗ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਵਾਟਰ ਵਰਕਸ ਬਣਾਉਂਦੇ ਹਨ ਵਿਭਾਗ ਵੱਲੋਂ ਉਹ ਬਣਾ ਕੇ ਪੰਚਾਇਤਾਂ ਨੂੰ ਹੈਂਡ ਓਵਰ ਕਰ ਦਿੱਤੇ ਜਾਂਦੇ ਹਨ। ਕੁਝ ਵਾਟਰ ਵਰਕਸ ਨਹਿਰੀ ਪਾਣੀ ਦੇ ਥਰੂ ਚਲਾਏ ਜਾਂਦੇ ਹਨ ਅਤੇ ਕੁਝ ਗਰਾਊਂਡ ਵਾਟਰ ਅਤੇ ਟਿਊਬਵੈੱਲ ਦੇ ਜ਼ਰੀਏ ਚਲਾਏ ਜਾਂਦੇ ਹਨ। ਪੰਚਾਇਤਾਂ ਕੋਲ ਉਸ ਤਰ੍ਹਾਂ ਦੀ ਮੈਨ ਪਾਵਰ ਅਤੇ ਟੈਕਨੀਕਲ ਸਪੋਰਟ ਨਹੀਂ ਹੁੰਦੀ। ਪੰਚਾਇਤਾਂ ਕੋਲ ਕੋਈ ਫੰਡਜ਼ ਵੀ ਅਵੇਲੇਬਲ ਨਹੀਂ ਹੁੰਦੇ। ਨਹਿਰੀ ਪਾਣੀ ਨੂੰ ਪ੍ਰਸੈਸ ਕਰਨ ਲਈ, ਕਲੋਰੀਨੇਸ਼ਨ ਅਤੇ ਫਿਲਟਰੇਸ਼ਨ ਲਈ ਕਾਫੀ ਫੰਡਜ਼ ਚਾਹੀਦੇ ਹਨ। ਇਸ ਦੇ ਲਈ ਟੈਕਨੀਕਲ ਬੰਦੇ ਵੀ ਚਾਹੀਦੇ ਹਨ। ਸੋ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਕੋਲ ਕੋਈ ਇਸ ਤਰ੍ਹਾਂ ਦਾ ਕਰਾਈਟੇਰੀਆ ਹੈ ਜਿਸ ਨਾਲ ਵਾਟਰ ਵਰਕਸ ਨੂੰ ਤੁਹਾਡਾ ਆਪਣਾ ਡਿਪਾਰਟਮੈਂਟ ਹੀ ਮੇਨਟੇਨ ਕਰੇ। ਇਸ ਦਾ ਬੋਝ ਪੰਚਾਇਤਾਂ ਤੇ ਨਾ ਪਵੇ। ਇਸ ਬਾਰੇ ਮੰਤਰੀ ਸਾਹਿਬ ਜਵਾਬ ਦੇ ਦੇਣ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਗ੍ਰਾਮ ਪੰਚਾਇਤ ਵਾਟਰ ਸੈਨੀਟੇਸ਼ਨ ਕਮੇਟੀ ਦੇ ਚੇਅਰਮੈਨ ਸਰਪੰਚ ਹੁੰਦੇ ਹਨ ਅਤੇ ਇਨ੍ਹਾਂ ਸਕੀਮਾਂ ਦਾ ਰੱਖ ਰਖਾਵ ਪੰਚਾਇਤ ਹੀ ਕਰੇਗੀ। ਜਿਵੇਂ ਮਾਣਯੋਗ ਮੈਂਬਰ ਸਾਹਿਬ ਨੇ ਗ੍ਰਾਂਟਾਂ ਬਾਰੇ ਗੱਲ ਕੀਤੀ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ 15ਵੇਂ ਵਿੱਤ ਕਮਿਸ਼ਨ ਦੀ 60% ਗ੍ਰਾਂਟ ਵਾਟਰ ਸਪਲਾਈ ਦੇ ਰੱਖ ਰਖਾਵ ਤੇ ਖਰਚ ਕਰਨੀ ਲਾਜ਼ਮੀ ਹੈ।

**ਡਾਕਟਰ ਵਿਜੈ ਸਿੰਗਲਾ**: ਧੰਨਵਾਦ ਜੀ।

---------

## ਜ਼ਿਲ੍ਹਾ ਤਰਨ-ਤਾਰਨ ਵਿੱਚ ਕੋਈ ਪ੍ਰੋਜੈਕਟ ਜਾਂ ਇੰਡਸਟਰੀ ਲਗਾਉਣਾ

***1438. ਸਰਦਾਰ ਸਰਵਣ ਸਿੰਘ ਧੁੰਨ:** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜਿਲ੍ਹਾ ਤਰਨ-ਤਾਰਨ ਵਿੱਚ ਸ਼ੇਰੋਂ ਮਿੱਲ ਦੀ ਫੂਡ ਸਪਲਾਈ ਨੂੰ ਟਰਾਂਸਫਰ ਕੀਤੀ ਗਈ 80 ਏਕੜ ਜ਼ਮੀਨ ਉੱਤੇ ਕੋਈ ਪ੍ਰੋਜੈਕਟ ਜਾਂ ਕੋਈ ਇੰਡਸਟਰੀ ਆਦਿ ਲਗਾਉਣ ਦਾ ਵਿਚਾਰ ਰੱਖਦੀ ਹੈ ਤਾਂ ਜੋ ਉੱਥੇ ਰਹਿੰਦੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ?

**ਸ੍ਰੀ ਲਾਲ ਚੰਦ**: ਸਾਲ 2016 ਦੌਰਾਨ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਵਿੱਤੀ ਕਮਿਸ਼ਨਰ (ਮਾਲ) ਵੱਲੋਂ ਹੁਕਮ ਮਿਤੀ 25.04.2016 ਰਾਹੀਂ ਪਿੰਡ ਸ਼ੇਰੋਂ, ਜ਼ਿਲ੍ਹਾ ਤਰਨਤਾਰਨ ਵਿਖੇ ਬੰਦ ਪਈ ਸ਼ੂਗਰ ਮਿੱਲ ਦੀ ਤਕਰੀਬਨ 88 ਏਕੜ 5 ਕਨਾਲ 3 ਮਰਲੇ ਜ਼ਮੀਨ ਦੀ ਮਲਕੀਅਤ ਜੋਕਿ ਸਹਿਕਾਰਤਾ ਵਿਭਾਗ ਦੇ ਨਾਮ ਸੀ, ਇੰਟੀਗਰੇਟਿਡ ਫੂਡ ਗਰੇਨ ਮੈਨੇਜ਼ਮੈਂਟ ਪ੍ਰੋਜੈਕਟ (ਫੂਡ ਪਾਰਕ) ਦੀ ਉਸਾਰੀ ਲਈ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਵਿਭਾਗ ਦੇ ਨਾਮ ਤੇ ਤਬਦੀਲ ਕੀਤੀ ਗਈ ਸੀ। ਭਾਰਤ ਸਰਕਾਰ ਦੇ ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲੇ ਵੱਲੋਂ ਪੱਤਰ ਮਿਤੀ 30.05.2016 ਰਾਹੀ ਉਕਤ ਜ਼ਮੀਨ ਨੂੰ “The Food Park” ਵੱਜੋ ਘੋਸ਼ਿਤ ਕੀਤਾ ਗਿਆ। ਸਾਲ 2016 ਵਿੱਚ NABCONS ਨੂੰ ਫੂਡ ਪਾਰਕ ਦੀ ਸਥਾਪਨਾ ਲਈ DPR (Detail Project Report)

ਬਣਾਉਣ ਦਾ ਕੰਮ ਸੌਂਪਿਆ ਗਿਆ। ਸਹਿਕਾਰੀ ਖੰਡ ਮਿੱਲਾਂ ਦੇ ਵਿਸਥਾਰ ਅਤੇ ਮੁੜ ਸੁਰਜੀਤ ਕਰਨ ਸਬੰਧੀ ਸਰਕਾਰ ਦੁਆਰਾ ਗਠਿਤ ਕੀਤੀ ਕੈਬਨਿਟ ਸਬ ਕਮੇਟੀ ਵੱਲੋਂ ਮਿਤੀ 22.10.2018 ਨੂੰ ਬੰਦ ਪਈ ਤਰਨਤਾਰਨ ਸਾਹਿਕਾਰੀ ਖੰਡ ਮਿਲ ਨੂੰ ਲੰਬੇ ਸਮੇਂ ਲੀਜ਼ ਦੇ ਅਧਾਰ ਤੇ ਚਲਾਉਣ ਲਈ ਸ਼ਿਫਾਰਿਸ ਕੀਤੀ ਗਈ। ਇਸ ਤੋਂ ਇਲਾਵਾ ਸਹਿਕਾਰਤਾ ਵਿਭਾਗ ਵੱਲੋਂ ਕੈਬਨਿਟ ਸਬ ਕਮੇਟੀ ਵੱਲੋਂ ਕੀਤੀ ਸ਼ਿਫਾਰਿਸ ਦੇ ਸਨਮੁੱਖ ਵਿਭਾਗ ਨੂੰ ਤਬਦੀਲ ਹੋਈ ਖੰਡ ਮਿੱਲ ਦੀ ਜ਼ਮੀਨ ਵਾਪਿਸ ਤਰਨਤਾਰਨ ਸਹਿਕਾਰੀ ਖੰਡ ਮਿੱਲ ਦੇ ਨਾਮ ਤਬਦੀਲ ਕਰਨ ਸਬੰਧੀ ਇਸ ਵਿਭਾਗ ਨੂੰ ਲਿਖਿਆ ਗਿਆ। ਜਿਸ ਕਾਰਨ ਉਕਤ ਜ਼ਮੀਨ ਤੇ ਕੋਈ ਵੀ ਪ੍ਰੋਜੈਕਟ ਸ਼ੁਰੂ ਨਹੀਂ ਹੋ ਸਕਿਆ।

ਹੁਣ ਇਸ ਵਿਭਾਗ ਵੱਲੋਂ ਆਉਣ ਵਾਲੇ ਰੱਬੀ ਖਰੀਦ ਸੀਜ਼ਨ 2025-26 ਦੌਰਾਨ ਸ਼ੇਰੋਂ ਮਿੱਲ ਵਿੱਚ 40,000 ਮੀਟਰਕ ਟਨ ਕਣਕ ਸਟੋਰ ਕਰਨ ਲਈ 8 ਏਕੜ ਭੂਮੀ ਵਿੱਚ ਪਲਿੰਥ ਬਣਾਏ ਜਾ ਰਹੇ ਹਨ।

**ਸਰਦਾਰ ਸਰਵਣ ਸਿੰਘ ਧੁੰਨ**: ਮਾਣਯੋਗ ਸਪੀਕਰ ਸਾਹਿਬ, ਜਵਾਬ ਵਿੱਚ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਜਿਹੜੀ 8 ਏਕੜ ਤੇ ਕਵਰਡ ਗੁਦਾਮ ਸਰਕਾਰ ਬਣਾਉਣ ਜਾ ਰਹੀ ਹੈ, ਮੈਂ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੀ ਬਾਕੀ ਜ਼ਮੀਨ ਹੈ ਉੱਥੇ ਸਰਕਾਰ ਫੂਡ ਪਾਰਕ ਜਾਂ ਕੋਈ ਪ੍ਰੋਜੈਕਟ ਲਗਾਉਣ ਦਾ ਵਿਚਾਰ ਰੱਖਦੀ ਹੈ।

**1000/Gurpreet kaur/Shubham jain**

**1005/Rajneet Kaur**

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਸਾਲ 2016 ਵਿੱਚ ਉਸ ਵੇਲੇ ਦੀ ਸਰਕਾਰ ਵੱਲੋਂ ਇੱਕ ਤਜਵੀਜ਼ ਲਿਆਂਦੀ ਗਈ ਸੀ। ਬੇਸਿਕਲੀ, ਇਹ ਸਹਿਕਾਰਤਾ ਵਿਭਾਗ ਦੀ ਜ਼ਮੀਨ ਸੀ, ਉਸ ਵੇਲੇ ਦੇ ਫੂਡ ਸਪਲਾਈ ਮਹਿਕਮੇ ਵੱਲੋਂ ਇਸ ਤਜਵੀਜ਼ ਨੂੰ ਸਰਕਾਰ ਦੇ ਕੋਲ ਲਿਆਂਦਾ ਗਿਆ ਸੀ ਕਿ ਇੱਕ ਫੂਡ ਪ੍ਰਾਸੈਸਿੰਗ ਦੀ ਇੰਡਸਟਰੀ ਲਗਾਈ ਜਾਵੇ ਪਰ ਲਗਾਤਾਰ ਉਨ੍ਹਾਂ ਦੀ ਸਰਕਾਰ ਹੋਣ ਦੇ ਬਾਵਜੂਦ ਕੋਈ ਵੀ ਫੂਡ ਪ੍ਰਾਸੈਸਿੰਗ ਯੂਨਿਟ ਨਹੀਂ ਲਗਾਇਆ ਗਿਆ। ਮੰਤਰੀ ਪ੍ਰੀਸ਼ਦ ਨੇ ਡਿਸੀਜ਼ਨ ਕੀਤਾ ਕਿ ਇਹ ਜ਼ਮੀਨ ਦੁਬਾਰਾ ਤਰਨਤਾਰਨ, ਸਹਿਕਾਰਤਾ ਵਿਭਾਗ ਮਿੱਲ ਨੂੰ ਸੌਂਪ ਦਿੱਤੀ ਜਾਵੇ ਪਰ ਇਹ ਗੱਲ ਅੱਧ ਵਿਚਕਾਰ ਹੀ ਸੀ ਕਿਸੇ ਪਾਸੇ ਲੱਗੀ ਨਹੀਂ। ਹੁਣ ਅਸੀਂ ਇਸ ਵਿੱਚੋਂ 8 ਏਕੜ ਜ਼ਮੀਨ ਓਪਨ ਪਲੈਂਥ ਬਣਾਉਣ ਦੇ ਲਈ ਦਿੱਤੀ ਹੈ ਕਿਉਂਕਿ ਸਾਡੇ ਕੋਲ ਸਪੇਸ ਦੀ ਪ੍ਰਾਬਲਮ ਹੈ। ਕੱਲ੍ਹ ਸਾਡੇ ਮਾਣਯੋਗ ਮੁੱਖ ਮੰਤਰੀ ਜੀ ਵੀ ਯੂਨੀਅਨ ਮਨਿਸਟਰ ਜੀ ਨੂੰ ਮਿਲ ਕੇ ਆਏ ਹਨ। ਸੋ, ਅਸੀਂ ਕਿਸਾਨਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਉੱਥੇ 8 ਏਕੜ ਜ਼ਮੀਨ ਵਿੱਚੋਂ ਓਪਨ ਪਲੈਂਥ ਬਣਾਉਣ ਦੇ ਲਈ ਲੈ ਲਈ ਹੈ। ਉਹ ਅਸੀਂ ਬਣਾ ਰਹੇ ਹਾਂ, ਇਹ ਲਗਭਗ ਬਣ ਵੀ ਗਿਆ ਹੈ। ਹੁਣ ਜਿਹੜੀ ਬਾਕੀ ਲੈਂਡ ਰਹਿ ਗਈ ਹੈ, ਅਸੀਂ ਮਾਣਯੋਗ ਐਮ.ਐਲ.ਏ. ਦੇ ਨਾਲ ਬੈਠ ਕੇ, ਸਲਾਹ ਕਰਕੇ ਜੋ ਵੀ ਉਸ ਇਲਾਕੇ ਦੇ ਲਈ ਬੈਟਰ ਹੋਇਆ, ਉਸ ਬਾਰੇ ਸਲਾਹ ਕਰਕੇ ਫੈਸਲਾ ਕਰ ਸਕਦੇ ਹਾਂ।

**ਸਰਦਾਰ ਸਰਵਣ ਸਿੰਘ ਧੁੰਨ** : ਬਹੁਤ ਬਹੁਤ ਧੰਨਵਾਦ।

---------

## ਚੱਬੇਵਾਲ ਹਲਕੇ ਵਿੱਚ ਪ੍ਰਾਇਮਰੀ,
## ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਦੇ ਵੇਰਵੇ

***1580. ਡਾਕਟਰ ਇਸ਼ਾਂਕ ਕੁਮਾਰ**: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਚੱਬੇਵਾਲ ਹਲਕੇ ਵਿੱਚ ਅਜਿਹੇ ਕਿੰਨੇ ਪ੍ਰਾਇਮਰੀ, ਐਲੀਮੈਂਟਰੀ ਅਤੇ ਸੈਕੰਡਰੀ ਸਕੂਲ ਹਨ, ਜਿਨ੍ਹਾਂ ਵਿੱਚ ਅਧਿਆਪਕ ਨਹੀਂ ਹਨ;

(ਅ) ਇਹਨਾਂ ਸਕੂਲਾਂ ਵਿੱਚ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

**ਸਰਦਾਰ ਹਰਜੋਤ ਸਿੰਘ ਬੈਂਸ :** (ੳ) ਸ੍ਰੀਮਾਨ ਜੀ, ਚੱਬੇਵਾਲ ਹਲਕੇ ਵਿੱਚ ਕੋਈ ਵੀ ਸਕੂਲ ਅਧਿਆਪਕ ਰਹਿਤ ਨਹੀਂ ਹੈ, ਹਾਲਾਂਕਿ 119 ਪ੍ਰਾਇਮਰੀ, 23 ਐਲੀਮੈਂਟਰੀ ਅਤੇ 42 ਸੈਕੰਡਰੀ ਸਕੂਲਾਂ ਵਿੱਚ ਕੁੱਝ ਅਸਾਮੀਆਂ ਖਾਲੀ ਹਨ।

(ਅ) ਸ੍ਰੀਮਾਨ ਜੀ, ਭਰਤੀ ਅਤੇ ਤਰੱਕੀ ਰਾਹੀਂ ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਵੱਖ-ਵੱਖ ਪੜਾਵਾਂ ਵਿੱਚ ਹੈ ਅਤੇ ਇਨ੍ਹਾਂ ਨੂੰ ਜਲਦੀ ਭਰਿਆ ਜਾਵੇਗਾ।

ਮਾਣਯੋਗ ਸਪੀਕਰ ਸਾਹਿਬ, ਚੱਬੇਵਾਲ ਹਲਕਾ ਹੁਸ਼ਿਆਰਪੁਰ ਜ਼ਿਲ੍ਹੇ ਦਾ ਅਜਿਹਾ ਹਿੱਸਾ ਹੈ, ਜਿੱਥੇ ਪਿਛਲੇ ਸਮਿਆਂ ਦੇ ਵਿੱਚ ਟੀਚਰਾਂ ਦੀ ਬਹੁਤ ਵੱਡੀ ਕਮੀ ਸੀ, ਬਹੁਤ ਸਾਰੇ ਸਕੂਲ ਟੀਚਰ ਲੈੱਸ ਸੀ। ਪਿਛਲੇ ਬਜਟ ਸੈਸ਼ਨ ਦੇ ਵਿੱਚ ਇਸੇ ਸਦਨ ਵਿੱਚ ਡਾਕਟਰ ਰਾਜ ਕੁਮਾਰ ਚੱਬੇਵਾਲ ਜੀ ਵੱਲੋਂ ਇਹ ਪ੍ਰਸ਼ਨ ਉਠਾਇਆ ਗਿਆ ਸੀ। ਅੱਜ ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਹਲਕਾ ਚੱਬੇਵਾਲ ਦੇ ਵਿੱਚ not even a single school is teacherless. So, our first achievement। ਸੈਕਿੰਡ, 119 ਪ੍ਰਾਇਮਰੀ ਸਕੂਲਾਂ ਦੇ ਵਿੱਚ ਇਸ ਵਕਤ ਜਿਹੜੀ ਵੀ ਟੀਚਰ ਦੀ ਅਸਾਮੀ ਖਾਲੀ ਹੈ। ਮੈਂ ਸਾਡੇ ਮਾਣਯੋਗ ਨੌਜਵਾਨ ਸਾਥੀ ਦਿ ਯੰਗੈਸਟ ਮੈਂਬਰ ਆਫ ਦਿਸ ਹਾਊਸ ਨੂੰ ਮੁਬਾਰਕਬਾਦ ਦੇਣਾ ਚਾਹਾਂਗਾ ਕਿ 1 ਅਪ੍ਰੈਲ ਨੂੰ 2500 ਈ.ਟੀ.ਟੀ. ਅਧਿਆਪਕਾਂ ਨੂੰ ਸਾਡੇ ਮਾਣਯੋਗ ਮੁੱਖ ਮੰਤਰੀ ਜੀ ਨਿਯੁਕਤੀ ਪੱਤਰ ਦੇਣ ਜਾ ਰਹੇ ਹਨ। (ਥੰਪਿੰਗ) ਜਿਸ ਵਿੱਚੋਂ 700 ਹੁਸ਼ਿਆਰਪੁਰ ਜਾ ਰਹੇ ਹਨ। ਜਿਸ ਵਿੱਚੋਂ ਮੈਕਸੀਮਮ ਇਨ੍ਹਾਂ ਦੀ ਕਾਂਸਟੀਚੁਐਂਸੀ ਵਿੱਚ ਜਾ ਰਹੇ ਹਨ। (ਥੰਪਿੰਗ) ਇਸ ਤੋਂ ਬਾਅਦ ਆਲਮੋਸਟ ਜਿਹੜਾ ਉਥੋਂ ਦਾ ਰੇਟ ਹੈ, ਉਹ 99% ਹੋ ਜਾਵੇਗਾ।

**ਮਾਣਯੋਗ ਸਪੀਕਰ** :ਜੀ, ਇਸ਼ਾਂਕ ਜੀ ਮੰਤਰੀ ਦਾ ਧੰਨਵਾਦ ਕਰ ਦਿਓ।

**ਡਾਕਟਰ ਇਸ਼ਾਂਕ ਕੁਮਾਰ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਫੁਰਤੀ ਨਾਲ ਕੰਮ ਨੂੰ ਕਰਵਾਇਆ ਹੈ ਪਰ ਮੈਂ ਇੱਕ ਗੱਲ ਹੋਰ ਕਹਿਣਾ ਚਾਹਾਂਗਾ ਕਿ ਜਿਹੜਾ ਲੇਟੈਸਟ ਡਾਟਾ ਹੈ, ਉਸ ਹਿਸਾਬ ਨਾਲ ਹਾਲੇ ਵੀ 33 ਸਕੂਲ ਟੀਚਰਲੈੱਸ ਹਨ। ਮੈਂ ਇਹੀ ਮੰਤਰੀ ਜੀ ਨੂੰ ਇਹੀ ਬੇਨਤੀ ਕਰਾਂਗਾ ਕਿ ਉੱਥੇ ਵੀ ਵੇਕੈਂਸੀ ਫਿੱਲ ਕੀਤੀਆਂ ਜਾਣ।

**ਮਾਣਯੋਗ ਸਪੀਕਰ** : ਮੰਤਰੀ ਜੀ ਨੇ ਕਹਿ ਦਿੱਤਾ ਹੈ ਕਿ ਮੈਕਸੀਮਮ ਤੁਹਾਡੇ ਆ ਰਹੇ ਹਨ।

**ਮੰਤਰੀ** : ਮੈਂ ਆਪਣੇ ਨੌਜਵਾਨ ਸਾਥੀ ਨੂੰ ਇਹ ਕਹਾਂਗਾ ਕਿ ਜਿਹੜਾ ਐਗਜ਼ੈਕਟ ਅੰਕੜਾ ਹੈ, ਉਹ 659 ਕੈਂਡੀਡੇਟਸ ਦਾ ਹੈ। ਤੁਹਾਡੇ ਵੀ ਆ ਜਾਣਗੇ। ਅਸੀਂ ਤਾਂ ਟੀਚਰ ਭੇਜ ਦਿੰਦੇ ਹਾਂ ਪਰ ਸਾਡਾ ਵਿਧਾਇਕ ਸਾਥੀ ਡੈਪੂਟੇਸ਼ਨ ਬਦਲੀ ਕਰਵਾ ਕੇ ਲੈ ਗਿਆ ਹੋਵੇਗਾ। (ਹਾਸਾ) ਮੈਂ ਇਹ ਕਹਾਂਗਾ ਕਿ ਅਸੀਂ ਟੀਚਰ ਭੇਜ ਦਿਆਂਗੇ, ਉਨ੍ਹਾਂ ਨੂੰ ਸਾਂਭਣਾ ਇਨ੍ਹਾਂ ਦੀ ਜ਼ਿੰਮੇਵਾਰੀ ਹੈ।

---------

## ਪਿੰਡ ਖਾਨਪੁਰ ਨਹਿਰ ਉਪਰ ਬਣ ਰਹੇ ਪੁਲ ਨੂੰ ਪੂਰਾ ਕਰਨਾ

***1539. ਸਰਦਾਰ ਜੀਵਨ ਸਿੰਘ ਸੰਗੋਵਾਲ**: ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਹਨੇਵਾਲ ਤੋਂ ਡੇਹਲੋਂ ਰੋਡ ਪਿੰਡ ਖਾਨਪੁਰ ਨਹਿਰ ਉਪਰ ਪਿਛਲੇ ਤਕਰੀਬਨ 2 ਸਾਲ ਪਹਿਲਾਂ ਸ਼ੁਰੂ ਹੋਏ ਪੁਲ ਨੂੰ ਪੂਰਾ ਕਰਨ ਦੀ ਕੀ ਮਿਆਦ ਹੈ; ਜੇਕਰ ਮਿਆਦ ਲੰਘ ਚੁੱਕੀ ਹੈ ਤਾਂ ਅੱਗੇ ਕਿੰਨੇ ਸਮੇਂ ਵਿੱਚ ਪੂਰਾ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ:** ਸਾਹਨੇਵਾਲ ਤੋਂ ਡੇਹਲੋਂ ਸੜਕ ਤੇ ਅਬੋਹਰ ਬ੍ਰਾਂਚ ਨਹਿਰ ਤੇ 2 ਸਪੈਨ (40 ਮੀਟਰ ਅਤੇ 54 ਮੀਟਰ) ਪੁਲ ਦੀ ਉਸਾਰੀ ਦਾ ਕੰਮ CRIF ਸਕੀਮ ਅਧੀਨ ਮਿਤੀ 06–09–2021 ਨੂੰ 9 ਮਹੀਨੇ ਦੀ ਸਮਾਂ ਸੀਮਾ ਨਾਲ ਅਲਾਟ ਕੀਤਾ ਗਿਆ ਸੀ। ਪੁਲ ਦੇ ਦੋਵੇਂ ਪਾਸੇ ਨਵੀਆਂ ਅਪਰੋਚਾਂ ਬਣਾਉਣ ਦਾ ਕੰਮ ਵੀ ਇਸ ਪ੍ਰੋਜੈਕਟ ਅਧੀਨ ਸ਼ਾਮਲ ਸੀ। ਪੁਲ ਦੀਆਂ ਬਣਨ ਵਾਲੀਆਂ ਅਪਰੋਚਾਂ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਜੰਗਲਾਤ ਵਿਭਾਗ ਦੇ ਦਰੱਖਤ ਹਨ। ਇਸ ਪੁੱਲ ਦੀਆਂ ਅਪਰੋਚਾਂ ਦੇ ਨਿਰਮਾਣ ਵਿੱਚ ਦੇਰੀ ਦਾ ਮੁੱਖ ਕਾਰਨ ਰੁੱਖਾਂ ਦੀ ਕਟਾਈ ਲਈ ਲੋੜੀਂਦੀ ਮਨਜ਼ੂਰੀ ਵਿੱਚ ਦੇਰੀ ਹੋਣਾ ਹੈ। ਜ਼ਿਲ੍ਹਾ ਪ੍ਰੀਸ਼ਦ ਦੁਆਰਾ ਰੁੱਖਾਂ ਦੀ ਕਟਾਈ ਕਰਨ ਉਪਰੰਤ ਮਿਤੀ 12–03–2024 ਨੂੰ ਮਨਜ਼ੂਰੀ ਜ਼ਾਰੀ ਕੀਤੀ ਗਈ ਸੀ। ਜੰਗਲਾਤ ਵਿਭਾਗ ਵਲੋਂ ਰੁੱਖਾਂ ਦੀ ਕਟਾਈ ਦੀ ਪ੍ਰਵਾਨਗੀ ਅਜੇ ਪ੍ਰਾਪਤ ਨਹੀ ਹੋਈ ਹੈ।

ਜੰਗਲਾਤ ਵਿਭਾਗ ਵਲੋਂ ਮਿਲੀ ਸੂਚਨਾ ਅਨੁਸਾਰ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਮਿਤੀ 03–02–2025 ਨੂੰ ਜ਼ਾਰੀ ਕੀਤੇ ਗਏ ਹੁਕਮਾਂ ਅਨੁਸਾਰ, ਅਗਲੇ ਹੁਕਮਾਂ ਤੱਕ ਰੁੱਖਾਂ ਦੀ ਕਟਾਈ ਕਰਨ ਤੇ ਰੋਕ ਲਗਾ ਦਿੱਤੀ ਗਈ ਹੈ। ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ ਅਗਲੇ ਹੁਕਮਾਂ ਤੱਕ ਭਾਰਤ ਸਰਕਾਰ ਅਤੇ ਸਾਰੇ ਰਾਜਾਂ ਵੱਲੋਂ ਕੋਈ ਵੀ ਅਜਿਹੇ ਕਦਮ ਨਾ ਚੁੱਕੇ ਜਾਣ ਜਿਸ ਨਾਲ ਕਿ ਵਣ ਹੇਠ ਰਕਬੇ ਵਿੱਚ ਕਮੀ ਆਵੇ ਬਜਾਏ ਕੇ ਜਦੋਂ ਪ੍ਰਭਾਵਿਤ ਹੋ ਰਹੇ ਵਣ ਰਕਬੇ ਦੀ ਜਗ੍ਹਾ ਕੋਈ ਹੋਰ ਬਦਲਵੀਂ ਜਗ੍ਹਾ ਭਾਰਤ ਸਰਕਾਰ ਅਤੇ ਰਾਜਾਂ ਵੱਲੋਂ ਜੰਗਲਾਤ ਲਈ ਉਪਲੱਬਧ ਕਰਵਾਈ ਜਾਵੇ। ਮੌਕੇ ਤੇ ਪੁੱਲ ਦੀ ਉਸਾਰੀ ਦਾ ਕੰਮ ਪੂਰਾ ਹੋ ਚੁੱਕਾ ਹੈ ਅਤੇ ਅਪਰੋਚਾਂ ਦੀ ਉਸਾਰੀ ਦਾ ਕੰਮ ਅਧੂਰਾ ਹੈ। ਨਵੀਆਂ ਬਣਾਈਆਂ ਜਾਣ ਵਾਲੀਆ ਅਪਰੋਚਾਂ ਦਾ ਕੰਮ ਜੰਗਲਾਤ ਵਿਭਾਗ ਵੱਲੋਂ ਰੁੱਖਾਂ ਦੀ ਕਟਾਈ ਦੀ ਮਨਜ਼ੂਰੀ ਮਿਲਣ ਤੋਂ ਬਾਅਦ 1 ਮਹੀਨੇ ਦੇ ਅੰਦਰ ਪੂਰਾ ਕਰ ਦਿੱਤਾ ਜਾਵੇਗਾ।

**ਸਰਦਾਰ ਜੀਵਨ ਸਿੰਘ ਸੰਗੋਵਾਲ** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ 2021 ਦਾ ਅਲਾਟ ਹੋਇਆ ਹੋਇਆ ਕੰਮ ਹੈ। ਇਸ ਨੂੰ 9 ਮਹੀਨੇ ਦੇ ਅੰਦਰ ਅੰਦਰ ਪੂਰਾ ਕਰਨਾ ਸੀ। ਲੋਕਾਂ ਨੂੰ ਨਰਕ ਭੋਗਦਿਆਂ ਨੂੰ ਤਿੰਨ ਸਾਲ ਹੋ ਗਏ ਹਨ। ਤਕਰੀਬਨ ਇਸ ਪੁਲ ਤੋਂ 25-30 ਪਿੰਡ ਉਸ ਪੁਲ ਦੇ ਉੱਪਰ ਦੀ ਲੰਘਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਪੁਲ ਸਬੰਧੀ ਤਿੰਨ ਸਾਲਾਂ ਤੋਂ ਅਧਿਕਾਰੀਆਂ ਨਾਲ ਕੋਈ ਮੀਟਿੰਗ ਹੀ ਨਹੀਂ ਕੀਤੀ। ਜੇਕਰ ਮੀਟਿੰਗ ਕੀਤੀ ਹੈ ਤਾਂ ਉਨ੍ਹਾਂ ਤੇ ਕਾਰਵਾਈ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਸਸਪੈਂਡ ਕੀਤਾ ਜਾਵੇ। ਉਨ੍ਹਾਂ ਨੇ ਤਿੰਨ ਸਾਲ ਤੋਂ ਇਸ ਪਾਸੇ ਧਿਆਨ ਕਿਉਂ ਨਹੀਂ ਦਿੱਤਾ।

**1005/Rajneet Kaur/Shubham jain**

**1010/Kuldeep kaur**

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਇਸ ਪੁਲ ਦੀਆਂ ਅਪਰੋਚਾਂ ਦੇ ਨਿਰਮਾਣ ਵਿੱਚ ਦੇਰੀ ਦਾ ਮੁੱਖ ਕਾਰਨ ਰੁੱਖਾਂ ਦੀ ਕਟਾਈ ਨਾ ਹੋਣਾ ਹੈ। ਜ਼ਿਲ੍ਹਾ ਪ੍ਰੀਸ਼ਦ ਦੁਆਰਾ ਰੁੱਖਾਂ ਦੀ ਕਟਾਈ ਉਪਰੰਤ ਪ੍ਰਵਾਨਗੀ 12 ਮਾਰਚ, 2024 ਨੂੰ ਜਾਰੀ ਕੀਤੀ ਗਈ ਹੈ ਪਰ ਜੰਗਲਾਤ ਵਿਭਾਗ ਵੱਲੋਂ ਰੁੱਖਾਂ ਦੀ ਕਟਾਈ ਦੀ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ। ਜੰਗਲਾਤ ਵਿਭਾਗ ਨੇ ਜੋ ਸੂਚਨਾ ਦਿੱਤੀ ਹੈ, ਉਸ ਵਿੱਚ ਮਾਣਯੋਗ ਸੁਪਰੀਮ ਕੋਰਟ ਦੇ ਮਿਤੀ 3 ਫਰਵਰੀ, 2025 ਦੇ ਆਦੇਸ਼ਾਂ ਅਨੁਸਾਰ ਅਗਲੇ ਹੁਕਮਾਂ ਤੱਕ ਭਾਰਤ ਸਰਕਾਰ ਅਤੇ ਸਾਰੇ ਰਾਜਾਂ ਵੱਲੋਂ ਕੋਈ ਵੀ ਅਜਿਹੇ ਕਦਮ ਨਾ ਚੁੱਕੇ ਜਾਣ ਜਿਸ ਨਾਲ ਕਿ ਵਾਹਨ ਹੇਠ ਰਕਬੇ ਵਿੱਚ ਘਟਾਓ ਹੋਵੇ। ਉਸ ਦੇ ਬਦਲੇ ਜ਼ਮੀਨ ਨਾ ਦਿੱਤੀ ਜਾਵੇ। ਸੋ, ਅਸੀਂ ਜਗ੍ਹਾ ਪ੍ਰੋਵਾਈਡ ਕਰਨ ਦੇ ਬਦਲਵੇਂ ਪ੍ਰਬੰਧ ਕਰ ਰਹੇ ਹਾਂ। ਜਲਦ ਹੀ ਜਗ੍ਹਾ ਪ੍ਰੋਵਾਈਡ ਕੀਤੀ ਜਾਵੇਗੀ। ਜੇ ਮਾਣਯੋਗ ਮੈਂਬਰ ਸਾਹਿਬ ਦੇ ਧਿਆਨ ਵਿੱਚ ਵੀ ਇਨ੍ਹਾਂ ਦੀ ਪੰਚਾਇਤ ਦੀ ਕੋਈ ਜ਼ਮੀਨ ਹੈ ਤਾਂ ਉਸ ਜ਼ਮੀਨ ਨੂੰ ਜੰਗਲਾਤ ਵਿਭਾਗ ਨੂੰ ਟਰਾਂਸਫਰ ਕਰ ਦੇਣ। ਜਿਸ ਦਿਨ ਵੀ ਜ਼ਮੀਨ ਟਰਾਂਸਫਰ ਹੁੰਦੀ ਹੈ ਤਾਂ ਉਸ ਤੋਂ ਬਾਅਦ ਇੱਕ ਮਹੀਨੇ ਦੇ ਵਿੱਚ ਵਿੱਚ ਇਹ ਕੰਮ ਕਰ ਦਿੱਤਾ ਜਾਵੇਗਾ।

**ਸਰਦਾਰ ਜੀਵਨ ਸਿੰਘ ਸੰਗੋਵਾਲ**: ਸਪੀਕਰ ਸਾਹਿਬ, ਇਸ ਕੰਮ ਨੂੰ ਟਾਈਮ ਬਾਊਂਡ ਕੀਤਾ ਜਾਵੇ।

**ਮਾਣਯੋਗ ਸਪੀਕਰ**: ਅੱਜ ਕੀ ਖਾ ਕੇ ਆਏ ਹੋ ਜੀ? (ਹਾਸਾ) ਟਾਈਮ ਬਾਊਂਡ ਕਰੋ ਜੀ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਇਹ ਦੱਸ ਚੁੱਕਾ ਹਾਂ ਕਿ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਜਦੋਂ ਅਸੀਂ ਆਲਟਰਨੇਟ ਜ਼ਮੀਨ ਦੇਣੀ ਹੈ, ਉਸ ਤੋਂ ਬਾਅਦ ਹੀ ਅਸੀਂ ਇਸ ਨੂੰ ਕੰਪਲੀਟ ਕਰਵਾ ਸਕਦੇ ਹਾਂ। ਜ਼ਮੀਨ ਉਪਲਬਧ ਕਰਵਾਉਣ ਲਈ ਸਾਡੀਆਂ ਕੋਸ਼ਿਸ਼ਾਂ ਜਾਰੀ ਹਨ। ਜਿਸ ਦਿਨ ਜ਼ਮੀਨ ਉਪਲਬਧ ਹੋ ਗਈ, ਉਸ ਤੋਂ ਇਕ ਮਹੀਨੇ ਦੇ ਵਿੱਚ ਵਿੱਚ ਅਸੀਂ ਇਹ ਕੰਮ ਕਰ ਦੇਵਾਂਗੇ।

**ਮਾਣਯੋਗ ਸਪੀਕਰ**: ਠੀਕ ਹੈ ਮੰਤਰੀ ਜੀ। ਮੈਨੂੰ ਇਹ ਲਗਦਾ ਹੈ, ਜੰਗਲਾਤ ਮੰਤਰੀ ਸਾਹਿਬ ਨੂੰ ਇਸ ਤੇ ਥੋੜ੍ਹਾ ਜਿਹਾ proactive ਹੋਣਾ ਪੈਣਾ ਹੈ। 6-7 ਅਜਿਹੇ ਪ੍ਰਾਜੈਕਟ ਹਨ ਜਿਹੜੇ ਸਿਰਫ ਜੰਗਲਾਤ ਦੀ ਕਲੀਅਰੈਂਸ ਕਰਕੇ ਰੁਕੇ ਹੋਏ ਹਨ।

**ਜੰਗਲਾਤ ਅਤੇ ਜੰਗਲੀ ਜੀਵ ਮੰਤਰੀ (ਸ਼੍ਰੀ ਲਾਲ ਚੰਦ)**: ਮਾਣਯੋਗ ਸਪੀਕਰ ਸਾਹਿਬ, ਮੈਂ ਹਾਊਸ ਨੂੰ ਇਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਇਸੇ ਮਹੀਨੇ ਦੇ ਅੰਦਰ ਇਕ ਸੁਪਰੀਮ ਕੋਰਟ ਦਾ ਫੈਸਲਾ ਆਇਆ ਹੈ। ਇਸ ਵਿੱਚ ਉਨ੍ਹਾਂ ਨੇ ਇਕ ਆਰਡਰ ਕੀਤਾ ਹੈ। ਜਿਸ ਆਰਡਰ ਦੇ ਤਹਿਤ ਸਾਡੀਆਂ ਸਾਰੀਆਂ NOC ਰੁਕੀਆਂ ਹੋਈਆਂ ਹਨ। ਅਸੀਂ ਏ.ਜੀ. ਸਾਹਿਬ ਨਾਲ ਸਲਾਹ ਕਰਕੇ ਸੁਪਰੀਮ ਕੋਰਟ ਜਾ ਰਹੇ ਹਾਂ ਅਤੇ ਜੋ ਵੀ ਸਾਨੂੰ ਉੱਥੇ ਆਦੇਸ਼ ਹੋਵੇਗਾ ਅਸੀਂ ਪੰਜਾਬ ਦੇ ਲੋਕਾਂ ਦੇ ਹਿੱਤ ਨੂੰ ਧਿਆਨ ਵਿੱਚ ਰੱਖਦਿਆਂ ਉੱਥੇ ਅਪੀਲ ਪਾਉਣੀ ਹੈ। ਸੁਪਰੀਮ ਕੋਰਟ ਦੇ ਆਰਡਰ ਕਰਕੇ ਅਸੀਂ ਥੋੜ੍ਹਾ ਜਿਹਾ ਰੁਕ ਗਏ, ਜਿਸ ਕਾਰਨ ਅਸੀਂ ਇਹ ਨਹੀਂ ਕਰ ਪਾ ਰਹੇ।

---------

## RULING BY THE HON'BLE SPEAKER

**ਮਾਣਯੋਗ ਸਪੀਕਰ**: ਦੇਖੋ, ਜਿਹੜਾ ਇਹ ਹਾਊਸ ਹੈ, ਇਸ ਕੋਲ ਬੜੀਆਂ powers ਹਨ। ਜੇਕਰ ਕਿਸੇ ਕਾਨੂੰਨ ਕਰਕੇ ਕੋਈ ਅੜਿੱਕਾ ਲਗਦਾ ਹੈ ਤਾਂ ਉਸ ਨੂੰ ਬਦਲ ਲਵੋ ਪਰ ਇਸ ਨੂੰ ਆਪਾਂ expedite ਕਰਾਈਏ।

---------

## STARRED QUESTIONS AND ANSWERS *(Resumption)*

### ਨਹਿਰਾਂ ਦੇ ਕੰਢੇ ਕੂੜਾ-ਕਰਕਟ ਤੋਂ ਹੋਣ ਵਾਲੇ ਨੁਕਸਾਨ

***1432. ਸ਼੍ਰੀ ਨਰੇਸ਼ ਪੁਰੀ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜੋ ਲੋਕਾਂ ਦੁਆਰਾ ਕੂੜਾ-ਕਰਕਟ ਨਹਿਰਾਂ ਦੇ ਕੰਢੇ ਸੁੱਟਿਆ ਜਾ ਰਿਹਾ ਹੈ ਜਿਸ ਕਾਰਨ ਨਹਿਰਾਂ ਦੇ ਕੰਢੇ ਤੇ ਰੁੱਖਾਂ ਅਤੇ ਜੰਗਲੀ ਜੀਵਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ; ਕੀ ਇਸ ਬਾਰੇ ਸਰਕਾਰ ਕੋਈ ਕਦਮ ਚੁੱਕ ਰਹੀ ਹੈ ਤਾਂ ਜੋ ਵੇਸਟ ਮੇਟੀਰੀਅਲ ਦਾ ਸੈਫ ਡਿਸਪੋਜ਼ਲ ਹੋ ਸਕੇ ?

**ਸ਼੍ਰੀ ਬਰਿੰਦਰ ਕੁਮਾਰ ਗੋਇਲ**: ਸ੍ਰੀਮਾਨ ਜੀ, ਜੀ ਹਾਂ, ਇਹ ਸੱਚ ਹੈ ਕਿ ਲੋਕ ਨਹਿਰ ਦੇ ਕੰਢਿਆਂ 'ਤੇ ਹੀ ਨਹੀਂ ਸਗੋਂ ਨਹਿਰ ਦੇ ਅੰਦਰ ਵੀ ਕੂੜਾ ਸੁੱਟ ਰਹੇ ਹਨ, ਜੋ ਸਿੱਧੇ ਤੌਰ 'ਤੇ ਨਹਿਰੀ ਪਾਣੀ ਨੂੰ ਦੂਸ਼ਿਤ ਕਰ ਰਹੇ ਹਨ। ਇਹ ਖਾਸ ਤੌਰ 'ਤੇ ਸ਼ਹਿਰੀ ਖੇਤਰਾਂ (ਸ਼ਹਿਰਾਂ) ਅਤੇ ਕੁਝ ਹਿੱਸਿਆਂ ਵਿੱਚ ਪੇਂਡੂ ਖੇਤਰਾਂ ਵਿੱਚ ਵੀ ਪ੍ਰਚਲਿਤ ਹੈ। ਇਹ ਇੱਕ ਗੰਭੀਰ ਮੁੱਦਾ ਹੈ ਕਿਉਂਕਿ ਨਹਿਰੀ ਪਾਣੀ ਦੀ ਸਿੰਚਾਈ ਤੋਂ ਇਲਾਵਾ ਪੀਣ ਲਈ ਵੀ ਵਰਤੋਂ ਕੀਤੀ ਜਾ ਰਹੀ ਹੈ। ਨਹਿਰਾਂ ਨੂੰ ਪ੍ਰਦੂਸ਼ਣ ਰਹਿਤ ਬਣਾਉਣ ਦੇ ਯਤਨਾਂ ਤਹਿਤ ਵਿਭਾਗ ਨੇ 492 ਪ੍ਰਦੂਸ਼ਣ ਪੁਆਇੰਟਾਂ ਦੀ ਸ਼ਨਾਖਤ ਕੀਤੀ ਹੈ, ਜਿਨ੍ਹਾਂ ਵਿੱਚੋਂ 444 ਨੂੰ ਹਟਾ ਦਿੱਤਾ ਗਿਆ ਹੈ ਅਤੇ 48 ਫਿਲਹਾਲ ਬਾਕੀ ਹਨ। ਇਸ ਮੁੱਦੇ ਨੂੰ ਹੱਲ ਕਰਨ ਲਈ, ਰਾਜ ਸਰਕਾਰ ਉਪਾਅ ਕਰ ਰਹੀ ਹੈ ਜਿਵੇਂ ਕਿ ਅਨੁਬੰਧ ਵਿੱਚ ਨੱਥੀ ਹੈ।

ਅਨੁਬੰਧ

ਉੱਤਰੀ ਭਾਰਤ ਨਹਿਰ ਅਤੇ ਡਰੇਨੇਜ ਐਕਟ ਦੀ ਧਾਰਾ 70 ਤਹਿਤ ਜੁਰਮਾਨਾ ਲਗਾਇਆ ਜਾਵੇ।

1. ਭਾਰਤੀ ਨਿਆ ਸੰਹਿਤਾ ਧਾਰਾ 279 ਦੇ ਤਹਿਤ ਅਪਰਾਧੀਆਂ ਦੇ ਵਿਰੁੱਧ ਐਫ.ਆਈ.ਆਰ ਦਰਜ ਕੀਤੀ ਜਾਂਦੀ ਹੈ ਅਤੇ ਗਲਤੀ ਕਰਨ ਵਾਲੇ ਸਰਕਾਰੀ ਅਧਿਕਾਰੀਆਂ ਜਿਵੇਂ ਕਿ ਸ਼ਹਿਰੀ ਖੇਤਰਾਂ ਵਿੱਚ ਕਾਰਜਕਾਰੀ ਅਧਿਕਾਰੀ ਅਤੇ ਪੇਂਡੂ ਖੇਤਰਾਂ ਵਿੱਚ ਬੀ.ਡੀ.ਪੀ.ਓ ਵਿਰੁੱਧ ਲੋੜੀਂਦੀ ਅਨੁਸ਼ਾਸਨੀ ਕਾਰਵਾਈ ਦੀ ਸਿਫਾਰਸ਼ ਕੀਤੀ ਜਾਂਦੀ ਹੈ।
2. ਮੁੱਖ ਸਕੱਤਰ ਦੇ ਪੱਧਰ 'ਤੇ ਡਿਪਟੀ ਕਮਿਸ਼ਨਰਾਂ ਨਾਲ ਮਹੀਨਾਵਾਰ ਆਧਾਰ 'ਤੇ ਪ੍ਰਗਤੀ ਦੀ ਸਮੀਖਿਆ ਕੀਤੀ ਜਾਂਦੀ ਹੈ।
3. ਅਜਿਹੇ ਸਾਰੇ ਪੁਆਇੰਟਾਂ ਬਾਰੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਸੂਚਿਤ ਕੀਤਾ ਗਿਆ ਹੈ ਅਤੇ ਨਾਲ ਹੀ ਅੱਗੇ ਲੋੜੀਂਦੀ ਕਾਰਵਾਈ ਕਰਨ ਦੀ ਬੇਨਤੀ ਕੀਤੀ ਗਈ ਹੈ। .
4. ਜਲ ਸਰੋਤ ਵਿਭਾਗ ਵੱਲੋਂ ਲੁਧਿਆਣਾ ਸ਼ਹਿਰ ਵਿੱਚੋਂ ਲੰਘਦੀ ਸਿਧਵਾਂ ਨਹਿਰ ਦੇ ਕੰਢੇ ਤਾਰਾਂ ਦੇ ਜਾਲ ਲਗਾਉਣ ਲਈ ਐਨ.ਓ.ਸੀ. ਜਾਰੀ ਕਰਨ ਤੋਂ ਬਾਅਦ, ਨਗਰ ਨਿਗਮ (MC) ਲੁਧਿਆਣਾ ਨੇ ਬੈਰੀਕੇਡਿੰਗ ਦਾ ਕੰਮ ਕੀਤਾ ਹੈ, ਜਿਸ ਨਾਲ ਲੋਕਾਂ ਨੂੰ ਨਹਿਰ ਵਿੱਚ/ਨਾਲ ਕੂੜਾ ਸੁੱਟਣ ਤੋਂ ਰੋਕਿਆ ਗਿਆ ਹੈ ਅਤੇ ਲੋਕਾਂ ਦੀ ਨਹਿਰ ਵਿੱਚ ਦਾਖਲ ਹੋਣ 'ਤੇ ਪਾਬੰਦੀ ਲਗਾਈ ਗਈ ਹੈ। ਇਸੇ ਤਰ੍ਹਾਂ, ਵਿਭਾਗ ਰਾਜ ਭਰ ਵਿੱਚ ਹੋਰ ਸਾਰੀਆਂ ਥਾਵਾਂ 'ਤੇ ਹੋਰ ਐਨ.ਓ.ਸੀ. ਜਾਰੀ ਕਰੇਗਾ ਜਿੱਥੇ ਅਜਿਹੇ ਉਪਾਅ ਕੀਤੇ ਜਾਣ ਦੀ ਲੋੜ ਹੈ।
5. ਵਿਭਾਗ ਲੋਕਾਂ ਨੂੰ ਨਹਿਰਾਂ ਦੇ ਅੰਦਰ ਰੈਂਪ ਬਣਾਉਣ ਦੀ ਇਜਾਜ਼ਤ ਦੇਣ ਤੋਂ ਵੀ ਇਨਕਾਰ ਕਰ ਰਿਹਾ ਹੈ ਕਿਉਂਕਿ ਇਹ ਆਖਰਕਾਰ ਕੂੜਾ ਸੁੱਟਣ ਲਈ ਪਹੁੰਚ ਪੁਆਇੰਟ ਬਣ ਜਾਂਦੇ ਹਨ ਅਤੇ ਕੁਝ ਸਮੇਂ ਲਈ ਲੋਕਾਂ ਦੀ ਜਾਨ ਨੂੰ ਖ਼ਤਰੇ ਵਿੱਚ ਪਾ ਸਕਦੇ ਹਨ।

**ਸ਼੍ਰੀ ਨਰੇਸ਼ ਪੁਰੀ**: ਸਰ, ਮੈਂ ਇਹ ਹੀ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੀ ਵਾਟਰ ਬਾਡੀਜ਼ ਨੂੰ ਖਰਾਬ ਕਰ ਰਹੇ ਹਨ, ਉਨ੍ਹਾਂ ਤੇ ਕਾਰਵਾਈ ਕਰਨ ਲਈ ਕੀ ਕੋਈ ਟੀਮਜ਼ appoint ਕੀਤੀਆਂ ਜਾ ਰਹੀਆਂ ਹਨ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਇਹ ਬਹੁਤ ਹੀ ਗੰਭੀਰ ਮੁੱਦਾ ਹੈ। ਇਨ੍ਹਾਂ ਨੇ ਬਹੁਤ ਵਧੀਆ ਸਵਾਲ ਕੀਤਾ ਹੈ। ਇਹ ਬੜਾ ਚਿੰਤਾ ਦਾ ਵਿਸ਼ਾ ਵੀ ਹੈ ਕਿਉਂਕਿ ਨਹਿਰੀ ਪਾਣੀ ਨੂੰ ਬੜੇ ਵੱਡੇ ਪੱਧਰ ਤੇ ਲੋਕਾਂ ਦੁਆਰਾ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ। ਸਰ, ਜਿਵੇਂ ਲੁਧਿਆਣੇ ਵਿੱਚ ਕਾਰਪੋਰੇਸ਼ਨ ਨੇ NOC ਲਈ ਅਤੇ ਉੱਥੇ ਸਾਰੀਆਂ ਨਹਿਰਾਂ ਦੇ ਆਲੇ-ਦੁਆਲੇ ਵੱਡੀਆਂ ਜਾਲੀਆਂ ਲਗਾਈਆਂ ਹਨ। ਜੇ ਕਿਤੇ ਵੀ ਇਸ ਤਰ੍ਹਾਂ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਤਾਂ ਅਸੀਂ ਤੁਰੰਤ 24 ਘੰਟਿਆਂ ਵਿੱਚ NOC ਜਾਰੀ ਕਰ ਦੇਵਾਂਗੇ। ਉੱਥੇ ਆਪਣੇ ਪੱਧਰ ਤੇ ਨਗਰ ਕੌਂਸਲਾਂ ਜਾਲੀ ਵੀ ਲਗਾ ਸਕਦੀਆਂ ਹਨ। ਸੀਵਰੇਜ ਸਿਸਟਮ ਲੋਕਲ ਬਾਡੀਜ਼ ਅਤੇ ਪੰਚਾਇਤੀ ਰਾਜ ਵੱਲੋਂ ਕੀਤਾ ਜਾਂਦਾ ਹੈ। ਇਸ ਦੀ ਸਾਂਭ ਸੰਭਾਲ ਲਈ ਅਸੀਂ ਉਨ੍ਹਾਂ ਨੂੰ ਵੀ ਲਿਖਾਂਗੇ। ਅਸੀਂ ਮੀਟਿੰਗਾਂ ਵੀ ਕਰਾਂਗੇ ਅਤੇ ਚੀਫ ਸੈਕਟਰੀ ਸਾਹਿਬ ਹਰ ਮਹੀਨੇ ਜਿਹੜੀ ਮੀਟਿੰਗ ਹੁੰਦੀ ਹੈ ਉਸ ਵਿੱਚ ਵੀ ਸਾਰੇ ਡੀ.ਸੀਜ਼ ਨਾਲ ਇਸ ਵਿਸ਼ੇ ਤੇ ਚਰਚਾ ਵੀ ਕੀਤੀ ਜਾਂਦੀ ਹੈ। ਜਿਹੜੇ ਵੀ ਪੁਆਇੰਟ ਇੱਥੇ ਦੱਸੇ

ਗਏ ਹਨ ਕਿ ਅਸੀਂ ਜਿੱਥੇ ਵੀ ਸੀਵਰੇਜ ਦਾ ਪਾਣੀ ਨਹਿਰਾਂ ਵਿੱਚ, ਦਰਿਆਵਾਂ ਵਿੱਚ ਪੈਂਦਾ ਹੈ ਉਸ ਤੇ ਪੂਰੀ ਕਾਰਵਾਈ ਵੀ ਕਰ ਰਹੇ ਹਾਂ। ਅੰਡਰ ਸੈਕਸ਼ਨ 279 ਅਤੇ ਸੈਕਸ਼ਨ 70 ਕੈਨਾਲ ਐਕਟ ਵਿੱਚ 355 ਕੇਸ ਵੀ ਰਜਿਸਟਰਡ ਕਰਵਾਏ ਹਨ। ਸੋ, ਸਰ ਇਸ ਲਈ ਅਸੀਂ ਸਾਰਾ ਕੁਝ ਕਰਾਂਗੇ ਅਤੇ ਮੈਂ ਸਦਨ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਪਾਣੀਆਂ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਜੋ ਵੀ ਸੰਭਵ ਕਾਰਵਾਈ ਹੈ, ਵਾਟਰ ਰਿਸੋਰਸਿਜ਼ ਡਿਪਾਰਟਮੈਂਟ ਵੱਲੋਂ ਸਾਰੀ ਕਾਰਵਾਈ ਕੀਤੀ ਜਾਵੇਗੀ।

**1010/Kuldeep kaur/Abhishek gautam**

**1015/Pawan sharma**

**ਸਰਦਾਰ ਚੇਤਨ ਸਿੰਘ ਜੋੜਾਮਾਜਰਾ**: ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਸਾਡੀਆਂ ਨਹਿਰਾਂ ਜਾਂ ਸੂਏ ਵਗਦੇ ਹਨ, ਉਨ੍ਹਾਂ ਦੀਆਂ ਜਿੰਨੀਆਂ ਪਟੜੀਆਂ ਹਨ, ਉਨ੍ਹਾਂ ਨੂੰ ਪੱਕੀ ਕਰਨ ਸਬੰਧੀ ਇਹ ਕਰ ਦੇਣ ਕਿ ਜਿਨ੍ਹਾਂ ਨੇ ਪੱਕੀਆਂ ਬਣਾਉਣੀਆਂ ਹਨ, ਉਹ ਕਿਸੇ ਵੀ ਫੰਡ ਵਿੱਚੋਂ ਪਕੀਆਂ ਬਣਵਾ ਸਕਣ। ਇਸ ਦੇ ਨਾਲ ਜਿਹੜਾ ਕੂੜਾ ਕਰਕਟ ਹੈ, ਉਹ ਡਿੱਗਣ ਤੋਂ ਰੁਕੇਗਾ। ਇਸ ਨਾਲ ਲੋਕਾਂ ਨੂੰ ਸਹੂਲਤ ਹੋਵੇਗੀ ਜੇਕਰ ਇਸ ਵੱਲ ਧਿਆਨ ਦਿੱਤਾ ਜਾਵੇ।

**ਮਾਣਯੋਗ ਸਪੀਕਰ**: ਥੈਂਕ ਯੂ। ਮੰਤਰੀ ਜੀ, ਮੇਰੇ ਪਿੰਡ ਦੇ ਵਿੱਚ ਵੀ ਕੱਸੀ ਲੰਘਦੀ ਹੈ ਔਰ ਉਹ ਅੱਗੇ ਜਾ ਕੇ ਪੀਣ ਵਾਲੇ ਪਾਣੀ ਵਿੱਚ ਜਾ ਕੇ ਮਿਲਦੀ ਹੈ ਲੇਕਿਨ ਉਸ ਦੇ ਵਿੱਚ ਵੀ ਪ੍ਰਦੂਸ਼ਣ ਹੁੰਦਾ ਹੈ। ਸੰਧਵਾਂ ਦਾ ਵੀ ਧਿਆਨ ਰੱਖ ਲਿਆ ਜਾਵੇ। ਇਹ ਕਰਾ ਦਿਓ ਜੀ। ਜੀ, ਮੰਤਰੀ ਜੀ।

**ਮੰਤਰੀ**: ਸਰ, ਇਹ ਗੱਲ ਬਿਲਕੁਲ ਸਹੀ ਹੈ ਕਿ ਲੋਕ ਘਰ ਦਾ ਕੂੜਾ ਕਰਕਟ ਵੀ ਵਿੱਚ ਜਾ ਕੇ ਸੁੱਟ ਦਿੰਦੇ ਹਨ। ਪਿੱਛੇ ਅਸੀਂ ਨਹਿਰਾਂ ਵੀ, ਰਜਵਾਹੇ ਵੀ ਕੰਕਰੀਟ ਦੇ ਬਣਾਏ ਹਨ ਤਾਂ ਲੋਕਾਂ ਦੀ ਇਹ strategy ਹੈ ਕਿ ਪਹਿਲਾਂ ਤਾਂ ਉਹ ਕੱਚੇ ਸੀ ਤਾਂ ਕੰਮ ਚਲ ਜਾਂਦਾ ਸੀ ਅਤੇ ਜਦੋਂ ਕੰਕਰੀਟ ਦੇ ਹੋਏ ਤਾਂ ਲੋਕਾਂ ਨੇ ਉਸ ਵਿੱਚ ਸੀਵਰੇਜ ਦੀਆਂ ਪਾਈਪਾਂ ਪਾ ਰੱਖੀਆਂ ਹਨ। ਸੋ, ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ, ਅਸੀਂ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਕੇਸ ਵੀ ਰਜਿਸਟਰ ਕਰ ਰਹੇ ਹਾਂ ਅਤੇ ਔਰ ਵੀ ਜਿਹੜਾ ਕੰਮ ਇਸ ਵਿੱਚ ਕਰਨ ਉਚਿਤ ਹੋਵੇਗਾ, ਅਸੀਂ ਪੰਚਾਇਤੀ ਰਾਜ ਵਿਭਾਗ ਅਤੇ ਲੋਕਲ ਬਾਡੀਜ਼ ਨਾਲ ਮਿਲ ਕੇ ਮੀਟਿੰਗਾਂ ਕਰਾਂਗੇ। ਜਿਹੜੀ ਗੱਲ ਮਾਣਯੋਗ ਮੈਂਬਰ ਸਾਹਿਬ ਨੇ ਪੱਕੀ ਕਰਨ ਦੀ ਕਹੀ ਹੈ ਜੇ ਕੋਈ ਇਸ ਤਰ੍ਹਾਂ ਦੀ ਪ੍ਰੋਵੀਜ਼ਨ ਹੋਈ, ਪਟੜੀਆਂ ਨੂੰ ਪੱਕੀ ਕਰਨ ਦਾ ਕੋਈ ਸਿਸਟਮ ਹੋਇਆ, as per rule ਅਸੀਂ ਉਹ ਵੀ ਕਰ ਕੇ ਦੇਵਾਂਗੇ।

**ਮਾਣਯੋਗ ਸਪੀਕਰ**: ਕੇਸ ਰਜਿਸਟਰ ਕਰਨਾ ਤਾਂ last resort ਹੁੰਦਾ ਹੈ। ਥੈਂਕ ਯੂ।

**ਮੰਤਰੀ**: ਸਰ ਇਸ ਦੇ ਲਈ ਅਸੀਂ ਲੋਕਾਂ ਨੂੰ ਜਾਗਰੂਕ ਕਰਾਂਗੇ। ਅਸੀਂ ਵੀ ਸਕੀਮ ਬਣਾਈ ਹੈ। ਅਸੀਂ ਲੋਕਾਂ ਨੂੰ ਜਾਗਰੂਕ ਕਰਨ ਲਈ ਕੈਂਪ ਵੀ ਲਾਵਾਂਗੇ। ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੇ ਹਲਕਿਆਂ ਵਿੱਚ ਸਾਰੇ ਇਹ ਗੱਲਾਂ ਕਰਨਗੇ ਕਿ ਪਾਣੀ ਨੂੰ ਦੂਸ਼ਿਤ ਨਾ ਕਰਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਜਗਰੂਪ ਸਿੰਘ ਗਿੱਲ, ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਥੈਂਕ ਯੂ, ਥੈਂਕ ਯੂ ਸਰ। ਇਸ ਤਰ੍ਹਾਂ ਤਾਂ ਅਗਲੇ ਸਵਾਲ ਨਹੀਂ ਲਏ ਜਾ ਸਕਣਗੇ ਕਿਉਂਕਿ ਹਰੇਕ ਮਾਣਯੋਗ ਮੈਂਬਰ ਕੋਲ ਕੁਝ ਨਾ ਕੁਝ ਕਹਿਣ ਨੂੰ ਹੈ।

---------

## ਉਸਾਰੀ ਮਜ਼ਦੂਰਾਂ ਲਈ ਲਾਭਪਾਤਰੀ ਕਾਪੀਆਂ ਬਣਾਉਣਾ

***1650. ਪ੍ਰਿੰਸੀਪਲ ਬੁੱਧ ਰਾਮ**: ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਉਸਾਰੀ ਮਜ਼ਦੂਰਾਂ ਨੂੰ ਲਾਭਪਾਤਰੀ ਸਕੀਮਾਂ ਤਹਿਤ ਕਈ ਸਕੀਮਾਂ ਜਾਰੀ ਕੀਤੀਆਂ ਗਈਆਂ ਹਨ, ਪਰ ਸਬ- ਡਵੀਜ਼ਨ ਲੈਵਲ ਤੇ ਕਿਰਤ ਇੰਸਪੈਕਟਰਾਂ ਦੀ ਘਾਟ ਹੋਣ ਕਰਕੇ ਹਫਤੇ ਵਿੱਚ ਸਿਰਫ ਇੱਕ ਦਿਨ ਹੀ ਕਿਰਤ ਇੰਸਪੈਕਟਰ ਹਲਕਾ ਬੁਢਲਾਡਾ ਵਿੱਚ ਆਉਂਦਾ ਹੈ, ਜਿਸ ਨਾਲ ਲਾਭਪਾਤਰੀਆਂ ਦੀਆਂ ਕਾਪੀਆਂ ਬਣਾਉਣ ਸਬੰਧੀ ਬਹੁਤ ਦੇਰ ਲੱਗ ਜਾਂਦੀ ਹੈ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਸਿਰਫ ਲਾਭਪਾਤਰੀ ਕਾਪੀਆਂ ਬਣਾਉਣ ਲਈ ਕੋਈ ਹੋਰ ਅਮਲਾ ਨਿਯੁਕਤ ਕਰ ਸਕਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਕਿਰਤ ਵਿਭਾਗ, ਪੰਜਾਬ ਅਧੀਨ ਕਿਰਤ ਇੰਸਪੈਕਟਰ ਦੀਆਂ ਕੁੱਲ 95 ਪ੍ਰਵਾਨਤ ਅਸਾਮੀਆਂ ਹਨ, ਜਿਨ੍ਹਾਂ ਵਿਰੁੱਧ ਇਸ ਸਮੇਂ 35 ਕਿਰਤ ਇੰਸਪੈਕਟਰ ਕੰਮ ਕਰ ਰਹੇ ਹਨ, ਜਿਸ ਕਾਰਨ ਕਿਰਤ ਇੰਸਪੈਕਟਰਾਂ ਵੱਲੋਂ ਹਰੇਕ ਸਰਕਲ ਵਿੱਚ ਹਾਜਰ ਹੋ ਕੇ ਕੰਮ ਕਰਨਾ ਸੰਭਵ ਨਹੀਂ ਹੈ।

ਵਿਭਾਗ ਵੱਲੋਂ ਕਿਰਤ ਇੰਸਪੈਕਟਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਅਧੀਨ ਸੇਵਾਵਾਂ ਚੋਣ ਬੋਰਡ ਨੂੰ ਮੰਗ ਪੱਤਰ ਭੇਜਿਆ ਹੋਇਆ ਹੈ ਅਤੇ ਮਿਤੀ 09-03-2025 ਨੂੰ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਲਿਖਤੀ ਪ੍ਰੀਖਿਆ ਲਈ ਜਾ ਚੁੱਕੀ ਹੈ। ਆਸ ਹੈ ਕਿ ਭਰਤੀ ਪ੍ਰੀਕ੍ਰਿਆ ਜਲਦੀ ਹੀ ਮੁਕੰਮਲ ਹੋਣ ਉਪਰੰਤ ਵਿਭਾਗ ਨੂੰ ਨਵੇਂ 52 ਕਿਰਤ ਇੰਸਪੈਕਟਰ ਉਪਲਬਧ ਹੋ ਜਾਣਗੇ। ਇਸ ਤੋਂ ਇਲਾਵਾ ਉਸਾਰੀ ਕਿਰਤੀਆਂ ਦੀ ਸਹੂਲਤ ਲਈ ਕਿਰਤ ਵਿਭਾਗ ਵੱਲੋਂ "ਪੰਜਾਬ ਕਿਰਤੀ ਸਹਾਇਕ" ਮੋਬਾਇਲ ਐਪ ਚਲਾਈ ਗਈ ਹੈ, ਜਿਸ ਰਾਹੀਂ ਕਿਰਤੀ ਘਰ ਬੈਠੇ ਹੀ ਬਤੌਰ ਲਾਭਪਾਤਰੀ ਰਜਿਸਟ੍ਰੇਸ਼ਨ/ਰੀਨਿਊਵਲ ਕਰਵਾ ਸਕਦਾ ਹੈ।

**ਪ੍ਰਿੰਸੀਪਲ ਬੁੱਧ ਰਾਮ**: ਸਰ, ਦੇਖੋ ਕਿਰਤੀਆਂ ਨਾਲ ਸੰਬਧਿਤ ਗੱਲ ਹੈ। ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਪੰਜਾਬ ਅਧੀਨ ਕਿਰਤ ਇੰਸਪੈਕਟਰ ਦੀਆਂ ਕੁੱਲ 95 ਪ੍ਰਵਾਨਤ ਅਸਾਮੀਆਂ ਹਨ, ਜਿਨ੍ਹਾਂ ਵਿਰੁੱਧ ਇਸ ਸਮੇਂ 35 ਕਿਰਤ ਇੰਸਪੈਕਟਰ ਕੰਮ ਕਰ ਰਹੇ ਹਨ, ਜਿਸ ਕਾਰਨ ਕਿਰਤ ਇੰਸਪੈਕਟਰਾਂ ਵੱਲੋਂ ਹਰੇਕ ਸਰਕਲ ਵਿੱਚ ਹਾਜਰ ਹੋ ਕੇ ਕੰਮ ਕਰਨਾ ਸੰਭਵ ਨਹੀਂ ਹੈ। ਸਰ, ਕੰਮ ਕਰਨਾ ਸੰਭਵ ਹੈ। ਬੁੱਢਲਾਡੇ ਵਾਸਤੇ ਹਫਤੇ ਵਿੱਚ ਇੱਕ ਦਿਨ ਕਿਰਤ ਇੰਸਪੈਕਟਰ ਆਉਂਦਾ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇਕਰ ਉਸ ਕਿਰਤ ਇੰਸਪੈਕਟਰ, ਜਿਸ

ਦੀ ਡਿਊਟੀ ਵੀਰਵਾਰ ਨੂੰ ਲਗੀ ਹੋਈ ਹੈ ਤਾਂ ਉਸ ਨੂੰ ਵੀਰਵਾਰ ਵਾਲੇ ਦਿਨ must ਹੋਣਾ ਚਾਹੀਦਾ ਹੈ। ਦੂਜੀ ਗੱਲ, ਇਹ ਜਿਹੜੇ ਕਿਰਤੀ ਹਨ, ਇਹ ਸਾਰੇ ਮਜ਼ਦੂਰ ਹਨ। ਸਰਕਾਰ ਵੱਲੋਂ ਇਨ੍ਹਾਂ ਨੂੰ 25 ਤਰ੍ਹਾਂ ਦੀਆਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਇੰਨਾ ਪੈਸਾ, ਵਜੀਫਾ ਦਿੱਤਾ ਜਾਂਦਾ ਹੈ। ਜੇਕਰ ਕਿਸੇ ਕਿਰਤੀ ਦੀ ਮੌਤ ਹੋ ਜਾਂਦੀ ਹੈ ਤਾਂ ਸ਼ਮਸ਼ਾਨ ਘਾਟ ਵਿੱਚ ਲੱਕੜਾਂ ਲਈ ਪੈਸਾ ਮਿਲਦਾ ਹੈ। ਸਰ, ਹੋਰ ਵੀ ਬਹੁਤ ਸਾਰੀਆਂ ਸਕੀਮਾਂ ਹਨ। ਮੈਨੂੰ ਇਹ ਪਤਾ ਹੈ ਕਿ ਸੈਂਦ ਸਾਹਿਬ ਨੇ 2-3 ਮੀਟਿੰਗਾਂ ਕੀਤੀਆਂ ਹਨ। ਸੋ, ਅਸੀਂ ਇਸ ਗੱਲ ਨੂੰ ਯਕੀਨੀ ਬਣਾਈਏ।

**ਮਾਣਯੋਗ ਸਪੀਕਰ**: ਮਾਣਯੋਗ ਮੈਂਬਰ ਸਾਹਿਬ, ਮੈਨੂੰ ਪਤਾ ਹੈ ਤੁਸੀਂ ਬਹੁਤ ਗਿਆਨੀ ਹੋ ਪਰ ਜੇਕਰ ਅਸੀਂ ਇਸ ਤੇ ਡਿਟੇਲਡ ਡਿਸਕਸ਼ਨ ਕਰਨ ਲੱਗ ਪਈਏ ਤਾਂ ਦੂਜੇ ਸਵਾਲ ਰਹੇ ਜਾਣੇ ਹਨ। ਜੇਕਰ ਤੁਹਾਡਾ ਕੋਈ specific pointed ਸਵਾਲ ਹੈ ਤਾਂ ਉਹ ਪੁੱਛੋ।

**ਪ੍ਰਿੰਸੀਪਲ ਬੁੱਧ ਰਾਮ**: ਸਰ, ਇੱਕ ਮਿੰਟ ਮੈਂ specific ਸਵਾਲ ਕਰਨ ਲੱਗਿਆ ਹਾਂ। ਮੈਂ ਅਮਲੇ ਦੀ ਗੱਲ ਕਰਦਾ ਹਾਂ। ਜਦੋਂ ਇੱਕ ਦਿਨ ਕਿਰਤ ਇੰਸਪੈਕਟਰ ਆਉਂਦਾ ਹੈ, ਉਸ ਦੀ ਹਾਜ਼ਰੀ ਯਕੀਨੀ ਹੋਣੀ ਚਾਹੀਦੀ ਹੈ।

**ਮਾਣਯੋਗ ਸਪੀਕਰ**: ਠੀਕ ਹੈ।

**ਪ੍ਰਿੰਸੀਪਲ ਬੁੱਧ ਰਾਮ**: ਸੈਕਿੰਡ, ਜੇਕਰ ਅਮਲੇ ਦੀ ਘਾਟ ਹੈ ਤਾਂ ਮੈਂ ਇਨ੍ਹਾਂ ਨੂੰ ਨਿੱਜੀ ਤੌਰ ਤੇ ਬੇਨਤੀ ਕੀਤੀ ਸੀ ਕਿ ਡੀ.ਸੀ. ਦਫਤਰ ਵਿੱਚ ਕਲਰਕ ਬਹੁਤ ਵਿਹਲੇ ਬੈਠੇ ਹਨ। ਤੁਸੀਂ ਡੀ.ਸੀ./ਐਸ.ਡੀ.ਐਮ. ਦਫਤਰਾਂ ਤੋਂ 2-3 ਕਲਰਕ ਲੈ ਕੇ ਇਸ ਕੰਮ ਵਾਸਤੇ depute ਕਰ ਸਕਦੇ ਹੋ ਤਾਂ ਜੋ ਕਿਰਤੀਆਂ ਨੂੰ ਪੂਰੀ ਸਹੂਲਤ ਮਿਲ ਸਕੇ। ਇੱਕ ਲਾਸਟ ਜਿਹੜੀ ਗੱਲ ਹੈ, ਜੋ ਮੈਂ ਸੈਂਦ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ 27 ਨੰਬਰ ਫਾਰਮ ਬਿਲਕੁਲ ਜਾਇਜ਼ ਬਣਿਆ ਹੁੰਦਾ ਹੈ, ਮੇਰੇ ਕੋਲ ਵੀ ਦਫਤਰ ਵਿੱਚ ਬੰਦੇ ਆਉਂਦੇ ਹਨ। ਉਹ objection ਲਗਾ ਦਿੰਦੇ ਹਨ ਕਿ ਗਲਤ ਹੈ। ਉੱਥੇ ਇੱਕ ਤਰ੍ਹਾਂ ਨਾਲ ਭ੍ਰਿਸ਼ਟਾਚਾਰ ਦੀ ਬੋ ਆਉਂਦੀ ਹੈ।

**ਮਾਣਯੋਗ ਸਪੀਕਰ**: ਮੰਤਰੀ ਜੀ, ਇਸ ਵੱਲ ਧਿਆਨ ਦਿਓ ਜੀ।

**ਮੰਤਰੀ**: ਸਰ, ਤੁਹਾਡੇ ਮਾਧਿਅਮ ਰਾਹੀਂ ਸਦਨ ਨੂੰ ਇੱਕ ਬਹੁਤ ਵੱਡੀ ਖੁਸ਼ਖਬਰੀ ਦੇਣ ਜਾ ਰਿਹਾ ਹਾਂ। ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਹੈ, ਅਸੀਂ ਬਹੁਤ ਜਲਦੀ 52 ਇੰਸਪੈਕਟਰਾਂ ਦੀਆਂ ਭਰਤੀਆਂ ਕਰਨ ਜਾ ਰਹੇ ਹਾਂ(ਥੰਪਿੰਗ)। 09.03.2025 ਨੂੰ ਪੇਪਰ ਹੋ ਚੁੱਕਿਆ ਹੈ। ਬੱਚੇ ਟੈੱਸਟ ਕਲੀਅਰ ਕਰ ਚੁੱਕੇ ਹਨ। ਅਸੀਂ ਸਾਰੀ ਪ੍ਰਕਿਰਿਆ ਕੰਪਲੀਟ ਕਰਨ ਨੂੰ ਤਿਆਰ ਹਾਂ। ਜਿਹੜੀ ਇਸ ਵਿਭਾਗ ਵਿੱਚ ਕਿਰਤ ਇੰਸਪੈਕਟਰਾਂ ਦੀ ਸ਼ਾਰਟ ਫਾਲ ਹੈ, ਅਸੀਂ ਇਸ ਨੂੰ ਬਿਲਕੁਲ ਦੂਰ ਕਰ ਦਿਆਂਗੇ।

**ਮਾਣਯੋਗ ਸਪੀਕਰ**: ਥੈਂਕ ਯੂ। ਮੰਤਰੀ ਜੀ ਇਨ੍ਹਾਂ ਨੇ ਇੱਕ ਗੱਲ ਕਹੀ ਸੀ, ਤੁਸੀਂ ਇਹ ਸੁਨਿਸ਼ਚਿਤ ਕਰੋ ਕਿ ਕਿਰਤ ਇੰਸਪੈਕਟਰ ਵੀਰਵਾਰ ਵਾਲੇ ਦਿਨ ਉੱਥੇ ਹਾਜ਼ਰ ਹੋਵੇਗਾ?

**1015/Pawan sharma/Abhishek gautam**

**1020/Beant kaur**

**ਮੰਤਰੀ** : ਇਹ ਪੱਕਾ ਨਿਸ਼ਚਿਤ ਕਰ ਦਿੰਦੇ ਹਾਂ ਅਤੇ ਇਸੇ ਕਰਕੇ ਹੀ ਭਰਤੀ ਕਰ ਰਹੇ ਹਾਂ।

**ਪ੍ਰਿੰਸੀਪਲ ਬੁੱਧ ਰਾਮ** : ਮਾਣਯੋਗ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ 27 ਨੰ. ਫਾਰਮ ਬਾਰੇ ਯਕੀਨੀ ਬਣਾਓ ਕਿਉਂਕਿ ਅਧਾਰ ਕਾਰਡ ਤੇ ਹੋਰ ਡੇਟ ਹੈ ਅਤੇ ਵੋਟਰ ਕਾਰਡ ਤੇ ਹੋਰ ਡੇਟ ਹੈ।

**ਮੰਤਰੀ** : ਸਰ, ਬੀਤੇ 15 ਦਿਨ ਪਹਿਲਾਂ ਅਸੀਂ 27 ਨੰ. ਫਾਰਮ ਵਿੱਚ ਬਹੁਤ ਵਧੀਆ ਸੋਧ ਕਰ ਦਿੱਤੀ ਹੈ ਅਤੇ ਜਿਹੜਾ ਉਹ ਵਿੱਚ ਪਹਿਲਾਂ ਝੋਲ-ਘੋਲ ਸੀ, ਉਹ ਸਾਰਾ ਖਤਮ ਕਰਕੇ ਸਪੱਸ਼ਟ ਕਰ ਦਿੱਤਾ ਹੈ। ਮੈਂ ਇਸ ਦੀ ਕਾਪੀ ਮਾਣਯੋਗ ਮੈਂਬਰ ਸਾਹਿਬ ਨੂੰ ਦੇ ਦੇਵਾਂਗਾ। ਇਹ ਵਿੱਚ each and everything clear ਕਰ ਦਿੱਤੀ ਹੈ ਤਾਂ ਜੋ ਕਿਸੇ ਦਾ ਸ਼ੋਸ਼ਣ ਨਾ ਹੋ ਸਕੇ।

---------

**ਹਲਕਾ ਦਸੂਹਾ ਵਿੱਚ ਨਵੀਆਂ ਲਿੰਕ ਸੜਕਾਂ ਬਣਾਉਣਾ**

***1575. ਸਰਦਾਰ ਕਰਮਬੀਰ ਸਿੰਘ** :ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਦਸੂਹਾ ਵਿੱਚ ਨਵੀਆਂ ਲਿੰਕ ਸੜਕਾਂ ਜਿਵੇਂ ਕਿ ਕਾਲਾ ਝਿੰਗੜ ਪਿੰਡ ਤੋਂ ਰੰਧਾਵਾ ਮਿੱਲ ਦਸੂਹਾ, ਹਿੰਮਤਪੁਰ ਪਿੰਡ ਤੋਂ ਪੁੱਲ ਤੱਕ, ਪਿੰਡ ਝਰੇੜਾ ਤਲਵਾੜਾ ਤੋਂ ਧਰਮਪੁਰ ਪਿੰਡ ਤੱਕ, ਪਿੰਡ ਤੁੰਗ (ਤਲਵਾੜਾ) ਤੋਂ ਕੋਠੀ ਅੰਦਵਾੜ ਪੱਤੀ ਅਤੇ ਪਿੰਡ ਲਾਖੜ ਪੱਲੀ (ਤਲਵਾੜਾ) ਤੋਂ ਬਲਾਮ ਤੱਕ ਆਦਿ ਸੜਕਾਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ** : ਹਲਕਾ ਦਸੂਹਾ ਵਿੱਚ ਪੈਂਦੇ ਪਿੰਡ ਕਾਲਾ ਝਿੰਗੜ ਪਿੰਡ ਤੋਂ ਰੰਧਾਵਾ ਮਿੱਲ ਦਸੂਹਾ, ਹਿੰਮਤਪੁਰ ਪਿੰਡ ਤੋਂ ਪੁੱਲ ਤੱਕ, ਪਿੰਡ ਝਰੇੜਾ ਤਲਵਾੜਾ ਤੋਂ ਧਰਮਪੁਰ ਪਿੰਡ ਤੱਕ, ਪਿੰਡ ਤੁੰਗ (ਤਲਵਾੜਾ) ਤੋਂ ਕੋਠੀ ਅੰਦਵਾੜ ਪੱਤੀ ਅਤੇ ਪਿੰਡ ਲਾਖੜ ਪੱਲੀ (ਤਲਵਾੜਾ) ਤੋਂ ਬਲਾਮ ਤੱਕ ਨੂੰ ਜਾਂਦੇ ਕੱਚੇ ਰਸਤਿਆਂ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਕਰਮਬੀਰ ਸਿੰਘ** : ਮੰਤਰੀ ਸਾਹਿਬ ਦਾ ਜਵਾਬ ਨਾਂਹ ਵਿੱਚ ਹੈ ਪਰ ਮੈਂ ਫੇਰ ਵੀ ਸਪਲੀਮੈਂਟਰੀ ਕਰ ਲੈਂਦਾ ਹਾਂ।(ਹਾਸਾ)

**ਮਾਣਯੋਗ ਸਪੀਕਰ** : ਇਹ ਤਾਂ ਨਾਂਹ ਕਰਨ ਵਾਲੇ ਬੰਦੇ ਹੀ ਨਹੀਂ ਹਨ।

**ਸਰਦਾਰ ਕਰਮਬੀਰ ਸਿੰਘ :** ਮਾਣਯੋਗ ਸਪੀਕਰ ਸਾਹਿਬ, ਇਹ ਜਿਹੜੀਆਂ ਸੜਕਾਂ ਪ੍ਰਸ਼ਨ ਵਿੱਚ ਲਿਖੀਆਂ ਹਨ, 1-2 ਸੜਕਾਂ ਨੂੰ ਛੱਡ ਕੇ ਇਹ ਸਾਰੀਆਂ ਪਹਾੜੀ ਏਰੀਏ ਦੀਆਂ ਸੜਕਾਂ ਹਨ। ਇਹ ਸੜਕਾਂ ਬਣਨ ਨਾਲ ਪਿੰਡਾਂ ਦਾ ਰਸਤਾ ਵਾਇਆ 5 ਕਿਲੋਮੀਟਰ ਘੱਟ ਜਾਂਦਾ ਹੈ। ਇਹ ਬਹੁਤ ਜ਼ਰੂਰੀ ਸੜਕਾਂ ਹਨ। ਕਲ੍ਹ ਬਜਟ ਵਿੱਚ ਵੀ ਮਾਣਯੋਗ

ਵਿਤ ਮੰਤਰੀ ਸਾਹਿਬ ਨੇ ਸੜਕਾਂ ਵਾਸਤੇ ਬਹੁਤ ਜ਼ਿਆਦਾ ਫੰਡ ਰੱਖੇ ਹਨ। ਮੈਂ ਮਾਣਯੋਗ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਕੀ ਇਨ੍ਹਾਂ ਵਾਸਤੇ ਵਿਚਾਰ ਕੀਤਾ ਜਾ ਸਕਦਾ ਹੈ?

**ਮਾਣਯੋਗ ਸਪੀਕਰ** : ਮੰਤਰੀ ਜੀ, ਵਿਚਾਰ ਕਰ ਲੈਣਾ।

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਕਲ੍ਹ ਵੀ ਸਬੰਧਤ ਮੰਤਰੀ ਨਾਲ ਕੇਂਦਰ ਸਰਕਾਰ ਕੋਲ ਜਿਹੜਾ ਸਾਡਾ ਸਾਢੇ 7000 ਕਰੋੜ ਰੁਪਿਆ ਆਰ.ਡੀ.ਐਫ ਦਾ ਫਸਿਆ ਪਿਆ ਹੈ, ਉਸ ਬਾਰੇ ਗੱਲ ਕਰਕੇ ਆਏ ਹਨ ਕਿ ਭਾਵੇਂ ਸਾਨੂੰ ਇਹ ਕਿਸ਼ਤਾਂ ਵਿੱਚ ਦੇ ਦਿਓ। ਜੇਕਰ ਉੱਧਰਲੇ ਪਾਸਿਓਂ ਥੋੜ੍ਹੀ ਜਿਹੀ ਮੇਹਰ ਹੋ ਗਈ ਤਾਂ ਮੈਂ ਸਰਦਾਰ ਕਰਮਬੀਰ ਸਿੰਘ ਹੋਰਾਂ ਨਾਲ ਪੱਕਾ ਵਾਅਦਾ ਕਰਦਾ ਹਾਂ ਕਿ ਜੇਕਰ ਇਨ੍ਹਾਂ ਵਲੋਂ ਪਹਿਲਾਂ ਦੱਸਿਆ ਜਾਂਦਾ ਤਾਂ ਸ਼ਾਇਦ ਮੈਂ ਇਕ-ਅੱਧੀ ਸੜਕ ਪੁਆ ਵੀ ਸਕਦਾ ਸੀ, ਕਿਸੇ ਮਾਰਕੀਟ ਕਮੇਟੀ ਕੋਲ ਫੰਡ ਪਿਆ ਹੁੰਦਾ ਹੈ। ਇਨ੍ਹਾਂ ਵਲੋਂ ਕਾਫੀ ਸੜਕਾਂ ਦੱਸੀਆਂ ਗਈਆਂ ਹਨ, ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਸੜਕਾਂ ਨੂੰ ਪਹਿਲ ਦੇ ਅਧਾਰ ਤੇ ਜ਼ਰੂਰ ਰੱਖਿਆ ਜਾਵੇਗਾ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ ਆਪਣੀ ਸੀਟ ਤੇ ਖੜ੍ਹੇ ਸਪਲੀਮੈਂਟਰੀ ਦੀ ਲਗਾਤਾਰ ਮੰਗ ਕਰ ਰਹੇ ਸਨ ਅਤੇ ਬਿਨਾ ਮਾਈਕ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ** : ਤੁਹਾਡਾ ਦਸੂਹੇ ਨਾਲ ਸਬੰਧਤ ਸਵਾਲ ਹੈ।(ਵਿਘਨ) ਸਪਲੀਮੈਂਟਰੀ ਨਹੀਂ ਜੀ, ਬੈਠੋ, ਬੈਠੋ। ਇਵੇਂ ਨਹੀਂ ਹੁੰਦਾ, ਦੂਜੇ ਕੁਐਸਚਨ ਰਹਿ ਜਾਣਗੇ। (ਵਿਘਨ) ਅਮ੍ਰਿਤਪਾਲ ਜੀ, ਤੁਸੀਂ ਮਿਲ ਕੇ ਗੱਲ ਕਰ ਲੈਣਾ। ਵਿਧਾਨ ਸਭਾ ਦਾ ਟਾਈਮ ਹੈ, ਇਸ ਤਰ੍ਹਾਂ ਨਾ ਕਰੋ। ਤੁਸੀਂ ਸਭ ਤੋਂ ਸਿਆਣੇ ਬੰਦੇ ਹੋ।(ਵਿਘਨ) ਬੈਠੋ, ਫੇਰ ਇਵੇਂ ਟਾਈਮ ਨਹੀਂ ਮਿਲਣਾ।

---------

## ਆਂਗਣਵਾੜੀ ਕਾਰਜ ਕਰਤਾਵਾਂ ਅਤੇ ਆਂਗਣਵਾੜੀ ਸਹਾਇਕ ਦੇ ਮਾਣ-ਭੱਤੇ ਦੀ ਰਾਸ਼ੀ ਵਿੱਚ ਵਾਧਾ ਕਰਨਾ

***1643. ਡਾਕਟਰ ਜਸਬੀਰ ਸਿੰਘ ਸੰਧੂ** : ਕੀ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਆਂਗਣਵਾੜੀ ਕਾਰਜ ਕਰਤਾਵਾਂ ਅਤੇ ਆਂਗਣਵਾੜੀ ਸਹਾਇਕਾਂ ਨੂੰ ਪੰਜਾਬ ਸਰਕਾਰ ਦੁਆਰਾ ਪ੍ਰਤੀ ਮਹੀਨਾ ਕ੍ਰਮਵਾਰ 5500/- ਰੁਪਏ ਅਤੇ 2750/- ਰੁਪਏ ਦਾ ਮਾਣ-ਭੱਤਾ ਦਿੱਤਾ ਜਾ ਰਿਹਾ ਹੈ, ਜੋ ਕਿ ਘੱਟੋ-ਘੱਟ ਉਜਰਤ ਨਾਲੋਂ ਕਾਫੀ ਘੱਟ ਹੈ।।

(ਅ) ਸਰਕਾਰ ਕਦੋਂ ਤੱਕ ਆਂਗਣਵਾੜੀ ਕਾਰਜ ਕਰਤਾਵਾਂ ਅਤੇ ਆਂਗਣਵਾੜੀ ਸਹਾਇਕਾਂ ਨੂੰ ਘੱਟੋ-ਘੱਟ ਉਜਰਤ ਦੇ ਹਿਸਾਬ ਨਾਲ ਪ੍ਰਤੀ ਮਹੀਨਾ ਮਾਣ-ਭੱਤਾ ਦੇਣਾ ਸ਼ੁਰੂ ਕਰ ਦੇਵੇਗੀ; ਅਤੇ

(ੲ) ਕੀ ਸਰਕਾਰ 10 ਸਾਲ ਤੋਂ ਵੱਧ ਤਜਰਬਾ ਰੱਖਣ ਵਾਲੀਆਂ ਆਂਗਣਵਾੜੀ ਵਰਕਰਾਂ ਅਤੇ ਸਹਾਇਕ ਲਈ ਮਾਣ-ਭੱਤੇ ਦੀ ਰਾਸ਼ੀ ਵਿੱਚ ਵਾਧਾ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਡਾਕਟਰ ਬਲਜੀਤ ਕੌਰ** : ਸ਼੍ਰੀਮਾਨ ਜੀ,

(ੳ) ਇਸ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਮੋਜੂਦਾ ਸਮੇਂ ਆਂਗਣਵਾੜੀ ਵਰਕਰਾਂ ਨੂੰ ਸਟੇਟ ਸੇਅਰ 5000 ਅਤੇ ਸੈਂਟਰ ਸੇਅਰ 4500 ਰੁਪਏ ਕੁੱਲ 9500 ਰੁਪਏ ਮਾਣਭੱਤਾ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਸਾਲਾਨਾ ਮਾਣਭੱਤੇ ਵਿੱਚ ਸਲਾਨਾ ਵਾਧਾ 500 ਰੁਪਏ ਦੇ ਹਿਸਾਬ ਨਾਲ ਜਨਵਰੀ 2022 ਤੋਂ ਦਿੱਤਾ ਜਾ ਰਿਹਾ ਹੈ, ਜੋ ਕਿ ਹੁਣ ਵੀ ਲਾਗੂ ਹੈ।

ਆਂਗਣਵਾੜੀ ਹੈਲਪਰਾਂ ਨੂੰ ਸਟੇਟ ਸੇਅਰ 2850/- ਰੁਪਏ ਅਤੇ ਸੈਂਟਰ ਸੇਅਰ 2250/- ਕੁੱਲ 5100/- ਰੁਪਏ ਮਾਣਭੱਤਾ ਦਿੱਤਾ ਜਾਂਦਾ ਹੈ ।ਇਸ ਤੋਂ ਇਲਾਵਾ ਮਾਣਭੱਤੇ ਵਿੱਚ ਸਲਾਨਾ ਵਾਧਾ 250 /- ਰੁਪਏ ਦੇ ਹਿਸਾਬ ਨਾਲ ਜਨਵਰੀ 2022 ਤੋਂ ਦਿੱਤਾ ਜਾ ਰਿਹਾ ਹੈ ਜੋ ਕਿ ਹੁਣ ਵੀ ਲਾਗੂ ਹੈ।

ਇਸ ਤੋਂ ਇਲਾਵਾ ਆਂਗਣਵਾੜੀ ਵਰਕਰ ਅਤੇ ਆਂਗਣਵਾੜੀ ਹੈਲਪਰ ਨੂੰ Poshan Tracker Application ਤੇ ਕੰਮ ਕਰਨ ਬਦਲੇ ਕਰਮਵਾਰ 500/- ਰੁਪਏ ਅਤੇ 250 ਰੁਪਏ ਅਗਸਤ, 2023 ਤੋਂ ਵਾਧੂ ਪ੍ਰੋਤਸ਼ਾਹਿਤ ਰਾਸ਼ੀ ਦੇ ਤੌਰ ਤੇ ਦਿੱਤੇ ਜਾ ਰਹੇ ਹਨ।

ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਦੇ ਤਹਿਤ ਲਾਭਪਾਤਰੀ ਨੂੰ ਰਜਿਸਟਰ ਕਰਨ ਅਤੇ ਉਸਨੂੰ 2 ਕਿਸ਼ਤਾ ਦਾ ਲਾਭ ਮਿਲਣ ਤੋਂ 100 ਰੁਪਏ ਪ੍ਰਤੀ ਆਂਗਣਵਾੜੀ ਵਰਕਰ ਅਤੇ 50 ਰੁਪਏ ਆਗਣਵਾੜੀ ਹੈਲਪਰ ਨੂੰ Incentive ਦਿੱਤਾ ਜਾਂਦਾ ਹੈ।

ਇੱਥੇ ਇਹ ਵੀ ਧਿਆਨ ਦੇਣ ਯੋਗ ਹੈ ਕਿ ਆਂਗਣਵਾੜੀ ਸੈਂਟਰਾਂ ਦਾ ਖੁਲਣ ਦਾ ਸਮਾਂ 4 ਘੰਟੇ ਹੈ ( ਗਰਮੀ ਵਿੱਚ ਸਵੇਰੇ 8 ਤੋਂ 12 ਅਤੇ ਸਰਦੀਆਂ ਵਿੱਚ 9 ਤੋਂ ਬਾਅਦ ਦੁਪਹਿਰ 1 ਵਜੇ ਤੱਕ ਹੈ)

(ਅ) ਇਸ ਨੁਕਤੇ ਸਬੰਧੀ ਸਪਸ਼ਟ ਕੀਤਾ ਜਾਦਾ ਹੈ ਕਿ ਆਂਗਣਵਾੜੀ ਵਰਕਰ ਅਤੇ ਆਂਗਣਵਾੜੀ ਹੈਲਪਰ ਦੀਆਂ ਸੇਵਾਵਾਂ ਮਾਣਭੱਤੇ ਤੇ ਆਧਾਰਿਤ ਹਨ ਅਤੇ ਆਂਗਣਵਾੜੀ ਵਰਕਰ ਅਤੇ ਆਂਗਣਵਾੜੀ ਹੈਲਪਰ ਨੂੰ ਸੇਵਾਵਾਂ ਲਈ ਸਰਕਾਰ ਵੱਲੋਂ ਨਿਰਧਾਰਿਤ ਮਾਣਭੱਤਾ ਦਿੱਤਾ ਜਾਦਾ ਹੈ । ਆਂਗਣਵਾੜੀ ਵਰਕਰਾਂ ਅਤੇ ਆਂਗਣਵਾੜੀ ਹੈਲਪਰ ਦੀਆਂ ਸੇਵਾਵਾਂ ਮਾਣਭੱਤਾ ਨਿਰਧਾਰਿਤ ਹੋਣ ਕਾਰਨ ਘੱਟੋ-ਘੱਟ ਉਜਰਤਾ ਦੀ ਦਰ ਅਧੀਨ ਕਵਰ ਨਹੀ ਹੁੰਦੇ ਹਨ।

(ੲ) ਆਂਗਣਵਾੜੀ ਵਰਕਰ ਅਤੇ ਆਂਗਣਵਾੜੀ ਹੈਲਪਰ ਨੂੰ ਜਨਵਰੀ 2022 ਤੋਂ ਕ੍ਰਮਵਾਰ 500/- ਰੁਪਏ ਅਤੇ 250/- ਰੁਪਏ ਦਾ ਸਲਾਨਾ ਵਾਧਾ ਮਾਣਭੱਤੇ ਵਿੱਚ ਦਿੱਤਾ ਜਾ ਰਿਹਾ ਹੈ।

**1020/Beant kaur/BS khokhar**

**1025/Karamjit kaur**

ਕਿਉਂਕਿ ਮੀਨੀਮਮ ਵੇਜਿਜ ਦੇ ਵਿੱਚ ਡਿਊਟੀ ਟਾਈਮ 8 ਘੰਟੇ ਹੈ ਅਤੇ ਆਂਗਨਵਾੜੀ ਵਰਕਰਜ਼ ਤੇ ਹੈਲਪਰ 4 ਘੰਟੇ ਕੰਮ ਕਰਦੀਆਂ ਹਨ। ਇਸ ਤੋਂ ਬਿਨਾਂ ਡਿਊਟੀ ਅਸੀਂ ਆਪਸ਼ਨਲ ਆਪਣੇ ਹਿਸਾਬ ਨਾਲ ਦਿੱਤੀ ਹੋਈ ਹੈ ਜਿਹੜਾ ਉਨ੍ਹਾਂ ਨੇ ਘਰਾਂ ਵਿੱਚ ਵਿਜਿਟ ਕਰਨਾ ਹੁੰਦਾ ਹੈ।

ਇਸ ਤੋਂ ਬਾਅਦ ਪੁੱਛਿਆ ਹੈ ਕਿ ਕੀ ਸਰਕਾਰ 10 ਸਾਲ ਤੋਂ ਵੱਧ ਤਜਰਬਾ ਰੱਖਣ ਵਾਲੀਆਂ ਆਂਗਨਵਾੜੀ ਵਰਕਰਾਂ ਦੇ ਮਾਣ ਭੱਤੇ ਵਿੱਚ ਕੋਈ ਵਾਧਾ ਕਰੇਗੀ ਤਾਂ ਜਿਨ੍ਹਾਂ ਦੀ ਇੱਕ ਸਾਲ ਵੀ ਜੌਬ ਹੋ ਜਾਂਦੀ ਹੈ, ਉਨ੍ਹਾਂ ਨੂੰ ਅਸੀਂ 500 ਰੁਪਿਆ ਸਲਾਨਾ ਇੰਕਰੀਮੈਂਟ ਲਗਾਉਂਦੇ ਹਾਂ ਜੋ ਹਰ ਸਾਲ ਲਗਦਾ ਹੈ ਤੇ ਇਸ ਤੋਂ ਬਿਨਾਂ ਵੀ ਮੈਂ ਦੱਸਣਾ ਚਾਹਾਂਗੀ ਕਿ ਇਨ੍ਹਾਂ ਨੂੰ ਅਸੀਂ ਇੰਸੈਂਟਿਵ ਵੀ ਦਿੰਦੇ ਹਾਂ ਜਿਹੜੇ ਇਹ ਪੋਸ਼ਣ ਟਰੈਕਰ ਤੇ ਆਪਣੇ ਕੰਮ ਅਪਲੋਡ ਕਰਦੀਆਂ ਹਨ, ਉਨ੍ਹਾਂ ਦਾ 500 ਰੁਪਿਆ ਮਹੀਨਾ ਦਿੰਦੇ ਹਾਂ ਅਤੇ ਜੋ ਘਰਾਂ ਵਿੱਚ ਜਾ ਕੇ ਮਾਤਰੂ ਵੰਦਨਾਂ ਯੋਜਨਾ ਅਧੀਨ ਲੈਕਟੇਟਿੰਗ ਜਾਂ ਪ੍ਰੈਗਨੈਂਟ ਵੂਮੈਨ ਨੂੰ ਰਜਿਸਟਰ ਕਰਦੀਆਂ ਹਨ, ਉਸ ਦੇ ਵਿੱਚ ਵੀ 100 ਰੁਪਿਆ ਪ੍ਰਤੀ ਲਾਭਪਾਤਰੀ ਇਨ੍ਹਾਂ ਨੂੰ ਦੇ ਰਹੇ ਹਾਂ। ਇਸ ਤੋਂ ਬਿਨਾਂ ਵੀ ਜੋ ਇਵੈਂਟਸ ਆਂਗਨਵਾੜੀ ਵਰਕਰ ਜਾਂ ਹੈਲਪਰ ਵਲੋਂ, ਉਨ੍ਹਾਂ ਨੂੰ ਅਸੀਂ ਲਗਾਤਾਰ ਇੰਸੈਂਟਿਵਜ ਦਿੰਦੇ ਰਹਿੰਦੇ ਹਾਂ।

**ਡਾਕਟਰ ਜਸਬੀਰ ਸਿੰਘ ਸੰਧੂ**: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 5100 ਰੁਪਏ ਦੇ ਉਤੇ ਇੱਕ ਹੈਲਪਰ ਕੰਮ ਕਰਦਾ ਹੈ, ਉਸ ਦੀ ਤਨਖਾਹ ਬਹੁਤ ਘੱਟ ਹੈ। ਅਸੀਂ ਜਦੋਂ ਵੀ ਸਕੂਲਾਂ ਵਿੱਚ ਜਾਂਦੇ ਹਾਂ ਜਾਂ ਆਂਗਨਵਾੜੀ ਸੈਂਟਰਾਂ ਵਿੱਚ ਜਾਂਦੇ ਹਾਂ ਤਾਂ ਆਂਗਨਵਾੜੀ ਵਰਕਰ ਬੀਬੀਆਂ ਸਾਰੀਆਂ ਇਕੱਠੀਆਂ ਹੋ ਕੇ ਸਾਡੇ ਵੱਲ ਆ ਜਾਂਦੀਆਂ ਹਨ ਕਿ ਸਾਡੀ ਤਨਖਾਹ ਇੰਨੀ ਘੱਟ ਕਿਉਂ ਹੈ। ਸੋ, ਮੈਂ ਇਹੀ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੀ ਤਨਖਾਹ ਵਿੱਚ ਵਾਧਾ ਕਰਨ ਵਾਸਤੇ ਆਪਣੇ ਕੋਲ ਕੋਈ ਤਜਵੀਜ਼ ਹੈ?

**ਮੰਤਰੀ**: ਆਨਰੇਬਲ ਸਪੀਕਰ ਸਾਹਿਬ, ਮੈਂ ਇਹ ਗੱਲ ਪਹਿਲਾਂ ਹੀ ਸਪੱਸ਼ਟ ਕਰ ਦਿੱਤੀ ਕਿ 5100 ਰੁਪਏ ਨਹੀਂ, ਅਸੀਂ ਆਂਗਨਵਾੜੀ ਵਰਕਰਜ਼ ਨੂੰ 9500 ਰੁਪਏ ਪ੍ਰਤੀ ਮਹੀਨਾ ਦੇ ਰਹੇ ਹਾਂ। ਹੈਲਪਰਜ਼ ਨੂੰ ਵੀ ਜੋ ਤੁਸੀਂ ਕਿਹਾ ਕਿ 2750 ਰੁਪਏ ਨਹੀਂ, ਅਸੀਂ 5100 ਰੁਪਏ ਪ੍ਰਤੀ ਮਹੀਨਾ ਦੇ ਰਹੇ ਹਾਂ। ਬਾਕੀ ਜਿਹੜੀ ਤੁਸੀਂ 10 ਦੇ ਤਜਰਬੇ ਤੋਂ ਬਾਅਦ ਵਾਧਾ ਕਰਨ ਦੀ ਗੱਲ ਕੀਤੀ ਹੈ, ਇਸ ਦੇ ਲਈ ਵੀ ਅਸੀਂ ਆਲਰੈਡੀ ਇੰਸੈਂਟਿਵ ਦੇ ਰਹੇ ਹਾਂ।

---------

## ਸੁਤਰਾਣਾ ਦੇ C.H.C. ਪਾਤੜਾਂ ਨੂੰ ਅਪਗ੍ਰੇਡ ਕਰਨਾ

*1632. **ਸਰਦਾਰ ਕੁਲਵੰਤ ਸਿੰਘ ਬਾਜੀਗਰ** : ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਕੀ ਹਲਕਾ ਸ਼ੁਤਰਾਣਾ ਅਧੀਨ ਆਉਂਦੇ C.H.C. ਪਾਤੜਾਂ ਨੂੰ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

(ਅ) ਕੀ ਹਲਕਾ ਸ਼ੁਤਰਾਣਾ ਅਧੀਨ ਆਉਂਦੇ ਹਸਪਤਾਲਾਂ ਵਿੱਚ ਸਟਾਫ ਦੀ ਪੂਰਤੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਡਾਕਟਰ ਬਲਬੀਰ ਸਿੰਘ :** ਸ਼੍ਰੀਮਾਨ ਜੀ,(ੳ) ਸੀ.ਐਚ.ਸੀ. ਪਾਤੜਾਂ ਬਲਾਕ ਪੀ.ਐਚ.ਸੀ. ਸੁਤਰਾਣਾ ਅਧੀਨ ਹੈ, ਜੋ ਕਿ ਪੀ.ਐਚ.ਸੀ ਸੁਤਰਾਣਾ ਤੇ 8 ਕਿ.ਮੀ. ਦੀ ਦੂਰੀ ਤੇ ਹੈ। ਇਸ ਤੋਂ ਇਲਾਵਾ ਬਲਾਕ ਸੁਤਰਾਣਾ ਅਧੀਨ 18 ਕਿ.ਮੀ. ਦੀ ਦੂਰੀ ਤੇ ਸੀ.ਐਚ.ਸੀ. ਬਾਦਸ਼ਾਹਪੁਰ ਸਥਿਤ ਹੈ। ਹਲਕਾ ਸੁਤਰਾਣਾ ਵਿੱਚ 04 ਮਿੰਨੀ ਪੀ.ਐਚ.ਸੀ. ਅਤੇ 06 ਆਮ ਆਦਮੀ ਕਲੀਨਿਕ ਚੱਲ ਰਹੇ ਹਨ, ਜਿਹੜੇ ਕਿ ਇਕ ਦੂਜੇ ਤੋਂ 05 ਤੋਂ 10 ਕਿ.ਮੀ. ਦੀ ਦੂਰੀ ਤੇ ਹਨ। ਇਹ ਸਿਹਤ ਸੰਸਥਾਵਾਂ ਕਵਰ ਕਰਦੇ ਏਰੀਏ ਨੂੰ ਚੰਗੀ ਸਿਹਤ ਸਹੂਲਤਾਂ ਮੁਹੱਈਆ ਕਰਵਾ ਰਹੇ ਹਨ। ਇਸ ਤੋਂ ਇਲਾਵਾ ਸੀ.ਐਚ.ਸੀ. ਪਾਤੜਾਂ ਅਧੀਨ ਸ਼ਹਿਰ ਦੀ ਆਬਾਦੀ 32,000 ਹੈ, ਜੋ ਆਈ.ਪੀ.ਐਚ.ਐਸ ਨਾਰਮਜ ਅਨੁਸਾਰ ਸੀ.ਐਚ.ਸੀ. ਪਾਤੜਾਂ ਨੂੰ ਬਤੌਰ ਸਬ ਡਵੀਜਨਲ ਹਸਪਤਾਲ ਅਪਗ੍ਰੇਡ ਕਰਨ ਲਈ ਨਿਰਧਾਰਿਤ ਮਾਪਦੰਡ ਤੋਂ ਘੱਟ ਹੈ। ਇਹਨਾਂ ਤੱਥਾਂ ਦੇ ਸਨਮੁੱਖ ਹਾਲ ਦੀ ਘੜੀ ਸੀ.ਐਚ.ਸੀ. ਪਾਤੜਾਂ ਨੂੰ ਅਪਗ੍ਰੇਡ ਕਰਨ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀ ਹੈ।

(ਅ) ਬਲਾਕ ਪੀ.ਐਚ.ਸੀ. ਸ਼ੁਤਰਾਣਾ ਵਿਖੇ ਮੈਡੀਕਲ/ਪੈਰਾਮੈਡੀਕਲ/ਕਲੈਰੀਕਲ/ਦਰਜਾ-4 ਦੀਆਂ 237 ਮਨਜ਼ੂਰਸੁਦਾ ਅਸਾਮੀਆਂ ਹਨ, ਜਿਹਨਾਂ ਵੱਲੋਂ 159 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 78 ਅਸਾਮੀਆਂ ਖਾਲੀ ਹਨ। ਸਰਕਾਰ ਵੱਲੋਂ ਮੈਡੀਕਲ ਅਫਸਰ ਦੀਆਂ ਕੁੱਲ 1940 ਅਸਾਮੀਆਂ ਭਰਨ ਦੀ ਪ੍ਰਵਾਨਗੀ ਜਾਰੀ ਕੀਤੀ ਜਾ ਚੁੱਕੀ ਹੈ। ਜਿਸ ਵਿੱਚੋਂ ਪਹਿਲੇ ਪੜਾਅ ਵਿੱਚ 400 ਅਸਾਮੀਆਂ ਪ੍ਰਕਾਸ਼ਿਤ ਕਰਨ ਉਪਰੰਤ ਭਰਤੀ ਕੀਤੀ ਜਾ ਚੁੱਕੀ ਹੈ। ਦੂਜੇ ਪੜਾਅ ਵਿੱਚ ਬਾਕੀ ਅਸਾਮੀਆਂ ਵਿਰੁੱਧ ਭਰਤੀ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਤਰ੍ਹਾਂ ਹੀ ਐਨ.ਐਚ.ਐਮ. ਅਧੀਨ 59 ਮੈਡੀਕਲ ਅਫਸਰ (ਸਪੈਸ਼ਲਿਸਟਾਂ) ਦੀ ਨਿਯੁਕਤੀ ਕੀਤੀ ਗਈ ਹੈ। ਇਸ ਤੋਂ ਇਲਾਵਾ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ 2081 ਪੈਰਾ ਮੈਡੀਕਲ/ਕਲੈਰੀਕਲ/ਦਰਜਾ-4 ਨਿਯੁਕਤ ਕੀਤੇ ਗਏ ਹਨ। ਸਰਕਾਰ ਵੱਲੋਂ ਪੈਰਾ ਮੈਡੀਕਲ ਸਟਾਫ ਦੀਆਂ 822 ਹੋਰ ਅਸਾਮੀਆਂ ਦੀ ਭਰਤੀ ਸਬੰਧੀ ਪ੍ਰਵਾਨਗੀ ਜਾਰੀ ਕੀਤੀ ਜਾ ਚੁੱਕੀ ਹੈ। ਇਹ ਭਰਤੀ ਪ੍ਰੀਕ੍ਰਿਆ ਮੁਕੰਮਲ ਕਰਨ ਉਪਰੰਤ ਇਸ ਸੰਸਥਾ ਵਿੱਚ ਲੋੜੀਂਦੇ ਸਟਾਫ ਦੀ ਤੈਨਾਤੀ ਸਬੰਧੀ ਮਾਮਲਾ ਵਿਚਾਰਿਆ ਜਾਵੇਗਾ।

ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੂੰ ਜਵਾਬ ਚਲਿਆ ਗਿਆ ਹੈ। ਇਹ ਸਪਲੀਮੈਂਟਰੀ ਪੁੱਛ ਲੈਣ।

**ਮਾਣਯੋਗ ਸਪੀਕਰ**: ਹਾਂ ਜੀ। ਸਪਲੀਮੈਂਟਰੀ ਲੈ ਲਵੋ ਜੀ।

**ਸਰਦਾਰ ਕੁਲਵੰਤ ਸਿੰਘ ਬਾਜੀਗਰ** : ਸਪੀਕਰ ਸਾਹਿਬ, ਕਿਰਪਾ ਕਰ ਦਿਆ ਕਰੋ। ਤੁਸੀਂ ਵੈਸੇ ਹੀ ਦੇਖ ਲਵੋ।

**ਮਾਣਯੋਗ ਸਪੀਕਰ**: ਵਾਹਿਗੁਰੂ। ਬਿਨਾਂ ਸਪਲੀਮੈਂਟਰੀ ਤੋਂ ਹੀ ਧੰਨਵਾਦ ਕਰ ਰਹੇ ਹੋ।

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਬਿਲਕੁਲ ਠੀਕ ਕਹਿੰਦੇ ਹਨ ਕਿ ਪਾਤੜਾਂ ਜਿਹੜਾ ਸ਼ੁਤਰਾਣਾ ਬਲਾਕ ਹੈ, ਉਸ ਦੇ ਵਿੱਚ, ਇਸ ਤੋਂ ਅੱਗੇ ਮੂਣਕ ਹੈ, ਉਸ ਦੇ ਵਿੱਚ, ਉਥੋਂ ਆਪਣੇ ਮੰਤਰੀ ਜੀ ਬੈਠੇ ਹਨ ਔਰ ਖਨੌਰੀ ਦੇ ਵਿੱਚ, ਪਹਿਲਾਂ ਧਰਮਕੋਟ, ਸ਼ਾਹਕੋਟ ਅਤੇ ਜੈਤੋ ਦੀ ਗੱਲ ਹੋ ਚੁੱਕੀ ਹੈ ਜੀ। ਸਾਡੇ ਬਹੁਤ ਸਾਰੇ ਕਮਿਊਨਿਟੀ ਹੈਲਥ ਸੈਂਟਰਜ ਹਨ, ਉਥੇ ਐਕਿਊਟ ਸ਼ਾਰਟੇਜ ਹੈ। ਜਦੋਂ ਅਸੀਂ check ਕੀਤਾ ਤਾਂ 50 ਪਰਸੈਂਟ ਦੀ ਸ਼ਾਰਟੇਜ ਜੀ, ਉਸ ਤੋਂ ਬਾਅਦ ਅਸੀਂ 800 ਆਮ ਆਦਮੀ ਕਲੀਨਿਕਸ ‘ਤੇ ਅਤੇ ਇੰਨੇ ਕੁ ਹੋਰ ਡਾਕਟਰਜ, ਤਕਰੀਬਨ 1600 ਕੁ ਡਾਕਟਰਜ ਅਸੀਂ ਭਰਤੀ ਕੀਤੇ ਹਨ। ਅਸੀਂ ਸ਼ਾਰਟੇਜ ਘਟਾਈ ਹੈ।

ਸਰ, ਡਾਕਟਰਜ ਤਾਂ ਪਹਿਲਾਂ train ਕਰਨੇ ਪੈਣਗੇ, ਫਿਰ ਸਰਵਿਸ ਜੁਆਇੰਨ ਕਰਵਾਉਣੀ ਪਵੇਗੀ। ਅਸੀਂ ਉਨ੍ਹਾਂ ਨੂੰ incentivize ਕਰਕੇ 15-10-15 ਦਾ special incentive ਦਿੱਤਾ ਹੈ। ਹੁਣ ਵੀ 21 ਸਪੈਸ਼ਲਿਸਟ, ਉਨ੍ਹਾਂ ਵਿੱਚੋਂ ਇੱਕ ਮੈਡੀਕਲ ਸਪੈਸ਼ਲਿਸਟ ਸ਼ੁਤਰਾਣੇ ਵਿੱਚ ਵੀ ਲਗਾਇਆ ਹੈ ਅਤੇ ਤਿੰਨ ਜਿਹੜੇ ਸਬ ਡਵੀਜਨ ਸਮਾਣੇ ਵਿੱਚ ਹਨ, ਤਾਂ ਕਿ ਉਥੇ ਸਾਰੀ ਸੁਵਿਧਾ ਲੋਕਾਂ ਨੂੰ ਅਵੇਲੇਬਲ ਹੋਵੇ। ਇਸੇ ਤਰ੍ਹਾਂ ਨਾਭੇ ਦੇ ਵਿੱਚ ਅਤੇ ਰਾਜਪੁਰੇ ਵਿੱਚ, ਬਾਕੀ ਸਾਰੇ ਪੰਜਾਬ ਦੇ ਵਿੱਚ ਵੀ 255 ਸਪੈਸ਼ਲਿਸਟ ਜਿਹੜੇ ਹਨ, ਉਹ ਮੈਂ, ਤਾਂ ਕਿ ਜਿਹੜੇ ਡਿਸਟ੍ਰਿਕਟ ਅਤੇ ਸਬ ਡਵੀਜਨ ਹਸਪਤਾਲ ਹਨ, ਉਨ੍ਹਾਂ ਨੂੰ ਬਹੁਤ ਵਧੀਆ ਤਰੀਕੇ ਦੇ ਨਾਲ ਚਲਾਈਏ। ਮੇਰੀ ਕੋਸ਼ਿਸ਼ ਹੈ ਕਿ ਅਸੀਂ ਅਗਲੇ ਆਉਣ ਵਾਲੇ ਇੱਕ ਸਾਲ ਦੇ ਵਿੱਚ ਜਿਹੜੀ ਵੀ ਡਾਕਟਰਾਂ ਦੀ ਕਮੀ ਹੈ, ਉਹ ਪੂਰੀ ਕਰ ਦੇਵਾਂਗੇ।

**ਮਾਣਯੋਗ ਸਪੀਕਰ**: ਥੈਂਕ ਯੂ। ਸਰਦਾਰ ਕੁਲਵੰਤ ਸਿੰਘ ਜੀ, ਠੀਕ ਹੈ ਜੀ?

**ਸਰਦਾਰ ਕੁਲਵੰਤ ਸਿੰਘ ਬਾਜੀਗਰ** : ਸਰ, ਮੇਰੇ ਇੱਕ ਹਸਪਤਾਲ ਨੂੰ ਅਪਗ੍ਰੇਡ ਵੀ ਕਰਨਾ ਹੈ। ਸਪੀਕਰ ਸਾਹਿਬ, ਮੇਰਾ ਹਲਕਾ ਹਰਿਆਣੇ ਦੇ ਬਾਰਡਰ ਉਤੇ ਹੈ। ਸਾਨੂੰ 70-75 ਕਿਲੋਮੀਟਰ ਦੂਰ ਰਾਜਿੰਦਰਾ ਹਸਪਤਾਲ, ਪਟਿਆਲਾ ਪੈ ਜਾਂਦਾ ਹੈ। ਸਾਡੇ ਹਲਕੇ ਵਿੱਚ ਕਈ ਅਜਿਹੇ ਮਾਤ੍ਰੜ ਲੋਕ ਹਨ, ਗਰੀਬ ਲੋਕ ਹਨ, ਜਿਹੜੇ ਉਥੋਂ ਤੱਕ ਪਹੁੰਚ ਨਹੀਂ ਕਰ ਸਕਦੇ। ਉਨ੍ਹਾਂ ਦੀ ਰਸਤੇ ਵਿੱਚ ਹੀ ਮੌਤ ਹੋ ਜਾਂਦੀ ਹੈ। ਸੋ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇੱਕ ਵਾਰੀ ਮੇਰੇ ਹਸਪਤਾਲ ਵਿੱਚ ਜ਼ਰੂਰ ਵਿਜ਼ਿਟ ਕਰਨ ਅਤੇ ਉਨ੍ਹਾਂ ਨੂੰ ਕਦੋਂ ਅਪਗ੍ਰੇਡ ਕਰਨਾ ਹੈ ਤੇ ਉਨ੍ਹਾਂ ਵਿੱਚ ਕਦੋਂ ਸਟਾਫ ਪੂਰਾ ਕਰਨਾ ਹੈ, ਇਸ ਨੂੰ ਟਾਈਮ ਬਾਊਂਡ ਕੀਤਾ ਜਾਵੇ ਜੀ। ਮੰਤਰੀ ਜੀ ਮੈਨੂੰ ਵਿਜ਼ਿਟ ਕਰਨ ਦਾ ਸਮਾਂ ਵੀ ਦੇ ਦੇਣ।

**ਮਾਣਯੋਗ ਸਪੀਕਰ**: ਮੰਤਰੀ ਜੀ, ਕੀ ਤੁਸੀਂ ਉਥੇ ਜਲਦੀ ਵਿਜ਼ਿਟ ਕਰੋਗੇ?

**ਮੰਤਰੀ**: ਸਪੀਕਰ ਸਾਹਿਬ, ਮੈਂ ਵਿਜ਼ਿਟ ਕਰਾਂਗਾ ਜੀ। ਇਨ੍ਹਾਂ ਦੇ ਘੱਗਰ ਦੇ ਪਾਰ ਸੋਲਾਂ ਪਿੰਡ ਹਨ, ਅਰਨੋਂ ਬਲਾਕ ਹੈ, ਉਥੇ ਵੀ ਜਾਵਾਂਗਾ ਅਤੇ ਖਨੌਰੀ ਤੇ ਮੂਣਕ ਵੀ ਜਾਵਾਂਗਾ। ਮੈਂ ਇਸ ਸਾਰੇ ਏਰੀਏ ਨੂੰ ਵਿਜ਼ਿਟ ਕਰਾਂਗਾ। ਮੈਂ ਥੋੜ੍ਹਾ ਜਿਹਾ ਸ਼ੇਅਰ ਕਰਨਾ ਚਾਹਾਂਗਾ, ਜਿਸ ਤਰ੍ਹਾਂ ਸਰਦਾਰ ਜਗਰੂਪ ਸਿੰਘ ਜੀ ਹਨ, ਇਸੇ ਤਰ੍ਹਾਂ ਡਾਕਟਰ ਬਰਿੰਦਰ ਗੋਇਲ ਜੀ ਹਨ, ਕੱਲ੍ਹ ਉਨ੍ਹਾਂ ਦੀਆਂ ਜਿਹੜੀਆਂ ਲੋਕਲ ਐਸੋਸੀਏਸ਼ਨਜ ਆਈਆਂ ਹਨ, ਉਨ੍ਹਾਂ ਨੇ ਕੁਝ ਇੰਟਰਸਟ ਸ਼ੋਅ ਕੀਤਾ ਹੈ।

ਕੁੱਝ ਸਾਡੇ ਪੀ.ਜੀ.ਆਈ. ਵਿਚ ਡਾਕਟਰ ਹਨ, ਜਿਹੜੇ ਲਹਿਰੇ ਜਾਂ ਫਿਰੋਜ਼ਪੁਰ ਦੇ ਹਨ। ਉਹ ਵੀ ਇੰਟਰਸਟਡ ਹਨ। ਸੋ, ਮੈਂ ਵਿਸ਼ੇਸ਼ ਤੌਰ ਤੇ ਕੋਸ਼ਿਸ਼ ਕਰਾਂਗਾ ਕਿ ਉੱਥੇ ਡਾਕਟਰ ਆ ਕੇ ਇਨ੍ਹਾਂ ਨੂੰ ਸਾਰੀਆਂ ਸਹੂਲਤਾਂ ਦੇਣ।

---------

**1025/Karamjit kaur/BS khokhar**

**1030/harpreet singh**

## ਨਕੋਦਰ ਅਤੇ ਨੂਰ ਮਹਿਲ ਵਿਖੇ ਅਰਬਨ ਅਸਟੇਟ ਸਥਾਪਿਤ ਕਰਨਾ

***1627 ਸ਼੍ਰੀਮਤੀ ਇੰਦਰਜੀਤ ਕੌਰ ਮਾਨ:** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਕੋਦਰ ਅਤੇ ਨੂਰਮਹਿਲ ਵਿਖੇ ਅਰਬਨ ਅਸਟੇਟ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਦੀਪ ਸਿੰਘ ਮੁੰਡੀਆਂ:** ਸ਼੍ਰੀਮਾਨ ਜੀ, ਨਕੋਦਰ ਅਤੇ ਨੂਰਮਹਿਲ ਵਿਖੇ ਅਰਬਨ ਅਸਟੇਟ ਸਥਾਪਿਤ ਕਰਨ ਲਈ ਮੌਜੂਦਾ ਸਮੇਂ ਕੋਈ ਤਜਵੀਜ਼ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ। ਇਸਤੋਂ ਇਲਾਵਾ ਵਿਭਾਗ ਵੱਲੋਂ ਸਮੂਹ ਵਿਸ਼ੇਸ਼ ਵਿਕਾਸ ਅਥਾਰਟੀਆਂ ਦੇ ਮੁੱਖ ਪ੍ਰਸ਼ਾਸਕਾਂ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਅਰਬਨ ਅਸਟੇਟ ਸਥਾਪਿਤ ਕਰਨ ਦੇ ਉਦੇਸ਼ ਲਈ ਢੁੱਕਵੀਂ ਜਗ੍ਹਾ ਦੀ ਚੋਣ ਕਰਨ ਉਪਰੰਤ ਤਜਵੀਜ਼ਾਂ ਸਰਕਾਰ ਨੂੰ ਭੇਜਣ ਹਿੱਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਇਹਨਾਂ ਹਦਾਇਤਾਂ ਅਨੁਸਾਰ ਸਬੰਧਤ ਅਥਾਰਟੀਆਂ ਵੱਲੋਂ ਢੁੱਕਵੀਂ ਜਗ੍ਹਾ ਦੀ ਭਾਲ ਕੀਤੀ ਜਾ ਰਹੀ ਹੈ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਬਹੁਤ ਧੰਨਵਾਦ ਕਰਨਾ ਚਾਹੁੰਦੀ ਹਾਂ। ਜਿਹੜਾ ਮੇਰਾ ਹਲਕਾ ਹੈ, ਉੱਥੇ ਬਹੁਤ ਵੱਡੇ-ਵੱਡੇ ਡੇਰੇ ਹਨ, ਜਿਸ ਕਾਰਨ ਲੱਖਾਂ ਦੀ ਗਿਣਤੀ ਵਿਚ ਬਾਹਰੋਂ ਲੋਕ ਆਉਂਦੇ ਹਨ, ਜਿਸ ਕਰਕੇ ਇਸ ਸ਼ਹਿਰ ਦੀ ਤਰੱਕੀ ਹੋਣੀ ਬਣਦੀ ਸੀ ਪਰ ਪਿਛਲੇ ਸਮਿਆਂ ਵਿਚ ਕਿਸੇ ਨੇ ਕੋਈ ਪਰਪੋਜ਼ਲ ਤੱਕ ਨਹੀਂ ਦਿੱਤੀ ਅਤੇ ਨਾ ਹੀ ਕੁੱਝ ਮੰਗਿਆ ਸੀ। ਸੋ, ਮੈਂ ਮਾਣਯੋਗ ਮੰਤਰੀ ਜੀ ਦਾ ਬਹੁਤ ਧੰਨਵਾਦ ਕਰਨਾ ਚਾਹੁੰਦੀ ਹਾਂ ਕਿ ਤੁਸੀਂ ਮੇਰੇ ਹਲਕੇ ਨਕੋਦਰ ਵਾਸਤੇ ਇਹ ਉਪਰਾਲਾ ਕਰ ਰਹੇ ਹੋ, ਉਸ ਲਈ ਮੈਂ ਫਿਰ ਤੁਹਾਡੀ ਬਹੁਤ ਧੰਨਵਾਦੀ ਹਾਂ।

**ਮਾਣਯੋਗ ਸਪੀਕਰ:** ਮੰਤਰੀ ਜੀ, ਵੇਖ ਲਓ, ਤੁਹਾਨੂੰ ਐਡਾ ਵੱਡਾ ਧੰਨਵਾਦ ਮਿਲ ਗਿਆ।

---------

**ਡੇਰਾਬੱਸੀ ਵਿਖੇ ਡਿਜੀਟਲ ਲਾਇਬਰੇਰੀ ਬਣਾਉਣਾ**

***1542. ਸਰਦਾਰ ਕੁਲਜੀਤ ਸਿੰਘ ਰੰਧਾਵਾ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਜੀ ਇਹ ਦੱਸਣਗੇ ਕਿ ਪੰਜਾਬ ਦੇ ਹੋਰ ਹਲਕਿਆਂ ਵਾਂਗ ਡੇਰਾਬੱਸੀ ਹਲਕੇ ਵਿੱਚ ਵੀ ਡਿਜੀਟਲ ਲਾਇਬਰੇਰੀ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ;ਜੇਕਰ ਹੈ ਤਾਂ ਕਦੋਂ ਤੱਕ ?

**ਸਰਦਾਰ ਤਰੁਨਪ੍ਰੀਤ ਸਿੰਘ ਸੋਂਦ:** ਸਪੀਕਰ ਸਾਹਿਬ, ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 30 ਤਹਿਤ ਗਰਾਮ ਪੰਚਾਇਤ ਆਪਣੇ ਪਾਸ ਉਪਲੱਬਧ ਫੰਡਾਂ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੀ ਵਿਕਾਸ ਯੋਜਨਾ ਖੁਦ ਬਣਾਉਣ ਲਈ ਸਮਰੱਥ ਮੰਨੀ ਜਾਂਦੀ ਹੈ। ਬਲਾਕ ਡੇਰਾਬੱਸੀ ਅਧੀਨ ਪੈਂਦੇ ਛੇ ਪਿੰਡਾਂ ਬਾਕਰਪੁਰ, ਭਾਂਖਰਪੁਰ, ਧਰਮਗੜ੍ਹ, ਹੰਡੇਸਰਾ, ਅਮਲਾਲਾ ਅਤੇ ਸਮਗੌਲੀ ਵਿਚ ਲਾਇਬ੍ਰੇਰੀਆਂ ਦੀਆਂ ਬਿਲਡਿੰਗਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਇੱਥੇ ਛੋਟੀਆਂ ਲਾਇਬ੍ਰੇਰੀਆਂ ਅਸੀਂ ਆਲਰੇਡੀ ਤਿਆਰ ਕਰ ਰਹੇ ਹਾਂ। ਜਿੱਥੋਂ ਤੱਕ ਇਨ੍ਹਾਂ ਨੇ ਡਿਜੀਟਲ ਲਾਇਬ੍ਰੇਰੀ ਦੀ ਗੱਲ ਕੀਤੀ ਹੈ, ਉਹ ਵੀ ਗਰਾਮ ਪੰਚਾਇਤ ਆਪਣੇ ਸਰੋਤ, 15ਵੇਂ ਵਿੱਤ ਕਮਿਸ਼ਨ, ਮਗਨਰੇਗਾ, ਐਮ.ਪੀ.ਲੈਡ ਜਾਂ ਵਿਵੇਕੀ ਗਰਾਂਟ ਆਦਿ ਨੂੰ ਆਪਣੀ ਲੋੜ ਅਨੁਸਾਰ ਵਰਤ ਕੇ ਬਣਾ ਸਕਦੀ ਹੈ।

**ਸਰਦਾਰ ਕੁਲਜੀਤ ਸਿੰਘ ਰੰਧਾਵਾ**: ਸਪੀਕਰ ਸਾਹਿਬ, ਜੇ ਅਸੀਂ ਆਪ ਬਣਾਉਣ ਜੋਗੇ ਹੁੰਦੇ ਤਾਂ ਅਸੀਂ ਮੰਤਰੀ ਸਾਹਿਬ ਨੂੰ ਕਿਉਂ ਬੇਨਤੀ ਕਰਨੀ ਸੀ? (ਹਾਸਾ) ਮੇਰਾ ਇਲਾਕਾ ਪੁਆਧ ਦਾ ਇਲਾਕਾ ਹੈ। ਜੇਕਰ ਤੁਸੀਂ ਮਾਝਾ, ਮਾਲਵਾ ਅਤੇ ਦੁਆਬਾ ਡਿਜੀਟਲ ਕਰ ਸਕਦੇ ਹੋ ਤਾਂ ਮਾਨ੍ਹੈ ਥਾਰਾ ਕਿਆ ਬਿਗਾੜਿਆ ਐ। (ਹਾਸਾ) ਸੋ, ਮੈਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਡੇਰਾਬੱਸੀ ਪੰਜਾਬ ਦਾ ਸਭ ਤੋਂ ਵੱਡਾ ਹਲਕਾ ਹੈ ਅਤੇ ਸਭ ਤੋਂ ਵੱਧ ਆਬਾਦੀ ਵਾਲਾ ਹਲਕਾ ਹੈ। ਇਸ ਨੂੰ ਬਾਹਰ ਕਿਉਂ ਰੱਖਿਆ ਗਿਆ? ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਇਹ ਐਨਾ ਮਿੱਠਾ ਤੇ ਪਿਆਰਾ ਬੋਲਦੇ ਹਨ। ਇਨ੍ਹਾਂ ਨੇ ਮੇਰੇ ਸਾਰੇ ਕੰਮ ਕਰਵਾਏ ਹਨ। ਮੰਤਰੀ ਜੀ, ਹੁਣ ਮੇਰੀ ਇਸ ਗੱਲ ਨੂੰ ਦੂਜੇ ਪਾਸ ਨਾ ਲੈ ਜਾਇਓ, ਕਿਤੇ ਇਹ ਕੰਢਾ ਜਿਹਾ ਵਿਚੋਂ ਕੱਢ ਦਿਓ ਕਿ ਇਹ ਕੰਮ ਨਹੀਂ ਕਰਨਾ ਕਿਉਂਕਿ ਇਹ ਮੈਂਬਰ ਗਲਤ ਬੋਲ ਗਿਆ। ਸੋ, ਮੇਰੀ ਬੇਨਤੀ ਹੈ ਕਿ ਜਿਹੜੀਆਂ ਛੇ ਲਾਇਬ੍ਰੇਰੀਆਂ ਮੇਰੇ ਹਲਕੇ ਨੂੰ ਤੁਸੀਂ ਦਿੱਤੀਆਂ ਹਨ, ਉਹ ਬਹੁਤ ਛੋਟੀਆਂ ਲਾਇਬ੍ਰੇਰੀਆਂ ਹਨ। ਉਹ 100 ਕਿਤਾਬ ਵਾਲੀਆਂ ਲਾਇਬ੍ਰੇਰੀਆਂ ਹਨ। ਜਿਵੇਂ ਮੇਰੇ ਪਿੰਡ ਬਾਕਰਪੁਰ ਵਿਚ ਤੁਸੀਂ ਛੋਟੀ ਲਾਇਬ੍ਰੇਰੀ ਦੇ ਦਿੱਤੀ ਪਰ ਵੋਟ ਉੱਥੇ 300 ਹੈ। ਸੋ, ਮੇਰੀ ਬੇਨਤੀ ਹੈ ਕਿ ਮੇਰੇ ਹਲਕੇ ਨੂੰ ਕੋਈ ਵੱਡੀ ਡਿਜੀਟਲ ਲਾਇਬ੍ਰੇਰੀ ਦਿਓ ਕਿਉਂਕਿ ਅੱਜ ਦੇ ਸਮੇਂ ਵਿਚ ਜ਼ੀਰਕਪੁਰ ਅਤੇ ਡੇਰਾਬੱਸੀ ਵਾਲਾ ਇਲਾਕਾ ਗੁੜਗਾਵਾਂ ਬਣ ਰਿਹਾ ਹੈ। ਮੰਤਰੀ ਜੀ, ਤੁਹਾਨੂੰ ਲੋਕ ਯਾਦ ਕਰਿਆ ਕਰਨਗੇ। ਮੁੱਖ ਮੰਤਰੀ ਸਾਹਿਬ ਨੂੰ, ਸ਼੍ਰੀ ਅਮਨ ਅਰੋੜਾ ਜੀ ਨੂੰ ਲੋਕ ਯਾਦ ਕਰਿਆ ਕਰਨਗੇ। ਇਕ ਵਾਰੀ ਚੂੰਡੀ ਭਰ ਦਿਓ। ਮੰਤਰੀ ਜੀ, ਤੁਸੀਂ ਮੇਰੇ ਛੋਟੀ ਭਰਾ ਹੋ। ਮੈਨੂੰ ਤੁਹਾਡੇ ਕੋਲੋਂ ਬੜੀ ਆਸ ਹੈ। ਤੁਸੀਂ ਬਹੁਤ ਪਿਆਰੇ ਹੋ, ਸੋਹਣੇ ਹੋ। ਸੋ, ਮੈਨੂੰ ਆਸ ਹੈ ਕਿ ਤੁਸੀਂ ਮੇਰੇ ਵਾਲਾ ਕੰਢਾ ਜ਼ਰੂਰ ਕੱਢ ਦਿਓਗੇ। ਬਹੁਤ ਧੰਨਵਾਦ।

**ਮਾਣਯੋਗ ਸਪੀਕਰ**: ਮੰਤਰੀ ਜੀ, ਮੈਨੂੰ ਲੱਗਿਆ ਕਿ ਤੁਹਾਡਾ ਜਵਾਬ ਨਾਂਹ ਵਿਚ ਸੀ ਪਰ ਤੁਹਾਡੀ ਨਾਂਹ ਵੀ ਹਾਂ ਵਰਗੀ ਸੀ। (ਹਾਸਾ)

**ਮੰਤਰੀ**: ਸਪੀਕਰ ਸਾਹਿਬ, ਇਹੀ ਤਾਂ ਕਲਾ ਹੈ। ਸਪੀਕਰ ਸਾਹਿਬ, ਗੱਲ ਇਸ ਤਰ੍ਹਾਂ ਹੈ ਕਿ ਮੈਂਬਰ ਸਾਹਿਬ ਨੇ ਕਿਹਾ ਕਿ ਅਸੀਂ ਬਣਾਉਣ ਜੋਗੇ ਨਹੀਂ। ਸਪੀਕਰ ਸਾਹਿਬ ਕੱਲ੍ਹ ਸਾਡੇ ਮੁੱਖ ਮੰਤਰੀ, ਸਰਦਾਰ ਭਗਵੰਤ ਮਾਨ ਜੀ ਸਾਨੂੰ ਸਾਰਿਆਂ ਨੂੰ ਬਣਾਉਣ ਜੋਗੇ ਕਰ ਗਏ। 5-5 ਕਰੋੜ ਰੁਪਇਆ ਸਾਰੇ ਮੈਂਬਰ ਸਾਹਿਬਾਨ ਨੂੰ ਆ ਜਾਣਾ ਹੈ, (ਥੰਪਿੰਗ) ਉਸ ਵਿਚੋਂ ਇਹ ਡਿਜੀਟਲ ਲਾਇਬ੍ਰੇਰੀ ਬਣਾ ਸਕਦੇ ਹਨ। ਬਾਕੀ ਫਿਰ ਵੀ ਇਹ ਆਪਣੇ ਵੱਲੋਂ ਇਕ ਪਰਪੋਜ਼ਲ ਬਣਾ ਕੇ ਭੇਜ ਦੇਣ। ਅਸੀਂ ਇਨ੍ਹਾਂ ਨੂੰ 100 ਫੀਸਦੀ ਆਸ਼ਵਾਸਨ ਦਿੰਦੇ ਹਾਂ ਕਿ ਅਸੀਂ ਇਨ੍ਹਾਂ ਦੀ ਪਰਪੋਜ਼ਲ ਤੇ ਗੌਰ ਕਰਦੇ ਹੋਏ ਆਪਣੇ ਵੱਲੋਂ ਵੀ ਕਰਕੇ ਦਿਆਂਗੇ। ਮੈਂ ਇਨ੍ਹਾਂ ਨਾਲ ਵਾਅਦਾ ਕਰਦਾ ਹਾਂ।

**1030/harpreet singh/Rajneesh kumar**

**1035/amandeep kaur**

**ਸਰਦਾਰ ਕੁਲਜੀਤ ਸਿੰਘ ਰੰਧਾਵਾ**: ਸਪੀਕਰ ਸਾਹਿਬ, ਹਮ ਥਾਰਾ ਬਹੁਤ ਧੰਨਵਾਦ ਕਰੇ ਜੀ, ਮੁੱਖ ਮੰਤਰੀ ਸਾਹਿਬ ਨੇ ਮਾਨੂੰ ਬਹੁਤ ਕੁਝ ਦੇ ਦਿਆ, ਮੰਤਰੀ ਸਾਹਿਬ ਨੇ ਬਹੁਤ ਕੁਝ ਦੇ ਦਿਆ, ਪੁਆਧ ਕਨੀ ਤਾਂ ਕਿਸੇ ਅਬ ਤਕ ਦੇਖਿਆ ਨਹੀਂ ਤਾਂ, ਡੇਰਾਬੱਸੀ ਨੂੰ ਤੁਸੀਂ ਬਹੁਤ ਕੁਝ ਦੇ ਦਿਆ, ਧੰਨਵਾਦ ਜੀ।

---------

## ਸਰਕਾਰੀ ਸਕੂਲਾਂ ਵਿੱਚ ਲੱਗੇ ਸੋਲਰ ਪੈਨਲਾਂ ਦੀ ਰਿਪੇਅਰ ਦਾ ਕੰਮ ਪੇਡਾ ਨੂੰ ਦੇਣਾ

***1622. ਸਰਦਾਰ ਹਰਮੀਤ ਸਿੰਘ ਪਠਾਨਮਾਜਰਾ:** ਕੀ ਨਵੀਂ ਅਤੇ ਨਵਿਆਉਣਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਸਕੂਲਾਂ ਵਿੱਚ ਲੱਗੇ ਸੋਲਰ ਪੈਨਲਾਂ ਦੀ ਰਿਪੇਅਰ ਦਾ ਕੰਮ ਪੇਡਾ ਨੂੰ ਦੇਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ ?

**ਸ੍ਰੀ ਅਮਨ ਅਰੋੜਾ**: ਸ੍ਰੀਮਾਨ ਜੀ,ਸਿੱਖਿਆ ਵਿਭਾਗ ਦੀ ਬੇਨਤੀ ਅਤੇ ਪ੍ਰਾਪਤ ਫੰਡਾਂ ਤੇ, ਪੇਡਾ ਸਰਕਾਰੀ ਸਕੂਲਾਂ ਦੀਆਂ ਛੱਤਾਂ ਤੇ ਸੋਲਰ ਪਾਵਰ ਪਲਾਂਟ ਲਗਾਉਂਦਾ ਹੈ। ਪੇਡਾ ਨੇ ਹੁਣ ਤੱਕ 21.19 ਮੈਗਾਵਾਟ ਸਮਰੱਥਾ ਵਾਲੇ ਕੁੱਲ 4,238 ਸਕੂਲਾਂ ਵਿੱਚ ਸੋਲਰ ਰੂਫ਼ਟਾਪ ਪਲਾਂਟ ਲਗਾਏ ਹਨ। ਸੋਲਰ ਪਲਾਂਟਾਂ ਦੀ ਸਥਾਪਨਾ ਤੋਂ ਬਾਅਦ, ਪੇਡਾ ਸਕੂਲਾਂ ਨੂੰ ਪੰਜ ਸਾਲਾਂ ਦਾ ਸਾਲਾਨਾ ਰੱਖ-ਰਖਾਅ ਇਕਰਾਰਨਾਮਾ (ਏ.ਐਮ.ਸੀ) ਪ੍ਰਦਾਨ ਕਰਦਾ ਹੈ। 5 ਸਾਲਾਂ ਦਾ ਏ.ਐਮ.ਸੀ ਉਸ ਕੰਪਨੀ ਦੁਆਰਾ ਕੀਤਾ ਜਾਂਦਾ ਹੈ ਜੋ ਸੋਲਰ ਪਾਵਰ ਪਲਾਂਟ ਲਗਾਉਂਦਾ ਹੈ।

ਸਪੀਕਰ ਸਾਹਿਬ, ਮਿਹਰਬਾਨੀ ਜੀ। ਜੋ ਐਮ.ਐਲ.ਏ ਸਾਹਿਬ ਦਾ ਸਵਾਲ ਸੀ ਕਿ ਜੋ ਸਕੂਲਾਂ ਦੇ ਉਪਰ ਅਸੀਂ ਰੂਫ ਟਾਪ, ਸੋਲਰ ਪੈਨਲ ਲਗਾਉਂਦੇ ਹਾਂ, ਉਸ ਦੀ ਰਿਪੇਅਰ ਦਾ ਇਸ਼ੂ ਸੀ। ਅਸੀਂ 4238 ਸਕੂਲਾਂ ਦੇ ਵਿੱਚ 21.19 ਮੈਗਾਵਾਟ ਦਾ ਪਲਾਂਟ ਲਗਾ ਚੁੱਕੇ ਹਾਂ ਅਤੇ ਜਿਹੜਾ ਰਿਪੇਅਰ ਦਾ ਕੰਮ ਹੁੰਦਾ ਹੈ ਜਿਸ ਸਬੰਧੀ ਏ.ਐਮ.ਸੀ (Annual maintenance Contract), ਉਹ ਅਸੀਂ 5 ਸਾਲ ਲਈ ਉਸੇ ਕੰਪਨੀ ਨੂੰ ਦਿੰਦੇ ਹਾਂ, ਜਿਹੜੀ ਕੰਪਨੀ ਲਗਾਉਂਦੀ ਹੈ, ਸੋ 5 ਸਾਲ ਤੱਕ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਹੈ। ਇਸ ਤੋਂ ਇਲਾਵਾ ਮੈਂ ਐਮ.ਐਲ.ਏ ਸਾਹਿਬ ਨਾਲ ਵੀ ਗੱਲ ਕੀਤੀ ਹੈ, ਇਸ਼ੂ

ਇਹ ਹੈ ਕਿ ਬੇਸਿਕਲੀ ਜਿਹੜੀ ਸਪਲੀਮੈਂਟਰੀ ਵੀ ਇਸ ਸਬੰਧੀ ਹੈ ਕਿ ਜਿਹੜਾ ਫਤਹਿਪੁਰ ਰਾਜਪੂਤਾ ਪਿੰਡ ਇਨ੍ਹਾਂ ਦੇ ਹਲਕੇ ਦੇ ਵਿੱਚ ਪੈਂਦਾ ਹੈ, ਉਥੇ ਸਕੂਲ ਦੇ ਸੋਲਰ ਪੈਨਲਜ਼ ਖਰਾਬ ਹੋ ਗਏ ਸੀ, ਹੁਣ ਅਸੀਂ ਪਤਾ ਕਰ ਲਿਆ ਹੈ, ਉਹ ਹੁਣ ਵਰਕਿੰਗ ਕੰਡੀਸ਼ਨਜ਼ ਵਿੱਚ ਹਨ, ਹੁਣ ਕੋਈ ਦਿੱਕਤ ਨਹੀਂ ਹੈ। ਇੱਕ ਚੀਜ਼ ਦਾ ਅਸੀਂ ਪਰਾਪਰ ਸਿਸਟਮ ਬਣਾਇਆ ਹੋਇਆ ਹੈ, ਸਕੂਲ ਨੇ ਰਿਪੋਰਟ ਕਰਨਾ ਹੁੰਦਾ ਹੈ, ਜੇ ਰਿਪੋਰਟ ਨਹੀਂ ਕਰਦਾ ਤਾਂ ਸਾਨੂੰ ਕਨਵੇਅ ਕੀਤਾ ਜਾਵੇ। ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਅਤੇ ਸਾਰੇ ਐਮ.ਐਲ.ਏਜ਼ ਸਾਹਿਬ ਨੂੰ ਵੀ ਬੇਨਤੀ ਕਰਦਾ ਹਾਂ ਕਿ ਵੈਸੇ ਵੀ ਕਨਟਰੈਕਟ ਦੇ ਵਿੱਚ ਇਹ ਹੈ ਕਿ ਜਿਹੜੀ ਕੰਪਨੀ ਲਗਾਉਂਦੀ ਹੈ, ਉਨ੍ਹਾਂ ਨੇ ਤਿੰਨ ਮਹੀਨੇ ਵਿੱਚ ਇੱਕ ਵਾਰ ਵਿਜ਼ਿਟ ਜ਼ਰੂਰ ਕਰਨਾ ਹੁੰਦਾ ਹੈ। ਜੇ ਇਨ ਕੇਸ ਉਹ ਵਿਜ਼ਿਟ ਨਹੀਂ ਕਰਦੇ ਹਨ ਜਾਂ ਰਿਪੋਰਟ ਹੋਣ ਦੇ 72 ਘੰਟਿਆਂ ਦੇ ਵਿੱਚ ਵਿੱਚ ਉਹ ਨਹੀਂ ਠੀਕ ਕਰਦੇ ਹਨ, ਤੁਸੀਂ ਸਾਨੂੰ PEDA ਨੂੰ ਦੱਸੋ, ਉਨ੍ਹਾਂ ਤੇ ਬਣਦੀ ਕਾਰਵਾਈ ਹੋਵੇਗੀ। ਹੁਣ as of now Fatehpur Rajputa ਦਾ ਕੰਮ ਠੀਕ ਚਲ ਰਿਹਾ ਹੈ। ਹੋਰ issue ਦੱਸੋ।

**ਮਾਣਯੋਗ ਸਪੀਕਰ**: ਮੰਤਰੀ ਜੀ, ਗੱਲ ਇਹ ਹੈ ਕਿ ਹੁਣ ਕੰਮ ਰਾਕਟ ਦੀ ਸਪੀਡ ਨਾਲ ਹੋਣੇ ਹਨ। ਖਿੱਚ ਦਿਓ ਕੰਮ।

**ਮੰਤਰੀ**: ਮੈਂ ਕਿਹਾ ਦੇਖਦੇ ਜਾਓ ਜੀ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ**: ਸਪੀਕਰ ਸਾਹਿਬ, ਵੈਸੇ ਤਾਂ ਮੰਤਰੀ ਸਾਹਿਬ ਨਾਲ ਮੇਰੀ ਸਵੇਰੇ ਗੱਲ ਹੋ ਗਈ ਸੀ। ਪਰ ਜਦੋਂ ਅਸੀਂ ਪਿੰਡਾਂ ਵਿੱਚ ਜਾਂਦੇ ਹਾਂ ਉਦੋਂ ਹੀ ਸਾਨੂੰ ਪਤਾ ਲੱਗਿਆ ਕਿ ਸਾਡੇ 10 ਪਿੰਡਾਂ ਦੇ ਸਕੂਲਾਂ ਦੇ ਵਿੱਚ ਸੋਲਰ ਪੈਨਲ ਲੱਗੇ ਹਨ ਪਰ ਜਦੋਂ ਪ੍ਰਾਬਲਮ ਆਉਂਦੀ ਹੈ ਤਾਂ PEDA ਵਾਲੇ ਸੁਣ ਕੇ ਰਾਜ਼ੀ ਨਹੀਂ ਹੁੰਦੇ ਹਨ। ਉਨ੍ਹਾਂ ਨੂੰ ਤੁਸੀਂ ਚਿੱਠੀ ਲਿਖ ਦਿਓ ਕਿ ਜਿਹੜੇ ਠੇਕੇਦਾਰ ਨੇ ਨਾ ਸੁਣਿਆ ਤਾਂ ਉਸ ਦਾ ਪੁਰਾਣਾ ਠੇਕਾ ਕੈਂਸਲ ਕੀਤਾ ਜਾਵੇਗਾ ਅਤੇ ਕੰਮ ਨਵੇਂ ਠੇਕੇਦਾਰ ਨੂੰ ਕੰਮ ਦੇ ਦਿੱਤਾ ਜਾਵੇਗਾ। ਇਹ ਕੰਮ ਫਿਰ ਸੂਤ ਆਵੇਗਾ ਜੀ।

**ਮੰਤਰੀ**: ਸਪੀਕਰ ਸਾਹਿਬ, ਮੈਂ ਹਰਮੀਤ ਜੀ ਨੂੰ ਚਿੱਠੀਆਂ ਲਿਖਣਾ ਐਕਸਪੈਕਟ ਨਹੀਂ ਕਰਦਾ ਹਾਂ, ਤੁਹਾਨੂੰ ਪਤਾ ਹੈ ਕਿ ਕੰਮ ਕਿਸ ਤਰ੍ਹਾਂ ਕਰਵਾਉਣਾ ਹੁੰਦਾ ਹੈ। ਮੈਂ ਦੱਸਦਾ ਕੰਮ ਕਿਵੇਂ ਹੋਵੇਗਾ। ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਅਤੇ ਸਾਰੇ 117 ਐਮ.ਐਲ.ਏਜ਼ ਸਾਹਿਬਾਨ ਨੂੰ ਕਹਿ ਰਿਹਾ ਹਾਂ, ਸਾਰੇ ਸਕੂਲ ਟੀਚਰਾਂ ਨੂੰ ਵੀ ਕਹਿ ਰਿਹਾ ਹਾਂ , ਆਪਣੇ ਮਹਿਕਮੇ ਨੂੰ ਵੀ ਕਹਿ ਰਿਹਾ ਹਾਂ ਕਿ ਕੰਡੀਸ਼ਨਜ਼ ਇਹ ਹਨ ਕਿ ਜਿੱਥੇ ਸੋਲਰ ਪੈਨਲ ਲੱਗ ਗਿਆ, ਤਿੰਨ ਮਹੀਨੇ ਦੇ ਵਿੱਚ ਉਸ ਕੰਪਨੀ ਦੇ ਮੁਲਾਜ਼ਮਾਂ ਨੇ ਉਸ ਨੂੰ ਵਿਜ਼ਿਟ ਕਰਨਾ ਹੈ, ਚੈੱਕ ਕਰਨਾ ਹੈ, ਕੰਪਨੀ ਵਾਲੇ ਜੇਕਰ ਇਸ ਤਰ੍ਹਾਂ ਨਹੀਂ ਕਰਦੇ ਤਾਂ ਦੱਸੋ, ਜੇਕਰ ਇਸ ਸਬੰਧੀ ਕੋਈ ਕੰਮ ਖਰਾਬ ਹੋ ਜਾਂਦਾ ਹੈ ਤਾਂ 72 ਘੰਟਿਆਂ ਦੇ ਵਿੱਚ ਰਿਪੋਰਟ ਹੋਣ ਤੋਂ ਬਾਅਦ ਵੀ ਉਹ ਠੀਕ ਨਹੀਂ ਕਰਦੇ ਹਨ ਤਾਂ ਫਿਰ ਦੱਸੋ। ਇਹ ਤੁਹਾਨੂੰ ਲੱਭਦੇ ਫਿਰਨਗੇ।

**ਮਾਣਯੋਗ ਸਪੀਕਰ**: ਧੰਨਵਾਦ ਜੀ।

---------

## ਫਾਜ਼ਿਲਕਾ ਖੇਤਾਂ ਵਿੱਚ ਬਿਜਲੀ ਦੀਆਂ ਢਿੱਲੀਆਂ ਤਾਰਾਂ ਨੂੰ ਉੱਚਾ ਚੁਕਣਾ

*** 1579.ਸ੍ਰੀ ਨਰਿੰਦਰ ਪਾਲ ਸਿੰਘ ਸਵਨਾ**: ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਾਜ਼ਿਲਕਾ ਦੇ ਖੇਤਾਂ ਵਿੱਚ ਜੋ ਬਿਜਲੀ ਦੀਆਂ ਤਾਰਾਂ ਨਿਕਲਦੀਆਂ ਹਨ ਉਹ ਬਹੁਤ ਢਿੱਲੀਆਂ ਹੋਣ ਕਾਰਨ ਨੀਵੀਆਂ ਹੋ ਚੁੱਕੀਆਂ ਹਨ ਜਿਸ ਨਾਲ ਜਾਨ ਅਤੇ ਮਾਲ ਦੇ ਨੁਕਸਾਨ ਦਾ ਖਤਰਾ ਬਣਿਆ ਰਹਿੰਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਨ੍ਹਾਂ ਤਾਰਾਂ ਨੂੰ ਖੇਤਾਂ ਵਿੱਚੋਂ ਬਾਹਰ ਕੱਢਣ ਜਾਂ ਉੱਚੀਆਂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸਰਦਾਰ ਹਰਭਜਨ ਸਿੰਘ**: ਸਪੀਕਰ ਸਾਹਿਬ, ਖੇਤਾਂ ਵਿੱਚ ਜੋ ਬਿਜਲੀ ਦੀਆਂ ਤਾਰਾਂ ਲੰਘਦੀਆਂ ਹਨ, ਉਹ ਕਈ ਥਾਵਾਂ ਤੇ ਢਿੱਲੀਆਂ ਹੋਣ ਨਾਲ ਨੀਵੀਆਂ ਹੋ ਜਾਂਦੀਆਂ ਹਨ। ਇਹਨਾਂ ਤਾਰਾਂ ਬਾਬਤ ਜਦੋਂ ਵੀ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸ ਦਾ ਤੁਰੰਤ ਨਿਪਟਾਰਾ ਕੀਤਾ ਜਾਂਦਾ ਹੈ ਅਤੇ ਵਿਭਾਗ ਵਲੋਂ ਵੀ ਸਮੇਂ-ਸਮੇਂ ਤੇ ਆਪਣੇ ਪੱਧਰ ਤੇ ਅਜਿਹੀਆਂ ਨੀਵੀਆਂ/ਢਿੱਲੀਆਂ ਤਾਰਾਂ ਨੂੰ ਉੱਚਾ ਕਰ ਦਿੱਤਾ ਜਾਂਦਾ ਹੈ।

ਅਜਿਹੀਆਂ ਢਿੱਲੀਆਂ ਤਾਰਾਂ ਨੂੰ ਪੀ.ਐਸ.ਪੀ.ਸੀ.ਐਲ. ਵੱਲੋਂ ਆਪਣੇ ਖਰਚੇ ਤੇ ਠੀਕ ਕੀਤਾ ਜਾਂਦਾ ਹੈ। ਇਸ ਸਮੇਂ ਫਾਜ਼ਿਲਕਾ ਏਰੀਏ ਅਧੀਨ ਕੋਈ ਵੀ ਢਿੱਲੀਆਂ ਤਾਰਾਂ ਸਬੰਧੀ ਸ਼ਿਕਾਇਤ ਬਕਾਇਆ ਨਹੀਂ ਹੈ ਜੀ।

ਖੇਤਾਂ ਵਿੱਚੋਂ ਲਾਈਨਾਂ ਬਾਹਰ ਕੱਢਣ ਜਾਂ ਸਿਫਟ ਕਰਨ ਦਾ ਕੰਮ ਪੀ.ਐਸ.ਪੀ.ਸੀ.ਐਲ. ਵੱਲੋਂ ਆਪਣੇ ਖਰਚੇ ਤੇ ਨਹੀਂ ਕੀਤਾ ਜਾਂਦਾ ਬਲਕਿ ਸਬੰਧਤ ਵਿਅਕਤੀ ਵੱਲੋਂ ਕੰਮ ਤੇ ਆਉਣ ਵਾਲਾ ਸਾਰਾ ਖਰਚਾ ਭਰਵਾਉਣ ਉਪਰੰਤ ਕੀਤਾ ਜਾਂਦਾ ਹੈ। ਖੇਤਾਂ ਵਿੱਚੋਂ ਲਾਈਨਾਂ ਪੀ.ਐਸ.ਪੀ.ਸੀ.ਐਲ. ਦੇ ਖਰਚੇ ਤੇ ਬਾਹਰ ਕੱਢਣ ਦੀ ਅਜੇ ਤੱਕ ਕੋਈ ਤਜਵੀਜ਼ ਨਹੀਂ ਹੈ ਜੀ।

**1035/amandeep kaur/Rajneesh kumar**

**1040/Tarlochan Singh**

**ਸ੍ਰੀ ਨਰਿੰਦਰ ਪਾਲ ਸਿੰਘ ਸਵਨਾ** : ਸਪੀਕਰ ਸਾਹਿਬ, ਮੇਰੇ ਹਲਕੇ ਦੇ ਪਿੰਡ ਜੰਡ ਵਾਲਾ, ਮੀਰਾ ਸਾਂਗਰਾ, ਦੋਨਾ ਨਾਣਕਾ, ਬਕੈਨਵਾਲਾ, ਸੈਦੋਕੇ ਹਿਠਾੜ, ਚੱਗੇ ਗੁਲਾਬ ਸਿੰਘ ਦੇ ਲੋਕ ਮੈਨੂੰ ਮਿਲੇ ਸਨ ਕਿ ਸਾਡੇ ਖੇਤਾਂ ਦੀਆਂ ਤਾਰਾਂ ਨੀਵੀਆਂ ਹਨ। ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਜਿਹੜੇ ਮੁਲਾਜ਼ਮ ਹਨ, ਕੀ ਉਨ੍ਹਾਂ ਦੀ ਡਿਊਟੀ ਨਹੀਂ ਬਣਦੀ ਕਿ ਉਹ ਖੇਤਾਂ ਵਿੱਚ ਜਾ ਕੇ ਚੈੱਕ ਕਰਨ? ਇਹ ਜ਼ਰੂਰੀ ਤਾਂ ਨਹੀਂ ਕਿ ਆਪਾਂ ਸ਼ਿਕਾਇਤਾਂ ਤੇ ਹੀ ਕਾਰਵਾਈ ਕਰਨੀ ਹੈ। ਜਦੋਂ ਕਿਸੇ ਗਰੀਬ ਦੀ ਕੁੰਡੀ ਫੜਨੀ ਹੁੰਦੀ ਹੈ ਤਾਂ ਇਹ ਮਿੰਟ ਵਿੱਚ ਹੀ ਪਹੁੰਚ ਜਾਂਦੇ ਹਨ ਪਰ ਜਦੋਂ ਲੋਕਾਂ ਦੇ ਭਲੇ ਦਾ ਕੋਈ ਕੰਮ ਕਰਨਾ ਹੁੰਦਾ ਹੈ ਤਾਂ ਕੋਈ ਵੀ ਕੰਮ ਕਰਕੇ ਰਾਜ਼ੀ ਨਹੀਂ ਹੈ। ਜਿਹੜੇ ਜੇ.ਈ. ਹਨ, ਲਾਇਨਮੈਨ ਹਨ, ਉਨ੍ਹਾਂ ਦੀਆਂ ਸਾਨੂੰ ਬਹੁਤ ਸ਼ਿਕਾਇਤਾਂ ਆਉਂਦੀਆਂ ਹਨ, ਇਹ ਲੋਕ ਨੌਕਰੀ ਵਿੱਚ ਅਣਗਹਿਲੀ ਕਰਦੇ ਹਨ। ਮੈਂ ਮੰਤਰੀ ਸਾਹਿੱਬ ਨੂੰ ਪੁੱਛਣਾ ਚਾਹੁੰਦਾ ਹਾਂ ਬਿਜਲੀ ਦੇ ਮੁਲਾਜ਼ਮ ਮੇਰੇ ਹਲਕੇ ਦੇ ਖੇਤਾਂ ਵਿੱਚ ਕਦੋਂ ਤੱਕ

ਜਾਣਗੇ ਅਤੇ ਜਾ ਕੇ ਚੈੱਕ ਕਰਨਗੇ ਕਿ ਕਿਹੜੀਆਂ ਤਾਰਾਂ ਨੀਵੀਆਂ ਹਨ? ਇਹ ਨੀਵੀਆਂ ਤੇ ਢਿੱਲੀਆਂ ਤਾਰਾਂ ਕਦੋਂ ਤੱਕ ਉੱਚੀਆਂ ਕਰ ਦਿੱਤੀਆਂ ਜਾਣਗੀਆਂ?

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਫਾਜ਼ਿਲਕਾ ਅਧੀਨ ਪੈਂਦੇ ਏਰੀਏ ਦੇ ਬਿਨੈਕਾਰਾਂ ਤੋਂ ਮਾਰਚ, 2024 ਤੋਂ ਹੁਣ ਤੱਕ ਕੁੱਲ 84 ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿੱਚੋਂ ਕੁੱਲ 43 ਬਿਨੈਕਾਰਾਂ ਵੱਲੋਂ ਕੰਮ ਦੇ ਖਰਚੇ ਦੀ ਰਕਮ ਵਿਭਾਗ ਨੂੰ ਜਮ੍ਹਾਂ ਕਰਵਾਈ ਗਈ ਅਤੇ ਵਿਭਾਗ ਵੱਲੋਂ ਉਨ੍ਹਾਂ ਬਿਨੈਕਾਰਾਂ ਦਾ ਕੰਮ ਕਰ ਦਿੱਤਾ ਗਿਆ ਹੈ। ਮੇਰੇ ਕੋਲ 43 ਬੰਦਿਆਂ ਦੀ ਲਿਸਟ ਵੀ ਹੈ, ਮੈਂ ਇਹ ਮੈਂਬਰ ਸਾਹਿਬ ਨੂੰ ਦੇ ਦਿੰਦਾ ਹਾਂ। ਕੁੱਲ 41 ਬਿਨੈਕਾਰਾਂ ਵੱਲੋਂ ਬਿਜਲੀ ਲਾਇਨਾਂ ਸ਼ਿਫਟ ਕਰਨ ਦੀਆਂ ਅਰਜ਼ੀਆਂ ਤਾਂ ਦਿੱਤੀਆਂ ਗਈਆਂ ਪਰੰਤੂ ਕੰਮ ਦੇ ਖਰਚੇ ਦੀ ਰਕਮ ਵਿਭਾਗ ਨੂੰ ਜਮ੍ਹਾਂ ਨਹੀਂ ਕਰਵਾਈ ਗਈ ਜਿਸ ਕਰਕੇ ਇਨ੍ਹਾਂ ਲਾਇਨਾਂ ਦੀ ਸ਼ਿਫਟਿੰਗ ਦਾ ਕੰਮ ਵਿਭਾਗ ਵੱਲੋਂ ਨਹੀਂ ਕਰਵਾਇਆ ਜਾ ਸਕਿਆ। ਇਹ ਜਿਹੜੇ 41 ਬੰਦੇ ਹਨ, ਜਿਨ੍ਹਾਂ ਨੇ ਪੈਸੇ ਜਮ੍ਹਾਂ ਨਹੀਂ ਕਰਵਾਏ, ਉਨ੍ਹਾਂ ਦੀ ਲਿਸਟ ਵੀ ਮੈਂ ਮੈਂਬਰ ਸਾਹਿਬ ਨੂੰ ਦੇ ਸਕਦਾ ਹਾਂ।

**ਮਾਣਯੋਗ ਸਪੀਕਰ** : ਉਹ ਪੁੱਛਣਾ ਚਾਹੁੰਦੇ ਹਨ ਕਿ ਕੀ ਬਿਨਾ ਸ਼ਿਕਾਇਤ ਤੋਂ ਤਾਰਾਂ ਆਪਣੇ-ਆਪ ਹੀ ਕਸੀਆਂ ਜਾਣਗੀਆਂ ਕਿ ਨਹੀਂ?

**ਮੰਤਰੀ** : ਸਰ, ਉਹ ਤੇ ਕਸੀਆਂ ਹੀ ਜਾ ਰਹੀਆਂ ਹਨ। ਸਾਡੇ ਅਧਿਕਾਰੀ ਸ਼ਿਕਾਇਤ ਤੋਂ ਬਗੈਰ ਵੀ ਸਮੇਂ-ਸਮੇਂ ਤੇ ਜਾ ਕੇ ਚੈੱਕ ਕਰਦੇ ਹਨ ਅਤੇ ਜੋ ਨੀਵੀਆਂ ਤਾਰਾਂ ਹੋ ਚੁੱਕੀਆਂ ਹਨ, ਉਨ੍ਹਾਂ ਲਈ ਕੋਈ ਪੈਸਾ ਨਹੀਂ ਲਿਆ ਜਾਂਦਾ ਅਤੇ ਉਨ੍ਹਾਂ ਨੂੰ ਆਪਣੇ ਪੱਧਰ ਤੇ ਹੀ ਉੱਚਾ ਕੀਤਾ ਜਾਂਦਾ ਹੈ।

**ਮਾਣਯੋਗ ਸਪੀਕਰ** : ਸਵਨਾ ਜੀ, ਠੀਕ ਹੈ?

**ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ** : ਬੱਸ, ਇੱਕ ਹੋਰ ਸਵਾਲ ਹੈ ਜੀ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਜੋ 66 ਕੇ.ਵੀ. ਲਾਧੂਕਾ ਰਾਣਾ ਸਰਕਟ ਜਿਹੜਾ ਕਿ ਪਿੰਡ ਮੁਹਾਰ ਜਮਸ਼ੇਰ, ਮੁਹਾਰ ਖੀਵਾ, ਮੁਹਾਰ ਸੋਨਾ, ਭਵਾਨੀ ਮੋਜਮ ਪਿੰਡਾਂ ਨੂੰ ਜਾਂਦਾ ਹੈ, ਇਹ ਬਹੁਤ ਓਵਰ ਲੋਡ ਹੈ ਅਤੇ ਪਿਛਲੇ ਦੋ ਸਾਲਾਂ ਤੋਂ ਇਸ ਨੂੰ ਅਪਗ੍ਰੇਡ ਕਰਨ ਦੀ ਪਰਪੋਜ਼ਲ ਤੁਹਾਡੇ ਕੋਲ ਆਈ ਹੋਈ ਹੈ। ਇਸ ਓਵਰ ਲੋਡ ਨੂੰ ਕਦੋਂ ਤੱਕ ਅਪਗ੍ਰੇਡ ਕੀਤਾ ਜਾਵੇਗਾ? ਪਿੰਡ ਜੰਡਵਾਲਾ ਮੀਰਾ ਸਾਂਗਰਾ ਦੇ ਸੰਦੀਪ ਕੁਮਾਰ ਸਨ ਕੰਬਾਇਨ ਤੇ ਕੰਮ ਕਰ ਰਹੇ ਸਨ ਅਤੇ ਤਾਰਾਂ ਨੀਵੀਆਂ ਹੋਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ ਸੀ। ਪਿੰਡ ਜੰਡਵਾਲਾ ਮੀਰਾ ਸਾਂਗਰਾ ਦੇ ਹੀ ਹਰਜਿੰਦਰ ਸਿੰਘ ਜਿਨ੍ਹਾਂ ਦੀ ਮੌਤ ਘਰ ਦੀਆਂ ਤਾਰਾਂ ਨੀਵੀਆਂ ਹੋਣ ਕਾਰਨ ਹੋ ਗਈ ਸੀ। ਮੈਂ ਮੰਤਰੀ ਸਾਹਿਬ ਨੂੰ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਗਰੀਬ ਪਰਿਵਾਰਾਂ ਦੇ ਘਰਾਂ ਦੀਆਂ ਤਾਰਾਂ ਨੀਵੀਆਂ ਹਨ, ਜਿਹੜੇ ਕਿ ਪੈਸੇ ਨਹੀਂ ਭਰ ਸਕਦੇ, ਉਨ੍ਹਾਂ ਗਰੀਬ ਪਰਿਵਾਰਾਂ ਦੇ ਘਰ ਦੀਆਂ ਬਹੁਤ ਨੀਵੀਆਂ ਤਾਰਾਂ ਨੂੰ ਸਾਈਡ ਕਰਨ ਦਾ ਕੋਈ ਪ੍ਰਬੰਧ ਹੈ? ਜੇਕਰ ਪ੍ਰਬੰਧ ਹੈ ਤਾਂ ਇਹ ਕਦੋਂ ਤੱਕ ਕਰ ਦਿੱਤੀਆਂ ਜਾਣਗੀਆਂ?

**ਮਾਣਯੋਗ ਸਪੀਕਰ** : ਧੰਨਵਾਦ ਜੀ। ਕੀ ਤੁਹਾਡੇ ਹਲਕੇ ਦੇ ਹੋਰ ਪਿੰਡਾਂ ਦੇ ਨਾਂ ਰਹਿ ਗਏ ਹਨ? (ਹਾਸਾ)

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ 66 ਕੇ.ਵੀ. ਦੇ ਓਵਰ ਲੋਡ ਦੀ ਗੱਲ ਕੀਤੀ ਹੈ, ਉਸ ਸਬੰਧੀ ਜੋ ਪਰਪੋਜ਼ਲ ਭੇਜੀ ਗਈ ਹੈ, ਉਸ ਨੂੰ ਐਗਜ਼ਾਮਿਨ ਕਰ ਲਿਆ ਜਾਵੇਗਾ। ਬਾਕੀ ਜਿਹੜੀ ਇਨ੍ਹਾਂ ਨੇ ਘਰਾਂ ਦੇ ਉਪਰ ਜਾਂਦੀਆਂ ਤਾਰਾਂ ਦੀ ਗੱਲ ਕੀਤੀ ਹੈ, ਉਸ ਸਬੰਧੀ ਕੱਲ੍ਹ ਇੱਕ ਕਾਲ ਅਟੈਂਸ਼ਨ ਵਿੱਚ ਵੀ ਜਵਾਬ ਦਿੱਤਾ ਗਿਆ ਸੀ। ਇਸ ਸਬੰਧੀ ਚਾਰਜਿਜ਼ ਕਾਫੀ ਘੱਟ ਕੀਤੇ ਹਨ। ਜਿੰਨਾ ਵੀ ਪੀ.ਐਸ.ਪੀ.ਐਸ.ਐਲ. ਘੱਟ ਕਰ ਸਕਦਾ ਸੀ, ਉਹ ਘੱਟ ਕਰਵਾ ਦਿੱਤੇ ਗਏ ਹਨ। ਹੁਣ ਬੱਸ ਕੁਝ ਲਿਮਟਿਡ ਜਿਹੀ ਅਮਾਊਂਟ ਹੀ ਜਮ੍ਹਾਂ ਕਰਵਾਉਣੀ ਹੁੰਦੀ ਹੈ ਅਤੇ ਜੇਕਰ ਉਹ ਕਰਵਾ ਦੇਣ ਤਾਂ ਅਸੀਂ ਘਰਾਂ ਦੀਆਂ ਤਾਰਾਂ ਵੀ ਰਿਮੂਵ ਕਰਵਾ ਸਕਦੇ ਹਾਂ।

**ਮਾਣਯੋਗ ਸਪੀਕਰ** : ਧੰਨਵਾਦ ਜੀ।

---------

## ਸਰਦੂਲਗੜ੍ਹ ਵਿੱਚ ਪੈਂਦੀ ਭਾਖੜਾ ਨਹਿਰ ਨੂੰ ਪੱਕਾ ਕਰਨਾ

***1508. ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ** : ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਕੀ ਇਹ ਠੀਕ ਹੈ ਕਿ ਹਲਕਾ ਸਰਦੂਲਗੜ੍ਹ ਵਿੱਚ ਪੈਂਦੀ ਭਾਖੜਾ ਨਹਿਰ ਕਾਫੀ ਕਮਜ਼ੋਰ ਹੋ ਚੁੱਕੀ ਹੈ ਅਤੇ ਥਾਂ-ਥਾਂ ਤੇ ਟੁੱਟੀ ਹੋਈ ਹੈ, ਜਿਸ ਨਾਲ ਹਲਕੇ ਦੇ ਦਰਜਨਾਂ ਪਿੰਡਾਂ ਨੂੰ ਖਤਰਾ ਬਣਿਆ ਰਹਿੰਦਾ ਹੈ;

ਅ) ਕੀ ਇਹ ਵੀ ਠੀਕ ਹੈ ਕਿ ਇਹ ਮਸਲਾ ਬੀ.ਬੀ.ਐਮ.ਬੀ. ਦੇ ਅਧੀਨ ਆਉਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਇਸ ਸਬੰਧੀ ਆਪਣੇ ਪੱਧਰ ਜਾਂ ਬੀ.ਬੀ.ਐਮ.ਬੀ. ਦੇ ਸਹਿਯੋਗ ਨਾਲ ਇਸ ਨਹਿਰ ਨੂੰ ਪੱਕਾ ਕਰਨ ਜਾਂ ਦੁਬਾਰਾ ਨਿਰਮਾਣ ਕਰਵਾਉਣ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੈ ਤਾਂ ਉਸਦੇ ਵੇਰਵੇ ਕੀ ਹਨ?

**ਸ੍ਰੀ ਬਰਿੰਦਰ ਕੁਮਾਰ ਗੋਇਲ** : ਸ੍ਰੀਮਾਨ ਜੀ,

ੳ) ਹਲਕਾ ਸਰਦੂਲਗੜ੍ਹ ਵਿੱਚ ਭਾਖੜਾ ਮੇਨ ਬ੍ਰਾਂਚ ਨਹਿਰ ਬੁਰਜੀ 169813 ਤੋਂ 223978 ਤੱਕ ਪੈਂਦੀ ਹੈ ਜਿਸ ਦੀ ਲੰਬਾਈ ਤਕਰੀਬਨ 16.51 ਕਿੱਲੋਮੀਟਰ ਬਣਦੀ ਹੈ। ਇਸ ਰੀਚ ਵਿੱਚ ਭਾਖੜਾ ਮੇਨ ਬ੍ਰਾਂਚ ਨਹਿਰ ਆਪਣੀ ਪਾਣੀ ਦੀ ਸਮਰੱਥਾ ਅਨੁਸਾਰ ਸਹੀ ਚੱਲ ਰਹੀ ਹੈ। ਇਸ ਨਹਿਰ ਦੀ ਹਾਲਤ ਠੀਕ ਹੈ ਅਤੇ ਸਰਦੂਲਗੜ੍ਹ ਹਲਕੇ ਦੇ ਪਿੰਡਾਂ ਨੂੰ ਕੋਈ ਖਤਰਾ ਨਹੀਂ ਹੈ।

ਅ) ਭਾਖੜਾ ਮੇਨ ਬ੍ਰਾਂਚ ਨਹਿਰ ਦੇ ਰੱਖ-ਰਖਾਵ ਦਾ ਕੰਮ ਬੀ. ਬੀ. ਐਮ. ਬੀ ਅਧੀਨ ਨਹੀਂ ਆਉਂਦਾ ਹੈ। ਇਹ ਨਹਿਰ ਪੰਜਾਬ ਅਤੇ ਹਰਿਆਣਾ ਵਿੱਚੋਂ ਵੱਖ ਵੱਖ ਥਾਵਾਂ ਤੋਂ ਲੰਘਦੀ ਹੈ ਅਤੇ ਦੋਨੋ ਰਾਜਾਂ ਦੇ ਜਲ ਸਰੋਤ ਵਿਭਾਗ ਵੱਲੋਂ ਇਸ ਨਹਿਰ ਦੇ ਰੱਖ-ਰਖਾਵ ਦੇ ਕੰਮ ਆਪਣੇ ਆਪਣੇ ਅਧਿਕਾਰ ਖੇਤਰ ਵਿੱਚ ਕਰਵਾਇਆ ਜਾਂਦਾ ਹੈ। ਇਸ ਰੱਖ-ਰਖਾਵ ਦੇ ਕੰਮਾਂ ਉਪਰ ਆਉਣ ਵਾਲਾ ਖਰਚਾ ਰਾਜਾਂ ਦੇ ਨਿਰਧਾਰਿਤ ਹਿੱਸੇ ਅਨੁਸਾਰ ਵੰਡਿਆ ਜਾਂਦਾ ਹੈ।

**ਮਾਣਯੋਗ ਸਪੀਕਰ** : ਗੋਇਲ ਸਾਹਿਬ ਜਵਾਬ ਤਾਂ ਚਲਾ ਗਿਆ ਹੈ, ਕੀ ਆਪਾਂ ਸਪਲੀਮੈਂਟਰੀ ਲੈ ਲਈਏ?

**ਮੰਤਰੀ** : ਹਾਂ ਜੀ।

**ਮਾਣਯੋਗ ਸਪੀਕਰ** : ਮੇਰੀ ਕੋਸ਼ਿਸ਼ ਇਹ ਹੁੰਦੀ ਹੈ ਕਿ ਸਾਰੇ ਪ੍ਰਸ਼ਨ ਆ ਜਾਣ, ਇਸ ਨਾਲ ਜਸਟਿਸ ਹੋ ਜਾਂਦਾ ਹੈ। ਜੇਕਰ ਆਪਾਂ ਕਿਸੇ ਪ੍ਰਸ਼ਨ ਨੂੰ ਲੰਬੀ ਡਿਸਕਸ਼ਨ ਵਿੱਚ ਲੈ ਜਾਈਏ ਤਾਂ ਇਸ ਨਾਲ ਦੂਸਰੇ ਸਾਥੀਆਂ ਦੇ ਪ੍ਰਸ਼ਨ ਰਹਿ ਜਾਂਦੇ ਹਨ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ** : ਸਪੀਕਰ ਸਾਹਿਬ, ਭਾਖੜਾ ਨਹਿਰ ਮੇਰੇ ਹਲਕੇ ਵਿੱਚ 16 ਕਿਲੋਮੀਟਰ ਏਰੀਏ ਵਿੱਚੋਂ ਲੰਘਦੀ ਹੈ। ਇਹ ਕਹਿੰਦੇ ਹਨ ਕਿ ਬਿਲਕੁਲ ਸਹੀ ਹੈ ਪਰ ਮੈਂ ਕਹਿੰਦਾ ਹਾਂ ਕਿ ਕੋਈ ਚੀਫ ਲੈਵਲ ਦਾ ਜਾਂ ਐਸ.ਈ. ਲੈਵਲ ਦਾ ਇੱਕ ਅਫ਼ਸਰ ਮੇਰੇ ਨਾਲ ਭੇਜ ਦੇਣ, ਜਿੱਥੋਂ-ਜਿੱਥੋਂ ਬੈੱਡ ਟੁੱਟਿਆ ਹੋਇਆ ਹੈ, ਕਿਨਾਰੇ ਟੁੱਟੇ ਹੋਏ ਹਨ, ਦਿਖਾ ਦਿਆਂਗਾ। ਲੋਕ ਵੀ ਰੋਜ਼ ਕਹਿੰਦੇ ਹਨ। ਜਿੱਥੋਂ ਫਤਿਹਪੁਰ ਤੋਂ ਇਹ ਨਹਿਰ ਹਲਕੇ ਵਿੱਚ ਦਾਖਲ ਹੁੰਦੀ ਹੈ ਇਹ ਨਹਿਰ 8-10 ਪਿੰਡਾਂ ਵਿੱਚੋਂ ਲੰਘਦੀ ਹੈ। ਮੈਂ ਚਾਹੁੰਦਾ ਹਾਂ ਕਿ ਇਸ ਦੀ ਮੁਰੰਮਤ ਕਰਵਾ ਦਿੱਤੀ ਜਾਵੇ। ਕੀ ਇਹ ਮੇਰੇ ਨਾਲ ਕਿਸੇ ਅਫ਼ਸਰ ਨੂੰ ਭੇਜ ਸਕਦੇ ਹਨ?

**ਮਾਣਯੋਗ ਸਪੀਕਰ** : ਤੁਸੀਂ ਮੰਤਰੀ ਜੀ ਨੂੰ ਕਿਉਂ ਨਹੀਂ ਨਾਲ ਲੈ ਕੇ ਜਾਂਦੇ?

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ** : ਜੇਕਰ ਮੰਤਰੀ ਜੀ ਤਿਆਰ ਹਨ ਅਤੇ ਜੇਕਰ ਇਹ ਆ ਜਾਣ ਤਾਂ ਬਹੁਤ ਵੈਲਕਮ ਹੈ ਜੀ।

**ਮਾਣਯੋਗ ਸਪੀਕਰ** : ਮੰਤਰੀ ਜੀ ਦੱਸੋ, ਕੀ ਤੁਸੀਂ ਇਨ੍ਹਾਂ ਨਾਲ ਜਾਉਗੇ?

**ਮੰਤਰੀ** : ਅਸੀਂ 31 ਤਾਰੀਖ ਨੂੰ ਇਨ੍ਹਾਂ ਵੱਲ ਜਾਣ ਦਾ ਟਾਈਮ ਰੱਖਿਆ ਹੋਇਆ ਹੈ ਜੀ। 31 ਤਾਰੀਖ ਨੂੰ ਉਥੇ ਜਾ ਕੇ ਆਵਾਂਗੇ। ਫਿਰ ਵੀ ਜਦੋਂ ਇਨ੍ਹਾਂ ਸਵਾਲ ਆਇਆ ਸੀ, ਮੈਂ ਉਸੇ ਸਮੇਂ ਅਫ਼ਸਰ ਸਾਹਿਬਾਨ ਭੇਜੇ ਸਨ ਫਿਰ ਵੀ ਕੋਈ ਸਪੈਸੀਫਿਕ ਪੁਆਇੰਟ ਹੋ ਸਕਦਾ ਹੈ। ਮਾਣਯੋਗ ਮੈਂਬਰ ਸਾਹਿਬ ਨੂੰ ਮੈਂ ਇੱਕ ਗੱਲ ਹੋਰ ਦੱਸਣੀ ਚਾਹੁੰਦਾ ਹਾਂ ਕਿ ਭਾਖੜਾ ਮੇਨ ਬਰਾਂਚ ਵਿੱਚ ਪੰਜਾਬ ਦੇ ਹਿੱਸੇ ਦਾ 400 ਕਿਊਸਿਕ ਪਾਣੀ ਟੋਹਾਣਾ ਤੋਂ ਛੱਡਿਆ ਨਹੀਂ ਜਾਂਦਾ ਸੀ, ਪਰ ਪਹਿਲੀ ਵਾਰ 2022 ਤੋਂ ਪੰਜਾਬ ਦੇ ਹਿੱਸੇ ਦਾ ਇਹ 400 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ ਅਤੇ ਇਸ ਦੀ ਹਰ ਹਫ਼ਤੇ ਮਾਨੀਟਰਿੰਗ ਵੀ ਹੋ ਰਹੀ ਹੈ। ਅੱਜ ਵੀ ਬੀ.ਬੀ.ਐਮ.ਬੀ. ਦੇ ਚੇਅਰਮੈਨ ਅਧੀਨ ਚੀਫ ਇੰਜੀਨੀਅਰ ਪੰਜਾਬ, ਹਰਿਆਣਾ ਤੇ ਰਾਜਸਥਾਨ ਉਸ ਦੀ ਮੋਨੀਟਰਿੰਗ ਕਰ ਰਹੇ ਹਨ। ਹੁਣ ਉੱਥੇ 31 ਤਰੀਕ ਨੂੰ ਜਾਣਾ ਹੈ ਤੇ ਮੈਂਬਰ ਸਾਹਿਬ ਦੇ ਨਾਲ ਮੈਂ ਚਲਾਂਗਾ।

**1040/Tarlochan Singh/Monika sharma**

**1045/mehak**

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ**: ਸਰ, ਜਿਹੜਾ ਪੰਜਾਬ ਦੇ ਹਿੱਸੇ ਦਾ 400 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ, ਇਹ ਬਹੁਤ ਵੱਡੀ ਪ੍ਰਾਪਤੀ ਹੈ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਮੈਂ ਵਾਰ ਵਾਰ ਬੇਨਤੀ ਕਰਦਾ ਹਾਂ ਕਿ ਆਪਾਂ ਦੂਜੇ ਸਾਥੀਆਂ ਦੇ ਕੁਐਸਚਨ ਵੀ ਲੈਣੇ ਹਨ।

---------

**ਫਾਜ਼ਿਲਕਾ ਮਲੋਟ-ਮੇਨ ਰੋਡ ਤੋਂ ਜਲਾਲਾਬਾਦ ਲਿੰਕ ਰੋਡ ਨੂੰ ਓ.ਡੀ.ਆਰ./ਪਲੈਨ ਰੋਡ ਘੋਸ਼ਿਤ ਕਰਨਾ**

***1487. ਸ੍ਰੀ ਜਗਦੀਪ ਕੰਬੋਜ ਗੋਲਡੀ**: ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਫਾਜ਼ਿਲਕਾ ਮਲੋਟ-ਮੇਨ ਰੋਡ (ਪੂਰਨ ਪੱਟੀ) ਤੋਂ ਜਲਾਲਾਬਾਦ ਲਿੰਕ ਰੋਡ ਜਿਸ ਦੀ ਲੰਬਾਈ ਲਗਭਗ 30 ਕਿਲੋਮੀਟਰ ਤੋਂ ਵੱਧ ਹੈ, ਨੂੰ ਓ.ਡੀ.ਆਰ/ਪਲੈਨ ਰੋਡ ਘੋਸ਼ਿਤ ਕਰਨ ਬਾਰੇ ਸਰਕਾਰ ਦੀ ਕੋਈ ਯੋਜਨਾ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ**: ਫਾਜ਼ਿਲਕਾ-ਮਲੋਟ-ਮੇਨ ਰੋਡ (ਪੂਰਨ ਪੱਟੀ) ਤੋਂ ਜਲਾਲਾਬਾਦ ਲਿੰਕ ਰੋਡ ਦੀ ਕੁੱਲ ਲੰਬਾਈ 30.50 ਕਿਲੋਮੀਟਰ ਹੈ (ਜਿਸ ਵਿੱਚ ਪੀ.ਡਬਲਯੂ.ਡੀ. ਵਿਭਾਗ ਪਾਸ 16.00 ਕਿਲੋਮੀਟਰ ਅਤੇ ਬਾਕੀ ਦੀ ਬਚਦੀ ਲੰਬਾਈ 14.50 ਕਿਲੋਮੀਟਰ ਪੰਜਾਬ ਮੰਡੀ ਬੋਰਡ ਪਾਸ ਹੈ)। ਇਹ ਲਿੰਕ ਰੋਡ ਨੂੰ ਓ.ਡੀ.ਆਰ./ਪਲੈਨ ਰੋਡ ਘੋਸ਼ਿਤ ਕਰਨ ਬਾਰੇ ਫਿਲਹਾਲ ਸਰਕਾਰ ਨੂੰ ਕੋਈ ਵੀ ਪ੍ਰਪੋਜ਼ਲ ਪ੍ਰਾਪਤ ਨਹੀਂ ਹੋਈ ਹੈ।

**ਸ੍ਰੀ ਜਗਦੀਪ ਕੰਬੋਜ ਗੋਲਡੀ**: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਰੋਡ ਕਦੋਂ ਤੱਕ ਪਲੈਨ ਰੋਡ ਵਿੱਚ ਪੈ ਜਾਵੇਗੀ?

**ਮਾਣਯੋਗ ਸਪੀਕਰ**: ਮੰਤਰੀ ਜੀ, ਕੀ ਇਹ ਕਰ ਦਿਓਗੇ? ਕਦੋਂ ਤੱਕ ਕਰ ਦਿਓਗੇ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਲਿੰਕ ਰੋਡਜ਼ ਵਿੱਚੋਂ 50% ਰੋਡਜ਼ ਮੰਡੀ ਬੋਰਡ ਕੋਲ ਹਨ ਤੇ 50% ਰੋਡਜ਼ ਲੋਕ ਨਿਰਮਾਣ ਵਿਭਾਗ ਕੋਲ ਹਨ ਅਤੇ ਲਗਭਗ ਸਾਰੀਆਂ ਬਰਾਬਰ ਹੀ ਹਨ ਤੇ ਮੇਰਾ ਖਿਆਲ ਹੈ ਕਿ ਸਾਨੂੰ ਰੋਡਜ਼ ਦੀ ਮੁਰੰਮਤ ਦੇ ਨਾਲ ਜਾਂ ਰੋਡ ਨੂੰ ਬਣਾਉਣ ਬਾਰੇ ਕੰਸਰਨ ਹੋਣਾ ਚਾਹੀਦਾ ਹੈ ਚਾਹੇ ਉਹ ਮੰਡੀ ਬੋਰਡ ਕੋਲ ਹੋਵੇ ਚਾਹੇ ਪੀ.ਡਬਲਿਊ.ਡੀ. ਕੋਲ ਹੋਵੇ। ਇਸ ਨਾਲ ਕੋਈ ਜ਼ਿਆਦਾ ਫਰਕ ਨਹੀਂ ਪੈਂਦਾ ਹੈ। ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਰੋਡ ਪੀ.ਡਬਲਿਊ.ਡੀ. ਕੋਲ ਹੈ ਅਤੇ ਇਹ ਅਗਲੇ ਸਾਲ ਰਿਪੇਅਰ ਵਾਸਤੇ ਡਿਊ ਹੈ। ਇਸ ਨੂੰ ਰਿਪੇਅਰ ਕਰ ਦਿੱਤਾ ਜਾਵੇਗਾ ਤੇ ਬਾਕੀ 14.5 ਕਿਲੋਮੀਟਰ ਰੋਡ ਮੰਡੀ ਬੋਰਡ ਆਪਣੇ ਤੌਰ ਤੇ ਕਰੇਗਾ।

---------

**ਨਗਰ ਕੌਂਸਲ ਦੀਨਾਨਗਰ ਦੇ ਗਾਰਬੇਜ ਡੰਪ ਨੂੰ ਸ਼ਿਫਟ ਕਰਨਾ**

***1497. ਸ਼੍ਰੀਮਤੀ ਅਰੁਨਾ ਚੌਧਰੀ**: ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਨਗਰ ਕੌਂਸਲ ਦੀਨਾ ਨਗਰ ਦੇ ਗਾਰਬੇਜ ਡੰਪ ਨੂੰ ਮੌਜੂਦਾ ਥਾਂ ਤੋਂ ਸ਼ਿਫਟ ਕਰਨ ਦੀ ਕੋਈ ਤਜਵੀਜ਼ ਹੈ ਜੇਕਰ ਹੈ ਤਾਂ ਇਹ ਕਦੋਂ ਤੱਕ ਸ਼ਿਫਟ ਕੀਤਾ ਜਾਵੇਗਾ?

**ਡਾਕਟਰ ਰਵਜੋਤ ਸਿੰਘ**: ਨਗਰ ਕੌਂਸਲ, ਦੀਨਾ ਨਗਰ ਦੇ ਲਿੰਕ ਰੋਡ 'ਤੇ ਪੁਰਾਣੇ ਡੰਪ ਸਾਈਟ 'ਤੇ 22000 ਟਨ ਪੁਰਾਣੇ ਕੂੜੇ ਨੂੰ ਜਨਵਰੀ, 2025 ਵਿੱਚ ਬਾਇਓਰੀਮੀਡੀਏਸ਼ਨ ਰਾਹੀਂ ਪੂਰੀ ਤਰ੍ਹਾਂ ਸਾਫ (ਰੈਮੀਡੀਏਟ) ਕਰ ਦਿੱਤਾ ਗਿਆ ਹੈ ਅਤੇ ਇਸ ਸਾਫ਼ ਕੀਤੀ ਗਈ ਜਗ੍ਹਾ 'ਤੇ ਕਿਸੇ ਵੀ ਕਿਸਮ ਦਾ ਤਾਜ਼ਾ ਕੂੜਾ ਨਹੀਂ ਸੁੱਟਿਆ ਜਾ ਰਿਹਾ ਹੈ।

ਕਾਰਜ ਸਾਧਕ ਅਫਸਰ, ਨਗਰ ਕੌਂਸਲ, ਦੀਨਾ ਨਗਰ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ ਕਿ ਭਵਿੱਖ ਵਿੱਚ ਉਪਰੋਕਤ ਸਾਫ਼ ਕੀਤੀ ਗਈ ਜਗ੍ਹਾ 'ਤੇ ਕਿਸੇ ਵੀ ਕਿਸਮ ਦਾ ਕੂੜਾ ਨਹੀਂ ਸੁੱਟਿਆ ਜਾਵੇਗਾ ਅਤੇ ਤਾਜ਼ਾ ਕੂੜਾ ਮੌਜੂਦਾ ਬਣੀਆਂ ਦੋ ਕੂੜੇ ਦੀਆਂ ਪ੍ਰੋਸੈਸਿੰਗ ਯੂਨਿਟਾਂ ਜਿਵੇਂ ਕਿ ਸਿੰਘੋਵਾਲ ਰੋਡ ਦੇ ਨੇੜੇ, ਬੀ.ਡੀ.ਪੀ.ਓ ਦਫ਼ਤਰ ਦੇ ਸਾਹਮਣੇ ਅਤੇ ਸੇਵਾ ਕੇਂਦਰ ਦੇ ਨੇੜੇ, ਤੇ ਹੀ ਪ੍ਰੋਸੈਸ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਨਗਰ ਕੌਂਸਲ ਨੂੰ ਇਸ ਸਾਫ਼ ਕੀਤੀ ਗਈ ਜਗ੍ਹਾ ਨੂੰ ਜਨ ਹਿੱਤ ਵਿੱਚ ਕੁਝ ਹੋਰ ਉਪਯੋਗੀ ਉਦੇਸ਼ਾਂ ਲਈ ਵਰਤਣ ਬਾਰੇ ਕਿਹਾ ਗਿਆ ਹੈ।

**ਸ਼੍ਰੀਮਤੀ ਅਰੁਨਾ ਚੌਧਰੀ**: ਸਪੀਕਰ ਸਾਹਿਬ, ਇਨ੍ਹਾਂ ਨੇ ਮੈਨੂੰ ਜਵਾਬ ਭੇਜਿਆ ਹੈ ਕਿ ਉੱਥੇ ਹੁਣ ਕੋਈ ਵੀ ਕੂੜਾ ਨਹੀਂ ਸੁੱਟਿਆ ਜਾ ਰਿਹਾ ਹੈ ਪਰ ਇਨ੍ਹਾਂ ਨੂੰ ਜਾਣਕਾਰੀ ਦੇਣ ਵਾਸਤੇ ਮੈਂ ਹੁਣੇ ਫੋਟੋ ਮੰਗਵਾਈ ਹੈ ਤੇ ਉੱਥੇ ਅੱਜ ਵੀ ਕੂੜਾ ਲਗਾਤਾਰ ਸੁੱਟਿਆ ਜਾ ਰਿਹਾ ਹੈ। ਦੂਸਰਾ, ਇਨ੍ਹਾਂ ਨੇ ਕਿਹਾ ਹੈ ਕਿ ਪ੍ਰੋਸੈਸਿੰਗ ਯੂਨਿਟ ਸਿੰਘੋਵਾਲ, ਬੀ.ਡੀ.ਪੀ.ਓ. ਆਫਿਸ ਦੇ ਸਾਹਮਣੇ ਐਂਰ ਸੇਵਾ ਕੇਂਦਰ ਦੇ ਨੇੜੇ ਛੋਟੇ ਡੰਪਿੰਗ ਪਿੱਟਸ ਬਣਾਏ ਗਏ ਹਨ ਤੇ ਉਨ੍ਹਾਂ ਵਿੱਚ ਇਹ ਕੂੜਾ ਸੁੱਟਿਆ ਜਾਵੇ। ਮੈਂ ਦੱਸਣਾ ਚਾਹੁੰਦੀ ਹਾਂ ਕਿ ਸਾਰੇ ਸ਼ਹਿਰ ਦਾ ਕੂੜਾ ਇਨ੍ਹਾਂ ਛੋਟੇ ਛੋਟੇ ਪਿੱਟਸ ਵਿੱਚ ਨਹੀਂ ਆ ਸਕਦਾ ਤੇ ਇਸ ਦਾ ਪੱਕਾ ਹੱਲ ਕੱਢਣ ਲਈ ਹੀ ਮੈਂ ਪੁੱਛਿਆ ਸੀ ਕਿ ਇਹ ਡੰਪਿੰਗ ਗਰਾਊਂਡ ਕਦੋਂ ਤੱਕ ਸ਼ਿਫਟ ਹੋ ਜਾਵੇਗਾ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੇਰੇ ਡਿਪਾਰਟਮੈਂਟ ਦੀ ਜਾਣਕਾਰੀ ਮੁਤਾਬਿਕ ਇਹ ਡੰਪਿੰਗ ਗਰਾਊਂਡ ਤਕਰੀਬਨ ਜਨਵਰੀ, 2025 ਵਿੱਚ ਬਾਇਓਰੀਮੀਡੀਏਸ਼ਨ ਰਾਹੀਂ ਪੂਰਾ ਸਾਫ ਕੀਤਾ ਜਾ ਚੁੱਕਾ ਹੈ ਤੇ ਜੇ ਮਾਣਯੋਗ ਮੈਂਬਰ ਸਾਹਿਬ ਨੂੰ ਲਗਦਾ ਹੈ ਕਿ ਉੱਥੇ ਅਜੇ ਵੀ ਕੂੜਾ ਸੁੱਟਿਆ ਜਾ ਰਿਹਾ ਹੈ ਤਾਂ ਉਸ ਬਾਰੇ ਨਿਰਦੇਸ਼ ਦੇ ਕੇ ਉਸ ਨੂੰ ਸਾਫ ਕਰਵਾ ਦਿਆਂਗੇ ਤੇ ਦੋ ਪ੍ਰੋਸੈਸਿੰਗ ਯੂਨਿਟਸ ਸਿੰਘੋਵਾਲ ਰੋਡ ਤੇ ਸੇਵਾ ਕੇਂਦਰ ਦੇ ਨਾਲ ਬਣੇ ਡੰਪਿੰਗ ਪਿੱਟਸ ਵਿੱਚ ਹੀ ਕੂੜਾ ਸੁੱਟਵਾ ਰਹੇ ਹਾਂ। ਮੈਂ ਇਹ ਵੀ ਕਹਾਂਗਾ ਕਿ ਜਦੋਂ ਡੰਪਿੰਗ ਗਰਾਊਂਡ ਸਾਡੇ ਵੱਲੋਂ ਕਲੀਅਰ ਹੋ ਜਾਂਦਾ ਹੈ ਤਾਂ ਉਸ ਗਰਾਊਂਡ ਨੂੰ ਇਹ ਕਿਸੇ ਪਰਪਜ਼ ਲਈ ਯੂਜ਼ ਕਰਨਾ ਚਾਹੁਣ ਤਾਂ ਕਰ ਸਕਦੇ ਹਨ। ਜੇ ਫਿਰ ਵੀ ਲਗਦਾ ਹੈ ਕਿ ਜਿਹੜੀਆਂ ਦੋ ਥਾਵਾਂ ਤੇ ਕੂੜਾ ਸੁੱਟਿਆ ਜਾ ਰਿਹਾ ਹੈ, ਉਹ ਸਹੀ ਨਹੀਂ ਹਨ ਤਾਂ ਅਸੀਂ ਹੋਰ ਕੋਈ ਜਗ੍ਹਾ ਤਲਾਸ਼ ਕਰਕੇ ਉੱਥੇ ਪ੍ਰੋਸੈਸਿੰਗ ਸ਼ੁਰੂ ਕਰਵਾ ਸਕਦੇ ਹਾਂ।

**ਸ਼੍ਰੀਮਤੀ ਅਰੁਨਾ ਚੌਧਰੀ**: ਸਰ, ਜਦੋਂ ਤੱਕ ਜ਼ਿਲ੍ਹਾ ਪ੍ਰਸ਼ਾਸਨ ਇਸ ਵਿੱਚ ਇਨੀਸ਼ੀਏਟਿਵ ਨਹੀਂ ਲੈਂਦੀ ਹੈ, ਕਮੇਟੀ ਨੂੰ ਤਾਂ ਕੋਈ ਜ਼ਮੀਨ ਨਹੀਂ ਦੇਵੇਗਾ। ਇਹ ਮਾਮਲਾ ਨੈਸ਼ਨਲ ਗ੍ਰੀਨ ਟ੍ਰੀਬਿਊਨਲ ਦੇ ਧਿਆਨ ਵਿੱਚ ਵੀ ਹੈ। ਸੋ, ਮੈਂ ਬੇਨਤੀ ਕਰਾਂਗੀ ਕਿ ਜਲਦੀ ਤੋਂ ਜਲਦੀ ਕੋਈ ਜਗ੍ਹਾ ਤਲਾਸ਼ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸ ਵਿੱਚ ਇਨਵਾਲਵ ਕਰਕੇ ਇਹ ਡੰਪਿੰਗ ਗਰਾਊਂਡ ਕਿਤੇ ਹੋਰ ਸ਼ਿਫਟ ਕੀਤਾ ਜਾਵੇ ਤੇ ਸ਼ਹਿਰ ਤੋਂ ਬਾਹਰ ਕੱਢਿਆ ਜਾਵੇ ਕਿਉਂਕਿ ਇਹ ਸ਼ਹਿਰ ਦੇ ਬਿਲਕੁਲ ਵਿੱਚੋ ਵਿੱਚ ਇੱਕ eye soar ਹੈ। ਇਸ ਲਈ ਕੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸ ਵਿੱਚ ਇਨਵਾਲਵ ਕਰਕੇ ਇਹ ਡੰਪਿੰਗ ਗਰਾਊਂਡ ਦੂਸਰੀ ਜਗ੍ਹਾ ਸ਼ਿਫਟ ਕੀਤਾ ਜਾਵੇਗਾ?

**ਮੰਤਰੀ**: ਜੀ ਸਪੀਕਰ ਸਾਹਿਬ, ਮੈਂ ਬਹੁਤ ਜਲਦੀ ਹੀ ਡੀ.ਸੀ. ਗੁਰਦਾਸਪੁਰ ਨਾਲ ਗੱਲ ਕਰਕੇ ਐਪਰੋਪ੍ਰੀਏਟ ਲੋਕੇਸ਼ਨ ਨੂੰ ਲੱਭ ਕੇ ਜਿੰਨੀ ਜਲਦੀ ਹੋ ਸਕਿਆ ਇਸ ਨੂੰ ਸ਼ਿਫਟ ਕਰਵਾਉਣ ਦੀ ਕੋਸ਼ਿਸ਼ ਕਰਾਂਗੇ।

---------

## ਮੁੱਲਾਂਪੁਰ (ਜ਼ਿਲ੍ਹਾ ਲੁਧਿਆਣਾ) ਨੂੰ ਤਹਿਸੀਲ ਬਣਾਉਣਾ

***1631. ਸਰਦਾਰ ਮਨਪ੍ਰੀਤ ਸਿੰਘ ਇਆਲੀ**: ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੀ ਸਬ-ਤਹਿਸੀਲ ਮੁੱਲਾਂਪੁਰ (ਜ਼ਿਲ੍ਹਾ ਲੁਧਿਆਣਾ) ਨੂੰ ਤਹਿਸੀਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਸਰਦਾਰ ਹਰਦੀਪ ਸਿੰਘ ਮੁੰਡੀਆਂ**: ਸ਼੍ਰੀਮਾਨ ਜੀ,"ਨਹੀਂ ਜੀ"।

**ਸਰਦਾਰ ਮਨਪ੍ਰੀਤ ਸਿੰਘ ਇਆਲੀ**: ਸਪੀਕਰ ਸਾਹਿਬ, ਜਦੋਂ delimitation ਹੋਈ ਹੈ ਕਿਉਂਕਿ ਮੰਗ ਇਹ ਹੈ ਕਿ ਮੁੱਲਾਂਪੁਰ ਦਾਖਾ ਨੂੰ ਸਬ-ਡਵੀਜ਼ਨ ਬਣਾਇਆ ਜਾਵੇ, ਤਹਿਸੀਲ ਬਣਾਇਆ ਜਾਵੇ। ਇਹ ਮੰਗ ਬੜੀ ਅਹਿਮ ਤੇ ਜ਼ਰੂਰੀ ਹੈ।

**1045/mehak/Monika sharma**

**1050/Sukhpiar Singh**

ਜਦੋਂ ਪਿਛਲੇ ਸਮੇਂ ਵਿੱਚ ਹਲਕਿਆਂ ਦੀ ਡੀਲਿਮੀਟੇਸ਼ਨ ਹੋਈ ਹੈ, ਉਦੋਂ ਲੁਧਿਆਣਾ ਦੇ ਹਲਕਾ ਸਮਰਾਲਾ, ਖੰਨਾ, ਪਾਇਲ, ਰਾਏਕੋਟ, ਇਹ ਤਕਰੀਬਨ ਸਬ-ਡਵੀਜ਼ਨ ਦੇ ਹਲਕੇ ਬਣ ਗਏ ਸੀ। ਇਹ ਸਬ-ਡਵੀਜ਼ਨ ਵਾਈਜ਼ ਹਲਕੇ ਹਨ। ਜਗਰਾਓਂ ਵਿੱਚ ਵੀ ਸਬ-ਡਿਵੀਜ਼ਨ ਹੈ ਲੇਕਿਨ ਸਾਡੇ ਕੁਝ ਪਿੰਡ ਜਗਰਾਓਂ ਤਹਿਸੀਲ ਨਾਲ ਜੁੜੇ ਹੋਏ ਹਨ ਅਤੇ ਕੁਝ ਦਾਖੇ ਹਲਕੇ ਦੇ ਪਿੰਡ ਲੁਧਿਆਣਾ ਵੈਸਟ ਨਾਲ ਜੁੜੇ ਹੋਏ ਹਨ। ਸਾਨੂੰ ਸਬ-ਤਹਿਸੀਲ ਮੁੱਲਾਂਪੁਰ ਅਤੇ ਗਿੱਲ ਲੱਗਦੀ ਹੈ। ਸੋ, ਲੋਕਾਂ ਨੂੰ ਬੜੀਆਂ ਦਿੱਕਤਾਂ ਆ ਰਹੀਆਂ ਹਨ। ਸੋ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਬ-ਡਿਵੀਜ਼ਨ ਕਿਉਂ ਨਹੀਂ ਬਣ ਸਕਦੀ? ਇਲਾਕੇ ਦੇ ਲੋਕਾਂ ਦੀ ਸਹੂਲਤ ਹੈ। ਜਿਵੇਂ ਬਾਕੀ ਸਾਰੇ ਹਲਕੇ ਸਬ-ਡਿਵੀਜ਼ਨ ਵਾਈਜ਼ ਹਨ। ਜੇ ਮੁੱਲਾਂਪੁਰ, ਦਾਖਾ ਸਬ-ਡਿਵੀਜ਼ਨ ਬਣਦੀ ਹੈ ਤਾਂ ਪੂਰੇ ਹਲਕੇ ਦੇ ਲੋਕਾਂ ਨੂੰ ਚਾਹੇ ਐਸ.ਡੀ.ਐਮ. ਨੂੰ

ਮਿਲਣਾ ਹੋਵੇ, ਕੋਈ ਕੰਮ ਕਰਨ ਅਤੇ ਕਰਵਾਉਣ ਵਿੱਚ ਦਿੱਕਤਾਂ ਨਹੀਂ ਆਉਣਗੀਆਂ। ਕਈਆਂ ਨੂੰ ਜਗਰਾਓਂ ਜਾਣਾ ਪੈਂਦਾ ਹੈ, ਕਿਸੇ ਨੂੰ ਲੁਧਿਆਣਾ ਜਾਣਾ ਪੈਂਦਾ ਹੈ, ਕਿਸੇ ਨੂੰ ਗਿੱਲ ਸਬ-ਤਹਿਸੀਲ ਜਾਣਾ ਪੈਂਦਾ ਹੈ। ਇਸ ਲਈ ਹਲਕੇ ਦੇ ਲੋਕਾਂ ਦੀ ਸਹੂਲਤ ਲਈ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਲਦੀ ਤੋਂ ਜਲਦੀ ਕੋਈ ਨਾ ਕੋਈ ਕੋਸ਼ਿਸ਼ ਕਰਕੇ ਇਸ ਨੂੰ ਸਬ-ਡਿਵੀਜ਼ਨ ਬਣਾਇਆ ਜਾਵੇ ਤਾਂ ਜੋ ਹਲਕੇ ਦੇ ਲੋਕਾਂ ਨੂੰ ਵੱਡੀ ਸਹੂਲਤ ਮਿਲ ਸਕੇ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਪੰਜਾਬ ਸਰਕਾਰ ਵੱਲੋਂ ਸਥਾਪਤ ਪੁਨਰਗਠਨ ਕਮੇਟੀ ਦੀ ਰਿਪੋਰਟ ਦੇ ਅਧਿਆਏ 5 ਜਿਸ ਵਿੱਚ ਸਬ-ਤਹਿਸੀਲਾਂ, ਤਹਿਸੀਲਾਂ, ਸਬ-ਡਿਵੀਜ਼ਨ ਅਤੇ ਜ਼ਿਲ੍ਹਿਆਂ ਦੇ ਪੁਨਰਗਠਨ ਸਬੰਧੀ ਮਾਪਦੰਡ ਦਿੱਤੇ ਗਏ ਹਨ ਜਿਸ ਅਨੁਸਾਰ ਸਬ-ਡਿਵੀਜ਼ਨ ਤਹਿਸੀਲ ਬਣਾਉਣ ਲਈ ਚਾਰ ਤੋਂ ਸੱਤ ਕਾਨੂੰਗੋ ਸਰਕਲ ਹੋਣੇ ਚਾਹੀਦੇ ਹਨ। ਇਸ ਸਮੇਂ ਸਬ-ਤਹਿਸੀਲ ਮੁੱਲਾਂਪੁਰ, ਜ਼ਿਲ੍ਹਾ ਲੁਧਿਆਣਾ ਵਿੱਚ ਦੋ ਕਾਨੂੰਗੋ ਸਰਕਲ ਅਤੇ 19 ਪਟਵਾਰ ਸਰਕਲ ਹਨ। ਇਸ ਲਈ ਸਬ-ਤਹਿਸੀਲ ਮੁੱਲਾਂਪੁਰ, ਜ਼ਿਲ੍ਹਾ ਲੁਧਿਆਣਾ ਨੂੰ ਤਹਿਸੀਲ ਬਣਾਉਣਯੋਗ ਨਹੀਂ ਹੈ ਅਤੇ ਨਾ ਹੀ ਇਸ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਪਰ ਫਿਰ ਵੀ ਮੈਂ ਮਾਣਯੋਗ ਮੈਂਬਰ ਸਾਹਿਬਾਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਂ ਆਪਣੇ ਅਫਸਰ ਸਾਹਿਬਾਨਾਂ ਨਾਲ ਗੱਲ ਕਰਕੇ ਜਿਵੇਂ ਇਨ੍ਹਾਂ ਦੀ ਜ਼ਿਆਦਾ ਮੰਗ ਹੈ, ਆਪਾਂ ਗੌਰ ਕਰ ਲਵਾਂਗੇ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਕੀ ਦੂਸਰੀਆਂ ਬਣੀਆਂ ਸਬ-ਡਿਵੀਜ਼ਨਾਂ ਵਿੱਚ ਜਿੰਨੇ ਤੁਸੀਂ ਕਿਹਾ ਹੈ, ਓਨੇ ਕਾਨੂੰਗੋ ਸਰਕਲ ਹਨ?

**ਮੰਤਰੀ:** ਮੈਂ ਉਹੀ ਬੇਨਤੀ ਕੀਤੀ ਹੈ ਕਿ ਮੈਂ ਅਫਸਰ ਸਾਹਿਬਾਨ ਨੂੰ ਨਾਲ ਲੈ ਕੇ ਤੁਹਾਡੇ ਨਾਲ ਦੁਬਾਰਾ ਵਿਚਾਰ ਕਰ ਲਵਾਂਗੇ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਠੀਕ ਹੈ ਜੀ, ਧੰਨਵਾਦ।

---------

## ਪੰਚਾਇਤੀ ਵਿਭਾਗ ਵਿੱਚ ਕੰਮ ਕਰਦੇ 57 ਜੂਨੀਅਰ ਇੰਜੀਨੀਅਰਾਂ ਨੂੰ ਰੈਗੂਲਰ ਕਰਨਾ

***1620. ਸਰਦਾਰ ਹਰਮੀਤ ਸਿੰਘ ਪਠਾਨਮਾਜਰਾ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਚਾਇਤੀ ਵਿਭਾਗ ਵਿੱਚ ਕੰਟਰੈਕਟ ਬੇਸਿਸ ਤੇ ਕੰਮ ਕਰਦੇ 57 ਜੂਨੀਅਰ ਇੰਜੀਨੀਅਰਾਂ ਨੂੰ ਰੈਗੂਲਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਸਰ, ਇਸ ਦਾ ਜਵਾਬ ਹੈ, ਨਹੀਂ ਜੀ।

**ਮਾਣਯੋਗ ਸਪੀਕਰ:** ਇਹ ਬੜਾ ਛੋਟਾ ਜਿਹਾ ਦੇ ਦਿੱਤਾ (ਹਾਸਾ) । ਹਰਮੀਤ ਜੀ, ਕੀ ਕੋਈ ਸਪਲੀਮੈਂਟਰੀ ਹੈ?

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ:** ਕੋਈ ਜਵਾਬ ਨਹੀਂ ਆਇਆ ਜੀ। ਸਾਲ 2011 ਦੇ ਜੇ.ਈ. ਭਰਤੀ ਕੀਤੇ ਹਨ, ਉਨ੍ਹਾਂ ਨੂੰ ਰੈਗੂਲਰ ਨਹੀਂ ਕੀਤਾ ਗਿਆ। ਜੋ ਬਾਅਦ ਵਿੱਚ ਭਰਤੀ ਹੋਈ ਹੈ, ਉਹ ਰੈਗੂਲਰ ਹੋ ਗਏ ਹਨ। ਇਹ ਵਿਚਾਰੇ ਸਾਰਾ ਦਿਨ ਪਿੰਡਾਂ ਵਿੱਚ ਫਿਰਦੇ ਹਨ, ਜਦੋਂ ਕਿ ਉਨ੍ਹਾਂ ਨੂੰ ਸਿਰਫ 18 ਹਜ਼ਾਰ ਰੁਪਏ ਤਨਖਾਹ ਮਿਲਦੀ ਹੈ। ਉਨ੍ਹਾਂ ਨੂੰ ਚਾਰ-ਚਾਰ ਵਾਰ ਸੱਦਣਾ ਪੈਂਦਾ ਹੈ ਫਿਰ ਉਸ ਤੋਂ ਬਾਅਦ ਜਾਂਦੇ ਹਨ। ਮੈਂ ਪੁੱਛਿਆ ਕਿ ਤੁਹਾਡੀ ਪ੍ਰਾਬਲਮ ਕੀ ਹੈ? ਉਹ ਕਹਿੰਦੇ ਕਿ ਅਸੀਂ ਪੱਕੇ ਨਹੀਂ ਹਾਂ, 18 ਹਜ਼ਾਰ ਰੁਪਏ ਵਿੱਚ ਕਿੱਥੇ ਕਿੱਥੇ ਜਾ ਸਕਦੇ ਹਾਂ, ਸਾਡੇ ਤੋਂ ਬਾਅਦ ਭਰਤੀ ਵਾਲਿਆਂ ਨੂੰ ਰੈਗੂਲਰ ਭਰਤੀ ਕੀਤਾ ਗਿਆ ਹੈ ਅਤੇ ਸਾਨੂੰ ਕੱਚੇ ਰੱਖਿਆ ਗਿਆ ਹੈ। ਕੀ ਉਨ੍ਹਾਂ ਨੂੰ ਪੱਕੇ ਕਰਨ ਦੀ ਕੋਈ ਤਜਵੀਜ਼ ਹੈ?

**ਮੰਤਰੀ:** ਸਰ, ਸਰਕਾਰ ਵੱਲੋਂ Policy for welfare of Adhoc, Contractual, Daily Wages, Work charged and Temporary employees ਲਈ ਨੋਟੀਫਿਕੇਸ਼ਨ ਮਿਤੀ 16.5.2023 ਨੂੰ ਹੋਈ ਸੀ। ਇਹ ਜਾਰੀ ਕੀਤੀ ਗਈ ਸੀ ਜਿਸ ਦਾ ਸਬੰਧਤ ਗਰੁੱਪ ਸੀ. ਅਤੇ ਡੀ. ਦੇ ਕਾਮਿਆਂ ਨਾਲ ਹੈ। ਜਦੋਂ ਵਿਭਾਗ ਅਧੀਨ ਜੇ.ਈ. ਦੀ ਅਸਾਮੀ ਗਰੁੱਪ ਬੀ. ਅਧੀਨ ਆਉਂਦੀ ਹੈ। ਇਸ ਲਈ ਇਸ ਪਾਲਿਸੀ ਅਧੀਨ ਵਿਭਾਗ ਦੇ ਠੇਕਾ ਅਧਾਰਿਤ ਅਤੇ ਕੰਮ ਕਰਦੇ ਇਨ੍ਹਾਂ ਜੇ.ਈਜ਼. ਉੱਤੇ ਲਾਗੂ ਨਹੀਂ ਹੁੰਦੀ ਹੈ।

**ਮਾਣਯੋਗ ਸਪੀਕਰ:** ਦੇਖੋ ਤੁਸੀਂ (ਸਰਦਾਰ ਹਰਮੀਤ ਸਿੰਘ ਪਠਾਣਮਾਜਰਾ ਵੱਲ ਇਸ਼ਾਰਾ) ਬੈਠੋ ਜੀ। ਇਨ੍ਹਾਂ ਦਾ ਕੁਐਸਚਨ ਬੜਾ ਵਾਜਬ ਹੈ। ਜਦੋਂ ਇਨ੍ਹਾਂ ਨੂੰ ਠੇਕਾ ਮਿਲਦਾ ਹੈ ਤਾਂ ਇਹ ਦੇਖੋ ਕਿ ਕੀ ਇਨ੍ਹਾਂ ਨੂੰ ਪੂਰੀ ਮਿਹਨਤ ਮਿਲਦੀ ਹੈ। ਇਹ ਜ਼ਰਾ ਰਿਵਿਊ ਕਰ ਲਵੋ, ਕਈ ਵਾਰ ਕੋਈ ਐਕਸੀਡੈਂਟ ਹੋ ਜਾਂਦੇ ਹਨ। ਇਹ ਗਰੀਬ ਘਰਾਂ ਦੇ ਮੁੰਡੇ ਹਨ, ਕੀ ਉਨ੍ਹਾਂ ਦੇ ਇਲਾਜ ਦਾ ਪ੍ਰਬੰਧ ਹੈ? ਇਸ ਤਰ੍ਹਾਂ ਤੁਸੀਂ ਰਿਵਿਊ ਕਰ ਲਵੋ।

---------

## ਨਗਰ ਕੌਂਸਲ, ਬਰਨਾਲਾ,ਹੰਢਿਆਇਆ ਅਤੇ ਨਗਰ ਕੌਂਸਲ, ਧਨੌਲਾ ਵਿੱਚ ਸੀਵਰੇਜ ਦੀ ਸਾਫ ਸਫਾਈ ਅਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ

***1457. ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਗਰ ਕੌਂਸਲ ਬਰਨਾਲਾ, ਹੰਢਿਆਇਆ ਅਤੇ ਨਗਰ ਕੌਂਸਲ, ਧਨੌਲਾ ਦੀ ਹਦੂਦ ਵਿੱਚ ਸੀਵਰੇਜ ਦੀ ਸਾਫ ਸਫਾਈ ਅਤੇ ਪੀਣ ਵਾਲੇ ਪਾਣੀ ਦੀ ਬਹੁਤ ਜ਼ਿਆਦਾ ਸਮੱਸਿਆ ਹੈ; ਜੇਕਰ ਅਜਿਹਾ ਹੈ ਤਾਂ ਇੱਥੇ ਨਵਾਂ ਸੀਵਰੇਜ ਅਤੇ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਡਾਕਟਰ ਰਵਜੋਤ ਸਿੰਘ:** ਬਰਨਾਲਾ ਵਿਖੇ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਫਰਵਰੀ, 2025 ਦੌਰਾਨ 3 ਨਵੇਂ ਟਿਊਬਵੈਲ ਚਾਲੂ ਕਰ ਦਿੱਤੇ ਗਏ ਹਨ ਅਤੇ ਇਸ ਤੋਂ ਇਲਾਵਾ ਅਮਰੁਤ-2 ਸਕੀਮ ਅਧੀਨ 14.71 ਕਰੋੜ ਰੁਪਏ ਦੀ ਲਾਗਤ ਨਾਲ 5 ਨਵੇਂ ਟਿਊਬਵੈਲ, 30.64

ਵਾਟਰ ਸਪਲਾਈ ਲਾਈਨ ਦਾ ਕੰਮ ਪ੍ਰਗਤੀ ਅਧੀਨ ਹੈ, ਜੋ ਕਿ ਦਸੰਬਰ, 2025 ਤੱਕ ਮੁਕੰਮਲ ਹੋ ਜਾਵੇਗਾ। ਇਸ ਤੋਂ ਇਲਾਵਾ 69.63 ਕਰੋੜ ਰੁਪਏ ਦੀ ਲਾਗਤ ਨਾਲ 65.49 ਕਿਲੋਮੀਟਰ ਸੀਵਰੇਜ ਲਾਈਨ ਪਾਉਣ ਦਾ ਟੈਂਡਰ ਪ੍ਰਗਤੀ ਅਧੀਨ ਹੈ।

ਹੰਡਿਆਇਆ ਸ਼ਹਿਰ ਵਿਖੇ ਦਸੰਬਰ, 2024 ਦੌਰਾਨ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ 1 ਨਵਾਂ ਟਿਊਬਵੈਲ ਲਗਾ ਦਿੱਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਵਾਟਰ ਸਪਲਾਈ ਦੀ ਸਹੂਲਤ ਲਈ ਅਮਰੁਤ-2.0 ਸਕੀਮ ਅਧੀਨ 2.32 ਕਰੋੜ ਰੁਪਏ ਦੀ ਲਾਗਤ ਨਾਲ 5.12 ਕਿਲੋਮੀਟਰ ਵਾਟਰ ਸਪਲਾਈ ਲਾਈਨ ਅਤੇ ਸੀਵਰੇਜ ਦੀ ਸਹੂਲਤ ਲਈ ਐਸ.ਬੀ.ਐਮ-2.0 ਸਕੀਮ ਅਧੀਨ 10.81 ਕਰੋੜ ਰੁਪਏ ਦੀ ਲਾਗਤ ਨਾਲ ਮੇਨ ਸੀਵਰੇਜ ਅਤੇ 2.5 ਮਿਲੀਅਨ ਲੀਟਰ ਪ੍ਰਤੀ ਦਿਨ, ਸੀਵੇਜ ਟ੍ਰੀਟਮੈਂਟ ਪਲਾਂਟ ਦਾ ਕੰਮ ਪ੍ਰਗਤੀ ਅਧੀਨ ਹੈ, ਜੋ ਕਿ ਸਤੰਬਰ 2025 ਤੱਕ ਮੁਕੰਮਲ ਹੋ ਜਾਵੇਗਾ।

ਧਨੌਲਾ ਵਿਖੇ ਜਨਵਰੀ, 2025 ਦੌਰਾਨ ਨਗਰ ਕੌਂਸਲ, ਧਨੌਲਾ ਵੱਲੋਂ 49.00 ਲੱਖ ਰੁਪਏ ਦੀ ਲਾਗਤ ਦਾ ਟੈਂਡਰ ਲਗਾ ਕੇ ਸੀਵਰੇਜ ਦੀ ਸਫਾਈ ਕਰਵਾ ਦਿੱਤੀ ਗਈ ਹੈ । ਵਾਟਰ ਸਪਲਾਈ ਦੀ ਸਹੂਲਤ ਲਈ ਅਮਰੁਤ-2.0 ਸਕੀਮ ਅਧੀਨ 2.43 ਕਰੋੜ ਰੁਪਏ ਦੀ ਲਾਗਤ ਨਾਲ 5.76 ਕਿਲੋਮੀਟਰ ਵਾਟਰ ਸਪਲਾਈ ਲਾਈਨ ਲਗਾਉਣ ਦਾ ਟੈਂਡਰ ਪ੍ਰਗਤੀ ਅਧੀਨ ਹੈ, ਅਤੇ ਐਸ.ਬੀ.ਐਮ-2.0 ਸਕੀਮ ਅਧੀਨ 14.43 ਕਰੋੜ ਰੁਪਏ ਦੀ ਲਾਗਤ ਨਾਲ ਮੇਨ ਸੀਵਰ ਅਤੇ 3.0 ਮਿਲੀਅਨ ਲੀਟਰ ਪ੍ਰਤੀ ਦਿਨ ਸੀਵਰ ਟ੍ਰੀਟਮੈਂਟ ਪਲਾਂਟ ਦਾ ਕੰਮ ਪ੍ਰਗਤੀ ਅਧੀਨ ਹੈ, ਜੋ ਕਿ ਸਤੰਬਰ, 2026 ਤੱਕ ਮੁਕਮੰਲ ਹੋ ਜਾਵੇਗਾ।

**ਮਾਣਯੋਗ ਸਪੀਕਰ:** ਕੀ ਤੁਹਾਡੀ ਕੋਈ ਸਪਲੀਮੈਂਟਰੀ ਹੈ?

**ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: ਜੀ, ਸਰ।ਸਰ, ਮੇਰੇ ਹਲਕੇ ਵਿੱਚ ਤਿੰਨ ਕਮੇਟੀਆਂ ਬਰਨਾਲਾ, ਧਨੌਲਾ ਅਤੇ ਹੰਢਿਆਇਆ ਪੈਂਦੀਆਂ ਹਨ।

**ਮਾਣਯੋਗ ਸਪੀਕਰ:** ਤੁਸੀਂ ਪਲੀਜ਼ ਸਵਾਲ ਪੁੱਛ ਲਵੋ।

**ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: ਸਰ, ਮੈਂ ਤਿੰਨਾਂ ਦੀ ਇਕੱਠੀ ਗੱਲ ਹੀ ਕਰ ਰਿਹਾ ਹਾਂ।

**ਮਾਣਯੋਗ ਸਪੀਕਰ:** ਫਿਰ ਆਪਣੇ ਸਾਥੀਆਂ ਦੇ ਸਵਾਲ ਰਹਿ ਜਾਣੇ ਹਨ।

**ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: ਸਰ, ਮੈਂ ਬੋਲ ਰਿਹਾ ਹਾਂ। ** ਇੱਕ ਤਾਂ ਮੈਂ ਨਵਾਂ ਹਾਂ।

**ਮਾਣਯੋਗ ਸਪੀਕਰ:** ਦੇਖੋ ਕਾਲਾ ਜੀ, ਮੇਰੀ ਗੱਲ ਸੁਣੋ।

---

** Expunged as ordered by the Hon'ble Speaker

**ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: **

**ਮਾਣਯੋਗ ਸਪੀਕਰ:** ਫਿਰ ਦੂਜਾ ਸਵਾਲ ਰਹਿ ਜਾਵੇਗਾ।

**ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: ਚਲੋ ਠੀਕ ਹੈ, ਸਰ।

**ਮਾਣਯੋਗ ਸਪੀਕਰ:** ਤੁਸੀਂ ਬੈਠ ਜਾਓ ਜੇ ਨਹੀਂ ਕਰਨਾ।

**ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: ਠੀਕ ਹੈ, ਸਰ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ ਆਪਣੀ ਸੀਟ ਤੇ ਬੈਠ ਗਏ।)

**ਮਾਣਯੋਗ ਸਪੀਕਰ:** ਬੈਠੋ। ਸ੍ਰੀਮਤੀ ਨੀਨਾ ਮਿੱਤਲ ਜੀ।

---------

**1050/Sukhpiar Singh/Shubham jain**

**1055/Manika Rani**

**ਹਲਕਾ ਰਾਜਪੁਰਾ ਦੇ ਪਿੰਡਾਂ ਵਿੱਚ ਟੋਭਿਆਂ ਦਾ ਸੀਚੇਵਾਲ ਮਾਡਲ ਤਹਿਤ ਨਵੀਨੀਕਰਨਾ ਕਰਨਾ**

***1610. ਸ੍ਰੀਮਤੀ ਨੀਨਾ ਮਿੱਤਲ**: ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਹਲਕਾ ਰਾਜਪੁਰਾ ਦੇ ਪਿੰਡਾਂ ਵਿੱਚ ਟੋਭਿਆਂ ਨੂੰ ਸੀਚੇਵਾਲ ਮਾਡਲ ਜਾਂ ਹੋਰ ਕੋਈ ਪਾਲਿਸੀ ਤਹਿਤ ਉਨ੍ਹਾਂ ਦਾ ਨਵੀਨੀਕਰਨ ਕਰਨ ਦਾ ਕੋਈ ਪਾਲਿਸੀ ਤਹਿਤ ਉਨ੍ਹਾਂ ਦਾ ਨਵੀਨੀਕਰਨ ਕਰਨ ਦੀ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ**: ਵਿਭਾਗ ਵੱਲੋਂ ਵਿਧਾਨ ਸਭਾ ਹਲਕਾ ਰਾਜਪੁਰਾ ਦੀਆਂ 95 ਗ੍ਰਾਮ ਪੰਚਾਇਤਾਂ ਵਿੱਚੋਂ ਗ੍ਰਾਮ ਪੰਚਾਇਤਾਂ ਦੇ ਟੋਭੇ ਸੀਚੇਵਾਲ ਮਾਡਲ ਨਾਲ ਤਿਆਰ ਕਰਵਾਏ ਗਏ ਹਨ ਅਤੇ 01 ਗ੍ਰਾਮ ਪੰਚਾਇਤ ਵਿੱਚ ਟੋਭੇ ਦੇ ਨਵੀਨੀਕਰਨ ਦਾ ਕੰਮ ਚੱਲ ਰਿਹਾ ਹੈ, ਜੋ ਕਿ ਮਿਤੀ 31.05.2025 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ 17 ਗ੍ਰਾਮ ਪੰਚਾਇਤਾਂ ਵਿਖੇ ਟੋਭਿਆਂ ਦਾ ਨਵੀਨੀਕਰਨ ਸੀਚੇਵਾਲ/ਥਾਪਰ ਮਾਡਲ ਕਰਨ ਦੀ ਪਰਪੋਜ਼ਲ ਵਿਭਾਗ ਦੇ ਵਿਚਾਰ ਅਧੀਨ ਹੈ।

---

**ਸ੍ਰੀਮਤੀ ਨੀਨਾ ਮਿੱਤਲ**: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਜਿਹੜੇ 17 ਟੋਭਿਆਂ ਦਾ ਨਵੀਨੀਕਰਨ ਵਿਚਾਰ ਅਧੀਨ ਹਨ, ਇਹ ਡੇਢ ਸਾਲ ਤੋਂ ਵਿਚਾਰ ਅਧੀਨ ਹੀ ਪਏ ਹਨ। ਉਥੇ ਬਹੁਤ ਬੁਰੀ ਹਾਲਤ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦੀ ਹਾਂ ਕਿ ਇਸ ਦਾ ਕੰਮ ਜਲਦੀ ਤੋਂ ਜਲਦੀ ਕੀਤਾ ਜਾਵੇ। ਮੈਂ ਮੰਤਰੀ ਸਾਹਿਬ ਚਾਹੁੰਦੀ ਹਾਂ ਕਿ ਇਸ ਦਾ ਟਾਈਮ ਬਾਊਂਡ ਕੀਤਾ ਜਾਵੇ ਕਿਉਂਕਿ ਅੱਜ ਮੇਰੇ 15 ਪਿੰਡਾਂ ਦੇ ਸਰਪੰਚ, ਜਿਹੜੇ ਨਵੇਂ ਚੁਣ ਕੇ ਆਏ ਹਨ, ਉਹ ਸੈਸ਼ਨ ਦੀ ਗੈਸਟ ਗੈਲਰੀ ਵਿੱਚ ਬੈਠੇ ਹਨ ਅਤੇ ਅੱਜ ਦੀ ਕਾਰਵਾਈ ਵੀ ਸੁਣ ਰਹੇ ਹਨ। ਸੋ, ਮੈਂ ਚਾਹੁੰਦੀ ਹਾਂ ਕਿ ਇਸ ਦਾ ਟਾਈਮ ਬਾਊਂਡ ਕੀਤਾ ਜਾਵੇ। ਸਪੀਕਰ ਸਾਹਿਬ, ਉਨ੍ਹਾਂ ਨੂੰ ਵੀ ਹੌਂਸਲਾ ਹੋਵੇਗਾ ਕਿ ਸਾਡਾ ਕੰਮ ਜਲਦੀ ਹੋ ਜਾਵੇਗਾ। ਸਰ, ਇਸ ਨੂੰ ਟਾਈਮ ਬਾਊਂਡ ਕੀਤਾ ਜਾਵੇ।

**ਮਾਣਯੋਗ ਸਪੀਕਰ**: ਮੰਤਰੀ ਜੀ, ਟਾਈਮ ਬਾਊਂਡ ਕਰਕੇ ਹੌਂਸਲਾ ਦੇ ਦਿਓ।

**ਮੰਤਰੀ**: ਸਪੀਕਰ ਸਾਹਿਬ, ਆਉਣ ਵਾਲੇ ਤਿੰਨ ਮਹੀਨਿਆਂ ਵਿੱਚ ਇਨ੍ਹਾਂ ਦੇ ਕੰਮ ਦੀ ਸ਼ੁਰੂਆਤ ਕਰ ਦਿਆਂਗੇ ਔਰ ਇਸ ਸਾਲ ਦੇ ਵਿੱਚ-ਵਿੱਚ ਮੁਕੰਮਲ ਕਰ ਦਿਆਂਗੇ। (ਥੰਪਿੰਗ)

**ਮਾਣਯੋਗ ਸਪੀਕਰ**: ਕੋਸ਼ਿਸ਼ ਵੀ ਕਰ ਲਿਓ ਕਿਉਂਕਿ ਵਾਅਦੇ ਟੂਟ ਜਾਤੇ ਹੈਂ ਔਰ ਕੋਸ਼ਿਸ਼ਾਂ ਕਾਮਯਾਬ ਹੋਤੀ ਹੈਂ। ਧੰਨਵਾਦ ਜੀ। ਅੱਜ ਕਾਲਾ ਜੀ ਨੇ ਬੜਾ ਵਧੀਆ ਡਿਸਪਲਿਨ ਦਿੱਤਾ ਹੈ। ਹਾਂ ਜੀ, ਕਾਲਾ ਜੀ, ਬੋਲੋ ਜੀ। ਸਮਾਂ ਹੈ।

**ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਤਿੰਨ ਕਮੇਟੀਆਂ ਪੈਂਦੀਆਂ ਹਨ, ਉਥੇ ਪੀਣ ਵਾਲੇ ਪਾਣੀ ਅਤੇ ਸੀਵਰੇਜ ਦੀ ਬਹੁਤ ਜ਼ਿਆਦਾ ਸਮੱਸਿਆ ਹੈ। ਭਾਵੇਂ ਮੰਤਰੀ ਜੀ ਨੇ ਆਪਣੇ ਜਵਾਬ ਵਿੱਚ ਟਿਊਬਵੈੱਲ ਲਗਾਉਣ ਦੀ ਗੱਲ ਕੀਤੀ ਹੈ ਪਰ ਉਸ ਲਈ ਮੰਤਰੀ ਜੀ ਨੇ ਬੜਾ ਲੰਮਾ ਸਮਾਂ ਦਸੰਬਰ ਮਹੀਨੇ ਤੱਕ ਦਿੱਤਾ ਹੈ। ਅੱਜ ਵੀ ਉਥੇ ਪਾਣੀ ਦੀ ਇੰਨੀ ਸਮੱਸਿਆ ਹੈ ਕਿ ਆਉਣ ਵਾਲੇ ਸਮੇਂ ਵਿੱਚ ਲੋਕਾਂ ਦਾ ਕੀ ਹਾਲ ਹੋਵੇਗਾ, ਜੇਕਰ ਅਸੀਂ ਪਾਣੀ ਨਹੀਂ ਦੇ ਸਕਾਂਗੇ। ਭਾਵੇਂ ਕੁਝ ਏਰੀਏ ਵਿੱਚ ਸੀਵਰੇਜ਼ ਪਾਉਣ ਦਾ ਕੰਮ ਚੱਲ ਰਿਹਾ ਹੈ ਪਰੰਤੂ ਉਸ ਵਿੱਚ ਬੇਲੋੜੀ ਦੇਰੀ ਹੈ। ਉਹ ਲੋਕਾਂ ਦੀ ਸਮੱਸਿਆ ਦਾ ਕਾਰਨ ਬਣਦੀ ਹੈ। ਜਿਹੜਾ ਠੇਕੇਦਾਰਾਂ ਨੂੰ ਵਰਕ ਆਰਡਰ ਦਿੱਤਾ ਜਾਂਦਾ ਹੈ, ਉਸ ਵਿੱਚ ਬੇਲੋੜੀ ਦੇਰੀ ਹੋ ਰਹੀ ਹੈ। ਉਨ੍ਹਾਂ ਨੂੰ ਕੋਈ ਟਾਈਮ ਬਾਊਂਡ ਨਹੀਂ ਕੀਤਾ ਜਾ ਰਿਹਾ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਲਈ ਠੇਕੇਦਾਰਾਂ ਨੂੰ ਪਾਬੰਦ ਕੀਤਾ ਜਾਵੇ ਕਿ ਉਹ ਵਿਨ ਟਾਈਮ ਕੰਮ ਕੰਪਲੀਟ ਕਰਨ। ਸਪੀਕਰ ਸਾਹਿਬ, ਬਰਨਾਲਾ, ਧਨੌਲਾ ਅਤੇ ਹੰਢਿਆਇਆ ਦਾ ਏਰੀਆ ਪੁੱਟਿਆ ਪਿਆ ਹੈ। ਪੁੱਟਣ ਤੋਂ ਬਾਅਦ ਉਥੇ ਸਾਰਾ ਕੰਮ ਬੰਦ ਪਿਆ ਹੈ। ਮੈਂ ਚਾਹੁੰਦਾ ਹਾਂ ਕਿ ਜਿਹੜਾ ਸਾਡਾ ਆਊਟਰ ਏਰੀਆ ਹੈ।

**ਮਾਣਯੋਗ ਸਪੀਕਰ**: ਜੋ ਤੁਸੀਂ ਚਾਹੁੰਦੇ ਹੋ।

**ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: ਸਰ, ਮੈਂ ਸਵਾਲ ਤੇ ਹੀ ਆਉਂਦਾ ਹਾਂ। ਸਰ, ਮੇਰੀ ਬੇਨਤੀ ਹੈ।

**ਮਾਣਯੋਗ ਸਪੀਕਰ**: ਜੇਕਰ ਤੁਸੀਂ ਬੇਨਤੀ ਕਰਨੀ ਹੈ ਤਾਂ ਮਿਲਕੇ ਕਰ ਲਿਓ। ਹੁਣ ਸਵਾਲ ਲੈ ਲਓ।

**ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: ਸਰ, ਮਿਲਣ ਲਈ ਸਾਨੂੰ ਕੋਈ ਟਾਈਮ ਨਹੀਂ ਦਿੰਦਾ। ਮੈਂ ਸਾਰਿਆਂ ਨੂੰ ਮਿਲਣ ਲਈ ਤਿਆਰ ਹਾਂ। ਮੈਂ ਤੁਹਾਨੂੰ ਮਿਲਣ ਲਈ ਵੀ ਤਿਆਰ ਹਾਂ। ਕੋਈ ਟਾਈਮ ਤਾਂ ਦੇਵੇ।

**ਮਾਣਯੋਗ ਸਪੀਕਰ**: ਤੁਸੀਂ ਮੈਨੂੰ ਤਾਂ ਟਾਈਮ ਲਈ ਪੁੱਛਿਆ ਹੀ ਨਹੀਂ।

**ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: ਸਰ, ਮੈਂ ਤਾਂ ਸੀ.ਐਮ. ਸਾਹਿਬ ਨੂੰ ਵੀ ਮੈਸੇਜ ਕੀਤਾ ਹੈ।

**ਮਾਣਯੋਗ ਸਪੀਕਰ**: ਤੁਸੀਂ ਹੁਣੇ ਆ ਜਾਓ। ਤੁਸੀਂ ਐਵੇਂ ਨਾ ਕਹੋ। ਕੀ ਤੁਸੀਂ ਮੈਨੂੰ ਪੁੱਛਿਆ ਸੀ।

**ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: ਸਪੀਕਰ ਸਾਹਿਬ, ਮੈਂ ਤਾਂ ਮੰਤਰੀ ਸਾਹਿਬ ਨੂੰ ਮਿਲਣਾ ਚਾਹੁੰਦਾ ਸੀ। ਮੈਂ ਸਵਾਲ ਨਹੀਂ ਕਰਨਾ ਸੀ, ਜੇਕਰ ਉਹ ਮਿਲ ਜਾਂਦੇ। ਮੈਂ ਫਿਰ ਇੱਥੇ ਬੋਲਣਾ ਹੀ ਨਹੀਂ ਸੀ।

**ਮਾਣਯੋਗ ਸਪੀਕਰ**: ਮੇਰੇ ਕਹਿਣ ਦਾ ਮਤਲਬ ਹੈ ਕਿ ਬੇਨਤੀ ਮਿਲ ਕੇ ਕਰ ਲਓ। ਹੁਣ ਸਵਾਲ ਤੇ ਗੱਲ ਕਰੋ।

**ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: ਸਰ, ਸਵਾਲ ਤੇ ਹੀ ਆਉਂਦਾ ਹਾਂ। ਤੁਸੀਂ ਸਾਨੂੰ ਮਿਲਣ ਲਈ ਟਾਈਮ ਦਿਓ। ਅਸੀਂ ਆਪਣੀਆਂ ਹਲਕੇ ਦੀਆਂ ਸਮੱਸਿਆਵਾਂ ਦੱਸਣ ਲਈ ਤਿਆਰ ਹਾਂ। ਸਰ, ਕੱਚਾ ਏਰੀਆ ਹੈ। ਉਸ ਏਰੀਆ ਨੂੰ ਉਦੋਂ ਤੱਕ ਪੱਕਾ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਸੀਵਰੇਜ ਦੀ ਪਾਈਪਾਂ ਨਹੀਂ ਪੈਂਦੀਆਂ। ਸਪੀਕਰ ਸਾਹਿਬ, ਪੀਣ ਵਾਲੇ ਪਾਣੀ ਦੀ ਅੰਮ੍ਰਿਤ ਸਕੀਮ-2 ਸਕੀਮ ਜਿਹੜੀ ਆਈ ਹੈ, ਉਸ ਰਾਹੀਂ ਉਥੇ ਪੀਣ ਵਾਲੇ ਪਾਣੀ ਅਤੇ ਸੀਵਰੇਜ ਦੀਆਂ ਪਾਈਪਾਂ ਪੁਆਈਆਂ ਜਾਣ ਤਾਂ ਕਿ ਸੜਕਾਂ ਨੂੰ ਪੱਕੀਆਂ ਕਰਕੇ ਲੋਕਾਂ ਦੇ ਰਹਿਣ-ਸਹਿਣ ਦਾ ਪ੍ਰਬੰਧ ਕਰ ਸਕੀਏ। ਮਿਊਂਸਿਪੈਲਟੀਜ਼ ਦੀਆਂ ਆਊਟਰਜ਼ ਦਾ ਬਹੁਤ ਬੁਰਾ ਹਾਲ ਹੈ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਮੱਸਿਆ ਦਾ ਹੱਲ ਕਦੋਂ ਤੱਕ ਕਰਵਾ ਦਿੱਤਾ ਜਾਵੇਗਾ।

**ਮਾਣਯੋਗ ਸਪੀਕਰ**: ਡਾਕਟਰ ਰਵਜੋਤ ਸਿੰਘ, ਸਥਾਨਕ ਸਰਕਾਰ ਮੰਤਰੀ ਜੀ ਜਵਾਬ ਦਿਓ।

**ਸਥਾਨਕ ਸਰਕਾਰ ਮੰਤਰੀ (ਡਾਕਟਰ ਰਵਜੋਤ ਸਿੰਘ):** ਸਪੀਕਰ ਸਾਹਿਬ, ਇਹ ਸਾਡੇ ਕੁਲੀਗ ਹਨ, ਜੋ ਕਿ ਬਹੁਤ ਸਤਿਕਾਰਤ ਹਨ।

**ਮਾਣਯੋਗ ਸਪੀਕਰ**: ਕੀ ਤੁਸੀਂ ਇਨ੍ਹਾਂ ਨੂੰ ਮਿਲਣ ਲਈ ਸਮਾਂ ਨਹੀਂ ਦਿੰਦੇ?

**ਸਥਾਨਕ ਸਰਕਾਰ ਮੰਤਰੀ**: ਸਰ, ਕਦੇ ਮੁਲਾਕਾਤ ਦਾ ਜ਼ਿਕਰ ਨਹੀਂ ਹੋਇਆ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਸਥਾਨਕ ਸਰਕਾਰ ਮੰਤਰੀ**: ਸਰ, ਅਸੀਂ ਤਾਂ ਖੁੱਲ੍ਹੇ ਦਰਸ਼ਨ ਦੇਈਦੇ ਹਨ। ਅਜਿਹੀ ਕੋਈ ਗੱਲ ਨਹੀਂ ਹੈ।

**ਮਾਣਯੋਗ ਸਪੀਕਰ**: ਗੁਡ, ਗੁਡ।

**ਸਥਾਨਕ ਸਰਕਾਰ ਮੰਤਰੀ**: ਸਪੀਕਰ ਸਾਹਿਬ, ਮੈਂ ਬਰੀਫ ਹੀ ਕਰ ਦੇਵਾਂਗਾ। ਸਰ, ਟੈਂਡਰ ਲੱਗੇ ਹੋਏ ਹਨ। ਵਰਕ ਆਰਡਰ ਚਲ ਰਹੇ ਹਨ। ਅਸੀਂ ਪ੍ਰਾਇਰਟੀ ਬੇਸਿਸ ਤੇ ਕਰਵਾ ਦੇਵਾਂਗੇ। ਕੁਝ ਸਟੇਅ ਆਰਡਰ ਤੇ ਲੱਗੇ ਹੋਏ ਹਨ। ਅੱਜ ਦੀ ਹੀਅਰਿੰਗ ਹੈ। ਅਸੀਂ ਸਟੇਅ ਵੀਕੇਟ ਕਰਵਾ ਲਵਾਂਗੇ। ਜਦੋਂ ਵੀ ਮੈਂਬਰ ਸਾਹਿਬ ਚਾਹੁੰਣਗੇ ਤਾਂ ਅਸੀਂ ਬੈਠ ਕੇ ਗੱਲਬਾਤ ਕਰ ਲਵਾਂਗੇ। ਸਾਡੇ ਵਰਕ ਆਰਡਰ ਚੱਲ ਰਹੇ ਹਨ, ਅਸੀਂ ਪ੍ਰਾਇਰਟੀ ਬੇਸਿਸ ਤੇ ਕਰਵਾ ਦੇਵਾਂਗੇ।

**ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਰਨੀ ਚਾਹੁੰਦਾ ਹਾਂ ਕਿ ਠੇਕੇਦਾਰ ਬਹੁਤ ਬੇਲੋੜੀ ਦੇਰੀ ਕਰਦੇ ਹਨ, ਜੇਕਰ ਇੱਕ-ਅੱਧੇ ਨੂੰ ਬਲੈਕ ਲਿਸਟ ਕਰ ਦਿੱਤਾ ਜਾਵੇਗਾ ਤਾਂ ਬਾਕੀ ਦੇਖ ਕੇ ਕੰਮ ਕਰਨ ਲੱਗ ਜਾਣਗੇ। ਇੱਕੋ ਹੀ ਬੰਦਾ ਦਸ-ਦਸ ਠੇਕੇ ਲੈ ਲੈਂਦਾ ਹੈ। ਉਹ ਸੜਕਾਂ ਪੁੱਟ ਜਾਂਦੇ ਹਨ ਅਤੇ ਲੋਕ ਸਾਨੂੰ ਫੋਨ ਕਰੀ ਜਾਂਦੇ ਹਨ। ਉਹ ਕਹਿੰਦੇ ਹਨ ਕਿ ਸੜਕ ਪੁੱਟ ਗਏ ਹਨ ਅਤੇ ਸਾਡੀ ਸੜਕ ਹੁਣ ਬਣ ਨਹੀਂ ਰਹੀ ਹੈ। ਵਰਕ ਆਰਡਰ ਇੱਕ ਮਹੀਨਾ ਜਾਂ ਦਸ ਦਿਨ ਤਾਂ ਲੇਟ ਹੋ ਸਕਦਾ ਹੈ ਪਰੰਤੂ ਜੇਕਰ ਕੰਮ ਬਹੁਤ ਸਮਾਂ ਲੰਮਾ ਲਟਕਿਆ ਰਹੇਗਾ ਤਾਂ ਬਹੁਤ ਮੁਸ਼ਕਿਲ ਹੋ ਜਾਂਦੀ ਹੈ। ਸੋ, ਅਜਿਹੇ ਦੇਰੀ ਕਰਨ ਵਾਲੇ, ਧਿਆਨ ਨਾ ਦੇਣ ਵਾਲੇ ਠੇਕੇਦਾਰਾਂ ਨੂੰ ਬਲੈਕਲਿਸਟ ਕਰ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਵਰਕ ਆਰਡਰ ਨੂੰ ਟਾਈਮ ਬਾਊਂਡ ਕਰਵਾ ਦਿਓ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਸਥਾਨਕ ਸਰਕਾਰ ਮੰਤਰੀ**: ਜੇਕਰ ਦੇਰੀ ਲੱਗਦੀ ਹੈ ਤਾਂ ਅਸੀਂ ਕਰਵਾ ਦਿਆਂਗੇ।

**ਮਾਣਯੋਗ ਸਪੀਕਰ**: ਮੰਤਰੀ ਜੀ ਬੈਠੋ। ਹੋ ਗਿਆ ਹੈ। ਉਨ੍ਹਾਂ ਨੇ ਸਵਾਲ ਨਹੀਂ, ਸੁਜੈਸ਼ਨ ਦਿੱਤਾ ਹੈ।

**ਸਥਾਨਕ ਸਰਕਾਰ ਮੰਤਰੀ**: ਠੀਕ ਹੈ ਜੀ।

---------

**1055/Manika Rani/Shubham jain**

**1100/Gurpreet kaur**

**WELCOME ANNOUCEMENT BY THE SPEAKER**

**ਮਾਣਯੋਗ ਸਪੀਕਰ:** ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਮੇਰੇ ਇਲਾਕੇ ਦੇ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਅਤੇ ਰਾਸ਼ਟਰਪਤੀ ਅਵਾਰਡੀ ਸ੍ਰੀ ਨਿੰਦਰ ਘੁਗਿਆਣਵੀ ਜੀ ਅੱਜ ਸਦਨ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ। ਆਓ, ਸਾਰੇ ਰਲ ਕੇ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। ਇਨ੍ਹਾਂ ਨੇ 50 ਤੋਂ ਵੱਧ ਕਿਤਾਬਾਂ ਲਿਖੀਆਂ ਹਨ ਅਤੇ ਇਹ ਫਰੀਦਕੋਟ ਸੈਸ਼ਨ ਜੱਜ ਦੇ ਅਰਦਲੀ ਹੁੰਦੇ ਸੀ ਅਤੇ

ਇਨ੍ਹਾਂ ਨੇ ਉਸ ਤੇ ਵੀ ਇੱਕ ਕਿਤਾਬ ਲਿਖੀ ਹੈ 'ਜੱਜ ਦਾ ਅਰਦਲੀ'। ਤੁਸੀਂ ਵੀ ਸਾਰੇ ਜ਼ਰੂਰ ਪੜ੍ਹਿਓ। ਅੱਜ ਸਿਹਤ ਮੰਤਰੀ ਜੀ ਆਫ ਦਿ ਰਿਕਾਰਡ ਕੁਝ ਕਹਿਣਾ ਚਾਹੁੰਦੇ ਹਨ। ਹਾਂ ਜੀ, ਮੰਤਰੀ ਜੀ ।

---------

**MATTERS RAISED DURING ZERO HOUR**

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ):** ਮਾਣਯੋਗ ਸਪੀਕਰ ਸਾਹਿਬ, ਮੇਰੇ ਮਹਿਕਮੇ ਦਾ ਸਬੰਧ ਲੋਕਾਂ ਦੀ ਸਿਹਤ ਨਾਲ ਹੈ। ਆਮ ਤੌਰ ਤੇ ਜਦੋਂ ਅਸੀਂ ਸਿਹਤ ਦੀ ਗੱਲ ਕਰਦੇ ਹਾਂ ਤਾਂ ਸੋਚਦੇ ਹਾਂ ਕਿ ਇਹ ਦਵਾਈਆਂ ਦੇਣ ਵਾਲਾ ਮਹਿਕਮਾ ਹੈ ਪਰ ਸਾਡੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਜੀ ਅਤੇ ਅਰਵਿੰਦ ਕੇਜਰੀਵਾਲ ਜੀ ਵੱਲੋਂ quantum healing ਅਤੇ ਕੰਪਰੀਹੈਂਸਿਵਲ ਹੈਲਥ ਕੇਅਰ ਹੈ ਜਿਸ ਵਿੱਚ preventive aspect ਉਸ ਵਿੱਚ ਅੱਜ ਸਪੈਸ਼ਲ ਮਿਲਟ ਬੇਸਡ ਅਤੇ ਨਿਊਟ੍ਰੀਸ਼ਨਲ ਗਾਈਡੈਂਸ ਮੈਂਬਰ ਸਾਹਿਬਾਨਾਂ ਲਈ ਖਾਣੇ ਦਾ ਲੰਗਰ ਵੀ ਆਰਗੇਨਾਈਜ਼ ਕੀਤਾ ਜਾਵੇਗਾ ਅਤੇ ਉਸ ਵਿੱਚ ਸਟਾਲ ਵੀ ਹੋਣਗੇ। ਇਸ ਦੇ ਨਾਲ ਹੀ ਮੈਂ ਪਬਲਿਕ ਇੰਟਰਸਟ ਦੀ ਇਨਫਰਮੇਸ਼ਨ ਵੀ ਦੇਣੀ ਚਾਹੁੰਦਾ ਹਾਂ ਕਿ ਸਾਡੇ ਕੋਲ ਲੇਟੈਸਟ ਲੈਬੋਰੇਟਰੀ ਹੈ ਜੋ ਕਿ ਪੈਸਟੀਸਾਈਡਜ਼, ਐਂਟੀਬਾਇਓਟਿਕਸ, even heavy metals and mycotoxins ਜਿੰਨੇ ਵੀ ਫੂਡ ਦੀ adulteration ਹੈ ਸਾਡੇ ਕੋਲ ਟੈਸਟ ਕਰਨ ਦੀ ਕੈਪੇਬਿਲਟੀ ਹੈ। ਕੈਮੀਕਲ ਵੀ ਅਤੇ microbial ਵੀ। ਇਸ ਤੋਂ ਇਲਾਵਾ ਮੈਂ ਮੈਂਬਰ ਸਾਹਿਬਾਨ ਨੂੰ ਉਚੇਚੇ ਤੌਰ ਤੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਕੋਲ 23 ਮੋਬਾਈਲ ਵੈਨਜ਼ ਹਨ। ਹਰੇਕ ਜ਼ਿਲ੍ਹੇ ਵਿੱਚ ਇੱਕ ਮੋਬਾਈਲ ਵੈਨ ਹੈ। ਉਹ ਸਭ ਕੁਝ ਅੰਡਰ ਯੂਟੀਲਾਈਜ਼ਡ ਹੈ। ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਹ ਲੈਬ ਮੌਕੇ ਤੇ ਜਾ ਕੇ ਦੁੱਧ, ਪਨੀਰ, ਮਸਾਲੇ, ਫੂਡ ਗ੍ਰੇਨਜ਼, ਬੀਵਰੇਜਜ਼ ਨੂੰ ਟੈਸਟ ਕਰਦੀ ਹੈ। ਇਹ ਇਕ ਐਜੂਕੇਸ਼ਨਲ ਕੰਪੇਨ ਹੈ। ਇਸ ਨਾਲ ਡੇਅਰੀ ਵਾਲਾ ਖੁਦ ਵੀ ਟੈਸਟ ਕਰਵਾ ਸਕਦਾ ਹੈ ਕਿਉਂਕਿ ਡੇਅਰੀ ਵਾਲਾ ਵੀ ਤਾਂ ਕਿਤੇ ਪਾਸਿਓਂ ਦੁੱਧ ਲੈ ਰਿਹਾ ਹੈ। ਜਿਹੜਾ ਵੀ ਤੁਸੀਂ ਖਾਣਾ ਖਾਂਦੇ ਹੋ ਉਹ ਟੈਸਟ ਕਰਵਾ ਸਕਦੇ ਹੋ। ਇਸ ਦੇ ਅਸੀਂ ਸਿਰਫ 50 ਰੁਪਏ ਦੀ ਚਾਰਜਿਜ਼ ਰੱਖੇ ਹਨ। ਇਹ ਚਾਰਜਿਜ਼ ਵੀ ਇਸ ਲਈ ਹੀ ਰੱਖੇ ਹਨ ਤਾਂ ਕਿ ਇਸ ਦਾ ਮਿਸ ਯੂਜ਼ ਨਾ ਹੋਵੇ। ਉਸ ਨੂੰ ਬੁਲਾ ਕੇ ਤੁਸੀਂ ਆਪਣੇ ਬਾਜ਼ਾਰਾਂ ਵਿੱਚ popularize ਕਰੋ। ਤੁਸੀਂ ਇੱਥੋਂ ਗੁਰਦਾਸਪੁਰ, ਕਾਦੀਆਂ, ਜਲਾਲਾਬਾਦ ਜਾ ਕੇ ਵੇਖੋ ਆਈ.ਵੀ.ਐਫ. ਦੇ ਬੋਰਡ ਵੀ ਲੱਗੇ ਹੋਏ ਹਨ ਕਿ ਗੋਡੇ ਬਦਲ ਲਓ, ਲੇਟੈਸਟ robotic ਸਰਜਰੀ। ਅੱਜ ਕੀ ਹੋ ਗਿਆ ਹੈ। ਇਨਸਾਨ ਤਾਂ ਅੱਜ ਵੀ ਉਹੀ ਹੈ ਜੋ 500 ਸਾਲ ਪਹਿਲਾਂ ਸੀ। ਪਹਿਲਾਂ ਸਾਰੇ ਪੁਰਜੇ ਚੱਲਦੇ ਸੀ। ਹੁਣ ਕਿਉਂ ਫੇਲ੍ਹ ਹੋਣ ਲੱਗ ਗਿਆ। ਹੁਣ ਬੱਚੇ ਪੈਦਾ ਕਿਉਂ ਨਹੀਂ ਹੁੰਦੇ। ਇਹ ਸਾਰੀ ਪ੍ਰਾਬਲਮ ਸਾਡੇ ਖਾਣੇ ਵਿੱਚ ਹੈ। ਅਹਾਰ ਅਤੇ ਵਿਹਾਰ ਨੂੰ ਠੀਕ ਕਰਨ ਵਾਸਤੇ ਇੱਕ ਉਪਰਾਲਾ ਕੀਤਾ ਗਿਆ ਹੈ। ਅੱਜ ਸਾਡੇ ਵਿੱਚ ਬਹੁਤ ਸਾਰੇ ਅਜਿਹੇ ਵਿਅਕਤੀ ਆ ਗਏ ਹਨ ਜਿਵੇਂ ਸਰਦਾਰ ਰਾਜਵੀਰ ਸਿੰਘ ਹੈ, ਭਗਤ ਪੂਰਨ ਸਿੰਘ ਜੀ ਦਾ ਆਰਗੈਨਿਕ ਫਾਰਮ ਬਿਆਸ ਦੇ ਨਾਲ ਹੈ। ਇੱਕ ਏਕੜ ਵਿੱਚੋਂ 14 ਲੱਖ ਰੁਪਏ ਦੀ ਹਲਦੀ ਕੱਢਦੇ ਹਾਂ। ਉਹ ਇੱਕ ਏਕੜ ਵਿੱਚ 8 ਫਸਲਾਂ ਬੀਜਦੇ ਹਨ। 2 ਕੈਨਾਲ ਵਿੱਚੋਂ 400 ਕੁਇੰਟਲ ਗੰਨਾ ਪੈਦਾ ਕਰਕੇ ਉਸ ਦਾ ਗੁੜ ਬਣਾਇਆ ਜਾਂਦਾ ਹੈ। ਜੇਕਰ ਤੁਸੀਂ ਉੱਥੇ ਜਾ ਕੇ ਦੇਖੋਗੇ ਤਾਂ ਉੱਥੇ ਜਾ ਕੇ ਸਾਰੇ ਕਿਸਮ ਦੇ ਕੀੜੇ, ਗੰਡੋਏ ਅਤੇ ਹੋਰ ਜਿੰਨੇ ਵੀ ਜ਼ਮੀਨ ਦੇ ਕੀੜੇ, ਪੰਛੀ ਜਿਸ ਨੂੰ ਅਸੀਂ ਕਹਿੰਦੇ ਹਾਂ

ਬਲਿਹਾਰੀ ਕੁਤਰਤਿ ਵਸਿਆ।।

ਤੇਰਾ ਅੰਤ ਨ ਜਾਈ ਲਖਿਆ।।

ਤੁਹਾਨੂੰ ਉੱਥੇ ਜਾ ਕੇ ਕੁਦਰਤ ਨਜ਼ਰ ਆਵੇਗੀ। ਉਹ ਸਿਹਤ ਭਰਪੂਰ ਖਾਣਾ ਪੈਦਾ ਕਰਦੇ ਹਨ। ਸਾਡੇ ਹੋਰ ਵੀ ਸ਼ਖਸੀਅਤਾਂ ਜਿਵੇਂ ਖੇਤੀ ਵਿਰਾਸਤ ਮਿਸ਼ਨ ਵਾਲੇ ਮਹਿੰਦਰ ਦੱਤ ਜੀ ਹੋਣ ਅਤੇ ਡਾਕਟਰ ਅਮਰ ਸਿੰਘ ਆਜ਼ਾਦ ਜੀ ਮੈਡੀਕਲ ਡਾਕਟਰ ਸੀ ਪਰ ਉਨ੍ਹਾਂ ਨੇ quantum healing ਵਾਸਤੇ ਆਪਣੀ ਲਾਈਫ ਡੈਡੀਕੇਟ ਕੀਤੀ। ਜਦੋਂ ਉਨ੍ਹਾਂ ਨੂੰ ਖੁਦ ਨੂੰ ਅਖੀਰ ਵਿੱਚ ਕੈਂਸਰ ਹੋ ਗਿਆ ਤਾਂ ਉਨ੍ਹਾਂ ਨੇ ਉਸ ਵੇਲੇ ਵੀ ਨੈਚੁਰਲ ਤਰੀਕੇ ਨਾਲ ਇਲਾਜ ਕੀਤਾ। ਕੀਮੋਥ੍ਰੈਪੀ ਤੋਂ ਦੋ-ਚਾਰ ਦਿਨ ਵੱਧ ਤੱਕ ਉਹ ਜਿਊਂਦੇ ਵੀ ਰਹੇ। ਅੱਜ ਸਾਡੇ 3000 ਕਿਸਾਨ ਆਰਗੈਨਿਕ ਫਾਰਮਿੰਗ ਕਰਦੇ ਹਨ ਅਤੇ ਉਹ ਕੈਮੀਕਲ ਫਾਰਮਿੰਗ ਕਰਨ ਵਾਲੇ ਕਿਸਾਨਾਂ ਨਾਲੋਂ ਜ਼ਿਆਦਾ ਸੁਖੀ, ਤੰਦਰੁਸਤ ਅਤੇ ਖੁਸ਼ਹਾਲ ਹਨ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਉਨ੍ਹਾਂ ਨੂੰ encourage ਕਰਨ ਦੀ ਬੇਨਤੀ ਕਰਦਾ ਹਾਂ। ਹਾਊਸ ਅੰਦਰ ਜੋ ਮਰਜ਼ੀ ਹੋਵੇ ਪਰ ਮੈਂ ਸਭ ਨੂੰ ਬੇਨਤੀ ਕਰਦਾ ਹਾਂ ਕਿ ਅੱਜ ਲੰਗਰ ਜ਼ਰੂਰ ਛਕਿਓ। ਅੱਜ ਕਿਸਾਨਾਂ ਨੇ ਆਪਣੇ ਸਟਾਲ ਲਗਾਏ ਹੋਏ ਹਨ। ਉਨ੍ਹਾਂ ਦਾ ਆਰਗੈਨਿਕ ਸਮਾਨ ਲੈ ਕੇ ਜਾਇਓ ਅਤੇ ਇੱਕ ਮਹੀਨਾ ਲਗਾਤਾਰ ਛਕਿਓ। ਪੰਜਾਬੀ ਤਾਂ ਡੰਬਲ ਸ਼ੇਪ ਹੁੰਦੇ ਸਨ ਅਤੇ ਹੁਣ ਉਹ ਪੋਟੈਟੋ ਸ਼ੇਪ ਹੁੰਦੇ ਜਾ ਰਹੇ ਹਨ। ਇਨ੍ਹਾਂ ਗੱਲਾਂ ਵੱਲ ਜ਼ਰੂਰ ਧਿਆਨ ਦਿੱਤਾ ਜਾਵੇ।

**1100/Gurpreet kaur/Abhishek gautam**

**1105/Rajneet Kaur**

ਨਿਊਟ੍ਰੀਸ਼ਨ ਗਾਈਡੈਂਸ ਵਾਸਤੇ ਪੀ.ਜੀ.ਆਈ. ਤੋਂ ਐਕਸਪਰਟ ਵੀ ਬੁਲਾਏ ਹਨ। ਆਗਰੈਨਿਕ ਫਾਰਮਿੰਗ ਵਾਲਿਆਂ ਦਾ ਮਾਣ ਵੀ ਕਰਨਾ ਹੈ ਅਤੇ ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਆਪਣੇ ਆਪਣੇ ਮਹਿਕਮਿਆਂ ਦੇ ਵਿੱਚ ਆਰਗੈਨਿਕ ਫੂਡ ਵਾਸਤੇ ਕੰਟੀਨ ਲਈ ਜਗ੍ਹਾ ਦੇ ਦਿਓ, ਚਾਹੇ ਸਸਤੀ ਦੇ ਦਿਓ, ਫਰੀ ਦੇ ਦਿਓ। ਮੈਂ ਆਪਣੇ ਹਸਪਤਾਲਾਂ ਦੇ ਵਿੱਚ ਆਰਗੈਨਿਕ ਕੰਟੀਨ ਸ਼ੁਰੂ ਕਰਨ ਜਾ ਰਿਹਾ ਹਾਂ because food is the basic medicine। ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਨਾਨਕਸ਼ਾਹੀ ਖੇਤੀ ਕਰਨ ਵਾਲਿਆਂ ਵੱਲੋਂ ਬਾਬੇ ਨਾਨਕ ਦਾ ਲੰਗਰ ਲਗਾਇਆ ਹੋਇਆ ਹੈ। ਉਸ ਵਿੱਚ ਮੈਂ ਸਾਰੇ ਅਫਸਰ ਸਾਹਿਬਾਨ ਨੂੰ, ਮੀਡੀਆ ਵਾਲਿਆਂ ਨੂੰ ਉਚੇਚੇ ਤੌਰ ਤੇ ਬੇਨਤੀ ਕਰਦਾ ਹਾਂ ਕਿ ਉਹ ਜ਼ਰੂਰ ਪਹੁੰਚਣ।

ਅਵਾਜ਼ਾਂ : ਕਿੱਥੇ ਹੋਏਗਾ ਜੀ?

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਇੱਥੇ ਹੋਵੇਗਾ ਜੀ, ਜਿੱਥੇ ਅੱਗੇ ਹੁੰਦਾ ਹੈ, ਵਿਧਾਨ ਸਭਾ ਦੇ ਵਿੱਚ ਹੀ ਹੋਵੇਗਾ। ਬਾਕੀ ਸਪੀਕਰ ਸਾਹਿਬ ਦੱਸ ਦੇਣਗੇ।

**ਮਾਣਯੋਗ ਸਪੀਕਰ**: ਇੱਥੇ ਵਿਧਾਨ ਸਭਾ ਵਿੱਚ ਹੀ ਹੈ ਜੀ। ਬਾਜਵਾ ਜੀ ਤੁਹਾਨੂੰ ਤਾਂ ਸਾਰੇ ਪੰਜਾਬ ਦਾ ਪਤਾ ਹੈ ਕਿ ਕਿੱਥੇ ਕਿੱਥੇ ਹੁੰਦਾ ਹੈ? (ਹਾਸਾ) ਮੇਰੇ ਕਹੇ ਤੋਂ ਤਾਂ ਆਏ ਨਹੀਂ, ਅੱਜ ਮੰਤਰੀ ਜੀ ਦੇ ਕਹਿਣ ਤੇ ਜ਼ਰੂਰ ਆ ਜਾਇਓ। ਹਾਂ ਜੀ, ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਅੱਜ ਇੱਕ ਬੜੇ ਹੀ ਪਾਜ਼ੇਟਿਵ ਨੋਟ ਤੇ...(ਵਿਘਨ)

**ਮਾਣਯੋਗ ਸਪੀਕਰ**: ਹਾਂ ਜੀ, ਬੀਬਾ ਜੀ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ(ਨਕੋਦਰ)**: ਮਾਣਯੋਗ ਸਪੀਕਰ ਸਾਹਿਬ, ਅੱਜ ਮੈਨੂੰ ਬਾਜਵਾ ਜੀ ਦੀ ਇੱਥੇ ਹਾਜ਼ਰੀ ਤੇ ਇਤਰਾਜ਼ ਹੈ, ਮੈਨੂੰ ਇਨ੍ਹਾਂ ਦੇ ਬੋਲਣ ਤੇ ਇਤਰਾਜ਼ ਹੈ। ਜਿਹੜੀ ਕੱਲ੍ਹ ਇਨ੍ਹਾਂ ਨੇ ਪਦਮਸ਼੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਦੇ ਖਿਲਾਫ ਨਿੰਦਣਯੋਗ ਭਾਸ਼ਾ ਵਰਤੀ ਹੈ, ਉਨ੍ਹਾਂ ਨੂੰ ਵਪਾਰੀ ਆਖਿਆ ਹੈ। ਉਸ ਸਬੰਧ ਵਿੱਚ ਜਾਂ ਤਾਂ ਇਹ ਸਦਨ ਤੋਂ ਮੁਆਫੀ ਮੰਗਣ ਜਾਂ ਫਿਰ ਇਹ ਸਾਬਤ ਕਰਨ ਕਿ ਇਨ੍ਹਾਂ ਨੇ ਉਹ ਸ਼ਬਦ ਕਿਵੇਂ ਬੋਲੇ ਸੀ। ਉਸ ਇਨਸਾਨ ਵਾਸਤੇ ਅਜਿਹੇ ਸ਼ਬਦ ਬੋਲੇ ਜਿਸਨੂੰ ਪਰਿਆਵਰਣ ਦਾ ਮਸੀਹਾ ਕਿਹਾ ਜਾਂਦਾ ਹੈ। ਕੱਲ੍ਹ ਸਾਡੇ ਐਨ.ਜੀ.ਟੀ. ਦੇ ਜੱਜ ਅਹਿਮਦ ਅਫਰਾਦ ਨੇ 2025 ਦੇ ਵਰਲਡ ਵਾਟਰ 'ਤੇ ਇਹ ਕਿਹਾ ਹੈ ਕਿ ਪੂਰੇ ਦੇਸ਼ ਵਿੱਚ ਸੀਚੇਵਾਲ ਮਾਡਲ ਲਾਗੂ ਹੋਣਾ ਚਾਹੀਦਾ ਹੈ। ਉਨ੍ਹਾਂ ਤੇ ਇਨ੍ਹਾਂ ਨੇ ਨਿੰਦਣਯੋਗ ਟਿੱਪਣੀ ਕੀਤੀ ਹੈ। ਇਸ ਕਰਕੇ ਇਨ੍ਹਾਂ ਨੂੰ ਇੱਥੇ ਬੋਲਣ ਦਾ ਕੋਈ ਹੱਕ ਨਹੀਂ ਬਣਦਾ। ਅਜਿਹੀ ਮਾਨਸਿਕਤਾ ਵਾਲੇ ਲੋਕਾਂ ਨੂੰ ਐਲ.ਓ.ਪੀ. ਬਣਾ ਕੇ ਰੱਖਿਆ ਹੈ, ਮੈਂ ਹਾਈ ਕਮਾਨ ਨੂੰ ਕਹਿੰਦੀ ਹਾਂ ਕਿ ਇਨ੍ਹਾਂ ਨੂੰ ਬਾਹਰ ਕੱਢੋ, ਕੋਈ ਫਰੈਸ਼ ਦਿਮਾਗ ਦਾ ਬੰਦਾ ਐਲ.ਓ.ਪੀ. ਬਣਾਓ। ਜਿਹੜਾ ਕੋਈ ਚੰਗੀ ਮਾਨਸਿਕਤਾ ਵਾਲਾ ਹੋਵੇ ਅਤੇ ਇੱਥੇ ਹੈਲਦੀ ਡਿਸਕਸ਼ਨ ਦੇ ਵਿੱਚ ਹਿੱਸਾ ਲਵੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੈਂ ਇਹ ਚਾਹੁੰਦੀ ਹਾਂ ਕਿ ਇੱਥੇ ਇੱਕ ਨਿੰਦਾ ਮਤਾ ਵੀ ਪਾਸ ਕੀਤਾ ਜਾਵੇ, ਜਿਹੜੀ ਇਨ੍ਹਾਂ ਨੇ ਭਾਸ਼ਾ ਵਰਤੀ ਹੈ, ਇਹ ਬਹੁਤ ਹੀ ਨਿੰਦਣਯੋਗ ਹੈ।

**ਮਾਣਯੋਗ ਸਪੀਕਰ** : ਆਪਾਂ ਹਾਜ਼ਰੀ ਤੇ ਇਤਰਾਜ਼ ਨਹੀਂ ਲਗਾ ਸਕਦੇ। ਆਪਾਂ ਨੂੰ ਗੱਲ ਤੇ ਇਤਰਾਜ਼ ਹੋ ਸਕਦਾ ਹੈ। ਹਾਂ ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਇਹ ਸੋਚ ਸਮਝ ਕੇ ਪ੍ਰੋਗਰਾਮ ਕਰਵਾਇਆ ਹੈ। (ਹਾਸਾ) ਮਤਲਬ ਤੁਸੀਂ ਇਹ ਚਾਹੁੰਦੇ ਹੋ ਕਿ ਇਸ ਅਸੈਂਬਲੀ ਦਾ ਮਾਹੌਲ ਵਿਗੜੇ।

**ਮਾਣਯੋਗ ਸਪੀਕਰ** : ਨਹੀਂ, ਨਹੀਂ, ਬਿਲਕੁਲ ਨਹੀਂ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: I stand by what I have said and she cannot intimidate me.

**ਮਾਣਯੋਗ ਸਪੀਕਰ** : ਤੁਸੀਂ ਇਨ੍ਹਾਂ ਨੂੰ ਜਵਾਬ ਦੇ ਸਕਦੇ ਹੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੈਨੂੰ ਇਨ੍ਹਾਂ ਦਾ ਜਵਾਬ ਦੇਣ ਦੀ ਕੋਈ ਲੋੜ ਨਹੀਂ। ਮੈਂ ਇੱਕੋ ਗੱਲ ਕਹਿਣਾ ਚਾਹੁੰਦਾ ਹਾਂ ਕਿ ਸਾਰਾ ਦੇਸ਼ ਇਹ ਚਾਹੁੰਦਾ ਹੈ ਵਿਸ਼ੇਸ਼ ਤੌਰ ਤੇ ਹਰ ਹਿੰਦੁਸਤਾਨੀ, ਹਰ ਯੰਗਸਟਰ ਤੇ ਸਾਰੇ ਪੰਜਾਬੀ ਚਾਹੁੰਦੇ ਹਨ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਅਨਪੈਰਲਲਡ ਕੁਰਬਾਨੀ ਹੈ, ਜਿਹੜੀ ਉਨ੍ਹਾਂ ਦੀ ਦੇਸ਼ ਦੀ ਆਜ਼ਾਦੀ ਦੇ ਵਿੱਚ ਸ਼ਹਾਦਤ ਹੈ, ਉਨ੍ਹਾਂ ਨੂੰ ਭਾਰਤ ਰਤਨ ਨਹੀਂ ਮਿਲ ਸਕਿਆ। ਇੱਕ ਸਾਡਾ ਭਾਈ ਸਰਦਾਰ ਭਗਵੰਤ ਸਿੰਘ ਘੱਗੋ ਪਿੰਡ ਦਾ ਹੈ। ਉਹ ਤੁਹਾਡੇ ਕੋਲ ਵੀ ਆਇਆ ਹੈ, ਉਸ ਦੀਆਂ ਫੋਟੋਆਂ ਤੁਹਾਡੇ ਨਾਲ ਵੀ ਹਨ, ਮੈਂ ਵੇਖੀਆਂ ਹਨ। ਤੁਹਾਡੀ ਸਾਰੀ ਲੀਡਰਸ਼ਿਪ ਨਾਲ ਵੀ ਹਨ। (ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀਮਤੀ ਇੰਦਰਜੀਤ ਕੌਰ ਮਾਨ ਵੱਲੋਂ ਵਿਘਨ) ਚੁੱਪ ਹੋ ਕੇ ਬਹਿ ਜਾ ਬੀਬਾ। ਤੇਰੇ ਕਹਿਣ ਤੇ ਮੈਂ ਮੁਆਫੀ ਮੰਗਣ ਲੱਗਿਆ ਹਾਂ? Whatever I have said I stand by that. He is a contractor and in now way he is a technical person. Speaker sir, are you or is she is running this House?

**ਮਾਣਯੋਗ ਸਪੀਕਰ** : ਬੀਬਾ ਜੀ, ਬੈਠੋ ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਜਿਹੜੀ ਸਾਰਿਆਂ ਨਾਲੋਂ ਵੱਡੀ ਗੱਲ ਹੈ, ਅਸੀਂ ਇੱਕ ਰੈਜ਼ੋਲਿਊਸ਼ਨ ਮੂਵ ਕਰਨਾ ਚਾਹੁੰਦਾ ਹਾਂ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ ਨੂੰ ਇਗਨੋਰ ਕਰਕੇ, ਜਿਹੜਾ ਤੁਸੀਂ ਵੀ ਕਹਿੰਦੇ ਹੋ ਕਿ ਤੁਹਾਡੇ ਦਿਲ ਦੇ ਨੇੜੇ ਹੈ। (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ।)

**ਮਾਣਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ, ਮਾਣਯੋਗ ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ। ਹਾਂ ਜੀ, ਮੰਤਰੀ ਸਾਹਿਬ। (ਵਿਘਨ...ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਉਚੇਰੀ ਸਿੱਖਿਆ ਮੰਤਰੀ, ਸਰਦਾਰ ਹਰਜੋਤ ਸਿੰਘ ਬੈਂਸ, ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ, ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਚੇਤਨ ਸਿੰਘ ਜੋੜਾਮਾਜਰਾ, ਪ੍ਰਿੰਸੀਪਲ ਬੁੱਧ ਰਾਮ, ਸ੍ਰੀ ਅਸ਼ੋਕ ਪਰਾਸ਼ਰ ਪੱਪੀ ਅਤੇ ਸ੍ਰੀਮਤੀ ਇੰਦਰਜੀਤ ਕੌਰ ਮਾਨ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨਾਲ ਬਹਿਸ ਕਰ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਮਾਣਯੋਗ ਸਪੀਕਰ ਸਾਹਿਬ, ਪੂਰੇ ਸੈਸ਼ਨ ਦੇ ਵਿੱਚ ਜਿਹੜੇ ਕੁਐਸਚਨ ਸੀ ਉਨ੍ਹਾਂ ਦੇ ਜਵਾਬ ਦਿੱਤੇ ਗਏ ਹਨ। ਜੋ ਮਾਣਯੋਗ ਮੈਂਬਰ ਸਾਹਿਬ ਵੱਲੋਂ ਮੁੱਦਾ ਚੁੱਕਿਆ ਗਿਆ ਹੈ as a Punjabi ਮੈਂ ਵੀ ਹਰਟ ਹਾਂ। ਮੇਰੀ ਰਿਲੀਜੀਅਸ ਸੈਂਟੀਮੈਂਟਸ ਹਰਟ ਹੈ। ਸਰ, ਸੰਤ ਬਲਬੀਰ ਸਿੰਘ ਸੀਚੇਵਾਲ ਦੇ ਜੀਵਨ ਬਾਰੇ ਦੇਖੋ ਕਿ 16 ਸਾਲ ਉਸ ਸ਼ਖਸ ਨੇ 160 ਕਿਲੋਮੀਟਰ ਲੰਬੀ ਕਾਲੀ ਵੇਈਂ ਨੂੰ ਸਾਫ ਕਰਨ ਤੇ ਲਗਾਏ ਹਨ।

**1105/Abhishek gautam/Rajneet Kaur**

**1110/Kuldeep kaur**

ਦੇਸ਼ ਦੇ ਸਭ ਤੋਂ ਨਾਮੀ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ ਦੋ ਵਾਰੀ ਉਨ੍ਹਾਂ ਕੋਲ ਵਿਜ਼ਟ ਕਰਨ ਆਏ ਸਨ। ਸੁਣ ਲਵੋ, ਬਾਜਵਾ ਸਾਹਿਬ। (ਵਿਘਨ, ਸ਼ੋਰ)

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਟਰੇਜ਼ਰੀ ਬੈਂਚਿਜ਼ ਦੇ ਕੁਝ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ** ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ**: ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ।

**ਉਚੇਰੀ ਸਿੱਖਿਆ ਮੰਤਰੀ**: ਡਾ. ਏ.ਪੀ.ਜੇ. ਅਬਦੁਲ ਕਲਾਮ ਉਨ੍ਹਾਂ ਕੋਲ ਦੋ ਵਾਰੀ ਵਿਜ਼ੀਟ ਕਰਨ ਆਏ ਸਨ। (ਸ਼ੋਰ) ਮਾਣਯੋਗ ਮਿਜ਼ਾਈਲ ਮੈਨ ਆਫ ਇੰਡੀਆ, ਅਬਦੁਲ ਕਲਾਮ ਜੀ ਆਖਦੇ ਹਨ ਕਿ ਸੀਚੇਵਾਲ ਮਾਡਲ is one of the nine great technical achievements of the country. (ਸ਼ੋਰ) ਸਰ, ਟਾਈਮਜ਼ ਮੈਗਜ਼ੀਨ, 2008 ਸੰਤ ਸੀਚੇਵਾਲ ਦਾ ਨਾਮ ਲੈਂਦੀ ਹੈ। (ਵਿਘਨ, ਸ਼ੋਰ) ਸੰਤ ਸੀਚੇਵਾਲ ਨੂੰ ਇਸ ਦੇਸ਼ ਦਾ ਸਭ ਤੋਂ ਵੱਡਾ ਐਵਾਰਡ ਪਦਮਸ੍ਰੀ ਅਵਾਰਡ ਦਿੱਤਾ ਗਿਆ ਹੈ। (ਵਿਘਨ, ਸ਼ੋਰ) ਸੰਤ ਸੀਚੇਵਾਲ ਜੀ ਕਿਸੇ ਪਾਰਟੀ ਦੇ ਨਹੀਂ ਹਨ, ਉਹ ਇਸ ਹਾਊਸ ਨੂੰ represent ਕਰਦੇ ਹਨ। ਉਹ ਐਮ.ਪੀ., ਰਾਜ ਸਭਾ ਇਸ ਹਾਊਸ ਨੂੰ represent ਕਰਦੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਉਹ ਆਮ ਆਦਮੀ ਪਾਰਟੀ ਦੇ ਨੁਮਾਇੰਦੇ ਨਹੀਂ ਹਨ, ਇਸ ਹਾਊਸ ਦੇ ਨੁਮਾਇੰਦੇ ਹਨ। ਮੈਂ ਜਾਣਨਾ ਚਾਹਾਂਗਾ ਇੱਥੇ ਐਮ.ਐਲ.ਏ. ਸ਼ਾਹਕੋਟ, ਲਾਡੀ ਜੀ ਵੀ ਬੈਠੇ ਹਨ ਕੀ ਇਹ ਵੀ ਉਨ੍ਹਾਂ ਦੀ ਗੱਲ ਨਾਲ ਸਹਿਮਤ ਹਨ? ਇਹ ਇਕੱਲੇ ਪ੍ਰਤਾਪ ਬਾਜਵਾ ਜੀ ਦਾ ਬਿਆਨ ਹੈ ਜਾਂ ਸਾਰੀ ਕਾਂਗਰਸ ਪਾਰਟੀ ਦਾ ਬਿਆਨ ਹੈ। (ਵਿਘਨ, ਸ਼ੋਰ) ਉਸ ਸਖਸ਼ ਨੇ ਪਿੰਡਾਂ ਵਿੱਚ ਵਾਤਾਵਰਨ ਲਈ ਕੰਮ ਕੀਤਾ ਹੈ। (ਵਿਘਨ, ਸ਼ੋਰ) ਸਰ, ਇਸ ਤੇ ਨਿੰਦਾ ਪ੍ਰਸਤਾਵ ਵੀ ਹੋਣਾ ਚਾਹੀਦਾ ਹੈ। ਸਰ, ਬਾਬੇ ਨਾਨਕ ਦੇ ਦਰਸਾਏ ਹੋਏ ਰਸਤੇ ਤੇ ਇਕ ਹੀ ਸੰਤ ਚੱਲ ਰਿਹਾ ਹੈ ਅਤੇ ਅਸੀਂ ਉਸ ਦੀ ਵੀ ਹਾਊਸ ਵਿੱਚ ਇੱਜ਼ਤ ਨਹੀਂ ਕੀਤੀ। ਸਰ, ਜਿਸ ਨੂੰ ਦੇਸ਼ ਪਦਮਸ੍ਰੀ ਐਵਾਰਡ ਦਿੰਦਾ ਹੈ, ਜਿਸ ਨੂੰ ਦੇਸ਼ ਦੇ ਰਾਸ਼ਟਰਪਤੀ, ਡਾ. ਏ.ਪੀ.ਜੇ. ਅਬਦੁਲ ਕਲਾਮ ਕਹਿੰਦੇ ਹਨ ਕਿ ਸੰਤ ਸੀਚੇਵਾਲ ਜੀ ਵਰਗਾ ਸੰਤ ਹੋਣਾ ਚਾਹੀਦਾ ਹੈ। (ਵਿਘਨ, ਸ਼ੋਰ) ਸਰ, ਇਹ ਹਾਊਸ ਨਿੰਦਾ ਪ੍ਰਸਤਾਵ ਪੇਸ਼ ਕਰੇ। ਇੱਕ ਮਹਾਨ ਸਖਸ਼ ਦੀ ਨਿੰਦਿਆ ਕੀਤੀ ਗਈ ਹੈ। ਕੀ ਇਹ ਸਾਰੀ ਕਾਂਗਰਸ ਪਾਰਟੀ ਦਾ ਬਿਆਨ ਹੈ ਜਾਂ ਇਕੱਲੇ ਪ੍ਰਤਾਪ ਬਾਜਵਾ ਦਾ ਬਿਆਨ ਹੈ? (ਵਿਘਨ, ਸ਼ੋਰ)

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਟਰੇਜ਼ਰੀ ਬੈਂਚਿਜ਼ ਦੇ ਕੁਝ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

---------

## OBSERVATION BY THE HON'BLE SPEAKER

**ਮਾਣਯੋਗ ਸਪੀਕਰ**: ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੀ ਆਪਣੀ ਜਗ੍ਹਾ ਤੇ ਬੈਠਣ। ਜਿੱਥੋਂ ਤੱਕ ਸ਼ਹੀਦ ਭਗਤ ਸਿੰਘ ਦੇ ਸਨਮਾਨ ਦੀ ਗੱਲ ਹੈ, ਉਨ੍ਹਾਂ ਦਾ ਸਨਮਾਨ ਸਾਰੇ ਸਨਮਾਨਾਂ ਤੋਂ ਉੱਪਰ ਹੈ।

ਉਨ੍ਹਾਂ ਦਾ ਸਨਮਾਨ ਹੈ ਅਤੇ ਉਹ ਹਮੇਸ਼ਾ ਰਹੇਗਾ। ਸ੍ਰੀ ਅਮਨ ਅਰੋੜਾ ਜੀ, ਤੁਸੀਂ ਬੋਲੋ। (ਵਿਘਨ, ਸ਼ੋਰ) ਅਮਨ ਅਰੋੜਾ ਜੀ।

---------

**MATTERS RAISED DURING ZERO HOUR (RESUMPTION)**

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਟਰੇਜ਼ਰੀ ਬੈਂਚਿਜ਼ ਦੇ ਕੁਝ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ** ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ**: ਜੋ ਕੁਝ ਵੀ ਚੇਅਰ ਦੀ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ। ਜੀ, ਅਮਨ ਜੀ। (ਵਿਘਨ, ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਅਸੀਂ ਭਾਰਤ ਰਤਨ ਦੇਣ ਦੀ ਗੱਲ ਕਰ ਰਹੇ ਹਾਂ। ਇੱਕ unanimous resolution move ਕਰਵਾ ਰਹੇ ਹਾਂ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ**: ਅਮਨ ਜੀ ਖੜ੍ਹੇ ਹਨ। ਬੈਠੋ ਜੀ। (ਵਿਘਨ, ਸ਼ੋਰ) ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀ ਆਪਣੀ ਜਗ੍ਹਾ ਤੇ ਬੈਠ ਜਾਣ। ਚੇਅਰ ਨੂੰ ਐਡਰੈਸ ਕੀਤਾ ਜਾਵੇ।

(ਇਸ ਸਮੇਂ ਵੀ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਟਰੇਜ਼ਰੀ ਬੈਂਚਿਜ਼ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ, ਜਿਸ ਕਾਰਨ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

---------

**OBSERVATION BY THE HON'BLE SPEAKER**

**ਮਾਣਯੋਗ ਸਪੀਕਰ**: ਇੱਕ ਮਿੰਟ ਬਾਜਵਾ ਜੀ, ਮੈਂ ਤੁਹਾਡੀ ਗੱਲ ਦਾ ਜਵਾਬ ਦਿੰਦਾ ਹਾਂ। ਇੱਕ ਮਿੰਟ ਬੈਠੋ। ਮੈਂ ਤੁਹਾਡੀ ਗੱਲ ਦਾ ਜਵਾਬ ਦਿੰਦਾ ਹਾਂ। ਅਮਨ ਜੀ, ਤੁਸੀਂ ਵੀ ਬੈਠੋ। ਸਾਰੇ ਸਾਥੀ ਬੈਠਣਗੇ। ਬਾਜਵਾ ਜੀ ਬੈਠੋ, ਮੈਂ ਤੁਹਾਡੀ ਗੱਲ ਦਾ ਜਵਾਬ ਦਿੰਦਾ ਹਾਂ। ਦੇਖੋ, ਜਿੱਥੋਂ ਤੱਕ ਸਾਡੇ ਸ਼ਹੀਦਾਂ ਦੇ ਸਨਮਾਨ ਦੀ ਗੱਲ ਹੈ, ਇਸ ਤੋਂ ਉੱਪਰ ਕੋਈ ਗੱਲ ਨਹੀਂ ਹੈ। ਸਾਡੇ ਸ਼ਹੀਦ ਸਾਡੇ ਲਈ ਸਨਮਾਨਜਨਕ ਹਨ, ਸਾਡੇ ਰਾਹ ਦਸੇਰੇ ਹਨ ਅਤੇ ਸਾਡੇ ਪ੍ਰੇਰਨਾ ਸਰੋਤ ਹਨ। ਲੇਕਿਨ ਜਿਹੜੀ ਵਿਧਾਨ ਸਭਾ ਦੀ ਕਾਰਵਾਈ ਹੈ, ਉਹ ਕਿਸੇ ਰੂਲ ਰੈਗੂਲੇਸ਼ਨ ਨਾਲ ਚਲਦੀ ਹੈ। ਤੁਹਾਨੂੰ ਤਾਂ ਸਗੋਂ ਮੈਨੂੰ ਦੱਸਣਾ ਚਾਹੀਦਾ ਹੈ, ਤੁਹਾਡਾ ਤਜ਼ਰਬਾ ਬਹੁਤ ਜ਼ਿਆਦਾ ਹੈ। ਦੇਖੋ, ਆਹ (ਰੂਲਾਂ ਦੀ ਕਿਤਾਬ ਦਿਖਾਉਂਦੇ ਹੋਏ) ਹੈ, (ਵਿਘਨ, ਸ਼ੋਰ)

---------

**MATTERS RAISED DURING ZERO HOUR (RESUMPTION)**

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਤੁਸੀਂ ਸੋਚ ਸਮਝ ਕੇ ਇਹ ਕੀਤਾ। You knew ਕਿ ਮੈਂ ਭਾਰਤ ਰਤਨ ਦਾ ਰੈਜ਼ੋਲਿਊਸ਼ਨ ਲੈ ਕੇ ਆਵਾਂਗਾ, ਤੁਸੀਂ ਜਾਣ ਬੁਝ ਕੇ ਮੈਂਬਰ ਨੂੰ ਖੜ੍ਹਾ ਕੀਤਾ ਹੈ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ**: ਨਹੀਂ, no. ਨਹੀਂ ਐਸਾ ਕੁਝ ਨਹੀਂ ਹੈ। I never knew. I never knew. (ਵਿਘਨ, ਸ਼ੋਰ) ਬਾਜਵਾ ਜੀ, ਤੁਸੀਂ ਹੁਣ ਗੱਲ ਸੁਣ ਲਵੋ। ਬਾਜਵਾ ਜੀ, ਪਲੀਜ਼ ਹੁਣ ਗੱਲ ਸੁਣ ਲਵੋ। ਤੁਸੀਂ ਬੈਠੋ, ਬੀਬਾ ਜੀ, ਤੁਸੀਂ ਵੀ ਬੈਠੋ। (ਵਿਘਨ, ਸ਼ੋਰ)

**1110/Kuldeep kaur/BS khokhar**

**1115/Pawan sharma**

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬਿਨਾਂ ਮਾਈਕ ਆਨ ਤੋਂ)**: ਤੁਸੀਂ ਸੋਚ ਸਮਝ ਕੇ, you know, ਮੈਂ ਭਾਰਤ ਰਤਨਾ ਦਾ resolution ਲੈ ਕੇ ਆਵਾਂਗਾ। (ਵਿਘਨ.....ਸ਼ੋਰ)

**ਮਾਣਯੋਗ ਸਪੀਕਰ**: I never knew, ਹੁਣ ਗੱਲ ਸੁਣ ਲਓ। ਬਾਜਵਾ ਜੀ, ਪਲੀਜ਼ ਗੱਲ ਸੁਣ ਲਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਹ ਸੀਚੇਵਾਲ ਦਾ ਮਸਲਾ ਬਾਅਦ ਵਿੱਚ ਦੇਖਾਂਗੇ। I will stand by what I said.

**ਮਾਣਯੋਗ ਸਪੀਕਰ**: ਠੀਕ ਹੈ, ਹੁਣ ਤੁਸੀਂ ਬੈਠੋ। ਤੁਹਾਡੇ resolution ਬਾਰੇ ਸੁਣ ਲਓ। ਇਹ ਮਤਾ ਹੈ। ਮਤੇ ਦੇ ਬਾਰੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਭਾਗ 18 ਵਿੱਚ ਦਰਜ ਹੈ, ਜਿਹੜੀ ਕਿਤਾਬ ਦੇ ਹਿਸਾਬ ਨਾਲ ਅਸੀਂ ਵਿਧਾਨ ਸਭਾ ਨੂੰ ਚਲਾਉਂਦੇ ਹਾਂ, ਉਸ ਵਿੱਚ ਪੇਜ ਨੰ: 89 ਵਿੱਚ ਇਹ ਲਿਖਿਆ ਹੈ ਕਿ ਮੰਤਰੀ ਤੋਂ ਇਲਾਵਾ ਕੋਈ ਹੋਰ ਮੈਂਬਰ ਜੋ ਮਤਾ ਪੇਸ਼ ਕਰਨਾ ਚਾਹੇ, ਆਪਣੇ ਇਸ ਇਰਾਦੇ ਬਾਰੇ ਘੱਟੋ ਘੱਟ ਪੂਰੇ ਪੰਦਰਾਂ ਦਿਨਾਂ ਦਾ ਨੋਟਿਸ ਦੇਵੇਗਾ ਅਤੇ ਨੋਟਿਸ ਦੇ ਨਾਲ ਉਸ ਮਤੇ ਦੀ ਇਬਾਰਤ ਜੋ ਉਹ ਪੇਸ਼ ਕਰਨਾ ਚਾਹੁੰਦੇ ਹੈ, ਭੇਜੇਗਾ। ਐਪਰ ਇਹ ਕਿ ਸਪੀਕਰ ਉਸ ਮੰਤਰੀ ਦੀ ਸਹਿਮਤੀ ਨਾਲ ਜਿਸ ਦੇ ਵਿਭਾਗ ਨਾਲ ਮਤੇ ਦਾ ਸਬੰਧ ਹੈ, ਮਤੇ ਨੂੰ ਪੰਦਰਾਂ ਦਿਨਾਂ ਤੋਂ ਘੱਟ ਸਮੇਂ ਦੇ ਨੋਟਿਸ ਨਾਲ ਵੀ ਕਾਰਜ ਸੂਚੀ ਵਿੱਚ ਸ਼ਾਮਲ ਕਰ ਸਕਦਾ ਹੈ। ਸਰ ਪਹਿਲਾਂ ਨੋਟਿਸ ਦੇਣਾ ਹੁੰਦਾ ਹੈ। ਥੈਂਕ ਯੂ। ਅੱਗੇ ਚਲੋ ਜੀ। ਹਾਂ ਜੀ ਅਮਨ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਸ ਦਾ ਮਤਲਬ ਕਿ ਤੁਹਾਨੂੰ ਨੋਟਿਸ ਭੇਜਣਾ ਪਵੇਗਾ?

**ਮਾਣਯੋਗ ਸਪੀਕਰ**: ਰੂਲਜ਼ ਅਤੇ ਰੈਗੂਲੇਸ਼ਨਜ਼ ਤਾਂ ਫਾਲੋ ਕਰਨੇ ਪੈਣਗੇ। This country runs by the rules. This Vidhan Sabha also runs by the Rules.

**Sardar Partap Singh Bajwa**: **

**ਮਾਣਯੋਗ ਸਪੀਕਰ**: No, No. There is nothing like this. Nobody should cast aspersions against the chair.

**ਸਰਦਾਰ ਪ੍ਰਤਾਪ ਸਿੰਘ ਬਾਜਵਾ**: **

**ਮਾਣਯੋਗ ਸਪੀਕਰ**: Let the minister speak.

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ)**: ਮੈਂ ਬਾਜਵਾ ਸਾਹਿਬ ਦੀਆਂ ਭਾਵਨਾਵਾਂ ਦੀ ਕਦਰ ਕਰਦਾ ਹਾਂ। ਪਰ ਸਵਾਲ ਇਹ ਹੈ ਕਿ ਇਹ ਜਿਹੜਾ ਇਸ਼ੂ ਹੈ, ਇਹ ਜਿਹੜੀ ਸ਼ਹੀਦ ਭਗਤ ਸਿੰਘ ਜੀ ਨੂੰ ਭਾਰਤ ਰਤਨ ਦੇਣ ਦੀ ਗੱਲ ਕਰ ਰਹੇ ਹਨ.....

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸ਼ਹੀਦ-ਏ-ਆਜ਼ਮ ਭਗਤ ਸਿੰਘ ਬਾਰੇ unanimous resolution ਲੈ ਕੇ ਆਓ। ਤੁਸੀਂ ਫੋਟੋਆਂ ਤਾਂ ਉਨ੍ਹਾਂ ਦੀਆਂ ਲਾਈਆਂ ਹੋਈਆਂ ਹਨ। (ਵਿਘਨ, ਸ਼ੋਰ)

(ਇਸ ਸਮੇਂ ਸ੍ਰੀ ਸੰਦੀਪ ਜਾਖੜ ਅਤੇ ਸਰਦਾਰ ਵਿਕਰਮਜੀਤ ਸਿੰਘ ਚੌਧਰੀ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਨੂੰ ਭਾਰਤ ਰਤਨ ਦਾ ਦਰਜਾ ਦਿਵਾਉਣ ਸਬੰਧੀ ਮਤੇ ਨੂੰ ਸਦਨ ਵਿੱਚ ਪੇਸ਼ ਨਾ ਕਰਨ ਦੇਣ ਦੇ ਮੁੱਦੇ ਤੇ ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਬਾਜਵਾ ਸਾਹਿਬ, ਸੁਣ ਤਾਂ ਜਾਓ। (ਵਿਘਨ...ਸ਼ੋਰ)

**ਐਨ.ਆਰ.ਆਈ ਮਾਮਲੇ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ)**: ਰਾਣਾ ਜੀ, ਤੁਸੀਂ ਸਿਆਣੇ ਬੰਦੇ ਹੋ।

---------

## WALK OUT

ਇਸ ਸਮੇਂ ਸ੍ਰੀ ਸੰਦੀਪ ਜਾਖੜ ਅਤੇ ਸਰਦਾਰ ਵਿਕਰਮਜੀਤ ਸਿੰਘ ਚੌਧਰੀ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਸ਼ਹੀਦ-ਏ-ਆਜ਼ਮ, ਸਰਦਾਰ ਭਗਤ ਸਿੰਘ ਨੂੰ ਭਾਰਤ ਰਤਨ ਦਾ ਦਰਜਾ ਦਿਵਾਉਣ ਸਬੰਧੀ ਮਤੇ ਨੂੰ ਸਦਨ ਵਿੱਚ ਪੇਸ਼ ਨਾ ਕਰਨ ਦੇਣ ਦੇ ਮੁੱਦੇ ਤੇ ** ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।

---

** Expunged as ordered by the Hon'ble Speaker

---------

## MATTERS RAISED DURING ZERO HOUR (RESUMPTION)

**ਮਾਣਯੋਗ ਸਪੀਕਰ**: ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਮੰਤਰੀ ਜੀ ਬੋਲ ਰਹੇ ਹਨ, ਇਨ੍ਹਾਂ ਨੂੰ ਅਸੀਂ ਸੁਣ ਲਈਏ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ)**: ਸਪੀਕਰ ਸਰ, ਵੈਸੇ Very sorry state of affairs ਕਿ 5-7 ਮਿੰਟ ਪਹਿਲਾਂ ਬਾਜਵਾ ਸਾਹਿਬ ਆਏ। This is very painful ਅਤੇ ਇਹ ਗੱਲ ਮਨ ਨੂੰ ਪੀੜਾ ਦਿੰਦੀ ਹੈ ਕਿ ਇੱਕ ਮੈਂਬਰ ਸਾਹਿਬਾਨ, ਬੜੇ respected ਹਨ ਅਤੇ ਲੀਡਰ ਆਫ ਆਪੋਜੀਸ਼ਨ ਹਨ, ਸਾਰਾ question hour miss ਕਰ ਦਿੱਤਾ। 5-7 ਮਿੰਟ ਪਹਿਲਾਂ ਆਏ, ਆਪ ਦੀ ਡਫਲੀ ਵਜਾਈ, ਸੁਣੀ ਕਿਸੇ ਦੀ ਹੈ ਨਹੀਂ, ਰੌਲਾ ਪਾ ਕੇ ਬਾਹਰ ਗਏ। ਸਰ, ਇਹ ਇਨ੍ਹਾਂ ਦਾ ਕੀ ਸਿਸਟਮ ਹੈ? ਸਰ, ਇਹ ਕੰਮ ਸਮਝ ਤੋਂ ਬਾਹਰ ਹੈ। ਹੁਣ ਜਿਹੜੀ ਇਹ ਸ਼ਹੀਦ ਭਗਤ ਸਿੰਘ ਜੀ ਨੂੰ ਪਦਮਸ੍ਰੀ ਦੇਣ ਦੀ ਗੱਲ ਕਰ ਰਹੇ ਹਨ, ਤੁਸੀਂ ਸਪੈਸ਼ਲ ਇਸ ਦੇ ਉੱਤੇ ਹੀ ਡਿਬੇਟ ਰੱਖ ਲਓ। ਅਸੀਂ ਵੀ ਜਦੋਂ 05 ਸਾਲ ਆਪੋਜੀਸ਼ਨ ਵਿੱਚ ਸੀ, ਕਿੰਨੀ ਵਾਰੀ ਅਸੀਂ ਡਿਮਾਂਡ ਕਰ ਚੁੱਕੇ ਹਨ। 4 ਦਿਨ ਪਹਿਲਾਂ ਜਿਹੜੇ ਰਾਜ ਸਭਾ ਐਮ.ਪੀ. ਰਾਘਵ ਚੱਢਾ ਜੀ ਹਨ, ਉਨ੍ਹਾਂ ਨੇ ਵੀ ਡਿਮਾਂਡ ਕੀਤੀ ਹੈ। ਕਿੰਨੀ ਵਾਰੀ ਇਹ ਡਿਸਕਸ਼ਨ ਹੋ ਚੁੱਕੀ ਹੈ। ਵੱਡਾ ਸਵਾਲ ਇਹ ਹੈ ਕਿ ਪਿਛਲੇ 75 ਸਾਲਾਂ ਵਿੱਚ, ਇਹ ਜਿਹੜੀ ਅੱਜ ਗੱਲ ਕਰ ਰਹੇ ਹਨ, ਇਹ ਇੱਧਰ ਵੀ ਬੈਠ ਚੁੱਕੇ ਹਨ, ਉੱਧਰ ਵੀ ਬੈਠ ਚੁੱਕੇ ਹਨ, ਰਾਜ ਸਭਾ ਵਿੱਚ ਵੀ ਬੈਠ ਚੁੱਕੇ ਹਨ, ਲੋਕ ਸਭਾ ਵਿੱਚ ਵੀ ਬੈਠ ਚੁੱਕੇ ਹਨ।

**1115/Pawan sharma/BS khokhar**

**1120/Beant kaur**

ਸਰਕਾਰਾਂ ਇਨ੍ਹਾਂ ਦੀਆਂ ਇੱਥੇ ਵੀ ਸੀ ਅਤੇ ਉਸੇ ਵੇਲੇ simultaneously ਸੈਂਟਰ ਵਿੱਚ ਵੀ ਕਾਂਗਰਸ ਪਾਰਟੀ ਦੀਆਂ ਸਨ ਪਰ ਇਨ੍ਹਾਂ ਨੇ ਅਜਿਹਾ ਨਹੀਂ ਕੀਤਾ ਅਤੇ ਅੱਜ ਆਪਣੀ ਡਫਲੀ ਵਜਾ ਕੇ, ਰੌਲਾ ਪਾ ਕੇ ਚਲੇ ਗਏ। ਮੇਰੀ ਇਕ ਰਿਕੁਐਸਟ ਹੈ ਕਿ let us expose them ਕਿ ਕਿੰਨੀ ਵਾਰੀ ਇਹ ਇਸ਼ੂ ਰੇਜ਼ ਹੋ ਚੁੱਕਿਆ ਹੈ। ਸਟੇਟ ਗੌਰਮਿੰਟ ਦੀ ਇਕ ਲਿਮਟ ਹੈ, it has to be conferred by Central Government. ਅਤੇ ਸੈਂਟਰ ਵਿੱਚ 70 ਵਿਚੋਂ 50 ਸਾਲ ਇਨ੍ਹਾਂ ਦੀ ਸਰਕਾਰ ਰਹੀ ਹੈ ਪਰ ਇਨ੍ਹਾਂ ਨੇ ਅਜਿਹਾ ਨਹੀਂ ਕੀਤਾ। ਸੋ, ਮੇਰੇ ਕਹਿਣ ਦਾ ਮਤਲਬ ਹੈ ਕਿ ਇਨ੍ਹਾਂ ਨੂੰ ਬੁਲਾ ਕੇ ਕਲਾਸ ਲਗਾਓ, ਇਨ੍ਹਾਂ ਨੂੰ ਥੋੜ੍ਹਾ ਜਿਹਾ ਸਮਝਾਓ। ਰਹੀ ਗੱਲ ਸੀਚੇਵਾਲ ਸਾਹਿਬ ਦੀ, ਇਹ ਹੁਣ ਉੱਠ ਕੇ ਚਲੇ ਗਏ ਹਨ। ਮੈਂ ਕਲ੍ਹ ਨਹੀਂ ਬੋਲਿਆ, ਮੈਂ ਕਹਿਣਾ ਚਾਹੁੰਦਾ ਸੀ ਪਰ ਇਹ ਬਾਅਦ ਵਿੱਚ ਸੁਣ ਲੈਣ ਕਿ ਇਸ ਪਰਟੀਕੁਲਰ ਮਾਡਲ ਬਾਰੇ ਨਾ ਤਾਂ ਐਕਸਪਰਟ ਇੰਜੀਨੀਅਰ ਤੁਸੀਂ ਹੋ, ਨਾ ਬਾਜਵਾ ਸਾਹਿਬ ਹਨ, ਨਾ ਮੈਂ ਹਾਂ ਅਤੇ ਨਾ ਸਾਡੇ ਭੈਣ ਜੀ ਹਨ ਪਰ ਸਵਾਲ ਇਹ ਹੈ ਕਿ ਇਕ ਮਾਡਲ ਜਿਹੜਾ ਪਬਲੀਕਲੀ ਐਕਸੈਪਟਿਡ ਹੈ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਸਿਰਫ ਉਸ ਨਾਮ ਦਾ ਓਵਰ ਰੀਐਕਸ਼ਨ ਸੀ, ਸੀਚੇਵਾਲ, ਉਹ ਸਾਡੇ ਰਾਜ ਸਭਾ ਦੇ ਮੈਂਬਰ ਹਨ।

Nothing more than that. ਤੁਸੀਂ ਇਸੇ ਕਾਂਗਰਸ ਗੌਰਮਿੰਟ ਵਿੱਚ ਤ੍ਰਿਪਤ ਰਜਿੰਦਰ ਬਾਜਵਾ ਜੀ ਨੂੰ ਪੁੱਛ ਲਓ, ਇਨ੍ਹਾਂ ਦੇ ਟਾਈਮ ਸ਼ੁਰੂ ਹੋਇਆ ਸੀ। ਲਾਡੀ ਜੀ ਨੂੰ ਪੁੱਛ ਲਓ, ਉਨ੍ਹਾਂ ਦੇ ਚੱਲ ਰਿਹਾ ਹਾਂ। ਸਿਰਫ ਨਾਮ ਦੇ ਓਵਰ ਰੀਐਕਸ਼ਨ ਕਰਕੇ ਕਿ ਸੀਚੇਵਾਲ ਮਾਡਲ ਕੀ ਹੈ, ਮੈਂ ਕਹਿੰਦਾ ਹਾਂ ਕਿ ਸੀਚੇਵਾਲ ਮਾਡਲ ਵੀ ਛੱਡ ਦਿਓ, ਥਾਪਰ ਮਾਡਲ ਵੀ ਛੱਡ ਦਿਓ, PEC ਮਾਡਲ ਵੀ ਛੱਡ ਦਿਓ, ਇਸ ਦਾ ਨਾਂ ਬਾਜਵਾ ਮਾਡਲ ਰੱਖ ਦਿਓ ਪਰ ਸਵਾਲ ਇਹ ਹੈ ਕਿ ਟੈਕਨੀਕਲੀ ਇਹ ਤਾਂ ਦੱਸ ਦਿਓ ਕਿ ਇਸ ਵਿੱਚ ਫਾਲਟ ਕੀ ਹੈ? ਜੇਕਰ ਇਹ ਟੈਕਨੀਕੈਲਿਟੀ ਬਾਰੇ ਬੋਲਦੇ, ਇੰਜੀਨੀਅਰਿੰਗ ਪੁਆਇੰਟ ਆਫ ਵਿਊ ਤੋਂ ਬੋਲਦੇ ਤਾਂ ਮੈਂ ਸਮਝ ਲੈਂਦਾ ਪਰ ਇਹ ਕਹਿਣਾ ਕੀ ਸੀਚੇਵਾਲ ਮਾਡਲ ਨਾਂ ਕਿਉਂ ਹੈ? This is absurd, this is ridiculous. It is just because of the name. You overreact over a matter. ਮੇਰੀ ਤੁਹਾਨੂੰ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਤੁਹਾਡਾ ਤਾਂ ਵੇਸਟ ਹੁੰਦਾ ਹੈ, ਸਾਡਾ ਸਾਰਿਆਂ ਦਾ ਹੁੰਦਾ ਹੈ, ਪੰਜਾਬ ਦਾ ਹੁੰਦਾ ਹੈ। ਇਨ੍ਹਾਂ ਨੂੰ ਬੁਲਾ ਕੇ ਕਲਾਸ ਲਗਾਓ ਕਿ ਇੰਨੇ ਸੀਨੀਅਰ, ਸੀਜ਼ਨਡ, ਪੁਲੀਟੀਕਲੀ ਮੈਚਿਓਰ ਲੀਡਰ ਹਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਮਨਪ੍ਰੀਤ ਸਿੰਘ ਇਆਲੀ ਬੋਲਣ ਲਈ ਸਮਾਂ ਦੇਣ ਦੀ ਮੰਗ ਕਰ ਰਹੇ ਸਨ।)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ :** ਹਾਂ ਜੀ, ਪਲੀਜ਼ ਬੋਲੋ, ਮੈਂ ਕਹਿੰਦਾ ਹਾਂ ਕਿ ਆਪਾਂ ਸਾਰਿਆਂ ਦਾ ਬੋਲਣ ਦਾ ਹੱਕ ਹੈ but this was over reacting for no reason, yesterday it was also over reaction ਕਿ ਸੀਚੇਵਾਲ ਮਾਡਲ ਕਿਉਂ? ਮੈਂ ਐਗਰੀ ਕਰਦਾ ਅਤੇ ਖੜ੍ਹ ਕੇ ਸਪੋਰਟ ਕਰਦਾ ਪਰ ਜੇ ਤੁਸੀਂ ਇੰਜੀਨੀਅਰਿੰਗ ਪੁਆਇੰਟ ਆਫ ਵਿਊ ਤੋਂ, ਟੈਕਨੀਕਲ ਪੁਆਇੰਟ ਆਫ ਵਿਊ ਤੋਂ ਉਸ ਵਿੱਚ ਡਿਫੈਕਟ ਕੱਢੋ।

(ਇਸ ਸਮੇਂ ਸ੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਮਨਪ੍ਰੀਤ ਸਿੰਘ ਇਆਲੀ ਬੋਲਣ ਲਈ ਸਮਾਂ ਦੇਣ ਦੀ ਮੰਗ ਕਰ ਰਹੇ ਸਨ।)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ :** ਹਾਂ ਜੀ, ਪਲੀਜ਼ ਦੱਸੋ। ਅਸੀਂ ਇਸ ਤੇ ਡਿਬੇਟ ਕਰਾਂਗੇ। ਸੋ, ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਬੁਲਾ ਕੇ ਇਨ੍ਹਾਂ ਦੀ ਥੋੜ੍ਹੀ ਜਿਹੀ ਕਲਾਸ ਜ਼ਰੂਰ ਲਗਾਓ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਪ੍ਰਿੰਸੀਪਲ ਬੁੱਧ ਰਾਮ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਣਯੋਗ ਸਪੀਕਰ** : ਇਆਲੀ ਸਾਹਿਬ ਖੜ੍ਹੇ ਹੋ ਗਏ ਹਨ। ਹਾਂ ਜੀ, ਇਆਲੀ ਸਾਹਿਬ ਤੁਸੀਂ ਬੋਲੋ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਸਪੀਕਰ ਸਾਹਿਬ, ਇਹ ਜਿਹੜਾ ਆਪਾਂ ਮਾਡਲ ਦੀ ਗੱਲ ਕਰ ਰਹੇ ਹਾਂ, ਸਾਲ 2008 ਵਿੱਚ ਜਦੋਂ ਮੈਂ ਲੁਧਿਆਣਾ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ ਸੀ, ਉਸ ਸਮੇਂ ਮੁਹੰਮਦ ਇਸ਼ਫਾਕ ਸਾਡੇ ਨਾਲ ਕੰਮ ਕਰਦੇ ਸੀ, ਜਿਹੜੇ ਬਾਅਦ ਵਿੱਚ ਆਈਏਐਸ ਬਣੇ ਹਨ ਅਤੇ ਸੈਕਟਰੀ, ਵਾਟਰ ਸਪਲਾਈ ਐਂਡ ਸੀਵਰੇਜ਼ ਡਿਪਾਰਟਮੈਂਟ ਵਜੋਂ ਰਿਟਾਇਰ ਹੋਏ ਹਨ, ਇਹ ਡੀਸੀ ਗੁਰਦਾਸਪੁਰ ਵੀ ਰਹੇ ਹਨ। ਉਸ ਸਮੇਂ ਉਹ ਵਾਟਰ ਸਪਲਾਈ

ਮਹਿਕਮੇ ਵਿੱਚ ਐਕਸੀਅਨ ਸਨ। ਜਿਹੜੇ ਪਿੰਡਾਂ ਦੇ ਛੱਪੜ ਸੀ, ਇਹ ਕਿਸੇ ਟਾਈਮ ਰੇਨ ਵਾਟਰ ਸਟੋਰੇਜ ਲਈ ਬਣੇ ਸਨ। ਇਨ੍ਹਾਂ ਵਿੱਚ ਮੀਂਹ ਦਾ ਸਾਰਾ ਪਾਣੀ ਸਟੋਰ ਹੁੰਦਾ ਸੀ। ਜਦੋਂ ਪਾਣੀ ਸੁੱਕ ਜਾਂਦਾ ਸੀ ਤਾਂ ਅਸੀਂ ਚੀਕਣੀ ਮਿੱਟੀ ਨੂੰ ਆਪਣੇ ਘਰਾਂ ਤੇ ਲਿੱਪਣ ਲਈ ਵਰਤਦੇ ਸੀ। ਪਸ਼ੂ ਵੀ ਇੱਥੇ ਨੁਹਾਏ ਜਾਂਦੇ ਸਨ, ਚਾਹੇ ਕੱਪੜੇ ਧੋਏ ਹਨ, ਇਨ੍ਹਾਂ ਛੱਪੜਾਂ ਦੀ ਵਰਤੋਂ ਹੁੰਦੀ ਸੀ ਕਿਉਂਕਿ ਪਾਣੀ ਬਹੁਤ ਸਾਫ-ਸੁਥਰਾ ਹੁੰਦਾ ਸੀ, ਇਕ ਤਰ੍ਹਾਂ ਦੀ ਲੇਕ ਹੁੰਦੀ ਸੀ ਲੇਕਿਨ ਜਦੋਂ ਡਿਵੈਲਪਮੈਂਟ ਹੋਈ ਅਤੇ ਗਲੀਆਂ-ਨਾਲੀਆਂ ਬਣੀਆਂ ਤਾਂ ਸਾਰਾ ਗੰਦਾ ਪਾਣੀ ਅਸੀਂ ਇਨ੍ਹਾਂ ਛੱਪੜਾਂ ਵਿੱਚ ਸੁੱਟ ਦੇ ਇਨ੍ਹਾਂ ਨੂੰ ਗੰਦਾ ਕਰ ਦਿੱਤਾ। ਹੁਣ ਸਭ ਤੋਂ ਮਾੜੀ ਜਗ੍ਹਾ ਛੱਪੜ ਹਨ। ਮੈਂ ਜਦੋਂ ਚੇਅਰਮੈਨ ਬਣਿਆ ਤਾਂ ਅਸੀਂ ਕੋਸ਼ਿਸ਼ ਕੀਤੀ।

**ਮਾਣਯੋਗ ਸਪੀਕਰ** :ਇਆਲੀ ਸਾਹਿਬ, ਤੁਸੀਂ ਬਾਅਦ ਵਿੱਚ ਕੰਟੀਨਿਊ ਕਰ ਲੈਣਾ।

---------

**SHORT ADJOURNMENT OF THE HOUSE**

**ਮਾਣਯੋਗ ਸਪੀਕਰ** :ਸਦਨ 15 ਮਿੰਟ ਲਈ ਸਥਗਿਤ ਕੀਤਾ ਜਾਂਦਾ ਹੈ।

*11.23 ਵਜੇ ਪੂਰਵ ਦੁਪਹਿਰ (*ਇਸ ਸਮੇਂ ਸਦਨ 11.38 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

**1135/Karamjit kaur**

*11.38 ਵਜੇ ਪੂਰਵ ਦੁਪਹਿਰ। (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

---------

**MATTERS RAISED DURING ZERO HOUR *(Resumption)***

**ਮਾਣਯੋਗ ਸਪੀਕਰ:** ਇਆਲੀ ਸਾਹਿਬ ਗੱਲ ਕਰ ਰਹੇ ਸੀ। ਹਾਂ ਜੀ, ਇਆਲੀ ਸਾਹਿਬ ਬੋਲੋ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਸਪੀਕਰ ਸਾਹਿਬ, ਜੀਰੋ ਆਵਰ ਹੈ ਜੀ?

**ਮਾਣਯੋਗ ਸਪੀਕਰ:** ਹਾਂ ਜੀ, ਮਿਲੇਗਾ । ਤੁਸੀਂ ਬੋਲੋ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਸਪੀਕਰ ਸਾਹਿਬ, ਮੈਂ ਪਿੰਡ ਦੇ ਛੱਪੜਾਂ ਦੀ ਗੱਲ ਕਰ ਰਿਹਾ ਸੀ। ਇਹ ਗੰਦਗੀ ਦਾ ਸਰੋਤ ਬਣੇ, ਬਾਅਦ ਵਿੱਚ ਜਦੋਂ ਡਿਵੈਲਪਮੈਂਟ ਹੋਈ, ਗਲ਼ੀਆਂ ਬਣੀਆਂ, ਨਾਲ਼ੀਆਂ ਬਣੀਆਂ ਤਾਂ ਸਾਰਾ ਗੰਦਾ ਪਾਣੀ ਛੱਪੜਾਂ ਦੇ ਵਿੱਚ ਆ ਗਿਆ। ਇਸ ਦੇ ਉਤੇ ਇੱਕ ਕਿਤਾਬ ਛਪੀ ਸੀ, 'Technological options for Solid and Liquid Waste Management in Rural Areas.'

**ਮਾਣਯੋਗ ਸਪੀਕਰ**: ਇੱਕ ਮਿੰਟ ਜੀ। ਮੰਤਰੀ ਜੀ ਨੂੰ ਗੱਲ ਕਰ ਲੈਣ ਦਿਉ।

**ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਸਰ, ਇਆਲੀ ਸਾਹਿਬ ਨੇ ਵਾਕਿਆ ਹੀ ਬਹੁਤ ਕੰਮ ਕੀਤਾ ਹੈ। ਇਨ੍ਹਾਂ ਨੂੰ ਬਹੁਤ ਨਾਲੇਜ ਹੈ। ਪਲੀਜ਼ ਅਸੀਂ ਵੀ ਜਾਣਨਾ ਚਾਹਵਾਂਗੇ ਤੇ ਸਿੱਖਣਾ ਚਾਹਵਾਂਗੇ। ਪਰ ਸਰ, ਇੱਥੇ ਬਹੁਤ ਗੰਭੀਰ ਇਸ਼ੂ ਹੈ। ਸਰ, ਪਦਮਸ਼੍ਰੀ ਸੰਤ ਸੀਚੇਵਾਲ ਜੀ ਨੂੰ ਪੂਜਣ ਵਾਲੇ ਲੋਕ ਪੂਰੇ ਪੰਜਾਬ ਵਿੱਚ ਅਤੇ ਦੁਨੀਆਂ ਵਿੱਚ ਵਸਦੇ ਹਨ। ਸਰ, ਦੇਸ਼ ਦੇ ਸਭ ਤੋਂ ਨਾਮੀ ਰਾਸ਼ਟਰਪਤੀ ਜੋ ਹੋਏ ਹਨ, ਡਾਕਟਰ ਅਬਦੁਲ ਕਲਾਮ ਜੀ ਨੇ ਕਿਹਾ ਸੀ ਕਿ ਹਰ ਸੂਬੇ ਕੋਲ ਉਨ੍ਹਾਂ ਵਰਗਾ ਇੱਕ ਸੰਤ ਚਾਹੀਦਾ ਹੈ। ਟਾਈਮਜ਼ ਮੈਗਜ਼ੀਨ 2008 ਦੇ ਵਿੱਚ ਦੇਸ਼ ਦੁਨੀਆਂ ਦੇ 30 ਵਰਲਡ ਇਨਵਾਇਰਮੈਂਟਰਲਜ ਉਨ੍ਹਾਂ ਨੂੰ ਇਨਾਮ ਦਿੰਦੇ ਹਨ। ਸਾਲ 2017 ਵਿੱਚ ਉਨ੍ਹਾਂ ਨੂੰ ਸਭ ਤੋਂ ਵੱਡਾ ਸਨਮਾਨ ਮਿਲਦਾ ਹੈ। ਸਰ, ਉਹ ਆਮ ਆਦਮੀ ਪਾਰਟੀ ਵੱਲੋਂ ਨੌਮੀਨੇਟਿਡ ਹਨ। ਪਰ ਜਦੋਂ ਲੋਕ ਸਭਾ ਇਲੈਕਸ਼ਨ ਹੋਈ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਮੈਂ ਇੱਕ ਰਾਜਨੀਤਕ ਨਹੀਂ ਹਾਂ, ਮੈਂ ਸੰਤ ਹਾਂ, ਮੈਂ ਸਿਰਫ ਵਾਤਾਵਰਣ ਤੇ ਕੰਮ ਕਰਨਾ ਹੈ।

**1135/Karamjit kaur/Monika sharma**

**1140/harpreet singh**

ਉਨ੍ਹਾਂ ਨੇ ਵੋਟ ਨਹੀਂ ਮੰਗੀ। ਸਭ ਤੋਂ ਵੱਡੀ ਗੱਲ he is representing this House. ਜੋ ਰਾਜ ਸਭਾ ਦਾ ਮੈਂਬਰ ਹੁੰਦਾ ਹੈ, ਉਹ ਸਟੇਟ ਦੀ ਅਵਾਜ਼ ਹੁੰਦੀ ਹੈ। ਅਸੀਂ ਉਨ੍ਹਾਂ ਨੂੰ ਚੁਣਿਆ ਹੈ, ਇਨ੍ਹਾਂ ਨੇ ਵੀ ਚੁਣਿਆ ਹੈ। ਸਪੀਕਰ ਸਾਹਿਬ, ਹੁਣ ਉਹ ਪਿਛਲੇ ਚਾਰ ਮਹੀਨਿਆਂ ਤੋਂ ਬੁੱਢੇ ਨਾਲੇ ਤੇ ਮੋਰਚਾ ਲਗਾ ਕੇ ਬੈਠੇ ਹਨ। ਸਪੀਕਰ ਸਾਹਿਬ, ਕਈ ਕੰਮ ਸਰਕਾਰਾਂ ਨਹੀਂ ਕਰ ਪਾਉਂਦੀਆਂ। ਜਿਹੜਾ ਉੱਥੇ ਐਸ.ਟੀ.ਪੀ. ਪਿਛਲੇ ਕਈ ਸਾਲਾਂ ਤੋਂ ਨਹੀਂ ਚੱਲਿਆ ਸੀ, ਉਹ ਉਸ ਮਹਾਨ ਸੰਤ ਨੇ ਚਲਾ ਦਿੱਤਾ। ਸਪੀਕਰ ਸਾਹਿਬ, ਮੈਂ ਉਨ੍ਹਾਂ ਦੇ ਪਿੰਡ ਜਾ ਕੇ ਦੇਖਿਆ ਹੈ, ਉੱਥੇ ਵਰਗੀਆਂ ਖ਼ੂਬਸੂਰਤ ਸੜਕਾਂ ਹੋਰ ਕਿਤੇ ਨਹੀਂ ਹਨ। ਉਨ੍ਹਾਂ ਨੇ ਰੁੱਖ ਲਗਾਏ ਹਨ, ਸਕੂਲ ਬਣਾਏ ਹਨ, ਨਰਸਰੀ ਬਣਾਈ ਹੈ। ਬੱਚੇ ਸਵੇਰੇ ਸਕੂਲ ਵਿਚ ਪੜ੍ਹਦੇ ਹਨ ਅਤੇ ਦੁਪਹਿਰ ਨੂੰ ਨਰਸਰੀ ਵਿਚ ਕੰਮ ਕਰਦੇ ਹਨ। ਇਸ ਤਰ੍ਹਾਂ ਦੇ ਮਹਾਨ ਸੰਤ ਨੂੰ ਠੇਕੇਦਾਰ ਕਿਹਾ ਗਿਆ। ਪਵਿੱਤਰ ਕਾਲੀ ਵੇਈਂ ਜੋ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ। ਸਪੀਕਰ ਸਾਹਿਬ, ਉਹ ਸਾਡੇ ਲਈ ਚਰਨ ਅੰਮ੍ਰਿਤ ਹੈ। ਸਪੀਕਰ ਸਾਹਿਬ, ਕਾਲੀ ਵੇਈਂ ਸਾਡੇ ਲਈ ਪਵਿੱਤਰ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੇ-ਬੈਠੇ ਮਾਣਯੋਗ ਸਪੀਕਰ ਸਾਹਿਬ ਤੋਂ ਜ਼ੀਰੋ ਆਵਰ ਮੰਗ ਰਹੇ ਸਨ।)

**ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ**: ਸਪੀਕਰ ਸਾਹਿਬ, ਮੇਰੀ ਸਾਰੇ ਸਾਥੀਆਂ ਵੱਲੋਂ ਤੁਹਾਨੂੰ ਹੱਥ ਜੋੜ ਕੇ ਬੇਨਤੀ ਹੈ ਕਿ This cannot be tolerated. ਸਪੀਕਰ ਸਾਹਿਬ, ਇਸ ਤੇ ਸਖਤ ਐਕਸ਼ਨ ਲਿਆ ਜਾਵੇ। ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਇੱਥੇ ਸ਼ਾਹਕੋਟ ਦੇ ਐਮ.ਐਲ.ਏ. ਲਾਡੀ ਜੀ ਬੈਠੇ ਹਨ। ਇਹ ਦੱਸਣ ਕਿ ਕੀ ਇਹ ਪ੍ਰਤਾਪ ਬਾਜਵਾ ਦੇ ਬਿਆਨ ਨਾਲ ਸਹਿਮਤ ਹਨ? ਸਪੀਕਰ ਸਾਹਿਬ, ਜਦੋਂ ਸ਼ਾਹਕੋਟ ਵਿਚ ਹੜ੍ਹ ਆਏ ਸੀ, ਉਸ

ਵੇਲੇ ਸਪੀਕਰ ਸਾਹਿਬ ਤੁਸੀਂ ਵੀ ਉੱਥੇ ਗਏ ਸੀ, ਮੈਂ ਵੀ ਗਿਆ ਸੀ। ਉੱਥੇ ਕਿੰਨੀ ਹਿਊਮੇਡਿਟੀ ਸੀ। ਸਪੀਕਰ ਸਾਹਿਬ, ਪ੍ਰਤਾਪ ਬਾਜਵਾ ਪੰਜ ਮਿੰਟ ਉੱਥੇ ਖੜ੍ਹ ਨਹੀਂ ਸਕਦੇ ਕਿਉਂਕਿ ਇਨ੍ਹਾਂ ਕੋਲ ਮਹਿੰਗੀਆਂ ਗੱਡੀਆਂ, ਮਹਿੰਗੇ ਕੁੜਤੇ ਪਜਾਮੇ ਹਨ, ਇਨ੍ਹਾਂ ਨੂੰ ਤਾਂ ਮੁੜਕਾ ਆਉਂਦਾ ਹੈ। ਸਪੀਕਰ ਸਾਹਿਬ, ਉਹ ਸ਼ਖਸ਼ ਉਥੇ ਬੰਨ ਲਗਾਉਣ ਲਈ ਤਿੰਨ ਮਹੀਨੇ ਬੈਠਾ ਰਿਹਾ। ਅਸੀਂ ਉਸ ਸ਼ਖਸ ਦੀ ਇਹ ਕਦਰ ਪਾਈ ਹੈ। ਸਪੀਕਰ ਸਾਹਿਬ, ਉਹ ਬਾਬੇ ਨਾਨਕ ਦੀ ਗੱਲ ਕਰਨ ਵਾਲਾ, ਵਾਤਾਵਰਣ ਦੀ ਗੱਲ ਕਰਨ ਵਾਲਾ ਸ਼ਖਸ ਹੈ। ਸਪੀਕਰ ਸਾਹਿਬ, ਮੈਂ ਪਹਿਲੀ ਵਾਰ 2012 ਵਿਚ ਉਨ੍ਹਾਂ ਨੂੰ ਮਿਲਿਆ ਸੀ। ਕੀ ਤੁਹਾਨੂੰ ਪਤਾ ਹੈ ਕਿ ਉਹ ਉਸ ਵੇਲੇ ਕੀ ਕਰਦੇ ਸੀ? ਜਿਹੜੇ ਵੀ ਕੈਂਡੀਡੇਟ ਵਿਧਾਨ ਸਭਾ ਦੀ ਚੋਣ ਲੜ ਰਹੇ ਸੀ, ਉਹ ਉਨ੍ਹਾਂ ਤੋਂ ਇੱਕ ਘੋਸ਼ਣਾ ਪੱਤਰ ਲੈਂਦੇ ਸੀ ਕਿ ਜਦੋਂ ਵੀ ਜਿੱਤੋਗੇ ਤਾਂ ਵਿਧਾਨ ਸਭਾ ਵਿਚ ਵਾਤਾਵਰਣ ਦੀ ਗੱਲ ਕਰੋਗੇ। ਸਪੀਕਰ ਸਾਹਿਬ, ਅਸੀਂ ਕਿੱਧਰ ਨੂੰ ਜਾ ਰਹੇ ਹਾਂ? ਸਪੀਕਰ ਸਾਹਿਬ, ਅੱਜ ਪਾਲੀਟੀਸ਼ੀਅਨਜ਼ ਆਪਣੀ ਇੱਜ਼ਤ ਗਵਾ ਚੁੱਕੇ ਹਨ। ਇੱਕੋ ਹੀ ਸੰਤ ਹੈ ਜੋ ਵਾਤਾਵਰਣ ਦੀ ਗੱਲ ਕਰਦਾ ਹੈ। ਅੱਜ ਬਹੁਤ ਲੋਕ ਉਨ੍ਹਾਂ ਦਾ ਮਜ਼ਾਕ ਉਡਾਉਂਦੇ ਹਨ ਕਿ ਬੁੱਢਾ ਨਾਲਾ ਕਿਵੇਂ ਸਾਫ਼ ਹੋ ਜਾਵੇਗਾ? ਸਪੀਕਰ ਸਾਹਿਬ, ਲੋਕ ਦਸ਼ਰਥ ਮਾਂਝੀ ਦਾ ਵੀ ਮਜ਼ਾਕ ਉਡਾਉਂਦੇ ਸੀ। ਉਸ ਨੂੰ ਪਹਾੜ ਪੁੱਟਣ ਲਈ 22 ਸਾਲ ਲੱਗੇ ਪਰ ਉਸ ਨੇ ਪੁੱਟ ਦਿੱਤਾ। ਸੋ, ਸਪੀਕਰ ਸਾਹਿਬ, ਸਮਾਂ ਲੱਗ ਸਕਦਾ ਹੈ ਪਰ ਬੁੱਢੇ ਨਾਲੇ ਨੂੰ ਉਹੀ ਸਾਫ਼ ਕਰ ਸਕਦੇ ਹਨ। ਸਪੀਕਰ ਸਾਹਿਬ, This cannot be tolerated. ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਇਹ ਧਾਰਮਿਕ ਗੱਲ ਹੈ। ਮੈਂ ਆਪਣੇ ਸਾਥੀਆਂ ਨੂੰ ਵੀ ਬੇਨਤੀ ਕਰਦਾ ਹਾਂ।

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਅਤੇ ਮੰਤਰੀ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹ ਕੇ ਮਾਣਯੋਗ ਸਪੀਕਰ ਸਾਹਿਬ ਨੂੰ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਖਿਲਾਫ਼ ਸਖਤ ਕਾਰਵਾਈ ਕਰਨ ਲਈ ਕਹਿ ਰਹੇ ਸਨ, ਜਿਸ ਕਾਰਨ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ:** ਵੇਖੋ, ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ। ਮੈਨੂੰ ਉਨ੍ਹਾਂ ਦੇ ਕੰਮ ਤੇ ਬਹੁਤ ਸ਼ਰਧਾ ਹੈ ਅਤੇ ਜਿਸ ਤਰੀਕੇ ਨਾਲ ਉਨ੍ਹਾਂ ਦੇ ਖਿਲਾਫ਼ ਕੱਲ੍ਹ ਬੋਲਿਆ ਗਿਆ, ਉਹ ਮੈਨੂੰ ਵੀ ਚੰਗਾ ਨਹੀਂ ਲੱਗਿਆ। ਮੈਂ ਤੁਹਾਡੀ ਗੱਲ ਨਾਲ ਬਿਲਕੁਲ ਸਹਿਮਤ ਹਾਂ। ਮੈਂ ਇਹ ਜ਼ਰੂਰ ਚਾਹੁੰਦਾ ਹਾਂ ਕਿ ਮਾਣਯੋਗ ਵਿਰੋਧੀ ਧਿਰ ਦੇ ਨੇਤਾ ਇੱਥੇ ਮੌਜੂਦ ਹੁੰਦੇ ਕਿਉਂਕਿ ਉਹ ਕਹਿ ਕੇ ਚਲੇ ਗਏ ਹਨ। ਇਹ ਗੱਲ ਠੀਕ ਨਹੀਂ ਹੈ। ਉਨ੍ਹਾਂ ਨੂੰ ਇੱਥੇ ਆਉਣਾ ਚਾਹੀਦਾ ਸੀ। ਜੇ ਮੇਰੇ ਹੱਥ ਵਿਚ ਹੁੰਦਾ ਤਾਂ ਮੈਂ ਮਾਰਸ਼ਲ ਭੇਜ ਕੇ ਬੁਲਾ ਲੈਂਦਾ ਪਰ ਮੈਂ ਇਹ ਕਰ ਨਹੀਂ ਸਕਦਾ। ਕਾਨੂੰਨ ਮੈਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ।

**1140/harpreet singh/Monika sharma**

**1145/amandeep kaur**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਕੁਝ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਅਤੇ ਮੰਤਰੀ ਸਾਹਿਬਾਨ ਅਤੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾ ਆਗਿਆ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ, ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ:** ਆਪਾਂ ਇਆਲੀ ਸਾਹਿਬ ਦੀ ਗੱਲ ਤਾਂ ਪੂਰੀ ਹੋ ਲੈਣ ਦਈਏ। ਆਪਣੇ ਮਾਣਯੋਗ ਮੈਂਬਰ ਸਾਹਿਬ ਜੋ ਬੋਲ ਰਹੇ ਸੀ, ਕੀ ਉਹ ਪੂਰਾ ਹੋ ਲੈਣ ਦਈਏ। (ਵਿਘਨ)(ਸ਼ੋਰ)

**ਐਨ.ਆਰ.ਆਈ.ਮਾਮਲੇ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ):** ਸਪੀਕਰ ਸਾਹਿਬ, ਸਾਡੀ ਗੱਲ ਵੀ ਸੁਣ ਲਓ ਜੀ। ਇੱਕ ਮਿੰਟ ਦੇ ਦਿਓ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਕੁਝ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਕਈ ਮੰਤਰੀ ਸਾਹਿਬਾਨ ਅਤੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾ ਆਗਿਆ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ, ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

---------

## OBSERVATION BY THE HON'BLE SPEAKER

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈੱਸ ਕੀਤਾ ਜਾਵੇ। ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਜਿੱਥੋਂ ਤੱਕ ਸੰਤ ਸੀਚੇਵਾਲ ਜੀ ਦੀ ਗੱਲ ਹੈ, ਸੀਚੇਵਾਲ ਜੀ ਨੇ ਜਿਸ ਤਰੀਕੇ ਦੇ ਨਾਲ ਵਾਤਾਵਰਨ ਤੇ ਕੰਮ ਕੀਤਾ, ਪਾਣੀ ਨੂੰ ਸ਼ੁੱਧ ਕਰਨ ਤੇ ਕੰਮ ਕੀਤਾ, ਲੋਕਾਂ ਨੂੰ ਜਾਗਰੂਕ ਕਰਨ ਤੇ ਕੰਮ ਕੀਤਾ, ਇਸ ਕੰਮ ਨੂੰ ਇੰਟਰਨੈਸ਼ਨਲ ਲੋਕਾਂ ਨੇ ਬਹੁਤ ਵੱਡੀਆਂ personalities ਨੇ, ਰਾਸ਼ਟਰਪਤੀ ਸ੍ਰੀ ਅਬਦੁਲ ਕਲਾਮ ਆਜ਼ਾਦ ਜੀ ਨੇ, ਇੰਨੇ ਵੱਡੇ scientist ਨੇ ਜਿਨ੍ਹਾਂ ਦੀ ਇਹ ਗੱਲ ਕਰਦੇ ਸੀ, ਉਨ੍ਹਾਂ ਨੇ ਸੀਚੇਵਾਲ ਜੀ ਨੂੰ honour ਕੀਤਾ ਹੋਇਆ ਹੈ। ਸੋ, ਸੰਤ ਸੀਚੇਵਾਲ ਜੀ ਬਾਰੇ ਮੈਨੂੰ ਲੱਗਦਾ ਹੈ ਕਿ ਬਾਜਵਾ ਜੀ ਖੁੱਦ ਇੱਥੇ ਆ ਕੇ ਆਪਣਾ ਸਪਸ਼ਟੀਕਰਨ ਦੇਣ।

---------

## MATTERS RAISED DURING ZERO HOUR (RESUMPTION)

**ਐਨ.ਆਰ.ਆਈ.ਮਾਮਲੇ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ):** ਸਪੀਕਰ ਸਾਹਿਬ, ਸਾਡੀ ਬੇਨਤੀ ਹੈ ਕਿ ਕੱਲ੍ਹ ਬਾਜਵਾ ਨੇ ਸ਼ਬਦ ਯੂਜ਼ ਕੀਤਾ "ਠੇਕੇਦਾਰ", ਇਹ ਬਹੁਤ ਹੀ ਮਾੜੀ ਗੱਲ ਹੈ। ਪੰਜਾਬ ਦਾ ਇੱਕੋ-ਇੱਕ ਵਾਤਾਵਰਨ ਪ੍ਰੇਮੀ ਜਿਸ ਨੇ ਇਨ੍ਹਾਂ ਕੰਮ ਕੀਤਾ ਤੇ ਸਾਡਾ ਵਿਰੋਧੀ ਧਿਰ ਦਾ ਨੇਤਾ ਉਨ੍ਹਾਂ ਨੂੰ ਠੇਕੇਦਾਰ ਕਹਿ ਰਿਹਾ ਹੈ। ਇਸ ਤੋਂ ਵੱਡੀ ਸ਼ਰਮ ਵਾਲੀ ਗੱਲ ਕੀ ਹੋ ਸਕਦੀ ਹੈ। ਕੀ ਇਸ ਤੋਂ ਵੱਡੀ ਸ਼ਰਮ ਵਾਲੀ ਕੋਈ ਗੱਲ ਹੋ ਸਕਦੀ ਹੈ। (ਟ੍ਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) । ਜਿਸ ਬੰਦੇ ਨੇ ਇਨ੍ਹਾਂ ਕੰਮ ਕੀਤਾ ਹੋਵੇ ਤੇ ਆਪਾਂ ਉਸ ਦੀ ਇਹ ਕਦਰ ਕਰਦੇ ਹਾਂ। ਮੈਂ ਲਾਡੀ ਜੀ ਦਾ ਨਾਂ ਇਸ ਲਈ ਲੈ ਰਿਹਾ ਹਾਂ ਕਿਉਂਕਿ ਲਾਡੀ ਜੀ ਮੇਰੇ ਨਾਲ ਉੱਥੇ ਗਏ ਸੀ, ਲਾਡੀ ਦੇ ਹਲਕੇ ਦੇ ਵਿੱਚ ਹੈ, ਉਹ ਦੱਸਣ ਕਿ ਸੀਚੇਵਾਲ ਜੀ ਸੰਤ ਮਹਾਂਪੁਰਖ ਹਨ ਜਾਂ ਠੇਕੇਦਾਰ ਹਨ? ਦੱਸੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਕੁਝ ਮੈਂਬਰ_ਅਤੇ ਆਮ ਆਦਮੀ ਪਾਰਟੀ ਦੇ ਕਈ ਮੰਤਰੀ ਸਾਹਿਬਾਨ ਅਤੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾ ਆਗਿਆ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ, ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ**: ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹੈ ਕਿ ਉਹ ਸਾਰੇ ਆਪਣੀਆਂ ਆਪਣੀਆਂ ਜਗ੍ਹਾਵਾਂ ਤੇ ਬੈਠ ਜਾਣ। ਇਆਲੀ ਸਾਹਿਬ ਕੁਝ ਰਹੇ ਸੀ, ਉਨ੍ਹਾਂ ਨੂੰ ਗੱਲ ਤਾਂ ਪੂਰੀ ਕਰ ਲੈਣ ਦਿਓ।

**ਐਨ.ਆਰ.ਆਈ.ਮਾਮਲੇ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ)**: ਸਪੀਕਰ ਸਾਹਿਬ, ਕਾਰਵਾਈ ਤਾਂ ਕਰੋ ਜੀ। ਲੀਡਰ ਆਫ ਆਪੋਜ਼ੀਸ਼ਨ ਤੇ ਕਾਰਵਾਈ ਕਰੋ ਜੀ।

**ਮਾਣਯੋਗ ਸਪੀਕਰ**: ਅਮਨ ਜੀ, ਤੁਸੀਂ ਬੋਲੋ। ਪਹਿਲਾਂ ਆਪਣੇ ਸਾਰੇ ਸਾਥੀਆਂ ਨੂੰ ਬਿਠਾਓ। ਇਆਲੀ ਸਾਹਿਬ ਨੂੰ ਵੀ ਆਪਣੀ ਗੱਲ ਪੂਰੀ ਕਰ ਲੈਣ ਦਿਓ। ਹਾਂ ਜੀ ਚੀਮਾ ਜੀ, ਤੁਸੀਂ ਬੋਲੋ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਸਪੀਕਰ ਸਾਹਿਬ, ਇਹ ਤਾਂ ਗੁਰੂਆਂ ਦੀ ਅਪਮਾਨ ਕਰਨ ਵਾਲੀ ਪਾਰਟੀ ਹੈ। ਵੇਖੋ ਜੀ, ਬੜਾ important issue House ਦੇ ਸਾਹਮਣੇ ਆਇਆ ਹੈ, ਬਹੁਤ ਹੀ ਮੰਦਭਾਗੀ ਗੱਲ ਹੈ ਕਿ ਕਾਂਗਰਸ ਪਾਰਟੀ ਜਿਹੜੀ ਹੈ ਉਹ ਸਾਡੇ ਗੁਰੂ ਸਾਹਿਬਾਨਾਂ ਦਾ ਅਪਮਾਨ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਪਮਾਨ ਕਰਦੀ ਹੈ। ਸੰਤਾਂ ਦਾ ਅਪਮਾਨ ਕਰਦੀ ਹੈ ਕਿਉਂਕਿ ਸੰਤ ਸੀਚੇਵਾਲ ਜੀ ਇਸ ਹਾਊਸ ਨੂੰ ਦੇਸ਼ ਦੀ ਪਾਰਲੀਮੈਂਟ ਅੰਦਰ ਰਿਪ੍ਰੇਜ਼ੈਂਟ ਕਰਦੇ ਹਨ, ਦੇਸ਼ ਦੀ ਰਾਜ ਸਭਾ ਦੇ ਅੰਦਰ ਰਿਪ੍ਰੇਜ਼ੈਟ ਕਰਦੇ ਹਨ, ਉਹ ਇਸ ਹਾਊਸ ਨੇ ਚੁਣ ਕੇ ਭੇਜੇ ਹਨ, ਪਰ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਜਾਣ-ਬੁੱਝ ਕੇ ਸੰਤ ਜੀ ਦਾ ਅਪਮਾਨ ਕੀਤਾ ਹੈ। ਬਿਲਕੁਲ ਸਮੁੱਚੀ ਕਾਂਗਰਸ ਪਾਰਟੀ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਇਸ ਤੋਂ ਮੰਦਭਾਗੀ ਗੱਲ ਕੀ ਹੋ ਸਕਦੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਪਵਿੱਤਰ ਅਸਥਾਨ ਉੱਤੇ ਜੋ ਸੇਵਾ ਨਿਭਾ ਰਹੇ ਹਨ, ਉਨ੍ਹਾਂ ਦਾ ਅਪਮਾਨ ਕਰਦੇ ਹਨ, ਸ਼ਰਮ ਦੀ ਗੱਲ ਹੈ, (ਟ੍ਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ** **। ਇਹ ਪੂਰਾ ਪੰਜਾਬ ਜਾਣਦਾ ਹੈ ਕਿ ਗੁਰੂਆਂ ਦਾ ਅਪਮਾਨ ਕੀਤਾ ਹੈ। ਤੁਹਾਡੇ ਸਮੇਂ ਅਕਾਲ ਤਖਤ ਤੇ ਅਟੈਕ ਹੋਇਆ ਹੈ।

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈੱਸ ਕੀਤਾ ਜਾਵੇ। ** ** ਵਰਡ ਡੀਲੀਟ ਕਰ ਦਿੱਤਾ ਜਾਵੇ।

**ਵਿੱਤ ਮੰਤਰੀ**: ਕਾਂਗਰਸ ਪਾਰਟੀ ਜਿਹੜੀ ਹੈ ਉਹ ਮੈਂ ਸਮਝਦਾ ਹਾਂ ਕਿ ਸਿੱਖ ਧਰਮ ਵਿਰੋਧੀ ਪਾਰਟੀ ਹੈ। ਕਾਂਗਰਸ ਪਾਰਟੀ ਨੇ ਸਾਡੇ ਗੁਰੂਆਂ ਦਾ ਅਪਮਾਨ ਕੀਤਾ, ਗੁਰਦੁਆਰਿਆਂ ਦਾ ਅਪਮਾਨ ਕੀਤਾ ਹੈ। ਅੱਜ ਸੰਤਾਂ ਦਾ ਅਪਮਾਨ ਕਰ ਰਹੇ ਹਨ। ਇਹ ਲੋਕ ਹਮੇਸ਼ਾ ਹੀ ਪੰਜਾਬ ਨੂੰ ਗੁੰਮਰਾਹ ਕਰਦੇ ਰਹੇ ਹਨ। ਪੰਜਾਬ ਨੂੰ ਲੁੱਟਦੇ ਰਹੇ ਹਨ। ਹਮੇਸ਼ਾ ਹੀ ਇਨ੍ਹਾਂ ਨੇ ਗੁਰੂ ਸਾਹਿਬਾਨਾਂ ਦਾ ਅਪਮਾਨ ਕੀਤਾ ਹੈ।

(ਇਸ ਸਮੇਂ ਸ੍ਰੀ ਸੰਦੀਪ ਜਾਖੜ ਅਤੇ ਸਰਦਾਰ ਵਿਕਰਮਜੀਤ ਸਿੰਘ ਚੌਧਰੀ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਕਈ ਮੰਤਰੀ ਸਾਹਿਬਾਨ ਅਤੇ ਮੈਂਬਰ

ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾ ਆਗਿਆ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ, ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**1145/amandeep kaur/Shubham jain**

**1150/Tarlochan Singh**

**ਮਾਣਯੋਗ ਸਪੀਕਰ** : ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਕਹਿੰਦਾ ਹਾਂ ਕਿ ਜਿੱਥੋਂ ਤੱਕ ਸੰਤ ਸੀਚੇਵਾਲ ਜੀ ਦੀ ਗੱਲ ਹੈ ਮੈਂ ਅਤੇ ਸਾਰਾ ਪੰਜਾਬ ਉਨ੍ਹਾਂ ਦੀ ਸੇਵਾ ਨੂੰ ਐਕਨਾਲੇਜ ਕਰ ਰਿਹਾ ਹੈ। (ਵਿਘਨ) (ਸ਼ੋਰ) ਹਾਊਸ ਵਿੱਚ ਸ਼ਬਦਾਂ ਦੀ ਮਰਿਆਦਾ ਨੂੰ ਧਿਆਨ ਵਿੱਚ ਰੱਖਿਆ ਜਾਵੇ। ਸੰਤ ਸੀਚੇਵਾਲ ਜੀ ਦੀ ਕੀਤੀ ਸੇਵਾ ਤੋਂ ਰਿਜ਼ਲਟਸ ਆਏ ਹਨ। ਉਨ੍ਹਾਂ ਨੇ ਕਾਲੀ ਵੇਈਂ ਠੀਕ ਕਰ ਦਿੱਤੀ ਹੈ। (ਵਿਘਨ) (ਸ਼ੋਰ) It was lifeless ਪਰੰਤੂ ਉਥੇ ਫਿਰ ਤੋਂ ਜੀਵਨ ਪਨਪਣ ਲੱਗ ਪਿਆ ਹੈ। ਦੁਨੀਆਂ ਤੋਂ ਅਤੇ ਦੂਰੋਂ-ਦੂਰੋਂ ਲੋਕ ਸੁਲਤਾਨਪੁਰ ਲੋਧੀ ਆਉਂਦੇ ਹਨ ਅਤੇ ਕਾਲੀ ਵੇਈਂ ਦੇ ਦਰਸ਼ਨ ਕਰਦੇ ਹਨ। (ਵਿਘਨ) (ਸ਼ੋਰ) ਸੋ, ਮੈਂ ਇਹ ਗੱਲ ਕਰਦਾ ਹਾਂ ਕਿ ਜਿਸ ਨੂੰ ਟਾਈਮਜ਼ ਮੈਗਜ਼ੀਨ ਨੇ ਆਨਰ ਕੀਤਾ, ਵੱਡੇ-ਵੱਡੇ ਸਾਇੰਟਿਸਟਾਂ ਨੇ ਆਨਰ ਕੀਤਾ, ਸੋ, ਸਾਨੂੰ ਵੀ ਆਨਰ ਕਰਨਾ ਚਾਹੀਦਾ ਹੈ। ਸਿਰਫ ਰਾਜਨੀਤੀ ਹੀ ਨਹੀਂ ਕਰਨੀ ਚਾਹੀਦੀ।

---------

## WALK OUT

(ਇਸ ਸਮੇਂ ਸ਼੍ਰੀ ਸੰਦੀਪ ਜਾਖੜ ਅਤੇ ਸਰਦਾਰ ਵਿਕਰਮਜੀਤ ਸਿੰਘ ਚੌਧਰੀ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਰਕਾਰ ਵਿਰੋਧੀ ** ** ਨਾਅਰੇ ਲਗਾਉਂਦੇ ਹੋਏ ਵਾਕ ਆਊਟ ਕਰ ਗਏ।)

---------

## MATTERS RAISED DURING ZERO HOUR (*Resumption*)

**ਮਾਣਯੋਗ ਸਪੀਕਰ** : ਚੀਮਾ ਸਾਹਿਬ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸਪੀਕਰ ਸਾਹਿਬ, ਕੱਲ੍ਹ ਜੋ ਪੰਜਾਬ ਪੱਖੀ ਬਜਟ, ਲੋਕ ਪੱਖੀ ਬਜਟ, without imposing any tax ਪੰਜਾਬ ਦਾ ਬਜਟ ਪੇਸ਼ ਹੋਇਆ ਹੈ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਸਾਰੇ ਮਾਣਯੋਗ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਬੈਠ ਜਾਣ।

**ਵਿੱਤ ਮੰਤਰੀ** : ਉਸ ਤੇ ਬਹਿਸ ਕਰਨ ਤੋਂ ਕਾਂਗਰਸ ਪਾਰਟੀ intentionally ਭੱਜ ਰਹੀ ਹੈ, ਜਾਣ ਬੁੱਝ ਕੇ ਭੱਜ ਰਹੀ ਹੈ ਕਿਉਂਕਿ ਇਨ੍ਹਾਂ ਕੋਲ ਬੋਲਣ ਲਈ ਇੱਕ ਵੀ ਤੱਥ ਨਹੀਂ ਹੈ। ਇਹ ਇਸ ਕਰਕੇ ਵਾਕ ਆਊਟ ਕਰ ਰਹੇ ਹਨ, ਇਹ ਕੋਈ ਨਾ ਕੋਈ ਬਹਾਨਾ ਭਾਲਦੇ ਸਨ, ਇਹ ਇਸ ਬਜਟ ਦੀ ਇੱਕ ਵੀ ਲਾਈਨ ਨੂੰ oppose ਨਹੀਂ ਕਰ ਸਕਦੇ। ਇੱਕ ਲਾਇਨ ਤੇ ਬੋਲਣ ਲਈ ਵੀ ਇਨ੍ਹਾਂ ਕੋਲ ਕੋਈ ਮਟੀਰੀਅਲ ਨਹੀਂ ਹੈ। ਇਸੇ ਕਰਕੇ ਇਹ ਅੱਜ ਵਾਕਆਊਟ ਕਰਕੇ ਭੱਜ ਰਹੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਅਪੀਲ ਕਰਦਾ ਹਾਂ ਕਿ ਹਾਊਸ ਵਿੱਚ ਆਉ ਅਤੇ ਆਪਣੀ constructive ਭੂਮਿਕਾ ਨਿਭਾਉ, ਆ ਕੇ ਬਜਟ ਤੇ ਬਹਿਸ ਕਰੋ। ਜੇਕਰ ਸਾਡੇ ਵਿੱਚ ਕੋਈ ਖਾਮੀਆਂ ਹਨ ਤਾਂ ਦੱਸੋ, ਅਸੀਂ ਦੂਰ ਕਰਾਂਗੇ। ਲੇਕਿਨ ਇਸ ਤਰ੍ਹਾਂ ਭੱਜਣਾ ਕਾਇਰਤਾ ਦੀ ਨਿਸ਼ਾਨੀ ਹੁੰਦੀ ਹੈ। ਪ੍ਰਤਾਪ ਬਾਜਵਾ ਪਹਿਲਾਂ ਆਪਣੀ ਗੱਲ ਕਰ ਕੇ ਭੱਜ ਗਿਆ ਅਤੇ ਉਸ ਤੋਂ ਬਾਅਦ ਉਨ੍ਹਾਂ ਦੇ ਸਾਥੀ ਵੀ ਭੱਜ ਗਏ। ਇਸ ਤੋਂ ਪਤਾ ਲੱਗਦਾ ਹੈ ਕਿ ਕਾਂਗਰਸ ਪਾਰਟੀ ਹਮੇਸ਼ਾ ਹੀ ਮਿਸਲੀਡ ਕਰਦੀ ਹੈ ਅਤੇ ਝੂਠ ਬੋਲਦੀ ਹੈ, ਇਸ ਦਾ ਪ੍ਰਮਾਣ ਸਭ ਦੇ ਸਾਹਮਣੇ ਹੈ। ਇਹ ਆਪਣੀ ਗੱਲ ਬੋਲਦੇ ਹਨ ਅਤੇ ਬਾਅਦ ਵਿੱਚ ਕੋਈ ਨਾ ਕੋਈ ਬਹਾਨਾ ਲਗਾ ਕੇ ਭੱਜ ਜਾਂਦੇ ਹਨ। ਜੇਕਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਗੱਲ ਆਈ ਤਾਂ ਦੱਸੋ ਕਿ ਦੇਸ਼ ਵਿੱਚ 75 ਸਾਲ ਤੋਂ ਕਿਸ ਪਾਰਟੀ ਦਾ ਰਾਜ ਰਿਹਾ ਹੈ? ਸਪੀਕਰ ਸਾਹਿਬ, ਕਿਸ ਦਾ ਰਾਜ ਰਿਹਾ ਹੈ? ਕਾਂਗਰਸ ਪਾਰਟੀ ਦਾ ਰਾਜ ਰਿਹਾ ਹੈ ਅਤੇ ਕਾਂਗਰਸ ਪਾਰਟੀ ਹਮੇਸ਼ਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਖਿਲਾਫ ਸੀ। ਜਦੋਂ ਵੀ ਕਦੇ ਉਨ੍ਹਾਂ ਦੀ ਗੱਲ ਆਈ ਹੈ ਤਾਂ ਕਾਂਗਰਸ ਪਾਰਟੀ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਅਪਮਾਨ ਕੀਤਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਬਣੀ, ਮੈਂ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਦੋ ਸਟੇਟਾਂ ਵਿੱਚ, ਚਾਹੇ ਦਿੱਲੀ ਹੈ ਚਾਹੇ ਪੰਜਾਬ ਹੈ, ਦੋਨਾਂ ਰਾਜਾਂ ਵਿੱਚ ਹਰ ਦਫ਼ਤਰ ਵਿੱਚ ਅੱਜ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਫੋਟੋ ਲੱਗੀ ਹੋਈ ਹੈ। (ਥੰਪਿੰਗ) ਅੱਜ ਹਰ ਦਫ਼ਤਰ ਵਿੱਚ ਬਾਬਾ ਸਾਹਿਬ ਭੀਮ ਰਾਉ ਅੰਬੇਦਕਰ ਜੀ ਦੀ ਫੋਟੋ ਲੱਗੀ ਹੋਈ ਹੈ। ਇਹ ਪੂਰਾ ਦੇਸ਼ ਜਾਣਦਾ ਹੈ ਕਿ ਇਹ ਲੋਕ ਅਪਮਾਨ ਕਰਦੇ ਹਨ। ਇਨ੍ਹਾਂ ਲੋਕਾਂ ਨੇ ਅਪਮਾਨ ਕੀਤਾ ਹੈ। ਅੱਜ ਮੋਹਾਲੀ ਦੇ ਕੌਮਾਂਤਰੀ ਏਅਰਪੋਰਟ ਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਆਦਮ ਕੱਦ ਬੁੱਤ ਕਿਸ ਨੇ ਲਗਾਇਆ ਹੈ? ਇਹ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲਗਾਇਆ ਹੈ। (ਥੰਪਿੰਗ) ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਲਗਾਇਆ ਹੈ। ਸਰ, ਅੱਜ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪਿੰਡ ਜੇਕਰ ਮੈਡੀਕਲ ਕਾਲਜ ਬਣਨ ਜਾ ਰਿਹਾ ਹੈ ਤਾਂ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਬਣਨ ਜਾ ਰਿਹਾ ਹੈ। (ਥੰਪਿੰਗ) ਸੋ, ਇਸ ਤੋਂ ਪਤਾ ਲੱਗਦਾ ਹੈ ਕਿ ਕਾਂਗਰਸ ਪਾਰਟੀ ਸਿਰਫ ਤੇ ਸਿਰਫ ਸਿਆਸੀ ਰੋਟੀਆਂ ਸੇਕਣੀਆਂ ਚਾਹੁੰਦੀ ਹੈ ਪਰ ਅਸਲੀਅਤ ਵਿੱਚ ਕੁਝ ਕਰਨਾ ਨਹੀਂ ਚਾਹੁੰਦੀ। ਬਾਜਵਾ ਸਾਹਿਬ 5 ਸਾਲ ਲੋਕ ਸਭਾ, 6 ਸਾਲ ਰਾਜ ਸਭਾ ਅਤੇ 2-3 ਵਾਰ ਐਮ.ਐਲ.ਏ. ਚੁਣੇ ਗਏ ਹਨ, ਇਨ੍ਹਾਂ ਦੇ ਫੈਮਿਲੀ ਦੇ ਮੈਂਬਰ ਚੁਣੇ ਗਏ ਹਨ। ਪੂਰਾ ਰਿਕਾਰਡ ਚੈੱਕ ਕਰਕੇ ਦੇਖ ਲਉ, ਇਨ੍ਹਾਂ ਨੇ ਅੱਜ ਤੱਕ ਕਦੇ ਸਿੰਗਲ ਲਾਈਨ ਵੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਬਾਰੇ ਬੋਲੀ ਹੋਵੇ। ਜਦੋਂ ਇਨ੍ਹਾਂ ਦੀ ਸਰਕਾਰ ਸੀ, ਇਨ੍ਹਾਂ ਨੇ ਕਿਉਂ ਨਹੀਂ ਸ਼ਹੀਦ-ਏ-ਆਜ਼ਮ, ਸਰਦਾਰ ਭਗਤ ਸਿੰਘ ਦਾ ਬੁੱਤ ਲਗਾਇਆ? ਉਨ੍ਹਾਂ ਦੇ ਨਾਂ ਤੇ ਕਿਉਂ ਨਹੀਂ ਪੰਜਾਬ ਵਿੱਚ ਇੱਕ ਵੀ ਕਾਲਜ ਖੋਲ੍ਹਿਆ?

**1150/Tarlochan Singh/Shubham jain**

**1155/mehak**

ਕਿਉਂ ਨਹੀਂ ਇੱਕ ਵੀ ਯਾਦਗਾਰ ਬਣਾਈ ਕਿਉਂਕਿ ਕਾਂਗਰਸ ਪਾਰਟੀ ਸ਼ਹੀਦ-ਏ-ਆਜ਼ਮ, ਸਰਦਾਰ ਭਗਤ ਸਿੰਘ ਨੂੰ ਪਸੰਦ ਨਹੀਂ ਕਰਦੀ ਹੈ। ਉਨ੍ਹਾਂ ਦੀ ideology ਦੇ ਖਿਲਾਫ ਹੈ। ਦੇਸ਼ ਦੇ ਅੰਦਰ ਇਕੱਲੀ ਆਮ ਆਦਮੀ ਪਾਰਟੀ ਹੀ ਹੈ ਜਿਹੜੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਹਮੇਸ਼ਾ ਹੀ ਸਨਮਾਨ ਕਰਦੀ ਹੈ। ਪਹਿਲੇ ਦਿਨ ਤੋਂ ਹੀ ਸਾਡੇ ਪੰਜਾਬ ਦੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਭਗਤ ਸਿੰਘ ਦੀ ਸੋਚ ਨੂੰ ਲੈ ਕੇ ਚਲੇ ਹੋਏ ਹਨ ਤੇ ਉਨ੍ਹਾਂ ਦੀ ਸੋਚ ਅਸੀਂ ਘਰ ਘਰ ਲੈ ਕੇ ਜਾ ਰਹੇ ਹਾਂ। ਜਦੋਂ ਉਨ੍ਹਾਂ ਦਾ ਸ਼ਹੀਦੀ ਦਿਹਾੜਾ ਜਾਂ ਜਨਮ ਦਿਵਸ ਹੁੰਦਾ ਹੈ ਤਾਂ ਸਰਦਾਰ ਹਰਜੋਤ ਸਿੰਘ ਬੈਂਸ ਜੀ ਬੈਠੇ ਹਨ ਤਾਂ ਇਹ ਹਮੇਸ਼ਾ ਸਾਰੇ ਸਕੂਲਾਂ, ਕਾਲਜਾਂ ਦੇ ਅੰਦਰ ਖੁਦ ਜਾ ਕੇ ਫੰਕਸ਼ਨ ਕਰਵਾਉਂਦੇ ਹਨ। ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ ਤੁਹਾਨੂੰ ਵੀ ਪਤਾ ਹੈ ਕਿ ਅਸੀਂ ਸਾਰਿਆਂ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪਿੰਡ ਜਾ ਕੇ ਸਹੁੰ ਖਾਧੀ ਸੀ ਕਿ ਪੰਜਾਬ ਵਿੱਚੋਂ ਕਰੱਪਸ਼ਨ ਖਤਮ ਕਰਨੀ ਹੈ, ਨਸ਼ਾ ਖਤਮ ਕਰਨਾ ਹੈ। ਹੁਣ ਜਦੋਂ ਪੰਜਾਬ ਵਿੱਚੋਂ ਕਰੱਪਸ਼ਨ ਖਤਮ ਹੋ ਰਹੀ ਹੈ, ਜਦੋਂ ਪੰਜਾਬ ਵਿੱਚੋਂ ਨਸ਼ਾ ਖਤਮ ਹੋ ਰਿਹਾ ਹੈ, ਜਦੋਂ ਪੰਜਾਬ ਵਿੱਚੋਂ ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦਾ ਪੈਦਾ ਕੀਤਾ ਹੋਇਆ ਮਾਫੀਆ ਰਾਜ ਦਮ ਤੋੜਦਾ ਨਜ਼ਰ ਆ ਰਿਹਾ ਹੈ ਤਾਂ ਇਹ ਮਗਰਮੱਛ ਦੇ ਹੰਝੂ ਵਹਾਅ ਰਹੇ ਹਨ। ਹੁਣ ਇਹ ਰੋ ਰਹੇ ਹਨ ਕਿ ਇਨ੍ਹਾਂ ਵੱਲੋਂ ਪੰਜਾਬ ਵਿੱਚ ਪੈਦਾ ਕੀਤਾ ਮਾਫੀਆ ਅੱਜ ਖਤਮ ਕਿਉਂ ਹੋ ਰਿਹਾ ਹੈ। ਅੱਜ ਜੇ ਪੰਜਾਬ ਵਿੱਚ ਸ਼ਰਾਬ ਮਾਫੀਆ ਖਤਮ ਹੋਇਆ ਹੈ ਤਾਂ ਇਸ ਦਾ ਕਿਸ ਨੂੰ ਦੁੱਖ ਲੱਗ ਰਿਹਾ ਹੈ, ਇਸ ਦਾ ਦੁੱਖ ਕਾਂਗਰਸ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਨੂੰ ਲੱਗ ਰਿਹਾ ਹੈ। ਮੇਰੇ ਕੋਲ ਪੂਰਾ ਰਿਕਾਰਡ ਹੈ ਤੇ ਮੈਂ ਅੱਜ ਲੈ ਕੇ ਆਇਆ ਹਾਂ ਕਿ ਕਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਸਮੇਂ ਪੰਜਾਬ ਦੇ ਅੰਦਰ ਲਗਭਗ 400 ਕਰੋੜ ਰੁਪਏ ਦਾ ਘਪਲਾ ਹੋਇਆ ਸੀ। ਜਦੋਂ ਇਹ ਬੋਲਣਗੇ ਤਾਂ ਮੈਂ ਹਰ ਗੱਲ ਦਾ ਰਿਪਲਾਈ ਦਿਆਂਗਾ। ਦੋ ਦਿਨ ਪਹਿਲਾਂ ਸਦਨ ਦੇ ਅੰਦਰ ਸੀ.ਏ.ਜੀ. ਦੀ ਰਿਪੋਰਟ ਰੱਖੀ ਹੈ। ਕਾਂਗਰਸ ਪਾਰਟੀ ਦੇ ਸਮੇਂ ਮੈਡੀਕਲ ਸਹੂਲਤਾਂ ਦੇ ਪੰਜਾਬ ਵਿੱਚ ਕੀ ਹਾਲਾਤ ਸਨ, ਕਿਵੇਂ ਉਨ੍ਹਾਂ ਦੇ ਸਮੇਂ ਵੱਡੇ ਪੱਧਰ ਤੇ ਘਪਲੇ ਹੋਏ ਹਨ, ਇਨ੍ਹਾਂ ਸਾਰੀਆਂ ਗੱਲਾਂ ਨੂੰ ਸਹਿਣ ਦੀ ਬਜਾਏ ਇਹ ਕੋਈ ਨਾ ਕੋਈ ਬਹਾਨਾ ਬਣਾ ਕੇ ਵਾਕਆਊਟ ਕਰ ਜਾਂਦੇ ਹਨ। ਸੋ, ਮੈਂ ਸਮਝਦਾ ਹਾਂ ਕਿ ਇਨ੍ਹਾਂ ਦੇ ਖਿਲਾਫ ਬਿਲਕੁਲ ਕਾਰਵਾਈ ਹੋਣੀ ਚਾਹੀਦੀ ਹੈ ਤੇ ਇਨ੍ਹਾਂ ਨੂੰ ਹਾਊਸ ਤੋਂ ਮਾਫੀ ਮੰਗਣੀ ਚਾਹੀਦੀ ਹੈ। ਸਮੁੱਚੀ ਕਾਂਗਰਸ ਪਾਰਟੀ ਨੂੰ ਮਾਫੀ ਮੰਗਣੀ ਚਾਹੀਦੀ ਹੈ, ਇਹ ਸਾਡੇ ਗੁਰੂ ਸਾਹਿਬਾਨ ਨੂੰ ਨਹੀਂ ਛੱਡਦੇ ਹਨ, ਸਾਡੇ ਸੰਤਾਂ ਨੂੰ ਵੀ ਨਹੀਂ ਛੱਡਦੇ ਹਨ, ਜਿਨ੍ਹਾਂ ਨੇ ਸਾਡੇ ਧਾਰਮਿਕ ਸਥਾਨਾਂ ਦੀ ਸੇਵਾ ਕੀਤੀ ਹੈ ਉਨ੍ਹਾਂ ਨੂੰ ਵੀ ਨਹੀਂ ਬਖਸ਼ਦੇ ਹਨ। ਇਹ ਸਿਰਫ ਚਾਹੁੰਦੇ ਹਨ ਕਿ ਅਸੀਂ ਕੋਈ ਨਾ ਕੋਈ ਤਰੀਕਾ ਅਪਣਾ ਕੇ ਵੋਟਾਂ ਲੈ ਕੇ ਜਿੱਤ ਜਾਈਏ। ਪੰਜਾਬ ਜਾਣਦਾ ਹੈ ਤੇ ਪੰਜਾਬ ਦੇਖ ਰਿਹਾ ਹੈ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਹੀ ਸਾਡੇ ਧਰਮ ਨਾਲ ਤੇ ਪੰਜਾਬ ਨਾਲ ਖਿਲਵਾੜ ਕੀਤਾ ਹੈ। ਸੋ, ਮੈਂ ਸਪੀਕਰ ਸਾਹਿਬ ਤੁਹਾਨੂੰ ਇਹੀ ਬੇਨਤੀ ਕਰਾਂਗਾ ਕਿ ਕਾਂਗਰਸ ਪਾਰਟੀ ਦੇ ਜਿਨ੍ਹਾਂ ਮੈਂਬਰਾਂ ਨੇ ਵੀ ਇਹ ਸ਼ਬਦ ਬੋਲੇ ਹਨ ਉਨ੍ਹਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਤਾਂ ਜੋ ਪੰਜਾਬ ਨੂੰ ਪਤਾ ਲੱਗ ਸਕੇ ਕਿ ਜਿਹੜੇ ਸਾਡੇ ਸੰਤਾਂ ਦਾ, ਸਾਡੀ ideology ਦਾ ਅਪਮਾਨ ਕਰਦੇ ਹਨ ਉਨ੍ਹਾਂ ਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ)**: ਮਿਹਰਬਾਨੀ ਸਪੀਕਰ ਸਾਹਿਬ, ਵੈਸੇ ਤਾਂ ਮੇਰੇ ਬਹੁਤ ਹੀ ਸਤਿਕਾਰਯੋਗ ਸਾਥੀ ਮੇਰੇ ਵੱਡੇ ਵੀਰ ਹਰਪਾਲ ਚੀਮਾ ਜੀ ਨੇ ਸਾਰੀ ਗੱਲ ਬੜੇ ਵਿਸਥਾਰ ਵਿੱਚ ਕਰ ਲਈ ਹੈ। ਮੈਂ ਤਾਂ ਬੜੀ ਬ੍ਰੀਫਲੀ ਦੋ ਹੀ ਗੱਲਾਂ ਤੁਹਾਡੇ ਨਾਲ ਕਰਨੀਆਂ ਹਨ। ਸਪੀਕਰ ਸਾਹਿਬ, we are here for constructive, progressive, positive discussion. ਅਸੀਂ ਇਨ੍ਹਾਂ ਵਾਂਗੂੰ ਰੌਲਾ ਪਾ ਕੇ ਖਿਲਾਰਾ ਪਾ ਕੇ ਬਾਹਰ ਜਾਣ ਵਾਲੇ ਨਹੀਂ ਹਾਂ। ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ ਦੀ ਗੱਲ ਕੀਤੀ ਹੈ, ਮੇਰੀ ਤੁਹਾਨੂੰ ਇਹ ਬੇਨਤੀ ਹੈ ਕਿ ਜੇ ਇਕੱਲੇ ਪ੍ਰਤਾਪ ਸਿੰਘ ਬਾਜਵਾ ਜੀ ਚਾਹੁੰਦੇ ਹਨ ਤਾਂ ਇਸ ਉੱਪਰ proper and thorough ਡਿਸਕਸ਼ਨ ਰੱਖੋ। ਇਹ ਉਹ ਗੱਲ ਸਰਕਾਰ ਨੂੰ ਤੇ ਮੁੱਖ ਮੰਤਰੀ ਨੂੰ ਕਹਿ ਰਹੇ ਹਨ ਜਿਨ੍ਹਾਂ ਨੇ 16.03.2022 ਨੂੰ ਖਟਕੜ ਕਲਾਂ ਵਿੱਚ ਸ਼ਹੀਦ ਭਗਤ ਸਿੰਘ ਦੀ ਧਰਤੀ ਤੇ ਨਤਮਸਤਕ ਹੋ ਕੇ ਸਹੁੰ ਚੁੱਕੀ ਤੇ ਸਾਰੇ ਸਰਕਾਰੀ ਦਫਤਰਾਂ ਦੀ ਸ਼ੋਭਾ ਸ਼ਹੀਦ ਭਗਤ ਸਿੰਘ ਜੀ ਦੀ ਫੋਟੋ ਵਧਾ ਰਹੀ ਹੈ। ਏਅਰਪੋਰਟ ਦਾ ਨਾਮ ਤੇ ਆਦਮ ਕੱਦ ਬੁੱਤ ਦੀ ਗੱਲ ਚੀਮਾ ਸਾਹਿਬ ਕਰ ਚੁੱਕੇ ਹਨ। ਸੋ, ਪ੍ਰਾਪਰ ਡਿਸਕਸ਼ਨ ਹੋਣੀ ਚਾਹੀਦੀ ਹੈ। ਦੂਜੀ ਗੱਲ, ਇੱਥੇ ਹਮੇਸ਼ਾ ਮੈਜਾਰਿਟੀ ਦੀ ਗੱਲ ਹੁੰਦੀ ਹੈ, ਅੱਜ ਕਾਂਗਰਸ ਪਾਰਟੀ ਵਾਲਿਆਂ ਨੇ ਜਿਸ ਤਰ੍ਹਾਂ ਦਾ ਵਰਤਾਰਾ ਕੀਤਾ ਹੈ, ਮੇਰੀ ਤੁਹਾਨੂੰ ਇੱਕ ਬੇਨਤੀ ਵੀ ਹੈ ਤੇ ਸੁਜੈਸ਼ਨ ਵੀ ਹੈ ਕਿ ਪ੍ਰਤਾਪ ਸਿੰਘ ਬਾਜਵਾ ਜੀ ਸੋ ਕਾਲਡ ਲੀਡਰ ਆਫ ਦਿ ਆਪੋਜ਼ੀਸ਼ਨ ਹਨ ਤੇ ਲੀਡਰ ਦੇ ਪਿੱਛੇ ਉਨ੍ਹਾਂ ਦੇ ਸਾਰੇ ਸਾਥੀ ਹਨ, he should be leading them. ਜਦੋਂ ਇਹ ਡਿਸਕਸ਼ਨ ਹੋਈ ਤਾਂ ਕਾਂਗਰਸ ਪਾਰਟੀ ਦੇ ਸਾਡੇ ਦੋ ਸਾਥੀ ਸਦਨ ਵਿੱਚ ਮੌਜੂਦ ਹਨ, ਜਿਸ ਦਾ ਮਤਲਬ ਹੈ ਕਿ ਇਹ ਉਨ੍ਹਾਂ ਨਾਲ ਸਹਿਮਤ ਨਹੀਂ ਹਨ। ਬਾਕੀ ਪਾਰਟੀਆਂ ਦੇ ਸਾਥੀ ਵੀ ਇੱਥੇ ਮੌਜੂਦ ਹਨ। ਜਦੋਂ ਗੱਲ ਚੱਲ ਰਹੀ ਸੀ ਕਿ ਲਾਡੀ ਸ਼ੇਰੋਵਾਲੀਆ ਤੋਂ ਪੁੱਛ ਲਓ ਤਾਂ ਰਾਣਾ ਗੁਰਜੀਤ ਜੀ ਕਹਿੰਦੇ ਕਿ ਲਾਡੀ ਤੋਂ ਕਿਉਂ ਪੁੱਛਦੇ ਹੋ? ਜਿਸ ਨੇ ** ** ਮਾਰੀ ਹੈ, ਉਸ ਤੋਂ ਪੁੱਛੋ। ਉਹ ਇੱਥੇ ਹੈ ਨਹੀਂ ਜਿਸ ਨੇ ** ** ਮਾਰੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**1155/mehak/Abhishek gautam**

**ਮਾਣਯੋਗ ਸਪੀਕਰ**: ** ਸ਼ਬਦ ਕੱਟ ਦਿੱਤਾ ਜਾਵੇ ਜੀ।

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ)**: ਮੈਂ ਉਸ ਨੂੰ ਫਰੂਟ ਫੁਲ ਡਿਸਕਸ਼ਨ ਤਾਂ ਕਹਿ ਨਹੀਂ ਸਕਦਾ। ਹੈ ਤਾਂ ** ਹੀ ਸੀ।

**ਮਾਣਯੋਗ ਸਪੀਕਰ**: ** ਸ਼ਬਦ ਰਿਕਾਰਡ ਵਿੱਚ ਨਾ ਲਿਆ ਜਾਵੇ।

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਜੋ ਤੁਹਾਨੂੰ ਚੰਗਾ ਲੱਗਦਾ ਹੈ, ਉਹ ਕਰਵਾ ਲਵੋ। ਉਸ ਤੋਂ ਬਾਅਦ ਜਦੋਂ ਗੱਲ ਆਈ ਕਿ ਕਾਂਗਰਸ ਪਾਰਟੀ ਮੁਆਫੀ ਮੰਗੇ, ਮੈਂ ਮੇਰੀ ਭੈਣ ਅਰੁਨਾ ਚੌਧਰੀ ਜੀ ਅਤੇ ਸੁਖ ਸਰਕਾਰੀਆ ਜੀ ਨੂੰ ਦੇਖ ਰਿਹਾ ਸੀ, ਉਹ ਕਹਿੰਦੇ ਸੀ ਕਿ ਅਸੀਂ ਮੁਆਫੀ ਕਿਉਂ ਮੰਗੀਏ? ਜਿਸ ਨੇ ** ਮਾਰੀ ਹੈ, ਉਹ ਮੰਗੇ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਉਹ ਤੁਸੀਂ ਬਾਕੀ ਤਾਂ ਛੱਡੋ, ਤੁਸੀਂ ayes and noes ਬਹੁਤ ਵਾਰ ਅਤੇ ਰੋਜ਼ ਹੀ ਕਰਵਾਉਂਦੇ ਹੋ। ਅੱਜ ਕਾਂਗਰਸ ਪਾਰਟੀ ਦੇ 15 ਜਣਿਆਂ ਦੇ ayes and noes ਇਸ ਗੱਲ ਤੇ ਕਰਵਾ ਲਵੋ ਕਿ ਸੰਤ ਸੀਚੇਵਾਲ ਪੰਜਾਬ ਦੇ ਦਰਦੀ ਸੰਤ ਹਨ ਜਾਂ ਉਹ ਠੇਕੇਦਾਰ ਹਨ। ਇਨ੍ਹਾਂ ਦੀ ਡਿਸਕਸ਼ਨ ਅਤੇ ਵੋਟਿੰਗ ਕਰਵਾ

ਲਵੋ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪ ਮਾਇਨਾਰਟੀ ਵਿੱਚ ਆ ਜਾਣਗੇ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਹੋ ਜਿਹੀ ridiculous ਪੁਆਇੰਟ ਛੇੜ ਕੇ ਉਹ ਬਾਹਰ ਨੂੰ ਤੁਰ ਗਏ, ਆਪੋਜ਼ੀਸ਼ਨ ਵਿੱਚ ਬੀ.ਜੇ.ਪੀ., ਬੀ.ਐਸ.ਪੀ. ਅਤੇ ਅਕਾਲੀ ਦਲ ਵੀ ਹੈ। ਤੁਸੀਂ ਬਾਕੀ ਛੱਡੋ, ਹਾਊਸ ਉਦੋਂ ਐਡਜਰਨ ਹੋ ਗਿਆ ਸੀ। ਮੈਂ ਇਆਲੀ ਸਾਹਿਬ ਨਾਲ ਗੱਲ ਕਰਕੇ ਗਿਆ, ਇਹ ਉਦੋਂ ਬੋਲ ਰਹੇ ਸੀ। ਤੁਸੀਂ ਸਾਨੂੰ ਛੱਡੋ, ਸੀਚੇਵਾਲ ਸਾਹਿਬ ਨੂੰ ਛੱਡੋ, ਤੁਸੀਂ ਇਨ੍ਹਾਂ ਨੂੰ ਵੀ ਪੁੱਛੋ, ਇਹ ਲੋਕਾਂ ਦੇ ਨੁਮਾਇੰਦੇ ਹਨ, ਇਹ ਐਡਵਰਸ ਸਿਚੁਏਸ਼ਨ ਵਿੱਚ ਵੀ ਆਪਣੀ ਸੀਟ ਤੋਂ ਜਿੱਤਦੇ ਰਹੇ ਹਨ। ਇਨ੍ਹਾਂ ਨੂੰ ਪੁੱਛ ਲਵੋ। ਮੈਂ ਦੁਬਾਰਾ ਰਿਕੁਐਸਟ ਕਰਦਾ ਹਾਂ ਕਿ ਥੋੜ੍ਹੀ ਬਹੁਤ ਸਿਆਣੇ, ਸੁਲਝੇ ਬੰਦੇ ਤੋਂ ਇਹੋ ਜਿਹੀ ridiculous ਡਿਸਕਸ਼ਨ, I have never expected. ਸੋ, ਪਲੀਜ਼, ਮੈਂ ਰਿਕੁਐਸਟ ਕਰਾਂਗਾ ਕਿ ਇਆਲੀ ਸਾਹਿਬ ਦੀ ਗੱਲ ਹਾਊਸ ਜ਼ਰੂਰ ਸੁਣੇ।

**ਮਾਣਯੋਗ ਸਪੀਕਰ**: ਮੰਤਰੀ ਜੀ (ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਵੱਲ ਇਸ਼ਾਰਾ) , ਇਆਲੀ ਸਾਹਿਬ ਬਾਰੇ ਮੰਤਰੀ ਜੀ ਨੇ ਕਿਹਾ ਹੈ। ਮੈਨੂੰ ਲੱਗਦਾ ਹੈ ਕਿ ਮੈਂ ਮੰਨ ਲਵਾਂ।

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਇਹ ਉਸੇ ਮਾਡਲ ਤੇ ਗੱਲ ਕਰਨਾ ਚਾਹੁੰਦੇ ਹਨ।

**ਮਾਣਯੋਗ ਸਪੀਕਰ**: ਹਾਂ ਜੀ, ਰਵਜੋਤ ਜੀ।

**ਸਥਾਨਕ ਸਰਕਾਰ ਮੰਤਰੀ (ਡਾਕਟਰ ਰਵਜੋਤ ਸਿੰਘ)**: ਸਪੀਕਰ ਸਾਹਿਬ, ਧੰਨਵਾਦ ਜੀ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ। ਮੈਂ ਇੱਕ ਮਿੰਟ ਵਿੱਚ ਆਪਣੀ ਗੱਲ ਰੱਖਣੀ ਚਾਹਾਂਗਾ। ਮੈਂ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਨਾਲ ਕਾਫੀ ਨੇੜੇ ਤੋਂ ਜੁੜਿਆ ਹਾਂ ਕਿਉਂਕਿ ਸਾਡਾ ਮਹਿਕਮਾ ਵੀ ਲੋਕਲ ਬਾਡੀਜ਼ ਹੈ ਅਤੇ ਮੈਨੂੰ ਉਨ੍ਹਾਂ ਨਾਲ ਬੈਠ ਕੇ ਗੱਲ ਕਰਨ ਦਾ ਸਮਾਂ ਵੀ ਲੱਗਿਆ ਹੈ ਅਤੇ ਬੁੱਢੇ ਦਰਿਆ ਸਾਫ ਕਰਨ ਬਾਰੇ ਉਹ ਵਧੀਆ ਕੰਮ ਕਰ ਰਹੇ ਹਨ, ਸਾਨੂੰ ਪੂਰਾ ਸਹਿਯੋਗ ਮਿਲ ਰਿਹਾ ਹੈ। ਮੈਨੂੰ ਨਿੱਜੀ ਦੁੱਖ ਹੋਇਆ ਕਿ ਇੱਕ ਸੰਤ ਬਾਰੇ, ਉਸ ਸ਼ਖਸੀਅਤ ਬਾਰੇ ਜਿਨ੍ਹਾਂ ਦਾ ਵਾਤਾਵਰਨ ਬਾਰੇ ਇੰਨਾ ਤਜਰਬਾ ਹੈ, ਉਨ੍ਹਾਂ ਨੂੰ ਕੋਈ ਲਾਲਚ ਨਹੀਂ ਹੈ। ਲਾਲਚ ਸਿਰਫ ਇਹੀ ਹੈ ਕਿ ਵਾਤਾਵਰਨ ਦੀ ਕਿਵੇਂ ਸੰਭਾਲ ਹੋਵੇ, ਵਾਤਾਵਰਨ ਦਾ ਕਿਵੇਂ ਰੱਖ ਰਖਾਅ ਹੋਵੇ ਤੇ ਉਸ ਨੂੰ ਕਿਸ ਤਰ੍ਹਾਂ ਸੁਰੱਖਿਅਤ ਕੀਤਾ ਜਾਵੇ। ਮੈਂ ਸਮਝਦਾ ਹਾਂ ਕਿ ਉਹ ਉਸ ਨਗਰੀ ਵਿੱਚੋਂ ਆਉਂਦੇ ਹਨ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਗਰੀ ਹੈ। ਜੋ ਸਾਡੇ ਲੀਡਰ ਆਫ ਦਿ ਆਪੋਜ਼ੀਸ਼ਨ ਜੀ ਨੇ ਕਿਹਾ ਅਤੇ ਜੋ ਸ਼ਬਦ ਉਨ੍ਹਾਂ ਵਾਸਤੇ ਵਰਤੇ ਹਨ, ਮੈਂ ਕਹਾਂਗਾ ਕਿ ਉਸ ਗੁਰੂ ਦੀ ਨਗਰੀ ਦਾ ਅਪਮਾਨ ਹੈ। ਪੰਜਾਬ ਦਾ ਅਪਮਾਨ ਹੈ, ਪੂਰੇ ਦੇਸ਼ ਦਾ ਅਪਮਾਨ ਹੈ। ਇਹ ਨਹੀਂ ਹੈ ਕਿ ਉਨ੍ਹਾਂ ਨੂੰ ਸਿਰਫ ਹਿੰਦੁਸਤਾਨ ਵਿੱਚ ਹੀ ਜਾਣਦੇ ਹਨ। ਸਰ, ਉਹ ਵਰਲਡ ਫੇਮਸ ਇਨਵਾਇਰਮੈਂਟਲ ਪਰਸਨੈਲਿਟੀ ਹਨ। ਉਨ੍ਹਾਂ ਨੂੰ ਇਨਵਾਇਰਮੈਂਟਲ ਹੀਰੋ ਦੇ ਨਾਂ ਤੇ ਜਾਣਿਆ ਜਾਂਦਾ ਹੈ। ਤੁਸੀਂ ਗੂਗਲ ਤੇ ਸਰਚ ਕਰੋਗੇ ਤਾਂ ਇਨਵਾਇਰਮੈਂਟਲ ਹੀਰੋ ਦੇ ਤੌਰ ਤੇ ਉਨ੍ਹਾਂ ਦਾ ਨਾਮ ਚੱਲਦਾ ਹੈ। ਮੈਂ ਸਦਨ ਵਿੱਚ ਇੱਕ ਗੱਲ ਹੋਰ ਰੱਖਣਾ ਚਾਹਾਂਗਾ ਕਿ ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ, ਲੀਡਰ ਆਫ ਦਿ ਆਪੋਜ਼ੀਸਨ ਹਨ, ਉਹ ਜਦੋਂ ਵੀ ਹਾਊਸ ਵਿੱਚ ਆਉਣ ਤਾਂ ਉਹ ਕਲੀਅਰ ਕਰਨ ਕਿ ਉਨ੍ਹਾਂ ਦੇ ਲਫਜ਼ ਅਤੇ

ਬਿਆਨ ਇੰਡੀਵਿਜੁਅਲ ਸੀ ਜਾਂ ਕਾਂਗਰਸ ਪਾਰਟੀ ਦਾ ਸੀ ਕਿਉਂਕਿ ਉਹ ਕਾਂਗਰਸ ਪਾਰਟੀ ਨੂੰ ਰਿਪ੍ਰੀਜ਼ੈਂਟ ਕਰਦੇ ਹਨ। ਜਦੋਂ ਵੀ ਉਹ ਆਉਣਗੇ ਤਾਂ ਮੈਂ ਇਸ ਗੱਲ ਦਾ ਜ਼ਰੂਰ ਜਵਾਬ ਲੈਣਾ ਚਾਹਾਂਗਾ। ਸਮਾਂ ਦੇਣ ਲਈ ਧੰਨਵਾਦ ਜੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)**: ਸਰ, ਮੈਂ ਕਾਂਗਰਸ ਬਾਰੇ ਤੁਹਾਨੂੰ ਥੋੜ੍ਹੀ ਜਿਹੀ ਗੱਲ ਦੱਸਣਾ ਚਾਹੁੰਦਾ ਹਾਂ, ਇੱਕ ਕਹਾਣੀ ਹੈ ਜੀ। ਤੁਹਾਨੂੰ ਪਤਾ ਲੱਗ ਜਾਵੇਗਾ ਕਿ ਕਾਂਗਰਸ ਇਸ ਸਦਨ ਵਿੱਚ ਕੀ ਕਰਦੀ ਹੈ। ਸਰ, ਇੱਕ ਵਾਰ ਕਿਸੇ ਦੇ ਘਰ ਵਿੱਚ ਪੰਜ ਚੋਰਾਂ ਨੇ ਪਲੈਨਿੰਗ ਕਰ ਲਈ ਕਿ ਆਪਾਂ ਫਲਾਣੇ ਘਰ ਵਿੱਚ ਚੋਰੀ ਕਰਨ ਜਾਣਾ ਹੈ। ਉਹ ਪੰਜ ਚੋਰ ਵੜ ਗਏ, ਜਦੋਂ ਚੋਰੀ ਹੋਣ ਲੱਗੀ, ਠੁੱਕ-ਠੁੱਕ ਹੋਣ ਲੱਗੀ, ਸਾਰਾ ਕੁਝ ਕਰਨ ਲੱਗੇ ਤਾਂ ਬਾਹਰ ਪਿੰਡ ਵਿੱਚ ਰੌਲਾ ਪੈ ਗਿਆ ਕਿ ਪਿੰਡ ਵਿੱਚ ਕਿਸੇ ਦੇ ਘਰੇ ਚੋਰ ਵੜਿਆ ਹੈ। ਸਾਰਾ ਪਿੰਡ ਇਕੱਠਾ ਹੋ ਗਿਆ ਅਤੇ ਜਿਹੜੇ ਪੰਜ ਚੋਰ ਵੜੇ ਹੋਏ ਸੀ ਜਿਵੇਂ ਸਦਨ ਵਿੱਚ ਹੁਣ ਵੜੇ ਹੋਏ ਹਨ। ਉਨ੍ਹਾਂ ਪੰਜਾਂ ਨੇ ਮਤਾ ਪਾਇਆ ਕਿ ਉਵੇਂ ਤਾਂ ਮਾਰੇ ਗਏ।

**ਮਾਣਯੋਗ ਸਪੀਕਰ**: ਸ਼ਬਦਾਂ ਦੀ ਮਰਿਆਦਾ ਨੂੰ ਥੋੜ੍ਹਾ ਜਿਹਾ ਠੀਕ ਰੱਖਿਆ ਜਾਵੇ।

**ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ**: ਕਹਿੰਦੇ ਅਸੀਂ ਫਸ ਗਏ। ਇਵੇਂ ਤਾਂ ਫੜੇ ਜਾਵਾਂਗੇ ਪਰ ਇੱਕੋ ਤਰੀਕਾ ਬਚਦਾ ਹੈ ਕਿ ਪੰਜਾਂ ਵਿੱਚੋਂ ਇੱਕ ਜਣੇ ਨੂੰ ਚੋਰ ਬਣਾ ਦਿਉ। ਚਾਰ ਜਣੇ ਰੌਲਾ ਪਾ ਦੇਵਾਂਗੇ ਕਿ ਫੜ ਲਿਆ ਓਏ, ਫੜ ਲਿਆ ਓਏ। ਉਹ ਗੱਲ ਅੱਜ ਇਨ੍ਹਾਂ ਨੇ ਕੀਤੀ ਹੈ, ਫੜ ਲਿਆ, ਫੜ ਲਿਆ ਰੌਲਾ ਪਾ ਕੇ ਅੱਜ ਇੱਕ ਜਣੇ ਨੇ ਗਲਤ ਗੱਲ ਕੀਤੀ, ਸਾਡੇ ਸੰਤ ਸੀਚੇਵਾਲ ਜੀ ਦੇ ਬਾਰੇ ਵਿੱਚ ਅਤੇ ਬਾਕੀ ਇਸ ਗੱਲ ਤੋਂ ਮੁੱਕਰ ਗਏ ਕਿ ਸਾਡਾ ਬਿਆਨ ਨਹੀਂ ਹੈ। ਮੁਆਫੀ ਮੰਗਣ ਤਾਂ ਉਹ ਮੰਗਣ। ਸੋ, ਸਰ ਇਨ੍ਹਾਂ ਨੇ ਇਹ ਕੀਤਾ ਹੈ।

**1200/Sukhpiar Singh/Abhishek gautam**

**1205/Manika Rani**

ਸਰ, ਜਿੱਥੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਬਾਬਾ ਸਾਹਿਬ ਦੀ ਗੱਲ ਹੈ। ਸਪੀਕਰ ਸਾਹਿਬ, ਅਸੀਂ ਕੱਲ੍ਹ ਬਜਟ ਪੇਸ਼ ਕੀਤਾ ਹੈ। ਇਹ ਦੇਖੋ। (ਬਜਟ ਦੀ ਕਾਪੀ ਹੱਥ ਵਿੱਚ ਫੜ੍ਹ ਦੇ ਦਿਖਾਉਂਦੇ ਹੋਏ।) ਇਸ ਬਜਟ ਉੱਤੇ ਸਭ ਤੋਂ ਪਹਿਲੀ ਫੋਟੋ ਸ਼ਹੀਦੇ-ਆਜ਼ਮ ਭਗਤ ਸਿੰਘ ਅਤੇ ਦੂਜੀ ਫੋਟੋ ਬਾਬਾ ਸਾਹਿਬ ਦੀ ਲਗਾਈ ਗਈ ਹੈ। (ਥੰਪਿੰਗ) ਸਪੀਕਰ ਸਾਹਿਬ, ਇਤਿਹਾਸ ਦੇ ਅੰਦਰ ਇੱਕ ਬਜਟ ਅਜਿਹਾ ਕਾਂਗਰਸ ਪਾਰਟੀ ਦੱਸ ਦੇਵੇ, ਜਿਸ ਉੱਤੇ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਦੀ ਫੋਟੋ ਲਗਾਈ ਹੋਵੇ। ਸਰ, ਬਜਟ ਛੱਡੋ, ਇੱਕ ਡਾਕੂਮੈਂਟ ਅਜਿਹਾ ਦਿਖਾ ਦੇਵੇ, ਜਿੱਥੇ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਦੀ ਫੋਟੋ ਹੋਵੇ। ਮੈਂ ਹੈਰਾਨ ਹਾਂ ਜੀ। ਸਰ, ਕਾਂਗਰਸ ਪਾਰਟੀ ਦਾ ਤਾਂ ਇਹ ਹਾਲ ਸੀ ਕਿ ਜਿਸ ਦਿਨ ਸੰਵਿਧਾਨ ਦੇ ਵਿੱਚ ਬਾਬਾ ਸਾਹਿਬ ਨੇ ਪਹਿਲੀ ਇਲੈਕਸ਼ਨ ਲੜਨੀ ਸੀ, ਜੇਕਰ ਮੈਂ ਗਲਤ ਨਾ ਹੋਵੇ ਤਾਂ ਉਸ ਦਿਨ ਕਾਂਗਰਸ ਪਾਰਟੀ ਨੇ ਕੀ ਕੀਤਾ। ਕਾਂਗਰਸ ਪਾਰਟੀ ਨੇ ਬਾਬਾ ਸਾਹਿਬ ਦੇ ਅਗੇਂਸਟ ਇੱਕ ਬੰਦਾ ਖੜ੍ਹਾ ਕੀਤਾ ਤਾਂ ਜੋ ਬਾਬਾ ਸਾਹਿਬ ਉਹ ਇਲੈਕਸ਼ਨ ਜਿੱਤ ਨਾ ਜਾਣ। ਕਮਾਲ ਦੀ ਗੱਲ ਤਾਂ ਇਹ ਸੀ ਕਿ ਕਾਂਗਰਸ ਪਾਰਟੀ ਨੇ ਉਨ੍ਹਾਂ ਦਾ ਪੀ.ਏ. ਹੀ ਖੜ੍ਹਾ ਕੀਤਾ। ਸਰ, ਜਿਹੜੇ ਬੰਦੇ ਬਾਬਾ ਸਾਹਿਬ ਦੇ ਬਾਰੇ ਅਜਿਹੀਆਂ ਕੋਝੀਆਂ ਚਾਲਾਂ ਚਲਦੇ

ਹੋਣ, ਜਿਹੜੀ ਪਾਰਟੀ ਬਾਬਾ ਸਾਹਿਬ ਦੀ ਆਈਡਿਓਲੋਜੀ ਉੱਤੇ ਇੱਕ ਦਿਨ ਪਹਿਰਾ ਨਾ ਦੇ ਸਕੀ ਹੋਵੇ, ਅੱਜ ਉਹ ਪਾਰਟੀ ਆਪਣੀ ਚੀਚੀ ਉਂਗਲੀ ਨੂੰ ਖ਼ੂਨ ਲਗਾ ਕੇ ਆਪਣੇ ਆਪ ਨੂੰ ਸ਼ਹੀਦ ਕਰਵਾਉਣ ਨੂੰ ਫਿਰਦੀ ਹੈ। ਸਪੀਕਰ ਸਾਹਿਬ, ਇਹ ਪੰਜਾਬ ਅਤੇ ਪੰਜਾਬ ਦੇ ਸਮੇਤ ਤਿੰਨ ਕਰੋੜ ਪੰਜਾਬੀ ਅੱਜ ਸਭ ਕੁਝ ਦੇਖ ਰਹੇ ਹਨ, ਉਹ ਸਦਨ ਦੇ ਜ਼ਰੀਏ ਇਹ ਵੀ ਇਹ ਦੇਖ ਰਹੇ ਹਨ ਕਿ ਜਿਹੜਾ ਬਜਟ ਅਸੀਂ ਕੱਲ੍ਹ ਪੇਸ਼ ਕੀਤਾ ਹੈ, ਉਹ ਲੋਕਪੱਖੀ ਬਜਟ ਪੇਸ਼ ਕੀਤਾ ਹੈ, ਜਿਸ ਵਿੱਚ ਸਿਹਤ ਅਤੇ ਸਿੱਖਿਆ ਦੀ ਗੱਲ ਹੋਈ ਹੈ।

**ਮਾਣਯੋਗ ਸਪੀਕਰ:** ਤੁਸੀਂ ਇਹ ਬਜਟ ਤੇ ਬੋਲ ਲੈਣਾ ਜੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਸਰ, ਮੈਂ ਦੱਸ ਰਿਹਾ ਹਾਂ ਕਿ ਇਸ ਬਜਟ ਵਿੱਚ ਇੰਡਸਟਰੀ ਦੀ ਗੱਲ ਹੋਈ ਹੈ। ਇਸ ਵਿੱਚ ਰੂਰਲ ਡਿਵੈਲਪਮੈਂਟ ਦੀ ਗੱਲ ਹੋਈ ਹੈ। ਇਸ ਬਜਟ ਵਿੱਚ ਸਾਰੀਆਂ ਗੱਲਾਂ ਕੀਤੀਆਂ ਗਈਆਂ ਹਨ। ਅੱਜ ਇੰਨੀ ਇੰਪਾਰਟਮੈਂਟ ਜਗ੍ਹਾ ਅਤੇ ਇੰਨੇ ਇੰਪਾਰਟੈਂਟ ਟਾਸਕ ਉੱਤੇ ਖੜ੍ਹ ਕੇ ਬਹਿਸ ਕਰਨ ਦੀ ਬਜਾਏ, ਇਹ ਹਮੇਸ਼ਾ ਸਦਨ ਦਾ ਮਾਹੌਲ ਖਰਾਬ ਕਰਦੇ ਹਨ। ਸਰ, ਅਖੀਰ ਵਿੱਚ ਇੱਕੋ ਹੀ ਗੱਲ ਕਹਿਣੀ ਹੈ ਅਤੇ ਮੇਰੀ ਤੁਹਾਡੇ ਅੱਗੇ ਬੇਨਤੀ ਵੀ ਹੈ। ਸਰ, ਇਨ੍ਹਾਂ ਦਾ ਤਰੀਕਾ ਇੱਕੋ ਹੈ, ਸਿਰਫ ਵਾਕ ਆਊਟ ਕਰਨਾ। ਇੱਕ ਦਿਨ ਮੈਨੂੰ ਅਜਿਹਾ ਦੱਸ ਦਿਓ, ਜਿਸ ਵਿੱਚ ਕਾਂਗਰਸ ਪਾਰਟੀ ਦੇ ਨੁਮਾਇੰਦੇ ਵਾਕ ਆਊਟ ਕਰਕੇ ਨਾ ਗਏ ਹੋਣ। ਸਰ, ਇਹ ਤਾਂ ਬੇਸਿਕਲੀ ਭਗੌੜੇ ਹਨ। ਇਹ ਭਗੌੜੇ ਹਨ। ਇਨ੍ਹਾਂ ਦੇ ਲਈ ਤਾਂ ਇਹੀ ਸ਼ਬਦ ਹੈ ਕਿ ਇਹ ਭਗੌੜੇ ਹਨ। ਇਨ੍ਹਾਂ ਦਾ ਕੋਈ ਸਟੈਂਡ ਨਹੀਂ ਹੈ। ਇਨ੍ਹਾਂ ਨੂੰ ਪਤਾ ਸੀ ਕਿ ਅੱਜ ਅਸੀਂ ਕਿਸੇ ਚੀਜ਼ ਉੱਤੇ ਬਹਿਸ ਨਹੀਂ ਕਰ ਸਕਦੇ। ਅਸੀਂ ਉਸ ਦੇ ਯੋਗ ਨਹੀਂ ਹਾਂ ਤਾਂ ਹੀ ਇਹ ਸਦਨ ਛੱਡ ਕੇ ਭੱਜੇ ਹਨ। ਇਨ੍ਹਾਂ ਕੋਲ ਹੋਰ ਕੋਈ ਬਹਾਨਾ ਨਹੀਂ ਸੀ। ਪਰ ਅਸੀਂ ਇਸ ਗੱਲ ਲਈ ਬਿਲਕੁਲ ਤੁਹਾਨੂੰ ਸਿਫਾਰਸ਼ ਕਰਦੇ ਹਾਂ ਕਿ ਇਨ੍ਹਾਂ ਉੱਤੇ ਬਣਦੀ ਸਖਤ ਕਾਰਵਾਈ ਕੀਤੀ ਜਾਵੇ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਮਨਪ੍ਰੀਤ ਸਿੰਘ ਇਆਲੀ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ):** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਇਹ ਪਿੰਡਾਂ ਦਾ ਅਹਿਮ ਮਸਲਾ ਹੈ ਅਤੇ ਮੈਂ ਛੱਪੜਾਂ ਬਾਰੇ ਗੱਲ ਕਰਨ ਲੱਗਾ ਹਾਂ। ਸਪੀਕਰ ਸਾਹਿਬ, ਕਿਸੇ ਟਾਈਮ ਛੱਪੜ ਬੜੇ ਸਾਫ ਹੁੰਦੇ ਸਨ। ਮੀਂਹ ਦਾ ਪਾਣੀ ਰੇਨ ਵਾਟਰ ਸਟੋਰੇਜ ਦੇ ਕੰਮ ਆਉਂਦਾ ਸੀ। ਉਸ ਤੋਂ ਬਾਅਦ ਗਲੀਆਂ-ਨਾਲੀਆਂ ਨਾਲ ਗੰਦੇ ਹੋ ਗਏ ਹਨ। ਹੁਣ ਇਹ ਗੰਦਗੀ ਦਾ ਸਰੋਤ ਹਨ। ਸਰ, ਜਦੋਂ 2007 ਵਿੱਚ ਸੈਂਟਰ ਵਿੱਚ ਕਾਂਗਰਸ ਦੀ ਗੌਰਮਿੰਟ ਸੀ ਤਾਂ ਉਸ ਸਮੇਂ ਇੱਕ Technical note on Solid Liquid Waste Management in Rural Areas issued by Government of India and UNICEF ਬੁੱਕ ਜਾਰੀ ਹੋਈ ਸੀ। ਯੂਨੀਸੇਫ ਇੱਕ ਯੂ.ਐਨ.ਓ. ਦੀ ਬਾਡੀ ਹੈ, ਉਸ ਵੱਲੋਂ ਡਿਜਾਇਨ ਤਿਆਰ ਕੀਤਾ ਗਿਆ ਸੀ ਕਿ ਅਸੀਂ ਕੁਦਰਤੀ ਤੌਰ ਤੇ ਇਨ੍ਹਾਂ ਛੱਪੜਾਂ ਨੂੰ ਕਿਸ ਤਰ੍ਹਾਂ ਸਾਫ ਕਰਨਾ ਹੈ। ਉਸ ਵਿੱਚ ਸਭ ਤੋਂ ਪਹਿਲਾਂ ਜਿਹੜਾ ਪਾਣੀ ਇਕੱਠਾ ਹੋਣਾ ਸੀ, ਉਹ ਇੱਕ ਵੈੱਲ ਵਿੱਚ ਇਕੱਠਾ ਕਰਨਾ ਸੀ। ਜਿੱਥੇ ਜਿਹੜੇ ਲਿਫਾਫੇ ਜਾਂ ਹੋਰ ਚੀਜ਼ਾਂ ਹਨ, ਉਹ ਉਸ ਵਿੱਚ ਰਹਿ ਜਾਣ, ਉਸ ਤੋਂ ਬਾਅਦ ਪਾਣੀ ਪੁਣ ਕੇ ਚਾਰ ਪੋਰਸ਼ਨਾਂ ਵਿੱਚ ਵੰਡਿਆ ਗਿਆ ਸੀ। ਪਹਿਲੇ ਪੋਰਸ਼ਨ ਵਿੱਚ ਸਾਰੀ ਗੰਦਗੀ ਇਕੱਠੀ ਹੋ ਜਾਂਦੀ ਸੀ ਅਤੇ ਥੱਲੇ ਬੈਠ ਜਾਂਦੀ ਸੀ। ਸਾਰੀ ਗੰਦਗੀ ਪਹਿਲੇ ਪੋਰਸ਼ਨ ਵਿੱਚ ਹੀ ਸੈਟਲ ਹੋ ਜਾਂਦੀ ਸੀ। ਫਿਰ ਇੱਕ ਪਾਈਪ ਰਾਹੀਂ ਪਾਣੀ ਨਿੱਤਰ ਕੇ ਦੂਜੇ

ਪਾਸੇ ਜਾਂਦਾ ਸੀ। ਇਸੇ ਤਰ੍ਹਾਂ ਪਾਣੀ ਇੱਕ ਤੋਂ ਚਾਰ ਪੋਰਸ਼ਨਾਂ ਰਾਹੀਂ ਜਾਂਦਾ ਸੀ। ਜਦੋਂ ਪਾਣੀ ਚੌਥੇ ਪੋਰਸ਼ਨ ਵਿੱਚ ਜਾਂਦਾ ਸੀ ਤਾਂ ਉਹ ਬਿਲਕੁਲ ਸਾਫ ਹੋ ਜਾਂਦਾ ਸੀ। ਮੈਂ ਦੱਸਣਾ ਚਾਹਾਂਗਾ ਕਿ ਇੱਕ ਮਾਡਲ ਪਿੰਡ ਦੇਤਵਾਲ ਵਿਖੇ, ਮੁਹੰਮਦ ਇਸ਼ਫਾਕ ਜੀ ਨੇ ਸ਼ੁਰੂ ਕੀਤਾ, ਜਿਨ੍ਹਾਂ ਨੂੰ ਇਨ੍ਹਾਂ ਕੰਮਾਂ ਕਰਕੇ ਬਾਅਦ ਵਿੱਚ ਐਵਾਰਡ ਵੀ ਮਿਲਿਆ ਸੀ। ਉਹ ਆਈ.ਏ.ਐਸ. ਵੀ ਬਣੇ ਸਨ ਅਤੇ ਹੁਣੇ ਹੀ ਉਹ ਵਾਟ ਰਿਸੋਰਸਿਜ ਮਹਿਕਮੇ ਵਿੱਚੋਂ ਸੈਕੇਟਰੀ ਰਿਟਾਇਰ ਹੋਏ ਹਨ। ਸੋ, ਉਹ ਮਾਡਲ ਤਿਆਰ ਕੀਤਾ ਗਿਆ। ਸੈਂਟਰ ਗੌਰਮਿੰਟ ਵਿੱਚ ਮੈਡਮ ਰਾਜਵੰਤ ਕੌਰ ਸੰਧੂ, ਰੂਰਲ ਡਿਵੈਲਪਮੈਂਟ ਅਤੇ ਵਾਟਰ ਸਪਲਾਈ ਮਹਿਕਮੇ ਦੇ ਸੈਕੇਟਰੀ ਸਨ, ਉਹ ਆਪ ਇਸ ਮਾਡਲ ਨੂੰ ਦੇਖਣ ਆਏ ਅਤੇ ਨਾ ਆਪਣੇ ਇੱਕ ਐਕਸਪਰਟਸ ਦੀ ਟੀਮ ਵੀ ਲੈ ਕੇ ਆਏ। ਉਹ ਪਾਣੀ ਟੈਸਟ ਕੀਤਾ ਗਿਆ ਅਤੇ ਉਸ ਦੀਆਂ ਬਕਾਇਦਾ ਰਿਪੋਰਟਾਂ ਵੀ ਬਣੀਆਂ। ਜਦੋਂ ਦੇਖਿਆ ਗਿਆ ਤਾਂ ਚੌਥੇ ਪੋਰਸ਼ਨ ਦਾ ਪਾਣੀ ਬਿਲਕੁਲ ਸਾਫ ਸੀ। ਉਹ ਖੇਤਾਂ ਵਿੱਚ ਇਰੀਗੇਸ਼ਨ ਲਈ ਵੀ ਵਰਤ ਲਿਆ ਜਾ ਸਕਦਾ ਸੀ। ਲੇਕਿਨ ਉਸ ਵਿੱਚ ਕਮੀ ਕੀ ਰਹੀ?

**1205/Manika Rani/BS khokhar**

**1210/Gurpreet kaur**

ਜਦੋਂ ਜ਼ਿਆਦਾ ਬਰਸਾਤ ਹੋ ਜਾਵੇ ਤਾਂ ਬੰਨ੍ਹ ਟੁੱਟ ਜਾਂਦੇ ਸਨ। ਸੋ, ਇਸ ਦੇ ਲਈ ਇੱਕ ਰਿਕੁਮੈਂਡੇਸ਼ਨ ਹੋਈ ਕਿ ਬੰਨ੍ਹ ਪੱਕੇ ਕਰ ਦਿੱਤੇ ਜਾਣ ਤਾਂ ਜੋ ਉਹ ਮੀਂਹ ਵਿੱਚ ਵੀ ਨਾ ਟੁੱਟਣ। ਸਾਡੇ ਕਈ ਪਿੰਡ ਬਣੇ ਹਨ। ਤੁਸੀਂ ਸਰਾਭਾ ਪਿੰਡ ਵਿੱਚ ਜਾ ਕੇ ਵੇਖ ਸਕਦੇ ਹੋ ਕਿ 7-8 ਸਾਲ ਹੋ ਗਏ ਹਨ ਕਿ ਪਹਿਲੇ ਪੋਰਸ਼ਨ ਵਿੱਚੋਂ ਪਾਣੀ ਨਿੱਤਰ ਕੇ ਦੂਜੇ ਪੋਰਸ਼ਨ ਵਿੱਚ ਜਾਂਦਾ ਹੈ। ਤੀਜਾ ਅਤੇ ਚੌਥਾ ਪੋਰਸ਼ਨ ਖਾਲੀ ਰਹਿੰਦੇ ਹਨ ਕਿਉਂਕਿ ਸਾਫ ਪਾਣੀ ਅਬਜ਼ੋਰਵ ਹੋ ਜਾਂਦਾ ਹੈ। ਇਸ ਦੇ ਨਾਲ ਚਾਰ ਮਸਲੇ ਹੱਲ ਹੋ ਜਾਂਦੇ ਹਨ। ਇਨ੍ਹਾਂ ਵਿੱਚੋਂ ਇੱਕ ਮਸਲਾ ਸੈਨੀਟੇਸ਼ਨ ਦਾ ਵੀ ਹੈ ਜਿਵੇਂ ਕਿ ਪਿੰਡਾਂ ਵਿੱਚ ਛੱਪੜਾ, ਗਲੀਆਂ ਅਤੇ ਨਾਲੀਆਂ ਭਰੀਆਂ ਰਹਿੰਦੀਆਂ ਹਨ। ਦੂਜਾ, ਨੈਚੁਰਲ ਵਾਟਰ ਟ੍ਰੀਟਮੈਂਟ, ਤੀਜਾ, ਰੇਨ ਵਾਟਰ ਹਾਰਵੈਸਟਿੰਗ ਜਿਸ ਨੂੰ ਰੀਚਾਰਜਿੰਗ ਵੀ ਕਿਹਾ ਜਾਂਦਾ ਹੈ, ਜਿਸ ਨਾਲ ਸਾਫ ਪਾਣੀ ਰੀਚਾਰਜ ਹੋ ਜਾਵੇ। ਇਹ ਸਾਰੇ ਮਸਲਿਆਂ ਦਾ ਹੱਲ ਸੀ। ਉਸ ਤੋਂ ਬਾਅਦ 2010 ਵਿੱਚ ਵੀ ਗੌਰਮਿੰਟ ਆਫ ਇੰਡੀਆ ਦੀ ਇੱਕ ਕਿਤਾਬ ਛਪੀ ਗਈ ਸੀ। ਇਹ liquid waste management ਤੇ ਸਕਸੈਸ ਸਟੋਰੀ ਸੀ। ਜਿਸ ਵਿੱਚ ਬੁੱਕਲੇਟ ਤੇ ਉਸੇ ਦੀ ਹੀ ਫੋਟੋ ਲੱਗੀ ਹੈ। ਇਸੇ ਮਾਡਲ ਤੇ ਸੰਤ ਸੀਚੇਵਾਲ ਸਾਹਿਬ ਨੇ ਕੰਮ ਕੀਤਾ ਹੈ। ਇਸ ਦੇ ਵੱਖਰੇ ਵੱਖਰੇ ਨਾਮ ਰੱਖੇ ਗਏ ਹਨ। ਪੂਰੇ ਦੇਸ਼ ਵਿੱਚ ਕਾਂਗਰਸ ਦੀ ਗੌਰਮਿੰਟ ਵੇਲੇ 2009 ਵਿੱਚ ਇਸ ਨੂੰ ਲਾਗੂ ਕਰ ਦਿੱਤਾ ਗਿਆ ਸੀ ਕਿ ਕੋਈ ਵੀ ਛੱਪੜ ਨਵੀਨੀਕਰਨ ਸਮੇਂ ਇਹ ਫਾਰਮੂਲਾ ਅਡਾਪਟ ਹੋਣਾ ਚਾਹੀਦਾ ਹੈ। ਮੇਰੇ ਕੋਲ ਸਾਰੀ ਡਿਟੇਲ ਅਤੇ ਕਿਤਾਬਾਂ ਪਈਆਂ ਹਨ। ਇਸ ਲਈ ਉਸ ਸਮੇਂ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਜੀ ਵੱਲੋਂ ਇਸ ਮਾਡਲ ਨੂੰ ਤਿਆਰ ਕਰਨ ਤੇ ਹੀ ਲੁਧਿਆਣਾ ਜ਼ਿਲ੍ਹਾ ਪ੍ਰੀਸ਼ਦ ਨੂੰ ਬੈਸਟ ਅਵਾਰਡ ਦਿੱਤਾ ਗਿਆ ਸੀ। ਇਸ ਤੇ ਹੀ ਪਾਲਿਸੀ ਬਣਾਈ ਗਈ ਸੀ। ਪਹਿਲਾਂ ਇਸ ਦੀਆਂ ਗਾਈਡਲਾਈਨਜ਼ ਨਹੀਂ ਬਣੀਆਂ ਸਨ। ਸੈਂਟਰ ਗੌਰਮਿੰਟ ਦੀਆਂ ਕਈ ਅਜਿਹੀਆਂ ਪਾਲਿਸੀਆਂ ਹਨ ਜਿਸ ਲਈ ਵਰਲਡ ਬੈਂਕ ਨਾਲ ਸਾਡਾ ਟਾਇ ਅਪ ਵੀ ਹੋਇਆ ਹੈ। ਪੀਣ ਵਾਲੇ ਪਾਣੀ ਲਈ ਹਜ਼ਾਰਾਂ ਕਰੋੜ ਰੁਪਿਆ ਵੀ ਲਿਆਂਦਾ ਗਿਆ ਪਰ ਉਨ੍ਹਾਂ ਵੱਲੋਂ 20% ਸੈਨੀਟੇਸ਼ਨ ਤੇ ਖਰਚਣ ਲਈ ਕਿਹਾ ਗਿਆ। ਕਾਂਗਰਸ ਦੀ ਗੌਰਮਿੰਟ ਸੀ। ਉਸ ਸਮੇਂ

ਕੋਈ ਪਾਲਿਸੀ ਨਹੀਂ ਬਣੀ। ਕੋਈ ਵੀ ਗਾਈਡਲਾਈਨਜ਼ ਨਹੀਂ ਬਣੀਆਂ। ਮੁਹੰਮਦ ਇਸ਼ਫਾਕ ਵੱਲੋਂ ਗਾਈਡਲਾਈਨਜ਼ ਬਣਾਈਆਂ ਗਈਆਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ੍ਰੀਮਤੀ ਇੰਦਰਜੀਤ ਕੋਰ ਮਾਨ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਬੀਬਾ ਜੀ, ਇੱਕ ਮਿੰਟ ਰਹਿ ਗਿਆ ਹੈ। ਮੈਂ ਆਪਣੀ ਗੱਲ ਕੰਪਲੀਟ ਕਰ ਲਵਾਂ।

**ਮਾਣਯੋਗ ਸਪੀਕਰ:** ਕੋਈ ਵੀ ਮਾਣਯੋਗ ਮੈਂਬਰ ਕਿਸੇ ਵੀ ਮੈਂਬਰ ਨੂੰ ਇੰਟਰੱਪਟ ਨਾ ਕਰੇ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਉਸ ਤੋਂ ਬਾਅਦ ਗਾਈਡਲਾਈਨਜ਼ ਬਣੀਆਂ ਅਤੇ ਜਿਹੜਾ ਹਜ਼ਾਰਾਂ ਕਰੋੜਾਂ ਰੁਪਿਆ ਪਿਆ ਸੀ ਜਿਸ ਵਿੱਚੋਂ ਲੁਧਿਆਣਾ ਜ਼ਿਲ੍ਹਾ ਪ੍ਰੀਸ਼ਦ ਨੂੰ 500-600 ਕਰੋੜ ਰੁਪਿਆ ਆਇਆ ਅਤੇ ਹੋਰ ਸਾਰੇ ਦੇਸ਼ ਵਿੱਚ ਵੀ ਗਿਆ ਤਾਂ ਉਸ ਦੇ ਨਾਲ ਹੀ ਸਾਰਾ ਕੰਮ ਚੱਲ ਰਿਹਾ ਹੈ। ਇਸ ਤੇ ਸਾਨੂੰ ਬਹੁਤ ਕੰਮ ਕਰਨ ਦੀ ਲੋੜ ਹੈ। ਇਹ ਬਹੁਤ ਵੱਡਾ ਮਸਲਾ ਹੈ। ਇਸ ਤੇ ਪਾਰਟੀਬਾਜ਼ੀ ਅਤੇ ਧੜੇਬੰਦੀ ਤੋਂ ਉੱਪਰ ਉੱਠ ਕੇ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਅਤੇ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਦੇਣੇ ਹਨ ਤਾਂ ਇਹ ਮਾਡਲ ਅਡਾਪਟ ਹੋਣੇ ਚਾਹੀਦੇ ਹਨ। ਛੱਪੜ ਵੀ ਪੱਕੇ ਹੋਣੇ ਚਾਹੀਦੇ ਹਨ ਤਾਂ ਕਿ ਇਹ ਲੰਬੇ ਸਮੇਂ ਤੱਕ ਸਰਵਾਈਵ ਕਰਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਹੋ ਸਕੇ। ਇਸ ਦੀਆਂ ਸਾਰੀਆਂ ਬੁੱਕਸ ਮੇਰੇ ਕੋਲ ਪਈਆਂ ਹਨ। ਮੈਂ ਇਹ ਤੁਹਾਡੇ ਤੱਕ ਪਹੁੰਚਾ ਦੇਵਾਂਗਾ। ਧੰਨਵਾਦ ਜੀ।

**ਸ੍ਰੀਮਤੀ ਇੰਦਰਜੀਤ ਕੌਰ ਮਾਨ:** ਇਆਲੀ ਸਾਹਿਬ ਜੋ ਕਹਿ ਰਹੇ ਹਨ ਮੈਂ ਇਸ ਵਿੱਚ ਥੋੜ੍ਹੀ ਇੰਟਰੱਪਸ਼ਨ ਕਰਨੀ ਚਾਹੁੰਦੀ ਹਾਂ।

**ਮਾਣਯੋਗ ਸਪੀਕਰ:** ਤੁਸੀਂ ਪਹਿਲਾਂ ਹੀ ਸਭ ਕੁਝ ਕਰ ਦਿੱਤਾ ਹੈ। ਹਾਲੇ ਹੋਰ ਵੀ ਕੁਝ ਰਹਿੰਦਾ ਹੈ? ਬੀਬੀ ਇੰਦਰਜੀਤ ਕੌਰ ਜੀ ਹਾਲੇ ਬਹੁਤ ਸਮਾਂ ਪਿਆ ਹੈ। ਤੁਸੀਂ ਬਾਅਦ ਵਿੱਚ ਗੱਲ ਕਰ ਲਿਓ। ਅੰਮ੍ਰਿਤਪਾਲ ਸੁੱਖਾਨੰਦ ਜੀ ਕੋਈ ਗੱਲ ਕਰਨੀ ਚਾਹੁੰਦੇ ਸਨ। ਇਹ ਸਭ ਤੋਂ ਸਮਾਰਟ ਬੰਦੇ ਹਨ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ ( ਬਾਘਾ ਪੁਰਾਣਾ):** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤੁਹਾਡਾ ਬਹੁਤ ਬਹੁਤ ਧੰਨਵਾਦ। ਸਰ, ਮੈਂ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ। ਮੈਂ ਸਵੇਰੇ ਸੜ੍ਹਕਾਂ ਨਾਲ ਸਬੰਧਤ ਗੱਲ ਕਰਨੀ ਚਾਹੁੰਦਾ ਸੀ।

**ਮਾਣਯੋਗ ਸਪੀਕਰ:** ਉਹ ਸਵੇਰ ਦਾ ਸਮਾਂ ਠੀਕ ਨਹੀਂ ਸੀ। ਇਹ ਸਮਾਂ ਠੀਕ ਹੈ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ**: ਸਪੀਕਰ ਸਾਹਿਬ, ਜਿਹੜੀਆਂ ਲਿੰਕ ਸੜ੍ਹਕਾਂ ਦੀ ਗੱਲ ਹੋਈ ਹੈ। ਇਸ ਸਬੰਧੀ ਮੈਂ ਮਾਣਯੋਗ ਮੰਤਰੀ ਸਾਹਿਬ ਦੇ ਧਿਆਨ ਵਿੱਚ ਵੀ ਲਿਆ ਦਿੱਤਾ ਹੈ। ਜਦੋਂ ਅਸੀਂ ਲਿੰਕ ਸੜ੍ਹਕਾਂ ਦੀ ਗੱਲ ਕਰਦੇ ਹਾਂ ਤਾਂ ਸਾਡੇ ਵਿੱਚੋਂ ਇਹ ਕਿਹਾ ਜਾਂਦਾ ਹੈ ਕਿ ਆਰ.ਡੀ.ਐਫ. ਫੰਡ ਅਵੇਲੇਬਲ ਨਹੀਂ ਹੈ ਪਰ ਮੰਤਰੀ ਸਾਹਿਬ ਵੱਲੋਂ ਕਿਹਾ ਗਿਆ ਸੀ ਕਿ ਜਿਹੜੇ ਇਲਾਕਿਆਂ ਵਿੱਚ ਮਾਰਕਿਟ ਕਮੇਟੀਆਂ ਕੋਲ ਫੰਡ ਹਨ ਤਾਂ ਤੁਸੀਂ ਸਾਨੂੰ ਇਸ ਸਬੰਧੀ ਜਾਣਕਾਰੀ ਦੇ ਦਿਓ ਅਤੇ ਅਸੀਂ ਉਨ੍ਹਾਂ ਦੀਆਂ ਸੜ੍ਹਕਾਂ ਬਣਾ ਦੇਵਾਂਗੇ। ਮੈਂ ਮਾਣਯੋਗ ਮੰਤਰੀ ਸਾਹਿਬ ਨੂੰ ਇਹੀ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਵੱਲੋਂ 8 ਤੋਂ 10 ਕਰੋੜ ਰੁਪਏ ਦੀ ਪਰਪੋਜ਼ਲ ਬਣਾ ਕੇ ਭੇਜੀ ਗਈ ਹੈ ਅਤੇ ਫੰਡਜ਼ ਵੀ ਹਨ। ਇਨ੍ਹਾਂ ਪਰਪੋਜ਼ਲਾਂ ਨੂੰ ਪਾਸ ਕਰ ਦਿਓ। ਉਹ ਸੜ੍ਹਕਾਂ ਬਣਨ ਦੀਆਂ ਲਾਸਟ ਤਾਰੀਖਾਂ ਹੀ ਚੱਲ ਰਹੀਆਂ ਹਨ। ਇਹ ਸੜ੍ਹਕਾਂ ਹੁਣ ਬਣ ਜਾਣਗੀਆਂ। ਜੇਕਰ ਇਹ ਸੜ੍ਹਕਾਂ ਹੁਣ ਨਾ ਬਣੀਆਂ ਤਾਂ ਫਿਰ ਛੇ ਮਹੀਨੇ ਕੰਮ ਡਿਲੇਅ ਹੋ ਜਾਵੇਗਾ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਇਕੱਠੀ ਭਾਈਯਾਰੀ ਬਣਾ ਲਈ। ਹਾਂ ਜੀ, ਗਿਆਸਪੁਰਾ ਸਾਹਿਬ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਬਾਜਵਾ ਸਾਹਿਬ ਵੱਲੋਂ ਕੱਲ੍ਹ ਬਹੁਤ ਅਪਮਾਨਜਨਕ ਅਤੇ ਆਪੱਤੀਜਨਕ ਗੱਲ ਕੀਤੀ ਗਈ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸੰਤ ਸੀਚੇਵਾਲ ਜੀ ਨਾਲ ਇਨ੍ਹਾਂ ਨੂੰ ਇਤਰਾਜ਼ ਹੋ ਸਕਦਾ ਸੀ (ਵਿਘਨ)(ਸ਼ੋਰ) ਪਰ ਜਿਹੜੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ....(ਵਿਘਨ,ਸ਼ੋਰ)

**1215/Rajneet Kaur**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਸੰਦੀਪ ਜਾਖੜ ਅਤੇ ਸਰਦਾਰ ਵਿਕਰਮਜੀਤ ਸਿੰਘ ਚੌਧਰੀ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ਇਸ ਤੋਂ ਇਲਾਵਾ ਟਰੇਜ਼ਰੀ ਬੈਂਚਿਜ਼ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਕਈ ਮੈਂਬਰ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਕਾਫੀ ਸ਼ੋਰ ਸੀ ਜਿਸ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ** : ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾ ਕਿਹਾ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ। ਜੋ ਤੁਸੀਂ ਕਹਿਣਾ ਹੈ, ਤੁਹਾਨੂੰ ਕਹਿਣ ਲਈ ਮੌਕਾ ਮਿਲੇਗਾ। ਹੁਣ ਤੁਸੀਂ ਬੈਠੋ। (ਇੰਡੀਅਨ ਨੈਸ਼ਨਲ ਕਾਂਗਰਸ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ।) ਮੈਂ ਮੈਂਬਰਾਂ ਨੂੰ ਇਹ ਨਹੀਂ ਕਹਿ ਸਕਦਾ ਕਿ ਤੁਸੀਂ ਕੀ ਬੋਲਣਾ ਹੈ, ਕੀ ਨਹੀਂ ਬੋਲਣਾ। ਮੈਨੂੰ ਇਹ ਲਗਦਾ ਹੈ ਕਿ ਜਦੋਂ ਵੀ ਕੋਈ ਮਾਣਯੋਗ ਮੈਂਬਰ ਆਪਣੀ ਗੱਲ ਕਰਨਾ ਚਾਹੁੰਦਾ ਹੈ ਅਤੇ ਜੇ ਅਸੀਂ ਆਪਣੇ ਦੇਸ਼ ਦੇ ਸੰਤ ਮਹਾਤਮਾ ਦਾ ਸਨਮਾਨ ਨਹੀਂ ਕਰ ਸਕਦੇ ਤਾਂ ਇਸ ਤੋਂ ਮਾੜੀ ਗੱਲ ਕੋਈ ਨਹੀਂ ਹੋ ਸਕਦੀ। ਸੰਤ ਸੀਚੇਵਾਲ ਜੀ ਬਾਰੇ ਤੁਹਾਨੂੰ ਕੋਈ ਇਤਰਾਜ਼ ਸੀ, ਤੁਸੀਂ ਉਨ੍ਹਾਂ ਬਾਰੇ ਕਹਿ ਦਿੱਤਾ। ਜੇਕਰ ਮਾਣਯੋਗ ਮੈਂਬਰ ਸਾਹਿਬ ਉਨ੍ਹਾਂ ਬਾਰੇ ਕੋਈ ਪਾਜ਼ੇਟਿਵ ਗੱਲਾਂ ਕਰਨੀਆਂ ਚਾਹੁੰਦੇ ਹਨ ਤਾਂ ਕਰ ਲੈਣ ਦਿਓ। ਆਪਣੇ ਕੋਲ ਟਾਈਮ ਹੈ, we have ample time. ਉਹ ਸੰਤ ਵੀ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਸੰਦੀਪ ਜਾਖੜ ਅਤੇ ਸਰਦਾਰ ਵਿਕਰਮਜੀਤ ਸਿੰਘ ਚੌਧਰੀ ਨੂੰ ਛੱਡ ਕੇ ਬਾਕੀ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

-----------

**SHORT ADJOURNMENT OF THE HOUSE AGAIN**

**ਮਾਣਯੋਗ ਸਪੀਕਰ** : ਸਦਨ 15 ਮਿੰਟ ਲਈ ਸਥਗਿਤ ਕੀਤਾ ਜਾਂਦਾ ਹੈ।

*12.17 ਵਜੇ ਬਾਅਦ ਦੁਪਹਿਰ (ਇਸ *ਸਮੇਂ ਸਦਨ 12:32 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

*12.32 ਬਾਅਦ ਦੁਪਹਿਰ (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

---------

**1230/Kuldeep kaur**

**MATTERS RAISED DURING ZERO HOUR *(RESUMPTION)***

**ਮਾਣਯੋਗ ਸਪੀਕਰ**: ਪਹਿਲਾਂ ਕਾਫੀ ਸਮਾਂ ਲੱਗ ਗਿਆ। ਕੋਈ ਮਾਣਯੋਗ ਮੈਂਬਰ ਖਾਸ ਕਰਕੇ ਪਹਿਲ ਆਪੋਜ਼ੀਸ਼ਨ ਪਾਰਟੀ ਨੂੰ ਹੈ, ਕੋਈ ਮੈਂਬਰ ਜ਼ੀਰੋ ਆਵਰ ਤੇ ਬੋਲਣਾ ਚਾਹੁੰਦਾ ਹੈ। ਸਰਦਾਰ ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)**: ਥੈਂਕ ਯੂ ਸਪੀਕਰ ਸਾਹਿਬ। ਸਰ, ਮੈਂ ਤੁਹਾਡੇ ਮਾਰਫਤ ਇਸ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਇੱਕ ਸੰਦੀਪ ਸਿੰਘ ਰਿਪੋਰਟਰ ਹੈ ਜਿਸ ਨੇ ਇਕ ਰਿਪੋਰਟ ਤਿਆਰ ਕੀਤੀ ਹੈ। ਇਸ ਰਿਪੋਰਟ ਵਿੱਚ ਰਿਕਾਰਡ ਬੇਸੀਕਲੀ Meta ਅਤੇ ਫੇਸਬੁੱਕ ਤੋਂ ਲਿਆ ਗਿਆ ਹੈ। ਇਸ ਵਿੱਚ ਦੋ ਸਾਈਟਸ ਹਨ। ਇੱਕ ਸਾਈਟ 'ਫੈਨਜ਼ ਆਫ ਦੀਪ ਸਿੱਧੂ' ਅਤੇ ਦੂਜੀ ਸਾਈਟ ਹੈ, 'ਸੂਝਵਾਨ ਪੰਜਾਬ'। ਇੱਕ ਫੇਕ ਮੀਡੀਆ ਆਊਟਲੈੱਟ ਹੈ, 'The First Punjab'. ਇਸ ਵਿੱਚ ਕਿਸ ਨੂੰ ਟਾਰਗੈਟ ਕੀਤਾ ਜਾਂਦਾ ਹੈ? ਇਸ ਵਿੱਚ ਪੰਜਾਬ ਦੇ ਕਿਸਾਨਾਂ ਨੂੰ, ਪੰਜਾਬ ਦੇ ਐਕਟੀਵਿਸਟਸ ਅਤੇ ਪੰਜਾਬ ਦੇ ਪੱਤਰਕਾਰਾਂ ਨੂੰ ਟਾਰਗੈਟ ਕੀਤਾ ਜਾਂਦਾ ਹੈ। ਇਨ੍ਹਾਂ ਸਾਰਿਆਂ ਨੂੰ ਬਦਨਾਮ ਕਰਨ ਲਈ ਇਹ ਤਿੰਨੋਂ ਸਾਈਟਸ ਸਾਲ 2022 ਤੋਂ ਚੱਲ ਰਹੀਆਂ ਹਨ। ਮੈਂ ਇਸ ਦੀ ਬੈਕਗਰਾਊਂਡ ਤੁਹਾਡੇ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ। ਇਕ ਮੁਕੇਸ਼ **ਵੋਰਾ**, former fellow with the Delhi Assembly Research Centre from September 2019-2022. ਇਹ 1 ਲੱਖ ਰੁਪਏ ਦੀ ਤਨਖਾਹ ਤੇ ਉੱਥੇ ਸੀ। ਇਹ ਮੈਂ ਨਹੀਂ ਕਹਿ ਰਿਹਾ, ਇਹ ਸੰਦੀਪ ਸਿੰਘ ਦੀ ਰਿਪੋਰਟ ਕਹਿ ਰਹੀ ਹੈ ਕਿ ਪੰਜਾਬ ਦੇ ਸਾਰੇ ਇਸ਼ੂਜ਼ ਨੂੰ ਬਦਨਾਮ ਕਰਨ ਲਈ ਇਹ ਤਿੰਨ ਸਾਈਟਸ ਚਲਾਈਆਂ ਜਾਂਦੀਆਂ ਹਨ। ਮੈਂ ਇਕੋ ਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਆਪਾਂ

ਸਾਰੇ ਹੀ ਮਿਲ ਕੇ ਮਸਲੇ ਤੇ ਵਿਚਾਰ ਕਰੀਏ ਕਿਉਂਕਿ ਬਦਨਾਮੀ ਬਹੁਤ ਹੋ ਗਈ, ਜੇ ਆਪਾਂ ਇਕ ਹਾਊਸ ਦੀ ਕਮੇਟੀ ਬਣਾ ਕੇ ਇਸ ਦੀ ਬੈਕਗਰਾਊਂਡ ਤੇ ਜਾ ਕੇ and ਸਮਾਂ ਬੱਧ ਕਰੀਏ। ਸਰ, criticism ਕਦੇ ਵੀ ਕੋਈ ਨੈਗੇਟਿਵ ਗੱਲ ਨਹੀਂ ਹੁੰਦੀ। ਬੇਸੀਕਲੀ anti national ਵੀ ਨਹੀਂ ਹੁੰਦਾ ਔਰ descent criminality ਨਹੀਂ ਹੁੰਦੀ। ਇਸ ਦੇ ਨਾਲ ਨਾਲ ਪ੍ਰਾਪੇਗੰਡਾ ਨੂੰ ਐਡਮਨਿਸਟ੍ਰੇਸ਼ਨ ਨਾਲ ਰਿਪਲੇਸ ਨਹੀਂ ਕੀਤਾ ਜਾ ਸਕਦਾ। ਸੋ, ਮੇਰੀ ਇੱਕੋ ਹੀ ਬੇਨਤੀ ਹੈ ਕਿ ਤੁਸੀਂ ਇਕ ਹਾਊਸ ਦੀ ਕਮੇਟੀ ਬਣਾ ਦੇਵੋ, ਜਿਸ ਵਿੱਚ ਇਨ੍ਹਾਂ ਦੇ ਮੈਂਬਰ ਵੀ ਹੋਣ ਸਾਡੇ ਵੀ ਦੋ ਮੈਂਬਰ ਹੋਣ। ਜਿਹੜੀ ਵੀ ਪਾਰਟੀ ਦੇ ਮੈਂਬਰ ਹੋਣ ਅਤੇ ਇਹ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਲੋਕਾਂ ਦੇ ਸਾਹਮਣੇ ਆ ਜਾਵੇ ਕਿ ਇਹ ਪ੍ਰਾਪੇਗੰਡਾ ਪੰਜਾਬ ਦੇ ਖਿਲਾਫ, ਸਿੱਖਾਂ ਦੇ ਖਿਲਾਫ ਔਰ ਖਾਸ ਕਰਕੇ ਭਾਈਚਾਰੇ ਨੂੰ ਵੰਡਣ ਲਈ ਕਿ ਇਸ ਨੂੰ ਕੌਣ ਚਲਾ ਰਿਹਾ ਹੈ ਅਤੇ ਇਸ ਪਿੱਛੇ ਮੋਟਿਵ ਕੀ ਹੈ। ਥੈਂਕ ਯੂ ਜੀ।

**1230/Kuldeep kaur/Monika sharma**

**1235/Pawan sharma**

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ):** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ, ਲੋਕਲ ਬਾਡੀਜ਼ ਮਨਿਸਟਰ ਸਾਹਿਬ ਬੈਠੇ ਹਨ, ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਅਸੀਂ ਗੁਰਦਾਸਪੁਰ ਦੇ ਵਿੱਚ ਤਕਰੀਬਨ ਪਿਛਲੇ 8-10 ਮਹੀਨਿਆਂ ਤੋਂ ਇੱਕ ਪ੍ਰਾਸੈਸਿੰਗ ਸਾਈਟ identify ਕੀਤੀ ਸੀ ਔਰ ਅਸੀਂ 12.09.2024 ਨੂੰ ਵੀ ਕਮਿਸ਼ਨਰ ਸਾਹਿਬ ਨੂੰ ਚਿੱਠੀ ਲਿਖੀ ਹੈ ਅਤੇ ਉਸ ਤੋਂ ਬਾਅਦ ਮਿਤੀ 28.10.2024, ਮਿਤੀ 14.01.2025 ਨੂੰ 3-4 ਵਾਰ reminder ਲਿਖੇ ਹਨ। ਉੱਥੇ ਸਾਡੇ ਕੋਲ ਪ੍ਰਾਸੈਸਿੰਗ ਸਾਈਟ ਅਵੇਲੇਬਲ ਹੈ ਪਰ ਜਿਹੜੇ ਉੱਥੋਂ ਦੇ ਲੋਕਲ ਲੀਡਰ ਹਨ, ਉਹ ਉਸ ਨੂੰ ਨੇਪਰੇ ਨਹੀਂ ਚਾੜ੍ਹਨ ਦੇਣਾ ਚਾਹੁੰਦੇ। ਸੋ, ਮੇਰੀ ਇਹ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਮੈਂ ਆਪਣੇ ਲੈਵਲ ਤੇ ਪਿਛਲੇ 8-10 ਮਹੀਨਿਆਂ ਤੋਂ ਸ਼ਹਿਰ ਦਾ ਕੂੜਾ ਚੁਕਵਾ ਰਿਹਾ ਹਾਂ ਕਿਉਂਕਿ ਮੇਰਾ ਛੋਟਾ ਭਰਾ ਮਿਊਂਸੀਪਲ ਕਮੇਟੀ ਦਾ ਪ੍ਰਧਾਨ ਹੈ ਅਤੇ 29 ਐਮ.ਸੀ. ਹਨ। ਉਹ ਸਾਰੇ ਮੇਰੇ ਹਨ। ਮੇਰੀ ਜ਼ਿੰਮੇਵਾਰੀ ਬਣਦੀ ਹੈ ਅਤੇ ਮੈਂ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦਾ ਪਰ ਮੇਰੀ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ humble ਬੇਨਤੀ ਹੈ ਕਿ ਇਸ ਸਾਈਟ ਨੂੰ ਨੇਪਰੇ ਚਾੜ੍ਹਿਆ ਜਾਵੇ। ਮੰਤਰੀ ਸਾਹਿਬ, ਜਿਹੜੀ ਮੈਂ ਪ੍ਰਾਈਵੇਟ ਜਗ੍ਹਾ ਲੱਭੀ ਸੀ, ਉਹ 5-7 ਦਿਨਾਂ ਦਾ ਕੂੜਾ ਹੋਰ ਜਾ ਸਕਦਾ ਹੈ। ਪਲੀਜ਼ ਇਸ ਨੂੰ ਕਰਵਾ ਦਿਓ, ਨਹੀਂ ਤਾਂ ਸਾਰੇ ਗੁਰਦਾਸਪੁਰ ਦਾ ਮਾੜਾ ਹਾਲ ਹੋ ਜਾਵੇਗਾ। kindly ਇਸ ਨੂੰ pursue ਕਰਕੇ ਇਸ ਨੂੰ ਨੇਪਰੇ ਚਾੜ੍ਹਿਆ ਜਾਵੇ।

**ਮਾਣਯੋਗ ਸਪੀਕਰ**: ਸ਼੍ਰੀ ਅਜੈ ਗੁਪਤਾ ਜੀ।

**ਡਾਕਟਰ ਅਜੈ ਗੁਪਤਾ (ਅੰਮ੍ਰਿਤਸਰ ਕੇਂਦਰੀ)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਇਸ ਮੁਕੱਦਸ ਹਾਊਸ ਵਿੱਚ ਆਪਣੇ ਹਲਕੇ ਦੀ ਗੱਲ ਰੱਖਣ ਦਾ ਮੌਕਾ ਦਿੱਤਾ ਹੈ। ਸੋ, ਇੱਕ ਬਹੁਤ ਹੀ ਅਹਿਮ ਮੁੱਦਾ ਹੈ, ਮੈਂ ਪਹਿਲਾਂ ਵੀ ਹਾਊਸ ਦੇ ਧਿਆਨ ਵਿੱਚ ਲਿਆ ਚੁੱਕਿਆ ਹਾਂ ਅਤੇ ਹੁਣ ਫਿਰ ਮੈਂ ਤੁਹਾਡੇ ਮਾਧਿਅਮ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਾਰਡ ਸਿਟੀ ਦੇ ਵਿੱਚ ਛੋਟੇ ਛੋਟੇ ਦੁਕਾਨਦਾਰ ਹਨ। ਉਨ੍ਹਾਂ ਨੇ ਜਦੋਂ ਵੀ ਬਿਜਲੀ ਦੇ

ਮੀਟਰ ਦਾ ਕੁਨੈਕਸ਼ਨ ਅਪਲਾਈ ਕਰਨਾ ਹੁੰਦਾ ਹੈ ਜਾਂ ਲੋਡ ਵਧਾਉਣਾ ਹੁੰਦਾ ਹੈ, ਉਸ ਨੂੰ ਇਹ ਕਿਹਾ ਜਾਂਦਾ ਹੈ ਕਿ ਪਹਿਲਾਂ ਤੂੰ ਐਮ.ਟੀ.ਪੀ. ਡਿਪਾਰਟਮੈਂਟ ਤੋਂ ਐਨ.ਓ.ਸੀ. ਲੈ ਕੇ ਆ। ਸਰ, ਐਮ.ਟੀ.ਪੀ. ਡਿਪਾਰਟਮੈਂਟ ਤੋਂ ਐਨ.ਓ.ਸੀ. ਲਿਆਉਣ ਵਿੱਚ ਉਸ ਦੀਆਂ ਜੁੱਤੀਆਂ ਘਸ ਜਾਂਦੀਆਂ ਹਨ ਮਗਰ ਉਹ ਡਿਪਾਰਟਮੈਂਟ ਉਸ ਨੂੰ ਐਨ.ਓ.ਸੀ. ਨਹੀਂ ਦਿੰਦਾ। ਮੈਂ ਤੁਹਾਡੇ ਮਾਧਿਅਮ ਰਾਹੀਂ ਲੋਕਲ ਬਾਡੀਜ਼ ਮਨਿਸਟਰ ਨੂੰ ਕਹਿਣਾ ਚਾਹੁੰਦਾ ਹਾਂ ਅਤੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮੈਂ ਕਈ ਵਾਰ ਕਮਿਸ਼ਨਰ ਸਾਹਿਬ ਨੂੰ, ਡੀ.ਸੀ. ਮੈਡਮ ਨੂੰ ਇਹ ਕਹਿ ਚੁੱਕਿਆ ਹਾਂ ਕਿ ਇਹ ਜਿਹੜੀ ਐਨ.ਓ.ਸੀ. ਦੀ ਕਲਾਜ਼ ਹੈ, ਇਸ ਨੂੰ ਜਲਦੀ ਤੋਂ ਜਲਦੀ ਖਤਮ ਕੀਤਾ ਜਾਵੇ, ਉਹ ਕਹਿ ਦਿੰਦੇ ਹਨ ਕਿ ਹੋ ਜਾਵੇਗਾ, ਅਗਲੇ ਹਫਤੇ ਹੋ ਜਾਵੇਗਾ ਮਗਰ ਉਹ ਹੁੰਦਾ ਨਹੀਂ। ਸੋ, ਸਰ ਮੈਂ ਇੱਕੋ ਹੀ ਅਪੀਲ ਲੋਕਲ ਬਾਡੀਜ਼ ਮਨਿਸਟਰ ਸਾਹਿਬ ਨੂੰ ਕਰਨਾ ਚਾਹੁੰਦਾ ਹਾਂ ਕਿ ਜਲਦੀ ਤੋਂ ਜਲਦੀ ਐਨ.ਓ.ਸੀ. ਦੀ ਕਲਾਜ਼ ਖਤਮ ਕੀਤੀ ਜਾਵੇ ਤਾਂ ਜੋ ਜਿਹੜੇ ਬਿਜ਼ਨਸਮੈਨ ਹਨ, ਛੋਟੇ ਛੋਟੇ ਵਪਾਰੀ ਹਨ, ਉਹ ਆਪਣਾ ਕਾਰੋਬਾਰ ਕਰ ਸਕਣ। ਥੈਂਕ ਯੂ ਜੀ।

**ਮਾਣਯੋਗ ਸਪੀਕਰ**: ਥੈਂਕ ਯੂ ਜੀ। ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ)**: ਸਪੀਕਰ ਸਾਹਿਬ, ਮੈਂ ਦੋ ਗੱਲਾਂ ਹਾਊਸ ਵਿੱਚ ਕਰਨੀ ਚਾਹੁੰਦਾ ਹਾਂ। ਇੱਕ ਤਾਂ ਮੇਰੇ ਹਲਕੇ ਦੀ ਅਲੀਵਾਲ ਤੋਂ ਭਾਲੋਵਾਲੀ ਸੜਕ ਹੈ, 10-12 ਕਿੱਲੋਮੀਟਰ ਸੜਕ ਹੈ। ਪੰਜਾਬ ਵਿੱਚ ਜਿਹੜੀ 10-15 ਮਾੜੀਆਂ ਸੜਕਾਂ ਹਨ, ਉਨ੍ਹਾਂ ਵਿੱਚ ਇਹ ਸੜਕ ਨੰਬਰ ਇੱਕ ਤੇ ਆਉਂਦੀ ਹੈ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਸੜਕ 50-60 ਪਿੰਡਾਂ ਦੀ ਲਾਈਫ ਲਾਈਨ ਹੈ, ਉਸ ਨੂੰ ਛੇਤੀ ਤੋਂ ਛੇਤੀ ਰਿਪੇਅਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇ। ਸਪੀਕਰ ਸਾਹਿਬ, ਦੂਜੀ ਗੱਲ ਬਾਰੇ ਮੈਂ ਐਫ.ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਗੰਨਾ ਕਾਸ਼ਤਕਾਰ ਹਨ, ਉਨ੍ਹਾਂ ਦਾ ਭਾਅ 401 ਰੁਪਿਆ ਪ੍ਰਤੀ ਕੁਇੰਟਲ ਸਰਕਾਰ ਨੇ ਭਾਅ ਫਿਕਸ ਕੀਤਾ ਸੀ, ਇਹ ਬਹੁਤ ਵਧੀਆ ਭਾਅ ਸੀ। ਉਸ ਵਿੱਚ 55 ਰੁਪਏ ਸਰਕਾਰ ਨੇ ਦੇਣੇ ਸਨ। ਅੱਜ ਤੱਕ ਸਰਕਾਰ ਨੇ ਕਿਸੇ ਮਿੱਲ ਨੂੰ ਆਪਣਾ ਹਿੱਸਾ ਨਹੀਂ ਭੇਜਿਆ ਹੈ। ਇਕੱਲੀ ਕੋਆਪ੍ਰੇਟਿਵ ਮਿੱਲ, ਬਟਾਲੇ ਦਾ 47 ਕਰੋੜ ਰੁਪਿਆ ਬਕਾਇਆ ਹੈ, ਇਸ ਤਰ੍ਹਾਂ ਹੀ ਬਾਕੀ ਮਿੱਲਾਂ ਦਾ, ਪ੍ਰਾਈਵੇਟ ਅਤੇ ਕੋਆਪ੍ਰੇਟਿਵ ਮਿੱਲਾਂ ਦਾ ਹਾਲ ਹੈ। ਸੋ, ਮੇਰੀ ਐਫ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਜਿਹੜਾ ਗੰਨਾ ਮਿੱਲਾਂ ਦਾ ਬਕਾਇਆ ਸਰਕਾਰ ਦੇ ਹਿੱਸੇ ਆਉਂਦਾ ਹੈ, ਉਹ ਛੇਤੀ ਭੇਜਿਆ ਜਾਵੇ। ਤੁਹਾਡਾ ਬਹੁਤ ਬਹੁਤ ਸ਼ੁਕਰੀਆ ਜੇ ਭੇਜ ਦਿਓ।

**ਮਾਣਯੋਗ ਸਪੀਕਰ**: ਸ੍ਰੀ ਬ੍ਰਮ ਸ਼ੰਕਰ ਜਿੰਪਾ ਜੀ।

**ਸ੍ਰੀ ਬ੍ਰਮ ਸ਼ੰਕਰ (ਹੁਸ਼ਿਆਰਪੁਰ)**: ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਹਾਊਸ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਇੱਕ ਬਹੁਤ ਹੀ ਅਹਿਮ ਮੁੱਦਾ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦਾ ਹੈ, ਖਾਸ ਤੌਰ ਮੈਂ ਪਹਿਲਾਂ ਹੁਸ਼ਿਆਰਪੁਰ ਜ਼ਿਲ੍ਹੇ ਦੀ ਗੱਲ ਕਰਾਂਗਾ ਕਿ ਸਾਡੇ ਜਿੰਨੇ ਵੀ ਸੀਵਰੇਜ ਦੇ ਕਰਮਚਾਰੀ ਹਨ, ਜਿਹੜੇ 10-10 ਸਾਲਾਂ ਤੋਂ ਕੰਮ ਕਰ ਰਹੇ ਹਨ, ਉਨ੍ਹਾਂ ਨੇ ਸਪੈਸ਼ਲੀ ਜਿਸ ਦਿਨ ਮੈਂ ਹਾਊਸ ਵਿੱਚ ਆਉਣਾ ਸੀ ਮੈਨੂੰ ਮਤਾ ਦਿੱਤਾ ਕਿ ਜਾ ਕੇ ਸਾਡੇ ਵਾਸਤੇ ਕੋਈ ਗੱਲ ਕਰੋ ਕਿਉਂਕਿ ਸਾਰੇ ਪੰਜਾਬ ਵਿੱਚ ਸੀਵਰੇਜ ਲਾਈਨਾਂ ਬਹੁਤ ਪੁਰਾਣੀਆਂ ਹਨ ਅਤੇ ਸਾਡੇ ਸੀਵਰੇਜ ਕਰਮਚਾਰੀ ਬੜੇ ਔਖੇ ਸੌਖੇ ਹੋ ਕੇ ਚਲਾਉਂਦੇ ਹਨ ਅਤੇ ਇੰਨਾ ਵੱਡਾ ਸਟ੍ਰੱਕਚਰ ਤਾਂ ਬਦਲਿਆ ਨਹੀਂ

ਜਾ ਸਕਦਾ ਪਰ ਆਪਾਂ ਉਨ੍ਹਾਂ ਕਰਮਚਾਰੀਆਂ ਦਾ ਜ਼ਰੂਰ ਹੱਥ ਫੜੀਏ। ਜੇਕਰ ਉਨ੍ਹਾਂ ਸਾਰਿਆਂ ਨੂੰ ਪੱਕੇ ਨਹੀਂ ਕੀਤਾ ਜਾ ਸਕਦਾ ਤਾਂ ਉਨ੍ਹਾਂ ਨੂੰ ਅਸੀਂ ਇੱਕ ਵਾਜਬ ਤਨਖਾਹ ਤੇ ਲੈ ਕੇ ਆਈਏ। ਮੇਰੀ ਕਾਰਪੋਰੇਸ਼ਨ ਹੁਸ਼ਿਆਰਪੁਰ ਵੱਲੋਂ ਉਨ੍ਹਾਂ ਲਈ ਇੱਕ ਮਤਾ ਵੀ ਪਾਇਆ ਸੀ। ਮੈਂ ਬਤੌਰ ਐਮ.ਐਲ.ਏ. ਕਾਰਪੋਰੇਸ਼ਨ ਦੇ ਹਾਊਸ ਦਾ ਮੈਂਬਰ ਵੀ ਸੀ। ਮੈਨੂੰ ਉਨ੍ਹਾਂ ਨਾਲ ਸਹਿਮਤ ਵੀ ਹੋਣਾ ਪਿਆ। ਮੇਰਾ ਮਕਸਦ ਇਹ ਹੈ ਕਿ ਮੇਰੇ ਮੁਤਾਬਿਕ ਸਭ ਤੋਂ ਔਖਾ ਕੰਮ ਉਹ ਕਰਦੇ ਹਨ। ਇਸ ਦੇ ਨਾਲ ਨਾਲ ਹਰੇਕ ਇਲਾਕੇ ਵਿੱਚ ਟੈਕਨੀਕਲ ਗੱਡੀਆਂ ਦਿੱਤੀਆਂ ਜਾਣ ਤਾਂ ਜੋ ਕਰਮਚਾਰੀ ਪ੍ਰੈਸ਼ਰ ਨਾਲ ਲਾਈਨਾਂ ਖੋਲ੍ਹਣ।

**1235/Pawan sharma/Monika sharma**

**1240/Beant kaur**

**ਮਾਣਯੋਗ ਸਪੀਕਰ :** ਥੈਂਕ ਯੂ।

**ਸ਼੍ਰੀ ਬ੍ਰਮ ਸ਼ੰਕਰ :** ਪਲੀਜ਼ ਮੈਨੂੰ ਹੋਰ ਟਾਈਮ ਦੇ ਦਿਓ।

**ਮਾਣਯੋਗ ਸਪੀਕਰ :** ਹੋ ਗਿਆ ਜੀ, ਬੈਠੋ। ਡਾਕਟਰ ਅਮਨਦੀਪ ਕੌਰ, ਨੈਕਸਟ।

**ਸ਼੍ਰੀ ਬ੍ਰਮ ਸ਼ੰਕਰ :** ਸਿਰਫ ਇਕ ਮਿੰਟ ਜੀ। ਮੈਂ ਡਾਕਟਰ ਬਲਬੀਰ ਜੀ ਦਾ ਧੰਨਵਾਦ ਕਰਦਾ ਹਾਂ ਕਿ ਮੈਨੂੰ 50 ਬੈੱਡ ਦਾ ਹਸਪਤਾਲ ਮਿਲਿਆ ਹੈ।

**ਮਾਣਯੋਗ ਸਪੀਕਰ :** ਬੈਠੋ ਜੀ, ਬੈਠੋ।

**ਸ਼੍ਰੀ ਬ੍ਰਮ ਸ਼ੰਕਰ :** ਦੂਜੀ ਗੱਲ, ਮੇਰੇ ਹੁਸ਼ਿਆਰਪੁਰ ਦਾ ਇਕ ਮੈਡੀਕਲ ਕਾਲਜ ਦਾ ਸਭ ਕੁਝ ਹੋ ਗਿਆ ਹੈ ਲੇਕਿਨ ਇਸ ਦਾ ਇਕ ਟੈਂਡਰ ਲੱਗਿਆ ਹੋਇਆ ਹੈ, ਇਸ ਟੈਂਡਰ ਨੂੰ ਛੋਟਾ ਕਰਕੇ ਲਾਇਆ ਜਾ ਸਕਦਾ ਹੈ। ਮੈਂ ਹੈਲਥ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਟੈਂਡਰ ਜਲਦੀ ਤੋਂ ਜਲਦੀ ਲਗਾਇਆ ਜਾਵੇ। ਬਹੁਤ ਮੇਹਰਬਾਨੀ ਜੀ।

**ਮਾਣਯੋਗ ਸਪੀਕਰ :** ਕਿਰਪਾ ਕਰਕੇ ਜਦੋਂ ਤੁਹਾਨੂੰ ਚੇਅਰ ਨੇ ਇਜ਼ਾਜਤ ਦੇ ਦਿੱਤੀ ਅਤੇ ਜਿੰਨੀ ਦੇਰ ਤੱਕ ਇਜ਼ਾਜਤ ਦਿੱਤੀ ਹੁੰਦੀ ਹੈ, ਉਨੀ ਦੇਰ ਤੱਕ ਹੀ ਗੱਲ ਕਰ ਸਕਦੇ ਹੋ। ਹਾਂ ਜੀ, ਡਾਕਟਰ ਸਾਹਿਬ।

**ਡਾਕਟਰ ਅਮਨਦੀਪ ਕੌਰ (ਮੋਗਾ):** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਆਪ ਜੀ ਦੇ ਮਾਧਿਅਮ ਰਾਹੀਂ ਇਸ ਸਦਨ ਦਾ ਧਿਆਨ ਅਤੇ ਕਨਸਰਨਡ ਮਨਿਸਟਰ ਸਾਹਿਬਾਨ ਦਾ ਧਿਆਨ ਮੋਗਾ ਹਲਕੇ ਦੇ ਵਾਟਨਗੰਜ ਏਰੀਆ ਵੱਲ ਲਿਆਉਣਾ ਚਾਹੁੰਦੀ ਹਾਂ। ਸਪੀਕਰ ਸਾਹਿਬ, ਵਾਟਨਗੰਜ 1901 ਈਸਵੀ ਵਿੱਚ ਅੰਗਰੇਜ਼ਾਂ ਵਲੋਂ ਬਣਾਇਆ ਗਿਆ ਸੀ। ਉਦੋਂ ਮੋਗਾ ਫਿਰੋਜ਼ਪੁਰ ਦੀ ਤਹਿਸੀਲ ਵਜੋਂ ਜਾਇਆ ਜਾਂਦਾ ਸੀ ਅਤੇ ਉਸ ਵੇਲੇ ਸਾਡੇ

ਮੋਗਾ ਦੀ ਪੁਰਾਣੀ ਦਾਣਾ ਮੰਡੀ ਅਤੇ ਨਿਊ ਟਾਊਨ ਦਾ ਨੀਂਹ ਪੱਥਰ ਵੀ ਰੱਖਿਆ ਗਿਆ ਸੀ। 1945 ਈਸਵੀ ਤੋਂ ਬਾਅਦ ਉਸ ਦੇ ਮਾਲ ਰਿਕਾਰਡ ਵਿੱਚ ਕੋਈ ਸੋਧ ਨਹੀਂ ਕੀਤੀ ਗਈ। ਜਿਸ ਕਾਰਨ ਪਾਟਨਗੰਜ ਏਰੀਏ ਵਿੱਚ ਜਿਹੜੇ ਲੋਕ ਰਹਿ ਰਹੇ ਹਨ, ਉਹ ਰਜਿਸਟਰੀਆਂ ਨਹੀਂ ਕਰਵਾ ਸਕਦੇ। ਉਨ੍ਹਾਂ ਨੂੰ ਐਨਓਸੀ ਨਹੀਂ ਮਿਲਦੀ ਕਿਉਂਕਿ ਉਨ੍ਹਾਂ ਕੋਲ ਰਜਿਸਟਰੀਆਂ ਨਹੀਂ ਹਨ। ਇਸ ਨਾਲ ਰੈਵੇਨਿਊ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ ਕਿਉਂਕਿ ਆਫ ਦਿ ਰਿਕਾਰਡ ਸੇਲ ਵੀ ਹੋ ਰਹੀ ਹੈ ਅਤੇ ਪਰਚੇਜ਼ ਵੀ ਹੋ ਰਹੀ ਹੈ। ਮੋਗਾ ਦਾ ਮੇਨ ਏਰੀਆ ਹੋਣ ਕਾਰਨ ਮੈਂ ਕਨਸਰਨਡ ਮੰਤਰੀ ਸਾਹਿਬ ਨੂੰ ਬੇਨਤੀ ਕਰਦੀ ਹਾਂ ਕਿ ਇਵੇਂ ਹੀ ਮਲੋਟ ਸ਼ਹਿਰ ਵਿੱਚ ਐਡਵਰਡਗੰਜ ਏਰੀਆ ਦੇ ਮਾਲ ਰਿਕਾਰਡ ਵਿੱਚ ਸੋਧ ਕਰਕੇ ਉਨ੍ਹਾਂ ਲੋਕਾਂ ਨੂੰ ਰਜਿਸਟਰੀਆਂ ਕਰਨ ਦੀ ਪਰਮਿਸ਼ਨ ਮਿਲੀ ਹੈ। ਸੋ, ਸਾਡੇ ਮੋਗਾ ਦੇ ਵਾਟਨਗੰਜ ਏਰੀਆ ਦੇ ਮਾਲ ਰਿਕਾਰਡ ਵਿੱਚ ਸੋਧ ਕਰਕੇ ਲੋਕਾਂ ਨੂੰ ਇਹ ਸੁਵਿਧਾ ਦਿੱਤੀ ਜਾਵੇ ਤਾਂ ਜੋ ਸਰਕਾਰ ਨੂੰ ਰੈਵੇਨਿਊ ਵੀ ਇਕੱਠਾ ਹੋਵੇ ਅਤੇ ਲੋਕ ਆਪਣੇ ਘਰਾਂ ਅਤੇ ਦੁਕਾਨਾਂ ਦੀ ਨਵੀਂ ਉਸਾਰੀ ਕਰ ਸਕਣ। ਬਹੁਤ ਬਹੁਤ ਧੰਨਵਾਦ।

*12.42 ਵਜੇ (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਬਾਅਦ ਦੁਪਹਿਰ

**ਸਰਦਾਰ ਲਾਭ ਸਿੰਘ ਉਗੋਕੇ (ਭਦੌੜ, ਐਸ.ਸੀ.):** ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਸ਼ੁਕਰੀਆ। ਮੇਰੇ ਹਲਕਾ ਬਰਨਾਲਾ ਅਤੇ ਪੂਰੇ ਪੰਜਾਬ ਦੇ ਲੇਬਰ ਡਿਪਾਰਟਮੈਂਟ ਵਿੱਚ ਕੰਮ ਕਰਨ ਵਾਲੇ ਰਜਿਸਟਰਡ ਕਾਮਿਆਂ ਦੀ ਇਕ ਸਮੱਸਿਆ ਮੈਂ ਤੁਹਾਡੇ ਸਾਮ੍ਹਣੇ ਰੱਖਣਾ ਚਾਹੁੰਦਾ ਹਾਂ। ਪਹਿਲਾਂ ਜਿਹੜਾ ਇਨ੍ਹਾਂ ਦਾ ਰਜਿਸਟ੍ਰੇਸ਼ਨ ਕਾਰਡ ਬਣਦਾ ਸੀ ਉਹ ਤਿੰਨ ਸਾਲ ਲਈ ਵੈਲਿਡ ਹੁੰਦਾ ਸੀ ਅਤੇ ਹੁਣ ਇਹ ਇਕ ਸਾਲ ਲਈ ਵੈਲਿਡ ਕੀਤਾ ਗਿਆ ਹੈ। ਮੇਰੀ ਸਦਨ ਦੇ ਸਾਮ੍ਹਣੇ ਬੇਨਤੀ ਹੈ ਕਿ ਇਸ ਨੂੰ ਪੰਜ ਸਾਲ ਕੀਤਾ ਜਾਵੇ ਅਤੇ ਇਸ ਦੇ ਨਾਲ ਹੀ ਜਦੋਂ ਇਨ੍ਹਾਂ ਰਜਿਸਟਰਡ ਕਾਮਿਆਂ ਨੇ ਸ਼ਗਨ ਸਕੀਮ ਲੈਣੀ ਹੁੰਦੀ ਹੈ ਤਾਂ ਮੈਰਿਜ ਸਰਟੀਫਿਕੇਟ ਦੀ ਮੰਗ ਕੀਤੀ ਜਾਂਦੀ ਹੈ। ਸਰਟੀਫਿਕੇਟ ਬਣਾਉਣ ਦੀ ਸੁਵਿਧਾ ਕੇਂਦਰ ਦੀ ਫੀਸ 1500 ਰੁਪਏ ਅਤੇ ਅਸ਼ਟਾਮ ਵੀ 1500 ਰੁਪਏ ਦਾ ਹੁੰਦਾ ਹੈ ਅਤੇ 1000 ਰੁਪਿਆ ਫਾਈਲ ਭਰਨ ਵਾਲਾ ਬੰਦਾ ਲੈ ਲੈਂਦਾ ਹੈ। ਸੋ, ਮੈਂ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਗੁਰਦੁਆਰਾ ਸਾਹਿਬ ਵਿੱਚੋਂ ਜਿਹੜਾ ਅਨੰਦ ਕਾਰਜ ਦਾ ਸਰਟੀਫਿਕੇਟ ਮਿਲਦਾ ਹੈ, ਉਸੇ ਨੂੰ ਮਨਜ਼ੂਰ ਕੀਤਾ ਜਾਵੇ ਤਾਂ ਜੋ ਗਰੀਬ ਲੋਕਾਂ ਦਾ ਪੰਜ ਹਜ਼ਾਰ ਰੁਪਿਆ ਇਸ ਵਾਸਤੇ ਲਗਦਾ ਹੈ, ਉਸ ਦੀ ਬੱਚਤ ਹੋ ਸਕੇ। ਧੰਨਵਾਦ ਜੀ।

---------

## WELCOME ANNOUNCEMENT BY THE HON'BLE DEPUTY SPEAKER

**ਮਾਣਯੋਗ ਡਿਪਟੀ ਸਪੀਕਰ** : ਮੈਂ ਸਦਨ ਦੇ ਮਾਣਯੋਗ ਮੈਂਬਰਾਂ ਨੂੰ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਅੱਜ ਇਸ ਅਜ਼ੀਮ ਸਦਨ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ, ਗੜ੍ਹਸ਼ੰਕਰ (ਹੁਸ਼ਿਆਰਪੁਰ) ਦੇ ਵਿਦਿਆਰਥੀ ਅੱਜ ਹਾਊਸ ਦੀ ਕਾਰਵਾਈ ਦੇਖਣ ਆਏ ਹਨ। (ਥੰਪਿੰਗ) ਮੈਂ ਇਨ੍ਹਾਂ ਵਿਦਿਆਰਥੀਆਂ ਨੂੰ ਅਤੇ ਨਾਲ

ਆਏ ਕਾਲਜ ਦੇ ਪ੍ਰਿੰਸੀਪਲ ਅਤੇ ਫੈਕਲਟੀ ਮੈਂਬਰਜ਼ ਨੂੰ ਜੀ ਆਇਆਂ ਆਖਦਾ ਹਾਂ। ਨੈਕਸਟ, ਸਰਦਾਰ ਕਰਮਬੀਰ ਸਿੰਘ ਘੁੰਮਣ। ਸ਼ਾਰਟ ਵਿੱਚ ਰੱਖ ਲਓ।

---------

**MATTERS RAISED DURING ZERO HOUR (*Resumption*)**

**ਸਰਦਾਰ ਕਰਮਬੀਰ ਸਿੰਘ (ਦਸੂਹਾ):** ਡਿਪਟੀ ਸਪੀਕਰ ਸਾਹਿਬ, ਧੰਨਵਾਦ। ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਦਾ ਧਿਆਨ ਆਪਣੇ ਹਲਕੇ ਦਸੂਹਾ ਦੇ ਬੰਦ ਪਏ ਸੇਵਾ ਕੇਂਦਰਾਂ ਵੱਲ ਦਿਵਾਉਣਾ ਚਾਹੁੰਦਾ ਹਾਂ। ਕੰਡੀ ਇਲਾਕੇ ਦੇ 104 ਪਿੰਡਾਂ ਵਾਸਤੇ ਤਲਵਾੜਾ ਸ਼ਹਿਰ ਵਿੱਚ ਸਿਰਫ ਦੋ ਸੇਵਾ ਕੇਂਦਰ ਚੱਲ ਰਹੇ ਹਨ ਅਤੇ ਬਾਕੀ ਸੇਵਾ ਕੇਂਦਰ ਬੰਦ ਹਨ। ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਦੋ ਸੇਵਾ ਕੇਂਦਰ ਦਾਤਾਰਪੁਰ ਅਤੇ ਅਮਲੋਹ, ਜ਼ਰੂਰ ਖੋਲ੍ਹੇ ਜਾਣ ਤਾਂ ਜੋ ਕੰਡੀ ਇਲਾਕੇ ਦੇ ਲੋਕਾਂ ਨੂੰ ਸੇਵਾ ਦਿੱਤੀ ਜਾ ਸਕੇ। ਇਸ ਦੇ ਨਾਲ ਹੀ ਨੈੱਟਵਰਕ ਬੰਦ ਹੋਣ ਕਾਰਨ ਡੋਰ ਟੂ ਡੋਰ ਸੇਵਾ ਉਥੇ ਤੱਕ ਨਹੀਂ ਪਹੁੰਚ ਸਕਦੀ। ਸੇਵਾ ਕੇਂਦਰ ਖੁੱਲ੍ਹ ਜਾਣ ਕਾਰਨ ਲੋਕਾਂ ਨੂੰ ਦੂਰ ਨਹੀਂ ਜਾਣਾ ਪਵੇਗਾ ਅਤੇ ਇਲਾਕੇ ਵਿੱਚ ਹੀ ਉਨ੍ਹਾਂ ਨੂੰ ਸੇਵਾ ਮਿਲ ਸਕੇਗੀ। ਮੈਂ ਬੇਨਤੀ ਕਰਦਾ ਹਾਂ ਕਿ ਇਹ ਸੇਵਾ ਕੇਂਦਰ ਜ਼ਰੂਰ ਖੋਲ੍ਹੇ ਜਾਣ।

**1240/Beant kaur/Shubham jain**

**1245/Karamjit kaur**

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ):** ਮੈਂਬਰ ਸਾਹਿਬ ਨੇ ਬੜਾ ਇੰਪੋਰਟੈਂਟ ਪੁਆਇੰਟ ਉਠਾਇਆ ਹੈ। ਇਸ ਦੇ ਵਿੱਚ ਦੋ ਇਸ਼ੂਜ ਹਨ। ਜਿਹੜਾ ਇਨ੍ਹਾਂ ਨੇ ਸੇਵਾ ਕੇਂਦਰਾਂ ਬਾਰੇ ਕਿਹਾ ਹੈ, ਉਹ ਅਸੀਂ ਐਗਜਾਮਿਨ ਕਰਵਾ ਲੈਂਦੇ ਹਾਂ, ਜਿੱਥੇ ਹੁਣ ਫੁੱਟਫਾਲ ਹੈ, that can be done. ਨੰਬਰ-2, ਮੈਂ ਕਹਿਣਾ ਚਾਹੁੰਦਾ ਹਾਂ ਕਿ ਚਾਹੇ ਜਿੰਨਾ ਮਰਜ਼ੀ ਰਿਮੋਟ ਏਰੀਆ ਹੈ, ਕੰਢੀ ਦਾ ਜਿੱਥੋਂ ਮਰਜ਼ੀ ਲੈ ਆਉਣ, ਜਿਹੜੀ ਸਰਕਾਰ ਦੀ ਡੋਰ ਸਟੈੱਪ ਡਿਲੀਵਰੀ ਦੀ ਸੇਵਾ ਹੈ, ਉਸ ਵਾਸਤੇ ਅਸੀਂ ਪਹਿਲਾਂ ਕੰਜਿਊਮਰ ਤੋਂ 120 ਰੁਪਏ ਲੈਂਦੇ ਸੀ ਅਤੇ ਇਸ ਬਜਟ ਦੇ ਵਿੱਚ ਘਟਾ ਕੇ 50 ਰੁਪਏ ਕਰ ਦਿੱਤਾ ਹੈ. (Thumping)

**ਮਾਣਯੋਗ ਡਿਪਟੀ ਸਪੀਕਰ:** ਬਹੁਤ ਅੱਛਾ ਜੀ। (ਥੰਪਿੰਗ)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ** : ਜੇਕਰ ਤੁਹਾਨੂੰ ਕੋਈ ਸ਼ਿਕਾਇਤ ਆਵੇ ਕਿ ਅਸੀਂ ਫੋਨ ਕੀਤਾ ਸੀ ਪ੍ਰੰਤੂ ਕੋਈ ਆਇਆ ਨਹੀਂ, ਉਸ ਬਾਰੇ ਸਾਨੂੰ ਦੱਸੋ। ਕਿਉਂਕਿ ਡੋਰ ਸਟੈੱਪ ਡਿਲੀਵਰੀ ਪੰਜਾਬ ਦੇ ਹਰ ਕੋਨੇ ਦੇ ਵਿੱਚ ਅਵੇਲੇਬਲ ਹੈ। ਜੇ ਕਿਤੇ ਕੋਈ ਸਰਵਿਸ ਪ੍ਰੋਵਾਈਡ ਨਹੀਂ ਕਰਵਾਉਂਦਾ ਤਾਂ ਸਾਡੇ ਧਿਆਨ ਵਿੱਚ ਲਿਆਂਦਾ ਜਾਵੇ।

**ਮਾਣਯੋਗ ਡਿਪਟੀ ਸਪੀਕਰ**: ਇਸ ਗੱਲ ਦਾ ਗਵਾਹ ਮੈਂ ਵੀ ਹਾਂ। ਸਾਡੇ ਬੀਤ ਏਰੀਆ ਹੈ, ਉਥੇ ਰਾਕੇਟ ਦੀ ਸਪੀਡ ਤੋਂ ਵੀ ਤੇਜ਼ ਸਰਵਿਸ ਪ੍ਰੋਵਾਈਡਰ ਪਹੁੰਚਦੇ ਹਨ। (ਥੰਪਿੰਗ)(ਹਾਸਾ) ਸਾਡਾ ਏਰੀਆ ਹੈ, ਉਥੇ ਬਹੁਤ ਤੇਜ਼ ਪਹੁੰਚਦੇ ਹਨ। (ਥੰਪਿੰਗ)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ** : ਤੁਸੀਂ ਦੇਖਦੇ ਚੱਲਿਉ ਜੀ, ਰਾਕੇਟ ਤਾਂ ਉਤਾਂਹ ਜਾਂਦਾ ਹੈ, ਅਸੀਂ ਕੈਚ ਕਰਨ ਵਾਲਾ ਰਾਕੇਟ ਵੀ ਤਿਆਰ ਕਰ ਰਹੇ ਹਾਂ।

**ਮਾਣਯੋਗ ਡਿਪਟੀ ਸਪੀਕਰ**: ਥੈਂਕ ਯੂ। ਹਾਂ ਜੀ, ਸ੍ਰੀ ਅਸ਼ਵਨੀ ਜੀ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ)**: ਧੰਨਵਾਦ ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਗੱਲ ਬਾਅਦ ਵਿੱਚ ਕਹਿਣੀ ਹੈ। ਪਹਿਲਾਂ ਅੱਜ ਜਿਹੜਾ ਸੰਤ ਸੀਚੇਵਾਲ ਜੀ ਬਾਰੇ ਕਿਹਾ ਗਿਆ ਹੈ, ਮੈਂ ਕਹਿੰਦਾ ਹਾਂ ਕਿ ਨਾ ਸੰਤ ਹੋਣ ਉਤੇ ਅਤੇ ਨਾ ਹੀ ਪਰਿਆਵਰਨ ਸਬੰਧੀ ਕੰਮ ਕਰਨ ਬਾਰੇ ਮੈਨੂੰ ਲਗਦਾ ਹੈ ਕਿ ਜਿਸ ਤਰੀਕੇ ਨਾਲ ਉਹ ਕੰਮ ਕਰ ਰਹੇ ਹਨ, ਪੰਜਾਬ ਹੀ ਨਹੀਂ ਸਗੋਂ ਪੂਰੇ ਦੇਸ਼ ਨੂੰ ਮਾਣ ਹੈ । (ਥੰਪਿੰਗ) ਮੈਂ ਇਸ ਗੱਲ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਮੈਂ ਪੰਜਾਬੀ ਹਾਂ। ਪੰਜਾਬ ਨਾਲ ਸਬੰਧਿਤ ਜਦੋਂ ਕੋਈ ਵੀ ਅਜਿਹੀ ਗੱਲ ਆਵੇਗੀ ਤਾਂ ਮਨ ਨੂੰ ਕਸ਼ਟ ਵੀ ਹੁੰਦਾ ਹੈ ਅਤੇ ਦੁਖ ਵੀ ਹੁੰਦਾ ਹੈ। ਠੀਕ ਹੈ ਚੀਮਾ ਸਾਹਿਬ ਨੇ ਜਿਹੜੀਆਂ ਗੱਲਾਂ ਬਜਟ ਵਿੱਚ ਕਹੀਆਂ ਹਨ, ਉਨ੍ਹਾਂ ਤੋਂ ਥੋੜ੍ਹਾ ਜਿਹਾ ਇੱਧਰ ਉੱਧਰ ਹੋ ਗਏ ਹਨ।

ਮੈਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇੱਕ ਵਿਡੀਉ ਚਲਦੀ ਪਈ ਹੈ। ਜੇ ਅਸੀਂ ਕੋਈ ਗੱਲ ਕਹੀਏ ਤਾਂ ਹੋ ਸਕਦਾ ਹੈ ਕਿ ਵਧਾ-ਚੜ੍ਹਾ ਕੇ ਕਹਿ ਰਹੇ ਹੋਈਏ ਕਿਉਂਕਿ ਆਪੋਜੀਸ਼ਨ ਵਾਲੇ ਹਾਂ, ਇਲਜ਼ਾਮ ਲਗਾ ਰਹੇ ਹਾਂ। ਲੇਕਿਨ ਜੇਕਰ ਕਿਸੇ ਨਾਲ ਲਗਦੇ ਸੂਬੇ ਦੀ ਚਲਦੀ ਵਿਧਾਨ ਸਭਾ ਵਿੱਚ ਸਰਕਾਰ ਪੱਖ ਦੇ ਹੀ, ਮਤਲਬ ਆਮ ਆਦਮੀ ਪਾਰਟੀ ਦਾ ਐਮ.ਐਲ.ਏ. ਹੀ ਅਗਰ ਕੋਈ ਗੱਲ ਕਹਿੰਦਾ ਹੈ ਤਾਂ ਮੈਨੂੰ ਲਗਦਾ ਹੈ ਕਿ ਉਸ ਉਤੇ ਸਰਕਾਰ ਨੂੰ ਸੰਗਿਆਨ ਲੈਣਾ ਚਾਹੀਦਾ ਹੈ। ਇੱਥੇ ਪ੍ਰਧਾਨ ਜੀ ਵੀ ਬੈਠੇ ਹਨ। (ਆਪੋਜੀਸ਼ਨ ਬੈਂਚਿਜ ਵਲੋਂ ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਜੰਮੂ ਕਸ਼ਮੀਰ ਦੀ ਅਸੰਬਲੀ ਦੇ ਅੰਦਰ ਆਮ ਆਦਮੀ ਪਾਰਟੀ ਦੇ ਵਿਧਾਇਕ ਨੇ ਮੇਰੇ ਪੰਜਾਬ ਦੇ ਉਤੇ ਇਲਜ਼ਾਮ ਲਗਾਇਆ ਹੈ। ਉਨ੍ਹਾਂ ਨੇ ਇਲਜ਼ਮ ਕੀ ਲਗਾਇਆ ਹੈ? ਅਸੀਂ ਮਾਈਨਿੰਗ ਦੀ ਗੱਲ ਕਰਦੇ ਹਾਂ। ਉਹ ਕਹਿੰਦੇ ਕਿ ਪੰਜਾਬੀ ਆ ਕੇ ਇਲਲੀਗਲ ਮਾਈਨਿੰਗ ਕਰਦੇ ਹਨ। ਇਕੱਲੀ ਮਾਈਨਿੰਗ ਤੱਕ ਹੀ ਸੀਮਤ ਰਹਿੰਦਾ ਤਾਂ ਮੈਨੂੰ ਲਗਦਾ ਕਿ ਚਲੋ ਕੋਈ ਗੱਲ ਨਹੀਂ। ਉਹ ਕਹਿੰਦੇ ਕਿ ਮਾਈਨਿੰਗ ਕਰਕੇ ਜਿਹੜਾ ਮਾਲ ਪੰਜਾਬ ਦੇ ਅੰਦਰ ਜਾ ਰਿਹਾ ਹੈ, ਉਸ ਦੇ ਬਦਲੇ ਚਿੱਟਾ ਭੇਜ ਰਹੇ ਹਨ ਔਰ ਸਾਡੇ ਨੌਜਵਾਨਾਂ ਨੂੰ ਨਸ਼ੇ ਵਿੱਚ ਡੁਬੋ ਰਹੇ ਹਨ। (ਆਪੋਜੀਸ਼ਨ ਬੈਂਚਿਜ ਵਲੋਂ ਸ਼ੇਮ ਸ਼ੇਮ ਦੀਆਂ ਅਵਾਜਾਂ) ਇਹ ਕਿੰਨਾ ਗੰਭੀਰ ਮਾਮਲਾ ਹੈ। ਮੈਨੂੰ ਲਗਦਾ ਹੈ ਕਿ ਇਸ ਦੇ ਉਤੇ ਸਰਕਾਰ ਨੂੰ ਆਪਣਾ ਪੱਖ ਜ਼ਰੂਰ ਰੱਖਣਾ ਚਾਹੀਦਾ ਹੈ ਕਿਉਂਕਿ ਇਸ ਦੇ ਨਾਲ ਬਦਨਾਮ ਹੋ ਰਿਹਾ ਹੈ। ਇੱਕ ਪਾਸੇ ਤਾਂ ਨਸ਼ਿਆਂ ਦੇ ਖਿਲਾਫ ਯੁੱਧ ਕਿਹਾ ਜਾ ਰਿਹਾ ਹੈ। ਇੱਥੇ ਮਾਈਨਿੰਗ ਦੀਆਂ ਬੜੀਆਂ ਗੱਲਾਂ ਕਰਦੇ ਹਾਂ।

ਲੇਕਿਨ ਇਹ ਜਿਹੜਾ ਇਲਜ਼ਾਮ ਲੱਗਿਆ ਹੈ, ਇਹ ਬੜਾ ਸੀਰੀਅਸ ਇਲਜ਼ਾਮ ਹੈ। ਮੈਨੂੰ ਲਗਦਾ ਹੈ ਕਿ ਇਸ ਬਾਰੇ ਜ਼ਰੂਰ ਜਵਾਬ ਆਵੇਗਾ।

**ਮਾਣਯੋਗ ਡਿਪਟੀ ਸਪੀਕਰ**: ਡਾਕਟਰ ਨਛੱਤਰ ਪਾਲ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)**: ਧੰਨਵਾਦ ਮਾਣਯੋਗ ਡਿਪਟੀ ਸਪੀਕਰ ਸਾਹਿਬ। ਤਥਾਗਤ ਗੌਤਮ ਬੁੱਧ ਨੂੰ ਮਗਧ ਸਾਮਰਾਜ ਦੀ ਰਾਜਧਾਨੀ ਪਾਟਲੀਪੁੱਤਰ ਵਿਖੇ ਪਿੱਪਲ ਦੇ ਦਰੱਖਤ ਥੱਲੇ ਗਿਆਨ ਦੀ ਪ੍ਰਾਪਤੀ ਹੋਈ। ਅੱਜ ਬੋਧ ਗਯਾ ਵਿੱਚ ਬਹੁਤ ਵੱਡਾ ਅੰਦੋਲਨ ਚੱਲ ਰਿਹਾ ਹੈ ਕਿ ਬੁੱਧਿਸਟ ਟੈਂਪਲ ਹੈ, Bodh Gaya Tample Act 1949 ਨੂੰ ਖਤਮ ਕਰਕੇ ਇਸ ਦਾ ਪ੍ਰਬੰਧ ਗੈਰ ਬੋਧੀਆਂ ਦੀ ਬਜਾਏ ਬੋਧੀਆਂ ਨੂੰ ਦਿੱਤਾ ਜਾਵੇ। ਕੰਸਟੀਚਿਊਸ਼ਨ ਦੇ ਆਰਟੀਕਲ 25 ਦੇ ਰਾਹੀਂ ਇਸ ਨੂੰ ਲਾਗੂ ਕੀਤਾ ਜਾਵੇ ਜੀ। ਪੰਜਾਬ ਦੇ ਅੰਦਰ ਪੰਜਾਬ ਸਰਕਾਰ ਵੱਲੋਂ ਬੁੱਧ ਪੂਰਨਿਮਾ ਜੋ 10 ਮਈ ਨੂੰ ਆ ਰਹੀ ਹੈ, ਉਸ ਦਿਨ ਲਈ ਸਰਕਾਰੀ ਛੁੱਟੀ ਕੀਤੀ ਜਾਵੇ ਅਤੇ ਘੱਟ ਗਿਣਤੀ ਕਮਿਸ਼ਨ ਵਿੱਚ ਇੱਕ ਬੁਧਿਸਟ ਮੈਂਬਰ ਲਿਆ ਜਾਵੇ ਔਰ ਸੰਘੋਲ ਵਿਖੇ ਜਿਹੜਾ ਬਹੁਤ ਵੱਡਾ ਇੰਸਟੀਚਿਊਸ਼ਨ ਹੈ, ਜਿਹੜਾ ਇਤਿਹਾਸਕ ਅਸਥਾਨ ਹੈ, ਉਸ ਨੂੰ ਇੰਟਰਨੈਸ਼ਨਲੀ ਡਿਵੈਲਪ ਕੀਤਾ ਜਾਵੇ ਤਾਂ ਜੋ ਜਿਹੜੇ 25-30 ਪੂਰੇ ਬੁਧਿਸਟ ਦੇਸ਼ ਹਨ, ਉਨ੍ਹਾਂ ਤੋਂ ਇੰਟਰਨੈਸ਼ਨਲ ਸਟੂਡੈਂਟਸ ਆਉਣ ਅਤੇ ਸਾਡੀ ਡਿਵੈਲਪਮੈਂਟ ਹੋ ਸਕੇ। ਤੁਹਾਡਾ ਬਹੁਤ ਬਹੁਤ ਧੰਨਵਾਦ। (Thumping)

---------

## CALLING ATTENTION NOTICES UNDER RULE 66

## (SERIAL NO. 24)

**ਡਾਕਟਰ ਵਿਜੈ ਸਿੰਗਲਾ**: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਮੇਰੇ ਹਲਕੇ ਮਾਨਸਾ ਤੋਂ ਭਵਾਨੀਗੜ੍ਹ ਹੋ ਕੇ ਪਟਿਆਲਾ ਜਾਣ ਵਾਲੀ ਰੋਡ ਦਾ ਖੱਬਾ ਪਾਸਾ ਪੂਰੀ ਤਰ੍ਹਾਂ ਹੈਵੀ ਟ੍ਰੈਫਿਕ (ਸਵਾਹ ਦੇ ਭਰੇ ਕੈਪਸੂਲ) ਜੋ ਕਿ ਤਲਵੰਡੀ ਸਾਬੋ ਥਰਮਲ ਪਲਾਂਟ 'ਚੋਂ ਆਉਂਦੀ ਹੈ ਅਤੇ ਵੱਖੋ-ਵੱਖਰੇ ਉਦਯੋਗਾਂ ਨੂੰ ਜਾਂਦੀ ਹੈ, ਕਾਰਨ ਟੁੱਟ ਚੁੱਕਾ ਹੈ। ਜਿਸ ਦੇ ਕਾਰਨ ਸਥਾਨਕ ਲੋਕਾਂ ਨੂੰ ਰੋਜਾਨਾ ਜ਼ਿੰਦਗੀ ਵਿੱਚ ਬੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਵਾਹਨਾਂ ਕਰਕੇ ਸੜਕ ਦੀ ਹਾਲਤ ਇੰਨੀ ਖਰਾਬ ਹੋ ਚੁੱਕੀ ਹੈ ਕਿ ਹਰ ਰੋਜ ਹਾਦਸੇ ਵੀ ਹੋ ਰਹੇ ਹਨ ਜਿਸ ਕਾਰਨ ਲੋਕਾਂ ਦੇ ਮਨ ਵਿੱਚ ਇਸ ਸੜਕ ਤੋਂ ਨਿਕਲਣ ਲਈ ਸਹਿਮ ਪਾਇਆ ਜਾ ਰਿਹਾ ਹੈ। ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਲੋਕਾਂ ਦੀ ਇਸ ਸਮੱਸਿਆ ਨੂੰ ਵੇਖਦੇ ਹੋਏ ਇਸ ਸੜਕ ਨੂੰ ਚੌੜੀ ਕਰਕੇ ਹੈਵੀ ਟ੍ਰੈਫਿਕ ਦੇ ਮਾਪਦੰਡਾਂ ਅਨੁਸਾਰ ਬਣਾਇਆ ਜਾਵੇ ਅਤੇ ਥਰਮਲ ਪਲਾਂਟ ਦੀ ਮੈਨੇਜਮੈਂਟ ਨੂੰ ਰੂਲਜ ਅਨੁਸਾਰ ਵਾਹਨਾਂ ਵਿੱਚ ਲੋਡ ਹੋਣ ਵਾਲੇ ਭਾਰਤ ਨੂੰ ਨਿਯੰਤਰਿਤ ਕੀਤਾ ਜਾਵੇ।

ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਕਿਰਪਾਲਤਾ ਕਰਨ ਜੀ।

ਸਰ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮਾਨਸਾ ਤੋਂ ਵਾਇਆ ਭਿੱਖੀ, ਸੁਨਾਮ-ਭਵਾਨੀਗੜ੍ਹ-ਪਟਿਆਲਾ ਰੋਡ ਜਾਂਦੀ ਹੈ। ਬਨਾਂਵਾਲੀ ਵਿਖੇ ਜੋ ਥਰਮਲ ਪਲਾਂਟ ਲੱਗਿਆ ਹੋਇਆ ਹੈ, ਉਥੋਂ ਹੈਵੀ ਟ੍ਰੈਫਿਕ ਜਿਨ੍ਹਾਂ ਨੂੰ ਆਪਾਂ ਸਵਾਹ ਦੇ ਭਰੇ ਕੈਪਸੂਲ ਕਹਿੰਦੇ ਹਾਂ, ਉਹ ਲੰਘਦੇ ਹਨ। ਉਸ ਦੇ ਨਾਲ ਰੋਡ ਦੀ ਲੈਫਟ ਸਾਈਡ ਪੂਰੀ ਤਰ੍ਹਾਂ ਖਤਮ ਹੋ ਚੁੱਕੀ ਹੈ। ਉਥੇ ਥਾਂ ਥਾਂ ਤੇ ਬਹੁਤ ਵੱਡੇ ਖੱਡੇ ਪਏ ਹੋਏ ਹਨ ਜਿਸ ਦੇ ਕਰਕੇ ਰੋਜ਼ ਐਕਸੀਡੈਂਟ ਹੋ ਰਹੇ ਹਨ ਅਤੇ ਲੋਕਾਂ ਦੇ ਮਨ ਵਿੱਚ ਬੜਾ ਸਹਿਮ ਹੈ। ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਲੋਕਾਂ ਦੀ ਸਮੱਸਿਆ ਨੂੰ ਵੇਖਦੇ ਹੋਏ ਇਸ ਸੜਕ ਨੂੰ ਚੌੜੀ ਕਰਕੇ ਹੈਵੀ ਟ੍ਰੈਫਿਕ ਦੇ ਮਾਪਦੰਡਾਂ ਅਨੁਸਾਰ ਬਣਾਇਆ ਜਾਵੇ ਅਤੇ ਥਰਮਲ ਪਲਾਂਟ ਦੀ ਮੈਨੇਜਮੈਂਟ ਨੂੰ ਵਾਹਨਾਂ ਵਿੱਚ ਲੋਡ ਹੋਣ ਵਾਲੇ ਭਾਰ ਨੂੰ ਰੂਲਜ ਅਨੁਸਾਰ ਨਿਯੰਤਰਣ ਕਰਨ ਲਈ ਕਿਹਾ ਜਾਵੇ।

**1245/Karamjit kaur/Shubham jain**

**1250/harpreet singh**

**ਲੋਕ ਨਿਰਮਾਣ ਮੰਤਰੀ (ਸਰਦਾਰ ਹਰਭਜਨ ਸਿੰਘ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਮਾਨਸਾ ਤੋਂ ਭਵਾਨੀਗੜ੍ਹ ਜਾਣ ਵਾਲੀ ਸੜਕ ਦੀ ਕੁੱਲ ਲੰਬਾਈ ਲਗਭੱਗ 73.08 ਕਿਲੋਮੀਟਰ ਹੈ ਅਤੇ ਇਹ ਤਿੰਨ ਜ਼ਿਲ੍ਹਿਆਂ ਬਠਿੰਡਾ, ਮਾਨਸਾ ਅਤੇ ਸੰਗਰੂਰ ਵਿਚੋਂ ਲੰਘਦੀ ਹੈ। ਮਾਨਸਾ ਰਾਮ ਦਿੱਤਾ ਚੌਂਕ ਤੋਂ ਮਾਨਸਾ ਕੈਂਚੀਆਂ ਤੱਕ ਐਨ.ਐਚ.703 ਹੈ, ਜਿਸ ਦੀ ਕੁੱਲ ਲੰਬਾਈ 7.3 ਕਿਲੋਮੀਟਰ ਹੈ, ਜੋ ਪਹਿਲਾਂ ਤੋਂ ਹੀ ਚਾਰ ਲੇਨ ਹੈ। ਇਸ ਦੀ ਰਿਪੇਅਰ ਲਈ ਅਨੁਮਾਨ ਮਨਿਸਟਰੀ ਆਫ਼ ਰੋਡਜ਼, ਟਰਾਂਸਪੋਰਟ ਅਤੇ ਹਾਈਵੇਅਜ਼ ਦਿੱਲੀ ਨੂੰ ਮੁੱਖ ਇੰਜੀਨੀਅਰ, ਐਨ.ਐਚ.ਏ.ਆਈ. ਵੱਲੋਂ ਭੇਜਿਆ ਜਾ ਚੁੱਕਾ ਹੈ। ਮੁੱਖ ਇੰਜੀਨੀਅਰ ਵੱਲੋਂ ਮਿਤੀ 29.11.2024 ਨੂੰ ਇਹ ਅਨੁਮਾਨ ਮੰਨਜ਼ੂਰੀ ਲਈ ਭੇਜਿਆ ਗਿਆ ਹੈ। ਇਹ ਅਨੁਮਾਨ ਜਲਦੀ ਹੀ ਮੰਨਜ਼ੂਰ ਹੋਣ ਦੀ ਸੰਭਾਵਨਾ ਹੈ। ਇਸ ਤੋਂ ਅੱਗੇ ਮਾਨਸਾ ਭੀਖੀਆਂ ਤੋਂ ਮਾਨਸਾ ਕੈਚੀਆਂ ਤੱਕ ਐਨ.ਐਚ.148 ਹੈ। ਇਸ ਸੜਕ ਦੀ ਲੰਬਾਈ 12 ਕਿਲੋਮੀਟਰ ਅਤੇ ਚੌੜਾਈ 10 ਮੀਟਰ ਹੈ। ਇਸ ਸੜਕ ਦੀ ਮੌਜੂਦਾ ਹਾਲਾਤ ਨੂੰ ਵੇਖਦੇ ਹੋਏ ਇਸ ਨੂੰ ਮਜ਼ਬੂਤ ਕਰਨ ਦਾ ਅਨੁਮਾਨ ਵੀ ਮਿਤੀ 31.12.2024 ਨੂੰ ਮੰਨਜ਼ੂਰੀ ਵਾਸਤੇ ਮਨਿਸਟਰੀ ਆਫ਼ ਰੋਡਜ਼, ਟਰਾਂਸਪੋਰਟ ਅਤੇ ਹਾਈਵੇਅਜ਼, ਦਿੱਲੀ ਨੂੰ ਭੇਜਿਆ ਹੋਇਆ ਹੈ। ਇਹ ਅਨੁਮਾਨ ਵੀ ਬਹੁਤ ਜਲਦ ਮੰਨਜ਼ੂਰ ਹੋਣ ਦੀ ਆਸ ਹੈ। ਇਸ ਤੋਂ ਇਲਾਵਾ ਭੀਖੀਆਂ ਕੈਂਚੀਆ ਤੋਂ ਸੰਗਰੂਰ ਤੱਕ ਸਟੇਟ ਹਾਈਵੇਅ 12-ਏ ਹੈ। ਇਸ ਦੀ ਲੰਬਾਈ 10.78 ਕਿਲੋਮੀਟਰ ਹੈ।

***12:51 ਵਜੇ ਬਾਅਦ ਦੁਪਹਿਰ** (*ਇਸ ਸਮੇਂ ਮਾਣਯੋਗ ਸਪੀਕਰ ਸਾਹਿਬ ਨੇ ਸਦਨ ਦੀ ਕੁਰਸੀ ਸੰਭਾਲੀ।)

ਇਹ ਸੜਕ ਸਾਲ 2020-21 ਵਿਚ ਰਿਪੇਅਰ ਕੀਤੀ ਗਈ ਸੀ ਅਤੇ ਇਹ ਹਾਲੇ ਰਿਪੇਅਰ ਲਈ ਡਿਊ ਨਹੀਂ ਹੋਈ। ਹਾਲ ਦੀ ਘੜੀ ਇਸ ਸੜਕ ਨੂੰ ਟੌਲ ਫਰੀ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਡਿਊ ਹੋਣ ਉਪਰੰਤ ਸਾਲ 2025-26 ਵਿਚ ਇਸ ਸਿੜਕ ਦੀ ਰਿਨਿਊਲ ਸਬੰਧੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ। ਜ਼ਿਲ੍ਹਾ ਮਾਨਸਾ, ਸੰਗਰੂਰ ਤੋਂ ਮਹਿਲਾ ਚੌਂਕ ਤੱਕ ਸਟੇਟ ਹਾਈਵੇ ਹੈ, ਜਿਸ ਦੀ ਲੰਬਾਈ ਲਗਭੱਗ 26 ਕਿਲੋਮੀਟਰ ਹੈ ਅਤੇ 10 ਮੀਟਰ ਚੌੜਾਈ

ਹੈ। ਇਹ ਸੜਕ ਵੀ ਸਾਲ 2020-21 ਵਿਚ ਰਿਪੇਅਰ ਕੀਤੀ ਗਈ ਸੀ ਅਤੇ ਸਾਲ 2025-26 ਵਿਚ ਡਿਊ ਹੈ। ਇਸ ਦੀ ਵੀ 2025-26 ਵਿਚ ਰਿਨਿਊਲ ਕਰਵਾ ਦਿੱਤੀ ਜਾਵੇਗੀ। ਮਹਿਲਾ ਚੌਕ ਤੋਂ ਭਵਾਨੀਗੜ੍ਹ ਤੱਕ ਵੀ ਸਟੇਟ ਹਾਈਵੇਅ 12-ਏ ਹੈ। ਇਸ ਦੀ ਲੰਬਾਈ 17 ਕਿਲੋਮੀਟਰ ਹੈ। ਇਸ ਸੜਕ ਦੀ ਮੁਰੰਮਤ ਦਾ ਟੈਂਡਰ ਅਸੀਂ ਮਿਤੀ 1 ਮਾਰਚ, 2025 ਨੂੰ ਲਗਾ ਦਿੱਤਾ ਹੈ ਅਤੇ ਟੈਂਡਰ ਅਲਾਟ ਹੋਣ ਉਪਰੰਤ ਕੰਮ ਨੂੰ ਜਲਦੀ ਸ਼ੁਰੂ ਕਰ ਦਿੱਤਾ ਜਾਵੇਗਾ।

**ਡਾਕਟਰ ਵਿਜੈ ਸਿੰਗਲਾ** : ਸਪੀਕਰ ਸਾਹਿਬ, ਮੇਰੀ ਕਾਲ ਅਟੈਂਸ਼ਨ ਦਾ ਮੋਟਿਵ ਇਹ ਸੀ ਕਿ ਉੱਥੇ ਬਹੁਤ ਹੈਵੀ ਟਰੈਫਿਕ ਲੰਘਦਾ ਹੈ ਅਤੇ ਜੇਕਰ ਹੁਣ ਵੀ ਆਪਾਂ ਉਸੇ ਤਰ੍ਹਾਂ ਦੀ ਸੜਕ ਰਿਪੇਅਰ ਕਰ ਦਿਆਂਗੇ ਤਾਂ ਸੜਕ ਫਿਰ ਟੁੱਟ ਜਾਵੇਗੀ। ਕੀ ਆਪਾਂ ਉਥੇ ਗੁਣਵੱਤਾ ਦੀ ਸੜਕ ਬਣਾਵਾਂਗੇ ਜੋ ਲੋਡ ਝੱਲ ਸਕੇ? ਮੰਤਰੀ ਜੀ, ਤੁਸੀਂ ਉੱਥੇ ਵਿਜ਼ਟ ਕਰਕੇ ਦੇਖੋ ਕਿ ਉਸ ਸੜਕ ਦਾ ਖੱਬਾ ਪਾਸਾ ਬਿਲਕੁਲ ਦੱਬ ਚੁੱਕਿਆ ਹੈ। ਉੱਥੋਂ ਦਾ ਥਰਮਲ ਪਲਾਂਟ ਕੋਈ ਸੀ.ਐਸ.ਆਰ. ਫੰਡਿੰਗ ਨਹੀਂ ਕਰ ਰਿਹਾ, ਕੋਈ ਪੈਸਾ ਨਹੀਂ ਲਗਾ ਰਿਹਾ। ਉਹ ਸੜਕ ਦੁਰਘਟਨਾਵਾਂ ਦਾ ਘਰ ਬਣੀ ਪਈ ਹੈ। ਇਸ ਤੋਂ ਇਲਾਵਾ ਮਾਨਸਾ-ਬਠਿੰਡਾ ਸੜਕ ਤੇ ਦੋ ਟੌਲ ਪਲਾਜ਼ਾ ਸਨ, ਜੋ ਲੋਕਾਂ ਵੱਲੋਂ ਆਪਣੇ ਪੱਧਰ ਤੇ ਹੀ ਹਟਾ ਦਿੱਤੇ ਗਏ ਕਿਉਂਕਿ ਉਹ ਚੱਲੇ ਨਹੀਂ ਹਨ, ਇਹ ਕਾਂਗਰਸ ਸਰਕਾਰ ਵੇਲੇ ਲਗਾਏ ਗਏ ਸੀ। ਉਹ ਸੜਕ ਵੀ ਦੁਰਘਟਨਾਵਾਂ ਦਾ ਘਰ ਬਣੀ ਹੋਈ ਹੈ। ਸਪੀਕਰ ਸਾਹਿਬ, ਉੱਥੇ ਸੜਕ ਬਣਾਉਣ ਵਿਚ ਕੋਈ ਅਦਾਲਤੀ ਮਸਲਾ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਸ ਬਾਰੇ ਵੀ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ ਜੀ।

**ਮਾਣਯੋਗ ਸਪੀਕਰ**: ਵੈਸੇ ਤਾਂ ਇਹ ਕਾਲ ਅਟੈਂਸ਼ਨ ਵੱਖਰੀ ਬਣਦੀ ਹੈ ਪਰ ਜੇਕਰ ਮੰਤਰੀ ਜੀ ਚਾਹੁਣ ਤਾਂ ਬਿਆਨ ਦੇ ਸਕਦੇ ਹਨ।

**ਮੰਤਰੀ**: ਸਪੀਕਰ ਸਾਹਿਬ, ਜਿਵੇਂ ਮੈਂਬਰ ਸਾਹਿਬ ਨੇ ਸੜਕ ਨੂੰ ਕੁਆਲਟੀ ਵਾਈਜ਼ ਵਧੀਆ ਬਣਾਉਣ ਦੀ ਗੱਲ ਕੀਤੀ ਹੈ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕ ਸਾਲ ਦਾ ਡਿਫੈਕਟ ਲਾਇਬਿਲਟੀ ਪੀਰੀਅਡ ਹੁੰਦਾ ਹੈ, ਉਹ ਠੇਕੇਦਾਰ ਨੇ ਕਰਨਾ ਹੀ ਹੁੰਦਾ ਹੈ ਪਰ ਜਦੋਂ ਦੀ ਸਰਦਾਰ ਭਗਵੰਤ ਮਾਨ ਜੀ ਦੀ ਸਰਕਾਰ ਆਈ ਹੈ, ਅਸੀਂ ਇਕ ਪ੍ਰੋਵੀਜ਼ਨ ਇਹ ਵੀ ਕਰ ਦਿੱਤਾ ਹੈ ਕਿ ਡਿਫੈਕਟ ਲਾਇਬਿਲਟੀ ਪੀਰੀਅਡ ਤੋਂ ਇਲਾਵਾ ਚਾਰ ਸਾਲ ਹੋਰ ਮੈਨਟੇਨੈਂਸ ਦੀ ਜ਼ਿੰਮੇਵਾਰੀ ਵੀ ਠੇਕੇਦਾਰ ਤੇ ਪਾ ਦਿੱਤੀ ਗਈ ਹੈ। ਸੋ, ਸਾਲ 2022 ਤੋਂ ਬਾਅਦ ਜਿੰਨੀਆਂ ਵੀ ਸੜਕਾਂ ਬਣੀਆਂ ਹਨ, ਉਨ੍ਹਾਂ ਦੀ ਪੰਜ ਸਾਲ ਦੀ ਲਾਇਬਿਲਟੀ ਠੇਕੇਦਾਰ ਤੇ ਹੈ। ਇਸ ਦਾ ਖਰਚਾ ਜ਼ਰੂਰ 5 ਤੋਂ 7 ਫੀਸਦੀ ਵੱਧ ਆਉਂਦਾ ਹੈ ਪਰ ਇਸ ਨਾਲ ਸੜਕਾਂ ਕੁਆਲਿਟੀ ਵਾਲੀਆਂ ਬਣਦੀਆਂ ਹਨ ਅਤੇ ਉਨ੍ਹਾਂ ਦੀ ਡਿਊਰੇਬਿਲਟੀ ਵੀ ਵਧੇਗੀ। ਸੋ, ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਸੜਕਾਂ ਦੀ ਕੁਆਲਿਟੀ ਵਿਚ ਕਿਸੇ ਤਰ੍ਹਾਂ ਦਾ ਕੋਈ ਖਿਲਵਾੜ ਨਹੀਂ ਕੀਤਾ ਜਾਵੇਗਾ ਅਤੇ ਪੂਰੀ ਮਜ਼ਬੂਤੀ ਨਾਲ ਸੜਕਾਂ ਬਣਨਗੀਆਂ। ਧੰਨਵਾਦ।

**ਮਾਣਯੋਗ ਸਪੀਕਰ**: ਧੰਨਵਾਦ ਜੀ।

**1250/harpreet singh/Abhishek gautam**

**1255/amandeep kaur**

**ਜਲ ਸਰੋਤ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ)**: ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਕੱਲ੍ਹ ਲੀਡਰ ਆਫ ਆਪੋਜ਼ੀਸ਼ਨ, ਸਰਦਾਰ ਬਾਜਵਾ ਜੀ ਨੇ ਸੰਤ ਸੀਚੇਵਾਲ ਜੀ ਬਾਰੇ ਜਿਸ ਤਰੀਕੇ ਦੇ ਨਾਲ ਗੱਲ ਕੀਤੀ ਹੈ, ਹੁਣ ਸੁਣ ਲਓ, ਹੁਣ ਕੋਈ ਜਾਣਾ ਵੀ ਨਾ, ਅਖੀਰ ਤੱਕ ਮੇਰੀ ਗੱਲ ਸੁਣ ਕੇ ਜਾਣਾ। ਸਪੀਕਰ ਸਾਹਿਬ, ਸੰਤ ਸੀਚੇਵਾਲ ਜੀ ਦੇ ਪ੍ਰਤੀ ਪਿਛਲੀਆਂ ਸਰਕਾਰਾਂ ਵੇਲੇ ਹਮੇਸ਼ਾ ਪੂਰਾ ਪੰਜਾਬ ਸੰਤ ਸੀਚੇਵਾਲ ਜੀ ਦਾ ….

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਮੇਰੀ ਬੇਨਤੀ ਸੁਣ ਲਓ, he is a politician, he belongs to your party, ਜਿਹੜੀ ਟੈਕਨੀਕਲੀ ਮੈਂ ਗੱਲ ਕਹੀ ਹੈ, ਉਹ ਮੈਂ ਉਨ੍ਹਾਂ ਦੀ ਜ਼ਾਤ ਦੇ ਖਿਲਾਫ ਨਹੀਂ ਕਹੀ ਹੈ that he is not Engineer. He is not a technical person. ਮੈਂ ਸਿਰਫ ਸੁਜੈਜ਼ਨ ਤੁਹਾਨੂੰ ਦਿੱਤਾ ਸੀ। ਮੈਂ ਸੁਜੈਸ਼ਨ ਦਿੱਤਾ ਸੀ ਕਿ Thapar Engineering College ਜਾਂ ਹੋਰ ਕਿਸੇ ਕਾਲਜ ਕੋਲੋਂ ਲਓ। We stand by that. ਸਾਰਾ ਸੈਸ਼ਨ ਹੀ ਆਪਾਂ ਸੀਚੇਵਾਲ ਤੇ ਲੈ ਆਉਂਦਾ ਹੈ।

**ਜਲ ਸਰੋਤ ਮੰਤਰੀ**: ਸਰ, ਮੈਂ ਇਹੀ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਕਹਿੰਦੇ ਇਹ ਇੰਜੀਨੀਅਰ ਨਹੀਂ ਹਨ, ਇਹ ਕੁਝ ਨਹੀਂ ਹਨ।

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਜੋ ਕੀ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਮਾਣਯੋਗ ਸਪੀਕਰ**: ਮੰਤਰੀ ਜੀ, ਆਪਣੀ ਗੱਲ ਜਲਦੀ ਖਤਮ ਕਰੋ ਜੀ। ਮੈਂ ਬਜਟ ਤੇ ਬਹਿਸ ਸ਼ੁਰੂ ਕਰਵਾਉਣੀ ਹੈ।

**ਜਲ ਸਰੋਤ ਮੰਤਰੀ**: ਸਪੀਕਰ ਸਾਹਿਬ, ਮੈਂ ਇੱਕ ਮਿੰਟ ਦੇ ਵਿੱਚ ਹੀ ਦੱਸਦਾ ਹਾਂ ਕਿ ਜਿਹੜਾ ਇਹ ਕਹਿੰਦੇ ਹਨ ਕਿ ਅਸੀਂ ਉਨ੍ਹਾਂ ਨੂੰ ਇੰਜੀਨੀਅਰ ਨਹੀਂ ਮੰਨਦੇ, ਅਸੀਂ ਕੁਝ ਨਹੀਂ ਮੰਨਦੇ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਵੇਲੇ ਦਾ ਹੀ ਨੋਟੀਫਿਕੇਸ਼ਨ ਹੈ ਮਿਤੀ 29.12.2018 ਦਾ ਜਦੋਂ ਇਨ੍ਹਾਂ ਦੀ ਸਰਕਾਰ ਨੇ ਸੰਤ ਸੀਚੇਵਾਲ ਜੀ ਨੂੰ Punjab Pollution Control Board ਦਾ ਮੈਂਬਰ ਬਣਾਇਆ। ਜੇਕਰ ਉਨ੍ਹਾਂ ਵਿੱਚ ਕੋਈ ਕੁਆਲਿਟੀ ਨਹੀਂ ਸੀ ਤਾਂ ਇਨ੍ਹਾਂ ਨੇ ਫਿਰ ਮੈਂਬਰ ਕਿਉਂ ਲਗਾ ਦਿੱਤਾ? ਸੋ ਉਨ੍ਹਾਂ ਦੀ ਕੁਆਲਿਟੀ, ਉਨ੍ਹਾਂ ਦੀ ਵਾਤਾਵਰਨ ਦੇ ਪ੍ਰਤੀ ਸੋਚ ਇਸ ਨੂੰ ਸਾਰਾ ਪੰਜਾਬ ਮੰਨਦਾ ਹੈ, ਸਾਰੀਆਂ ਪਾਰਟੀਆਂ ਮੰਨਦੀਆਂ ਰਹੀਆਂ ਹਨ। ਸ਼੍ਰੀ ਅਸ਼ਵਨੀ ਸ਼ਰਮਾ ਜੀ ਨੇ ਕਿਹਾ, ਇਆਲੀ ਸਾਹਿਬ ਨੇ ਕਿਹਾ ਪਰ ਇਹ ਇੱਕਲੇ ਹਨ।

(ਇਸ ਸਮੇਂ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਕਈ ਮੰਤਰੀ ਸਾਹਿਬਾਨ ਅਤੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾ ਆਗਿਆ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ, ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ**: ਅਮਨ ਜੀ, ਤੁਸੀਂ ਬੋਲੋ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ):** ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਨੂੰ ਬਿਠਾਓ ਤੇ ਸਹੀ।

**ਮਾਣਯੋਗ ਸਪੀਕਰ:** ਬਾਜਵਾ ਜੀ, ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ** **

**New & Renewable Energy Resources ( Sh. Aman Arora):** Please have some patience and decency to listen.

**ਮਾਣਯੋਗ ਸਪੀਕਰ:** ਅਮਨ ਜੀ, ਤੁਸੀਂ ਆਪਣੀ ਗੱਲ ਸ਼ੁਰੂ ਕਰੋ। ਮੈਂ ਬਜਟ ਤੇ ਬਹਿਸ ਸ਼ੁਰੂ ਕਰਵਾਉਣੀ ਹੈ। Your mike is on, you can speak. Bajwa ji, A minister can stand anytime and he can speak. ਅਮਨ ਜੀ, ਤੁਸੀਂ ਆਪਣੀ ਗੱਲ ਖਤਮ ਕਰੋ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ):** ਸਪੀਕਰ ਸਾਹਿਬ, ਇੱਥੇ my way is highway ਕੰਮ ਥੋੜਾ ਹੈ। ਇਹ ਡੈਮੋਕਰੇਸੀ ਦਾ ਪਵਿੱਤਰ ਮੰਦਰ ਹੈ। ਇਨ੍ਹਾਂ ਨੂੰ ਬਿਠਾਓ ਜੀ। Bajwa sir, this is not the conduct that a senior leader should have.

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ** **

**ਮਾਣਯੋਗ ਸਪੀਕਰ:** ਜੋ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਅਮਨ ਜੀ, ਗੱਲ ਖਤਮ ਕਰੋ।

**Sardar Partap Singh Bajwa:** We don't accept it.

**New & Renewable Energy Resources ( Sh. Aman Arora):** You please don't accept. Even your people are not accepting you. (Treasury Benches thumping)

**1255/amandeep kaur/Abhishek gautam**

**1300/Tarlochan Singh**

(ਇਸ ਸਮੇਂ ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਕਈ ਮੰਤਰੀ ਸਾਹਿਬਾਨ ਅਤੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾ ਆਗਿਆ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ, ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ)** : ਸਪੀਕਰ ਸਾਹਿਬ, ਮੈਂ ਐਕਸ ਪਾਰਟੀ ਪ੍ਰੈਜ਼ੀਡੈਂਟ ਹਾਂ, ਮੈਂ ਗੱਲ ਨੂੰ ਮੁਕਾਉਣਾ ਚਾਹੁੰਦਾ ਹਾਂ ਕਿਉਂਕਿ ਹੋਰ ਡਿਸਕਸ਼ਨਜ਼ ਕਰਨੀਆਂ ਹਨ। (ਵਿਘਨ) (ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : **** ****

**Mr. Speaker**: He can speak.

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਮੈਂ ਗੱਲ ਨੂੰ ਮੁਕਾਉਣ ਲੱਗਾ ਹਾਂ, ਤੁਸੀਂ ਬੈਠੋ ਤਾਂ ਸਹੀ। (ਵਿਘਨ) (ਸ਼ੋਰ) ਬਾਜਵਾ ਸਾਹਿਬ ਨੂੰ ਛੱਡ ਕੇ ਮੈਂ ਤੁਹਾਨੂੰ ਪ੍ਰਾਮਿਸ ਕਰਦਾ ਹਾਂ ਕਿ ਮੈਂ ਗੱਲ ਨੂੰ ਮੁਕਾਉਣ ਲੱਗਾ ਹਾਂ। (ਵਿਘਨ) (ਸ਼ੋਰ) ਰਾਣਾ ਜੀ, ਮੈਂ ਗੱਲ ਨੂੰ ਮੁਕਾਉਣ ਲੱਗਾ ਹਾਂ, ਇਨ੍ਹਾਂ ਨੂੰ ਬਿਠਾਉ। (ਟਰੇਜ਼ਰੀ ਬੈਂਚਿਜ਼ ਦੇ ਮੈਂਬਰਾਂ ਨੂੰ ਇਸ਼ਾਰਾ ਕਰਦੇ ਹੋਏ) ਤੁਸੀਂ ਸਾਰੇ ਬੈਠ ਜਾਉ।

**ਮਾਣਯੋਗ ਸਪੀਕਰ** : ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀ-ਆਪਣੀ ਸੀਟ ਤੇ ਬੈਠ ਜਾਉ। ਪਲੀਜ਼ ਬੈਠ ਜਾਉ। ਹਾਊਸ ਚੱਲਣ ਦਿਉ। (ਵਿਘਨ) (ਸ਼ੋਰ) ਅਮਨ ਜੀ ਪਲੀਜ਼ ਗੱਲ ਮੁਕਾਉ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਸਰ, ਇਸ ਤਰ੍ਹਾਂ ਨਹੀਂ ਜੀ। ਮੇਰੀ ਤੁਹਾਨੂੰ ਹੱਥ ਬੰਨ੍ਹ ਕੇ ਬੇਨਤੀ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : **** **** (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਠੀਕ ਹੈ। (ਵਿਘਨ) (ਸ਼ੋਰ)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਬਾਜਵਾ ਸਾਹਿਬ, ਇੱਕ ਮਿੰਟ ਸੁਣ ਲਉ। (ਵਿਘਨ) (ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : **** **** (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਅਮਨ ਜੀ, ਆਪਣੀ ਗੱਲ ਕਰੋ। You please address the chair. (ਵਿਘਨ) (ਸ਼ੋਰ)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਨਹੀਂ, ਸਰ, ਇਸ ਤਰ੍ਹਾਂ ਨਹੀਂ। (ਵਿਘਨ) (ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : **** **** (ਵਿਘਨ) (ਸ਼ੋਰ)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਇੱਕ ਮਿੰਟ, ਬਾਜਵਾ ਸਾਹਿਬ।

**ਮਾਣਯੋਗ ਸਪੀਕਰ** : ਕਿਰਪਾ ਕਰਕੇ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਬੈਠਣ ਦੀ ਕਿਰਪਾਲਤਾ ਕਰੋ। (ਵਿਘਨ) (ਸ਼ੋਰ)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਬਾਜਵਾ ਸਾਹਿਬ, ਤੁਸੀਂ ਕਹਿੰਦੇ ਕਿ ਤੁਹਾਡੇ ਸਾਥੀ ਤੁਹਾਡੇ ਨਾਲ ਨੇ, ਮੈਂ ਆਪਣੇ ਸਾਥੀਆਂ ਨੂੰ ਕਿਹਾ ਕਿ ਬੈਠ ਜਾਉ, ਸਾਰੇ ਬੈਠ ਗਏ। ਤੁਸੀਂ ਬਿਠਾਉ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਇੱਕ ਮਿੰਟ ਜੀ। ਮਾਣਯੋਗ ਲੀਡਰ ਆਫ ਆਪੋਜ਼ੀਸ਼ਨ ਵੱਲੋਂ ਇੱਕ ਗੱਲ ਕਹੀ ਗਈ ਹੈ, ਭਾਵੇਂ ਉਨ੍ਹਾਂ ਦਾ ਮਾਈਕ ਆਫ ਸੀ, ਕਿ ਮੰਤਰੀ ਬੋਲ ਨਹੀਂ ਸਕਦਾ। (ਵਿਘਨ) (ਸ਼ੋਰ) ਜਿਸ ਹਿਸਾਬ ਨਾਲ ਸਾਡੀ ਵਿਧਾਨ ਸਭਾ ਚੱਲਦੀ ਹੈ, ਉਸ ਵਿੱਚ ਇਹ ਕਿਹਾ ਗਿਆ ਹੈ ਕਿ "ਕਿਸੇ ਲੋਕ ਮਹੱਤਤਾ ਦੇ ਮਾਮਲੇ ਤੇ ਕਿਸੇ ਮੰਤਰੀ ਵੱਲੋਂ ਸਪੀਕਰ ਦੀ ਆਗਿਆ ਨਾਲ ਕੋਈ ਵੀ ਬਿਆਨ ਦਿੱਤਾ ਜਾ ਸਕਦਾ ਹੈ। ਪਰ ਉਸ ਸਮੇਂ ਜਦੋਂ ਬਿਆਨ ਦਿੱਤਾ ਗਿਆ ਹੋਵੇ, ਉਸ ਤੇ ਕੋਈ ਪ੍ਰਸ਼ਨ ਨਹੀਂ ਪੁੱਛਿਆ ਜਾਵੇਗਾ ਅਤੇ ਕੋਈ ਚਰਚਾ ਨਹੀਂ ਕੀਤੀ ਜਾਵੇਗੀ। ਐਪਰ, ਇਹ ਕਿ ਉਸ ਦਿਨ ਤੋਂ ਇੱਕ ਦਿਨ ਪਹਿਲਾਂ ਜਦੋਂ ਕਿ ਉਸ ਦੇ ਦਿੱਤੇ ਜਾਣ ਦੀ ਤਜਵੀਜ਼ ਹੋਵੇ।" (ਵਿਘਨ) (ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਬਾਰੇ ਵੀ ਮਤਾ ਲਿਆਉ। ਉਸ ਤੇ ਡਿਸਕਸ਼ਨ ਕਰਦੇ ਹਾਂ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਲਿਆਂਦੇ ਹਾਂ ਜੀ। ਬਾਜਵਾ ਸਾਹਿਬ ਉਹ ਵੀ ਲਿਆ ਰਹੇ ਹਾਂ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਤੁਸੀਂ ਚੇਅਰ ਨੂੰ ਐਡਰੈਸ ਕਰੋ। (ਵਿਘਨ) (ਸ਼ੋਰ)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਬਾਜਵਾ ਸਾਹਿਬ।

**ਮਾਣਯੋਗ ਸਪੀਕਰ** : ਮੰਤਰੀ ਜੀ ਚੇਅਰ ਨੂੰ ਐਡਰੈਸ ਕਰੋ। (ਵਿਘਨ) (ਸ਼ੋਰ) ਚੇਅਰ ਨੂੰ ਐਡਰੈਸ ਕਰੋ, ਚੇਅਰ ਨੂੰ। (ਵਿਘਨ) (ਸ਼ੋਰ)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਅਸੀਂ ਸੈਸ਼ਨ ਚਲਾਉਣਾ ਚਾਹੁੰਦੇ ਹਾਂ, ਤੁਸੀਂ ਇਨ੍ਹਾਂ ਨੂੰ ਬਿਠਾਉ ਤਾਂ ਸਹੀ। (ਵਿਘਨ) (ਸ਼ੋਰ) ਸੈਸ਼ਨ ਚਲਾਉਣ ਲਈ ਹੀ ਮੈਂ ਖੜ੍ਹਾ ਹੋਇਆ ਹਾਂ। (ਵਿਘਨ) (ਸ਼ੋਰ) ਸੈਸ਼ਨ ਚਲਾਉਣ ਲਈ ਹੀ ਮੈਂ ਖੜ੍ਹਾ ਹੋਇਆ ਹਾਂ, ਇਨ੍ਹਾਂ ਨੂੰ ਕਹੋ ਕਿ ਰੌਲਾ ਪਾਉਣਾ ਬੰਦ ਕਰਨ। (ਵਿਘਨ) (ਸ਼ੋਰ) ਤੁਸੀਂ ਜੋ ਬੋਲਣਾ ਸੀ ਬੋਲ ਲਿਆ, ਹੁਣ ਮੈਨੂੰ ਬੋਲ ਲੈਣ ਦਿਉ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਅਮਨ ਜੀ, ਤੁਸੀਂ ਆਪਣੀ ਗੱਲ ਕਰੋ ਅਤੇ ਚੇਅਰ ਨੂੰ ਐਡਰੈਸ ਕਰੋ। (ਵਿਘਨ) (ਸ਼ੋਰ)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਸਰ, ਮੇਰੀ ਬੇਨਤੀ ਹੈ ਕਿ ਇਸ ਤਰ੍ਹਾਂ ਨਹੀਂ ਗੱਲ ਕਰ ਸਕਦਾ।

**Sardar Partap Singh Bajwa:** We will not listen to him.

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਬਜਟ ਤੇ ਹੀ ਬਹਿਸ ਕਰਨੀ ਹੈ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਪੱਪੀ ਜੀ ਬੈਠੋ, ਅਮੋਲਕ ਜੀ ਬੈਠੋ। (ਵਿਘਨ) (ਸ਼ੋਰ) ਅਮਨ ਜੀ, ਤੁਸੀਂ ਆਪਣੀ ਗੱਲ ਕਰੋ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਸਰ, ਕੋਈ ਸੁਣਨ ਨੂੰ ਤਾਂ ਤਿਆਰ ਹੋਵੇ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਤੁਸੀਂ ਗੱਲ ਕਰੋ ਜੀ। (ਵਿਘਨ) (ਸ਼ੋਰ)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਮੈਂ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਕਿਰਪਾ ਕਰਕੇ ਆਪਣੀਆਂ ਸੀਟਾਂ ਤੇ ਬੈਠਣ। (ਵਿਘਨ) (ਸ਼ੋਰ) ਮੰਤਰੀ ਜੀ ਜੋ ਬਿਆਨ ਦੇ ਰਹੇ ਹਨ, ਉਨ੍ਹਾਂ ਨੂੰ ਬਿਆਨ ਦੇਣ ਦਿਉ, ਉਸ ਤੋਂ ਬਾਅਦ ਆਪਾਂ ਅਗਲਾ ਬਿਜਨਸ ਲੈਂਦੇ ਹਾਂ। (ਵਿਘਨ) (ਸ਼ੋਰ) ਜੀ ਮੰਤਰੀ ਜੀ।ਸਪੀਕਰ ਸਾਹਿਬ, ਗੱਲ ਇਸ ਤਰ੍ਹਾਂ ਹੈ ਕਿ ਡੈਮੋਕਰੇਸੀ ਵਿੱਚ, ਲੋਕਤੰਤਰ ਵਿੱਚ ਨੰਬਰਜ਼ ਮੈਟਰ ਕਰਦੇ ਹਨ, ਹੈੱਡ ਕਾਊਂਟ ਮੈਟਰ ਕਰਦਾ ਹੈ। ਮੈਨੂੰ ਬਾਜਵਾ ਸਾਹਿਬ ਤੋਂ ਇਹ ਉਮੀਦ ਨਹੀਂ ਸੀ ਕਿ ਇਨ੍ਹਾਂ ਦਾ ਇੱਥੇ myway ਜਾਂ highway ਵਾਲਾ ਐਟੀਟਿਊਡ ਹੋਵੇਗਾ। (ਵਿਘਨ) (ਸ਼ੋਰ) ਹੁਣ ਇਨ੍ਹਾਂ ਨੂੰ ਸੀਚੇਵਾਲ ਸਾਹਿਬ ਬਾਰੇ ਗੱਲ ਕਰਨੀ ਗੀਤ ਲੱਗਦੀ ਹੈ।

(ਇਸ ਸਮੇਂ ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ **** **** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਣਯੋਗ ਸਪੀਕਰ** : ਨਾਅਰੇ ਰਿਕਾਰਡ ਨਾ ਕੀਤੇ ਜਾਣ। (ਵਿਘਨ) (ਸ਼ੋਰ)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਤੁਸੀਂ ਤਾਂ ਭਗੌੜੇ ਹੋ। (ਵਿਘਨ) (ਸ਼ੋਰ) ਤੁਸੀਂ ਤਾਂ ਸੁਣਦੇ ਵੀ ਨਹੀਂ ਹੋ। (ਵਿਘਨ) (ਸ਼ੋਰ)

**1300/Tarlochan Singh/BS khokhar**

**1305/mehak**

(ਇਸ ਸਮੇਂ ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੈੱਲ ਆਫ ਦਿ ਹਾਊਸ ਵਿੱਚ ਆ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਣਯੋਗ ਸਪੀਕਰ**: ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਤੁਸੀਂ ਤਾਂ ਭਗੌੜੇ ਹੋ। ਤੁਸੀਂ ਸੁਣਦੇ ਕਿਉਂ ਨਹੀਂ ਹੋ? ਮੈਂ ਕਹਿੰਦਾ ਹਾਂ ਕਿ ਅਸੀਂ ਰੈਜ਼ੋਲਿਊਸ਼ਨ ਤਾਂ ਲਿਆਈਏ। ਮੈਂ ਕਹਿੰਦਾ ਹਾਂ ਕਿ ਤੁਸੀਂ ਭਗੌੜੇ ਹੋ, ਤੁਸੀਂ ਸੁਣਨ ਨੂੰ ਤਿਆਰ ਨਹੀਂ ਹੋ। ਕੱਲ੍ਹ

ਤੁਹਾਨੂੰ ਬੋਲਣ ਲੱਗੇ ਪਤਾ ਨਹੀਂ ਲਗਿਆ ਤੇ ਅੱਜ ਤੁਸੀਂ ਰੌਲਾ ਪਾਈ ਜਾ ਰਹੇ ਹੋ ਕਿ ਸੀਚੇਵਾਲ ਦਾ ਗੀਤ। ਸਕ੍ਰਿਪਟ ਤਾਂ ਤੁਸੀਂ ਆਪ ਲਿਖੀ ਹੈ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਾਬਾ ਸੀਚੇਵਾਲ ਜ਼ਿੰਦਾਬਾਦ ਅਤੇ ਕਾਂਗਰਸ ਪਾਰਟੀ ਤੇ ਸਰਦਾਰ ਪ੍ਰਤਾਪ ਸਿੰਘ ਬਾਜਵਾ ਖਿਲਾਫ ** ** ਨਾਅਰੇ ਲਗਾ ਰਹੇ ਸਨ। )

---------

**OBSERVATION BY THE HON'BLE SPEAKER**

**ਮਾਣਯੋਗ ਸਪੀਕਰ**: ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਆਪਣੀਆਂ ਸੀਟਾਂ ਤੇ ਬੈਠਣ ਅਤੇ ਬਾਕੀ ਸਦਨ ਦਾ ਕਾਰੋਬਾਰ ਚਲਣ ਦੇਣ ਔਰ ਮੈਂ ਇਸ ਗੱਲ ਨਾਲ ਬਿਲਕੁਲ ਸਹਿਮਤ ਹਾਂ ਕਿ ਕਿਸੇ ਵੀ ਸੰਤ ਮਹਾਂਪੁਰਸ਼ ਦੀ ਮਰਿਆਦਾ ਦੇ ਖਿਲਾਫ ਕਿਸੇ ਵੱਲੋਂ ਸਿਰਫ ਉਸ ਦੇ ਨਾਂ ਕਰਕੇ ਨਹੀਂ ਬੋਲਿਆ ਜਾਣਾ ਚਾਹੀਦਾ। ਸਾਨੂੰ ਸੰਤ ਮਹਾਂਪੁਰਸ਼ਾਂ ਦੀ ਮਰਿਆਦਾ ਨੂੰ ਬਣਾ ਕੇ ਰੱਖਣਾ ਚਾਹੀਦਾ ਹੈ। (ਵਿਘਨ, ਸ਼ੋਰ)

---------

**MATTERS RAISED DURING ZERO HOUR (RESUMPTION)**

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਵੀ ਇਨ੍ਹਾਂ ਦਾ ਪਤਾ ਲੱਗ ਜਾਵੇਗਾ ਕਿ ਕਿੰਨੇ ਕੁ ਬੰਦੇ ਸਰਦਾਰ ਪ੍ਰਤਾਪ ਸਿੰਘ ਬਾਜਵਾ ਦੀ ਸੋਚ ਨਾਲ ਸਹਿਮਤ ਹਨ। ਸੋ, ਇਨ੍ਹਾਂ ਨੂੰ ਚਾਨਣ ਕਰਨ ਲਈ ਮੈਂ ਬੇਨਤੀ ਕਰਾਂਗਾ ਕਿਉਂਕਿ ਸਾਡੇ ਮੈਂਬਰਾਂ ਨੂੰ ਇਹ ਤਕਲੀਫ ਹੋ ਰਹੀ ਹੈ ਤੇ ਸਾਡੇ ਬੰਦੇ ਕੱਲ੍ਹ ਦੇ ਇਸ ਗੱਲ ਤੋਂ ਆਹਤ ਹਨ ਕਿ ਇਨ੍ਹਾਂ ਨੇ ਕਿਹੋ ਜਿਹੀ ਸ਼ਬਦਾਵਲੀ ਸੀਚੇਵਾਲ ਸਾਹਿਬ ਬਾਰੇ ਕਹੀ ਹੈ ਤੇ ਬਾਜਵਾ ਸਾਹਿਬ ਨੇ ਠੇਕੇਦਾਰ ਤੇ ਸੀਚੇਵਾਲ ਸਾਹਿਬ ਬਾਰੇ ਹੋਰ ਪਤਾ ਨਹੀਂ ਕੀ ਕੁਝ ਕਿਹਾ ਸੀ। ਸਾਡੇ ਸਿੱਖਿਆ ਮੰਤਰੀ ਜੀ ਨੇ ਅੱਜ ਬੜੇ ਇਮੋਸ਼ਨਲ ਹੋ ਕੇ ਇਸ ਬਾਰੇ ਗੱਲ ਕੀਤੀ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਤੋਂ ਬਾਅਦ ਸਿੱਖਿਆ ਮੰਤਰੀ ਜੀ ਆਪਣੀ ਗੱਲ ਕਹਿ ਲੈਣ ਤੇ ਅਸੀਂ ਤੁਹਾਨੂੰ ਵਾਅਦਾ ਕਰਦੇ ਹਾਂ ਕਿ ਸਾਡੇ ਵੱਲੋਂ ਇਸ ਤੋਂ ਬਾਅਦ ਕੋਈ ਡਿਸਕਸ਼ਨ ਨਹੀਂ ਹੋਵੇਗੀ ਤੇ ਅਸੀਂ ਬਜਟ ਦੇ ਉੱਪਰ ਕੰਸਟ੍ਰਕਟਿਵ ਤੇ ਪਾਜ਼ੀਟਿਵ ਡਿਸਕਸ਼ਨ ਕਰਨੀ ਚਾਹੁੰਦੇ ਹਾਂ। ਇਨ੍ਹਾਂ ਕੋਲ ਇਕੱਲੇ ਰੌਲੇ ਤੋਂ ਇਲਾਵਾ ਕੁਝ ਹੈ ਹੀ ਨਹੀਂ। ਸੋ, ਮੈਂ ਬੇਨਤੀ ਕਰਾਂਗਾ ਕਿ ਹਰਜੋਤ ਬੈਂਸ ਜੀ ਨੂੰ ਪੰਜ ਮਿੰਟ ਦਿਓ, ਉਹ ਗੱਲ ਕਰਨੀ ਚਾਹੁੰਦੇ ਹਨ, ਉਸ ਤੋਂ ਬਾਅਦ ਆਪਾਂ ਪ੍ਰੋਸੀਡ ਕਰੀਏ।

---------

**CENSURE MOTION**

**ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਮਾਣਯੋਗ ਸਪੀਕਰ ਸਾਹਿਬ, ਮੈਂ ਇੱਕ ਨਿੰਦਾ ਪ੍ਰਸਤਾਵ as per rules of this House ਇਸ ਵਿਧਾਨ ਸਭਾ ਦੇ ਫਲੋਰ ਤੇ ਲੈ ਕੇ ਆਉਂਦਾ ਹਾਂ।

ਸ਼੍ਰੀਮਾਨ ਜੀ, ਮੈ ਪ੍ਰਸਤਾਵ ਪੇਸ਼ ਕਰਦਾ ਹਾਂ ਕਿ-

" ਇਹ ਸਦਨ ਸੰਤ ਬਲਬੀਰ ਸਿੰਘ ਸੀਚੇਵਾਲ ਜੀ, ਮੈਂਬਰ, ਰਾਜ ਸਭਾ, ਪੰਜਾਬ ਖਿਲਾਫ਼, ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ, ਵੱਲੋਂ ਜੋ ਅਲਫਾਜ਼ਾਂ ਦੀ ਵਰਤੋਂ ਠੇਕੇਦਾਰ ਸ਼ਬਦ ਕਹਿ ਕੇ ਕੀਤੀ ਗਈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪਵਿੱਤਰ ਕਾਲੀ ਵੇਈਂ ਖਿਲਾਫ ਕੀਤੀ ਗਈ, ਇਸ ਵਾਸਤੇ ਸਦਨ ਸਰਦਾਰ ਪ੍ਰਤਾਪ ਸਿੰਘ ਬਾਜਵਾ ਖਿਲਾਫ ਨਿੰਦਾ ਪ੍ਰਸਤਾਵ ਪੇਸ਼ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਸਦਨ ਵੱਲੋਂ ਇਸ ਨਿੰਦਾ ਪ੍ਰਸਤਾਵ ਦੀ ਮਨਜ਼ੂਰੀ ਹੱਥ ਖੜ੍ਹੇ ਕਰਕੇ ਦਿਤੀ ਜਾਵੇ।" (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) (ਵਿਘਨ, ਸ਼ੋਰ)

**ਮਾਣਯੋਗ ਸਪੀਕਰ**: ਬੈਠੋ, ਸਾਰੇ ਬੈਠ ਗਏ ਹਨ, ਤੁਸੀਂ ਵੀ ਬੈਠੋ, ਬੈਠੋ ਹੁਣ। (ਵਿਘਨ, ਸ਼ੋਰ) ਦੁਬਾਰਾ ਬੋਲ ਦਿੰਦੇ ਹਾਂ, ਦੁਬਾਰਾ ਪੇਸ਼ ਕਰਵਾ ਦਿੰਦੇ ਹਾਂ। ਹੱਥ ਖੜ੍ਹੇ ਕਰਕੇ ਹਾਂ ਕਹਿਣਾ ਹੈ ਜੀ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ ਕਿ-

" ਇਹ ਸਦਨ ਸੰਤ ਬਲਬੀਰ ਸਿੰਘ ਸੀਚੇਵਾਲ ਜੀ, ਮੈਂਬਰ, ਰਾਜ ਸਭਾ, ਪੰਜਾਬ ਖਿਲਾਫ਼, ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ, ਵੱਲੋਂ ਜੋ ਅਲਫਾਜ਼ਾਂ ਦੀ ਵਰਤੋਂ ਠੇਕੇਦਾਰ ਸ਼ਬਦ ਕਹਿ ਕੇ ਕੀਤੀ ਗਈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪਵਿੱਤਰ ਕਾਲੀ ਵੇਈਂ ਖਿਲਾਫ ਕੀਤੀ ਗਈ, ਇਸ ਵਾਸਤੇ ਸਦਨ ਸਰਦਾਰ ਪ੍ਰਤਾਪ ਸਿੰਘ ਬਾਜਵਾ ਖਿਲਾਫ ਨਿੰਦਾ ਪ੍ਰਸਤਾਵ ਪੇਸ਼ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਸਦਨ ਵੱਲੋਂ ਇਸ ਨਿੰਦਾ ਪ੍ਰਸਤਾਵ ਦੀ ਮਨਜ਼ੂਰੀ ਹੱਥ ਖੜ੍ਹੇ ਕਰਕੇ ਦਿਤੀ ਜਾਵੇ।" (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) (ਵਿਘਨ, ਸ਼ੋਰ)

**ਮਾਣਯੋਗ ਸਪੀਕਰ**: ਪ੍ਰਸ਼ਨ ਹੈ ਕਿ-

" ਇਹ ਸਦਨ ਸੰਤ ਬਲਬੀਰ ਸਿੰਘ ਸੀਚੇਵਾਲ ਜੀ, ਮੈਂਬਰ, ਰਾਜ ਸਭਾ, ਪੰਜਾਬ ਖਿਲਾਫ਼, ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ, ਵੱਲੋਂ ਜੋ ਅਲਫਾਜ਼ਾਂ ਦੀ ਵਰਤੋਂ ਠੇਕੇਦਾਰ ਸ਼ਬਦ ਕਹਿ ਕੇ ਕੀਤੀ ਗਈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪਵਿੱਤਰ ਕਾਲੀ ਵੇਈਂ ਖਿਲਾਫ ਕੀਤੀ ਗਈ, ਇਸ ਵਾਸਤੇ ਸਦਨ ਸਰਦਾਰ ਪ੍ਰਤਾਪ ਸਿੰਘ ਬਾਜਵਾ ਖਿਲਾਫ ਨਿੰਦਾ ਪ੍ਰਸਤਾਵ ਪੇਸ਼ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਸਦਨ ਵੱਲੋਂ ਇਸ ਨਿੰਦਾ ਪ੍ਰਸਤਾਵ ਦੀ ਮਨਜ਼ੂਰੀ ਹੱਥ ਖੜ੍ਹੇ ਕਰਕੇ ਦਿਤੀ ਜਾਵੇ।" (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) (ਵਿਘਨ, ਸ਼ੋਰ)

***ਪ੍ਰਸਤਾਵ ਪ੍ਰਵਾਨ ਹੋਇਆ।***

(ਇਸ ਸਮੇਂ ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਮੇਰੀ ਇੱਕ ਛੋਟੀ ਜਿਹੀ ਰਿਕੁਐਸਟ ਹੈ ਕਿ ਸਾਰੇ ਪੰਜਾਬ ਨੇ ਹਾਂ ਸੁਣ ਲਈ ਹੈ ਪਰ ਨਾ ਇੱਕ ਦੀ ਵੀ ਨਹੀਂ ਆਈ ਹੈ। ਘੱਟੋ-ਘੱਟ ਇਨ੍ਹਾਂ 12 ਮੈਂਬਰਾਂ ਦੀਆਂ ਵੋਟਾਂ ਕਰਵਾ ਲਓ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ**: ਠੀਕ ਹੈ, ਬੈਠੋ। ਚਲੋ, ਇੱਕ ਗੱਲ ਤਾਂ ਸੁਣ ਲਓ ਹੁਣ। ਬਾਜਵਾ ਜੀ ਗੱਲ ਸੁਣ ਲਓ, ਬੈਠੋ। ਚਲੋ ਹੁਣ ਸੀਟਾਂ ਤੇ ਬੈਠੋ, ਹੁਣ ਸਾਰੀ ਗੱਲ ਹੋ ਗਈ ਹੈ। ਚਲੋ ਬੈਠੋ ਜੀ। ਹੁਣ ਤੁਸੀਂ ਬੈਠਣਾ ਨਹੀਂ ਚਾਹੁੰਦੇ। ਇੱਥੇ ਕੋਈ ਗੈਸਟ ਆਏ ਹਨ, ਮੈਂ ਉਨ੍ਹਾਂ ਬਾਰੇ ਅਨਾਊਂਸ ਕਰਨਾ ਹੈ। ਕੋਈ ਮਾਣਯੋਗ ਸ਼ਖਸੀਅਤ ਇੱਥੇ ਪਹੁੰਚੀ ਹੈ, ਮੈਂ ਉਨ੍ਹਾਂ ਬਾਰੇ ਅਨਾਊਂਸ ਕਰਨਾ ਹੈ, ਸੁਣ ਲਓ।

**1305/mehak/BS khokhar**

**1310/Sukhpiar Singh**

ਹੁਣ ਤੁਸੀਂ ਬੈਠਣਾ ਨਹੀਂ ਚਾਹੁੰਦੇ, ਨਹੀਂ ਬੈਠਣਾ ਚਾਹੁੰਦੇ। ਇੱਥੇ ਕੋਈ ਗੈਸਟ ਆਏ ਹਨ, ਮੈਂ ਉਨ੍ਹਾਂ ਬਾਰੇ ਅਨਾਊਂਸ ਕਰਨਾ ਹੈ। ਕੋਈ ਮਾਣਯੋਗ ਸ਼ਖਸੀਅਤਾਂ ਇੱਥੇ ਪਹੁੰਚੀਆਂ ਹਨ, ਮੈਂ ਉਨ੍ਹਾਂ ਬਾਰੇ ਅਨਾਊਂਸ ਕਰਨਾ ਹੈ। ਸੁਣ ਲਵੋ, ਸੁਣ ਲਵੋ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ)।

---------

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ:** ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ੍ਰੀ ਭੁਪਿੰਦਰ ਸਿੰਘ ਹੁੱਡਾ ਜੀ, ਸਾਬਕਾ ਮੁੱਖ ਮੰਤਰੀ, ਹਰਿਆਣਾ ਅਤੇ ਮੌਜੂਦਾ ਵਿਧਾਇਕ ਹਰਿਆਣਾ ਵਿਧਾਨ ਸਭਾ, ਸ੍ਰੀ ਅਸ਼ੋਕ ਅਰੋੜਾ ਜੀ, ਸ੍ਰੀ ਭਰਤ ਭੂਸ਼ਨ ਬਤਰਾ ਜੀ, ਸ੍ਰੀ ਅਫਤਾਬ ਅਹਿਮਦ ਜੀ, ਸ੍ਰੀ ਮਹਿਮਨ ਖਾਨ ਜੀ, ਸ੍ਰੀ ਚੰਦਰ ਪਰਕਾਸ਼ ਜੀ, ਮਾਣਯੋਗ ਮੈਂਬਰ, ਹਰਿਆਣਾ ਵਿਧਾਨ ਸਭਾ, ਅੱਜ ਸਦਨ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ। ਆਓ ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ (ਥੰਪਿੰਗ)।

-----------

## PRESENTATION OF REPORTS OF THE COMMITTEES

**ਮਾਣਯੋਗ ਸਪੀਕਰ**: ਰਿਪੋਰਟਾਂ ਪੇਸ਼ ਕਰਨਾ, ਸ੍ਰੀ ਮਦਨ ਲਾਲ ਬੱਗਾ ਜੀ, ਸਭਾਪਤੀ, ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਸਥਾਨਕ ਸੰਸਥਾਵਾਂ ਸਬੰਧੀ ਕਮੇਟੀ (ਸ੍ਰੀ ਮਦਨ ਲਾਲ ਬੱਗਾ)**: ਸ੍ਰੀਮਾਨ ਜੀ, ਮੈਂ ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਦੀ ਸਾਲ 2024-25 ਵਿੱਚ ਕੀਤੇ ਗਏ ਆਮ ਕੰਮ-ਕਾਰ ਦੀ ਸਮੀਖਿਆ ਤੇ ਕਮੇਟੀ ਦੀ ਤੀਜੀ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ।

ਮਾਣਯੋਗ ਸਪੀਕਰ ਸਾਹਿਬ, ਅੱਜ ਮੈਨੂੰ ਲੋਕਲ ਬਾਡੀਜ਼ ਕਮੇਟੀ ਦੀ ਤੀਜੀ ਰਿਪੋਰਟ ਪੇਸ਼ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਤੁਸੀਂ ਮੈਨੂੰ ਸਾਡੇ ਸਾਥੀ ਸਵਰਗਵਾਸੀ ਗੁਰਪ੍ਰੀਤ ਬੱਸੀ ਗੋਗੀ ਜੀ ਦੇ ਦਿਹਾਂਤ ਤੋਂ ਬਾਅਦ ਬਾਕੀ ਰਹਿੰਦੇ ਸਮੇਂ ਲਈ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਇਹ ਰਿਪੋਰਟ ਸਾਡੇ ਸਾਥੀ ਨੂੰ ਡੈਡੀਕੇਟ ਕਰਦਾ ਹਾਂ ਕਿਉਂਕਿ ਬਹੁਤ ਸਾਰਾ ਕੰਮ ਉਨ੍ਹਾਂ ਦੀ ਪ੍ਰਧਾਨਗੀ ਹੇਠ ਹੋਇਆ ਹੈ। ਮੈਂ ਜ਼ਿਆਦਾ ਸਮਾਂ ਨਾ ਲੈਂਦੇ ਹੋਏ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਮੇਟੀ ਨੇ ਰਿਪੋਰਟ ਤਿਆਰ ਹੋਣ ਤੱਕ ਕੁੱਲ 19 ਮੀਟਿੰਗਾਂ ਕੀਤੀਆਂ ਹਨ ਪਰ ਕਮੇਟੀ ਦੀਆਂ ਕੁਝ ਰਿਪੋਰਟਾਂ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਬਾਕੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹ ਕੇ ** ਬੋਲ ਰਹੇ ਸਨ ਜੋ ਚੇਅਰ ਦੀ ਇਜਾਜ਼ਤ ਨਾਲ ਰਿਕਾਰਡ ਨਹੀਂ ਕੀਤਾ ਗਿਆ।)

**ਮਾਣਯੋਗ ਸਪੀਕਰ**: ਵਿਧਾਨਕ ਕੰਮ ਹੋ ਰਿਹਾ ਹੈ। ਇਸ ਉਪਰੰਤ ਬਹਿਸ ਹੋਵੇਗੀ। ਬੈਠੋ, ਬੈਠੋ।

**ਸਭਾਪਤੀ, ਸਥਾਨਕ ਸੰਸਥਾਵਾਂ ਸਬੰਧੀ ਕਮੇਟੀ** : ਕੁਝ ਰਿਪੋਰਟਾਂ ਵਿੱਚ ਲੁਧਿਆਣਾ, ਅੰਮ੍ਰਿਤਸਰ, ਪਟਿਆਲਾ, ਜ਼ੀਰਕਪੁਰ, ਖਰੜ, ਭੁੱਚੋ ਮੰਡੀ, ਨਵਾਂ ਗਾਓ ਦੇ ਕੰਮ-ਕਾਜ ਨੂੰ ਐਡਰੈਸ ਕੀਤਾ ਗਿਆ ਹੈ।

-----------

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ**: ਸ੍ਰੀ ਨਰੇਸ਼ ਸੇਲਵਾਲ ਜੀ, ਐਮ.ਐਲ.ਏ., ਹਰਿਆਣਾ ਵਿਧਾਨ ਸਭਾ ਵੀ ਇੱਥੇ ਹਾਜ਼ਰ ਹਨ,ਅਸੀਂ ਉਨ੍ਹਾਂ ਦਾ ਵੀ ਸਵਾਗਤ ਕਰਦੇ ਹਾਂ।

-----------

## PRESENTATION OF REPORTS OF THE COMMITTEES *(RESUMPTION)*

**ਮਾਣਯੋਗ ਸਪੀਕਰ**: ਹਾਂ ਜੀ, ਬੱਗਾ ਜੀ। ਬੈਠੋ ਆਪਾਂ ਬਹਿਸ ਕਰਦੇ ਹਾਂ, ਬੈਠੋ, ਬੈਠੋ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ)।

**ਸਭਾਪਤੀ, ਸਥਾਨਕ ਸੰਸਥਾਵਾਂ ਸਬੰਧੀ ਕਮੇਟੀ** : ਮਾਰਚ, 2019 ਤੱਕ ਸਲਾਨਾ ਤਕਨੀਕੀ ਨਿਰੀਖਣ ਰਿਪੋਰਟ ਵਿੱਚ ਦਰਜ ਰਹੀਆਂ ਅਤੇ ਪ੍ਰਾਪਤ ਹੋਏ ਜਵਾਬਾਂ ਦੀ ਛਾਣ-ਬੀਣ ਵੀ ਕੀਤੀ। ਕਮੇਟੀ ਵੱਲੋਂ ਪੰਜਾਬ ਸਰਕਾਰ ਦੇ ਮਾਲੀਏ ਨੂੰ ਵਧਾਉਣ ਅਤੇ ਆਮ ਜਨਤਾ ਨੂੰ ਵਿਭਾਗ ਦੀਆਂ ਸਹੂਲਤਾਂ ਦਾ ਲਾਭ ਪਹੁੰਚਾਉਣ ਵਾਸਤੇ ਸਮੇਂ ਸਮੇਂ ਸਿਰ ਹਦਾਇਤਾਂ ਅਤੇ ਸਿਫਾਰਸ਼ਾਂ ਕੀਤੀਆਂ ਗਈਆਂ ਸਨ ਜਿਨ੍ਹਾਂ ਵਿੱਚੋਂ ਮੈਂ ਕੁਝ ਦਾ ਜ਼ਿਕਰ ਕਰਨਾ ਚਾਹਾਂਗਾ।

-----------

## WALK OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਬਾਕੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੱਖ ਵੱਖ ਮੰਤਰੀ ਸਾਹਿਬਾਨਾਂ ਅਤੇ ਟਰੇਜ਼ਰੀ ਬੈਂਚਿਜ਼ ਦੇ ਮੈਂਬਰਾਂ ਵੱਲੋਂ ਜ਼ੀਰੋ ਆਵਰ ਵਿੱਚ ਵਾਰ ਵਾਰ ਸਰਦਾਰ ਪ੍ਰਤਾਪ ਸਿੰਘ ਬਾਜਵਾ ਨੂੰ ਉਨ੍ਹਾਂ ਵੱਲੋਂ ਸੰਤ ਬਲਬੀਰ ਸਿੰਘ ਸੀਚੇਵਾਲ, ਮੈਂਬਰ, ਰਾਜ ਸਭਾ ਬਾਰੇ ਵਰਤੀ ਗਈ ਸ਼ਬਦਾਵਲੀ ਲਈ ਮੁਆਫੀ ਮੰਗਣ ਲਈ ਕਹਿਣ ਅਤੇ ਜ਼ੀਰੋ ਆਵਰ ਵਿੱਚ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚੋਂ ਵਾਕ ਆਊਟ ਕਰ ਗਏ।)

-----------

## PRESENTATION OF REPORTS OF THE COMMITTEES (RESUMPTION)

**ਸਭਾਪਤੀ, ਸਥਾਨਕ ਸੰਸਥਾਵਾਂ ਸਬੰਧੀ ਕਮੇਟੀ** : ਕਮੇਟੀ ਨੇ ਬਜ਼ੁਰਗਾਂ, ਅੰਗਹੀਣ ਅਤੇ ਬਿਮਾਰ ਵਿਅਕਤੀਆਂ ਵਾਸਤੇ ਉੱਪਰ ਵਾਲੀਆਂ ਮੰਜ਼ਲਾਂ ਤੱਕ ਆਉਣ ਜਾਣ ਲਈ ਇੰਪਰੂਵਮੈਂਟ ਟਰੱਸਟ ਦੀਆਂ ਸਕੀਮਾਂ ਅਧੀਨ ਬਣਾਏ ਜਾਣ ਵਾਲੇ ਸਾਰੇ ਹੀ ਫਲੈਟਾਂ ਵਿੱਚ ਲਿਫਟ ਦੀ ਪ੍ਰੋਵੀਜ਼ਨ ਕਰਵਾਉਣਾ, ਕਮਰਸ਼ੀਅਲ ਹੱਬਜ਼ ਅਤੇ ਕਮਰਸ਼ੀਅਲ ਫਲੋਰਜ਼ ਜਿਹੜੇ ਕਿ ਕਮਰਸ਼ੀਅਲ ਡਿਵੈਲਪਮੈਂਟ ਨਹੀਂ ਹਨ ਜਿਸ ਕਾਰਨ ਵਿਭਾਗ ਨੂੰ ਕਾਫੀ ਵਿੱਤ ਦਾ ਨੁਕਸਾਨ ਹੋ ਰਿਹਾ ਹੈ, ਨੂੰ ਕਮਰਸ਼ੀਅਲ ਡਿਵੈਲਪਮੈਂਟ ਕਰਨ, ਉਨ੍ਹਾਂ ਥਾਵਾਂ ਦਾ ਸਰਵੇ ਕਰਵਾਉਣ ਜਿੱਥੇ ਰੋਡ ਦੇ ਦੋਵੇਂ ਪਾਸੇ ਕਮਰਸ਼ੀਅਲ ਅਦਾਰੇ ਖੋਲ੍ਹੇ ਜਾ ਸਕਦੇ ਹਨ, ਕਾਰਪੋਰੇਸ਼ਨਾਂ ਜਾਂ ਇੰਪਰੂਵਮੈਂਟ ਟਰੱਸਟਾਂ ਵੱਲੋਂ ਜਦੋਂ ਸ਼ੋਅਰੂਮ ਦੀਆਂ ਛੱਤਾਂ ਦਾ ਅਧਿਕਾਰ ਵੀ ਮਾਲਕਾਂ ਨੂੰ ਦੇਣ ਆਦਿ ਵਰਗੀਆਂ ਲੋਕ ਹਿਤੈਸ਼ੀ ਸਿਫਾਰਸ਼ਾਂ ਕੀਤੀਆਂ ਹਨ। ਸਪੀਕਰ ਸਾਹਿਬ, ਸਾਡੇ ਲੁਧਿਆਣੇ ਦੀ ਕਾਰਪੋਰੇਸ਼ਨ ਵੱਲੋਂ ਤਕਰੀਬਨ 3600.

**ਮਾਣਯੋਗ ਸਪੀਕਰ**: ਤੁਹਾਡੇ ਸ਼ਬਦ ਬੜੇ ਵੈਲਿਊਏਬਲ ਹਨ ਪਰ ਵਾਈਂਡ ਅੱਪ ਕਰੋ।

**ਸਭਾਪਤੀ, ਸਥਾਨਕ ਸੰਸਥਾਵਾਂ ਸਬੰਧੀ ਕਮੇਟੀ** : ਸਰ, ਮੈਂ ਛੋਟੀ ਜਿਹੀ ਗੱਲ ਕਰਨਾ ਚਾਹਾਂਗਾ ਕਿਉਂਕਿ ਸਾਡੀ ਸਰਕਾਰ ਦਾ 2022 ਵਿੱਚ ਇੱਕ ਬਹੁਤ ਵੱਡਾ ਫੈਸਲਾ ਸੀ ਕਿ ਜਿੰਨੇ ਕੱਚੇ ਮੁਲਾਜ਼ਮਾਂ ਹਨ ਚਾਹੇ ਉਹ ਸਵਾਈ ਸੇਵਕ ਜਾਂ ਸੀਵਰਮੈਨ ਹੋਣ, ਉਨ੍ਹਾਂ ਨੂੰ ਅਸੀਂ ਪੱਕੇ ਕਰਾਂਗੇ। ਮੈਨੂੰ ਸਾਡੀ ਸਰਕਾਰ ਅਤੇ ਸੂਬੇ ਦੇ ਹਰਮਨ ਪਿਆਰੇ ਮੁੱਖ ਮੰਤਰੀ ਤੇ ਮਾਣ ਹੁੰਦਾ ਹੈ ਕਿ ਸਾਡੇ ਲੁਧਿਆਣੇ ਵਿੱਚ ਤਕਰੀਬਨ 3600 ਵਿੱਚੋਂ 2500 ਮੁਲਾਜ਼ਮ ਸੀਵਰਮੈਨ ਅਤੇ ਸਫਾਈ ਸੇਵਕ ਪੱਕੇ ਕੀਤੇ ਹਨ। ਮੈਂ ਹਾਊਸ ਨੂੰ ਕਮੇਟੀ ਵੱਲੋਂ ਸਿਫਾਰਸ਼ ਕਰਨੀ ਚਾਹੁੰਦਾ ਹਾਂ ਕਿ ਤਕਰੀਬਨ 600-650 ਮੁਲਾਜ਼ਮ ਰਹਿ ਗਏ ਹਨ ਜਿਹੜੇ ਓਵਰੇਜ ਹੋ ਗਏ ਸੀ।

**1310/Sukhpiar Singh/Rajneesh kumar**

**1315/Manika Rani**

ਮੈਂ ਸਾਰੀ ਕਮੇਟੀ ਵੱਲੋਂ ਸਿਫਾਰਸ਼ ਕਰਕੇ ਹਾਊਸ ਵਿੱਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ 600-650 ਦੇ ਕਰੀਬ ਮੁਲਾਜ਼ਮ ਰਹਿ ਗਏ ਹਨ, ਉਨ੍ਹਾਂ ਮੁਲਾਜ਼ਮਾਂ ਨੂੰ ਵੀ ਪੱਕਾ ਕੀਤਾ ਜਾਵੇ। ਇਸ ਲਈ ਮੈਂ ਲੋਕਲ ਬਾਡੀ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ। ਇਸ ਤੋਂ ਇਲਾਵਾ ਮੈਂ ਸ੍ਰੀ ਰਾਮ ਲੋਕ ਖਟਾਣਾ, ਸਕੱਤਰ, ਪੰਜਾਬ ਵਿਧਾਨ ਸਭਾ, ਜਿਨ੍ਹਾਂ ਦੀ ਅਗਵਾਈ ਹੇਠ ਇਹ ਰਿਪੋਰਟ ਤਿਆਰ ਹੋਈ ਹੈ, ਉਨ੍ਹਾਂ ਦਾ ਧੰਨਵਾਦ ਕਰਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਦੇ ਹੇਠਲੇ ਅਧਿਕਾਰੀ ਸ੍ਰੀ ਈਸ਼ਵਰ ਦੱਤ ਸ਼ਰਮਾ, ਅਧੀਨ ਸਕੱਤਰ ਅਤੇ ਸ੍ਰੀ ਹਰੀਸ਼ ਕੁਮਾਰ, ਸੁਪਰਡੰਟ ਦਾ ਵੀ ਧੰਨਵਾਦ ਕਰਦਾ ਹਾਂ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਬੈਠੋ। ਹਾਂ ਜੀ, ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ। ਇਸ ਨੂੰ ਕ੍ਰਿਸਪ ਰੱਖਿਆ ਕਰੋ। ਜ਼ਿਆਦਾ ਨਹੀਂ। ਹਾਂ ਜੀ, ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ ਜੀ ਰਿਪੋਰਟ ਪੇਸ਼ ਕਰੋ।

**ਸਭਾਪਤੀ, ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ (ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ)**: ਸ੍ਰੀਮਾਨ ਜੀ, ਮੈਂ ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਨਾਲ ਸਬੰਧਤ ਸਾਲ 2024-25 ਦੀ ਤੀਸਰੀ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ।

**ਮਾਣਯੋਗ ਸਪੀਕਰ**: ਧੰਨਵਾਦ ਜੀ।

**ਸਭਾਪਤੀ, ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ** : ਮਾਣਯੋਗ ਸਪੀਕਰ ਸਾਹਿਬ, ਦੂਜੀ ਰਿਪੋਰਟ ਵੀ ਮੈਂ ਹੀ ਪੇਸ਼ ਕੀਤੀ ਸੀ, ਇਹ ਹੁਣ ਤੀਸਰੀ ਰਿਪੋਰਟ ਹੈ। ਸਹਿਕਾਰਤਾ ਵਿਭਾਗ ਪੰਜਾਬ ਦੇ ਵਿੱਚ ਰੀੜ੍ਹ ਦੀ ਹੱਡੀ ਵਜੋਂ ਕੰਮ ਕਰਦਾ ਹੈ ਅਤੇ ਸਹਿਕਾਰਤਾ ਕਿਸਾਨੀ ਨਾਲ ਜੁੜਿਆ ਹੋਇਆ ਵੀ ਹੈ। ਕਿਸਾਨੀ ਦਾ ਲਾਭਦਾਇਕ ਧੰਦਾ ਵੀ ਸਹਿਕਾਰਤਾ ਨਾਲ ਹੀ ਹੈ। ਸਾਡੀਆਂ 13 ਮੀਟਿੰਗਾਂ ਹੋਈਆਂ ਹਨ। ਸਭ ਤੋਂ ਪਹਿਲਾਂ ਮੈਂ ਸਾਡੀ ਕਮੇਟੀ ਦੇ ਮੈਂਬਰ ਸਾਹਿਬਾਨ ਸਰਦਾਰ ਜੀਵਨ ਸਿੰਘ ਸੰਗੋਵਾਲ, ਸ੍ਰੀ ਰਜਨੀਸ਼ ਕੁਮਾਰ ਦਹੀਯਾ, ਰਾਣਾ ਇੰਦਰ ਪ੍ਰਤਾਪ ਸਿੰਘ, ਸ੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸ਼ੀ, ਸਰਦਾਰ ਕੁਲਵੰਤ ਸਿੰਘ ਸਿੱਧੂ, ਸ੍ਰੀ ਸੰਦੀਪ ਜਾਖੜ, ਸ੍ਰੀ ਦਿਨੇਸ਼ ਕੁਮਾਰ ਚੱਢਾ, ਸਰਦਾਰ ਦਲਜੀਤ ਸਿੰਘ ਭੋਲਾ ਗਰੇਵਾਲ, ਸ੍ਰੀ ਅਵਤਾਰ ਜੂਨੀਅਰ ਅਤੇ ਸਰਦਾਰ ਰੁਪਿੰਦਰ ਸਿੰਘ ਹੈਪੀ ਜੀ,

ਜਿਨ੍ਹਾਂ ਨੇ ਵੱਡੀ ਹਾਜ਼ਰੀ ਇਸ ਕਮੇਟੀ ਦੀਆਂ ਮੀਟਿੰਗਾਂ ਵਿੱਚ ਲਗਾਈ ਹੈ। ਸਪੀਕਰ ਸਾਹਿਬ, ਅਸੀਂ ਕੋਸ਼ਿਸ਼ ਕੀਤੀ ਹੈ ਕਿ ਸਹਿਕਾਰਤਾ ਵਿੱਚ ਚਾਹੇ ਮਿਲਕਫੈੱਡ ਹੈ, ਚਾਹੇ ਸ਼ੂਗਰਫੈੱਡ ਹੈ, ਕੋਆਪਰੇਟਿਵ ਸੁਸਾਇਟੀਆਂ ਹਨ, ਲੈਂਡ ਮਾਰਗੇਜ਼ ਬੈਂਕਾਂ ਹਨ, ਕੋਆਪਰੇਟਿਵ ਬੈਂਕਾਂ ਹਨ, ਉਨ੍ਹਾਂ ਨੂੰ ਕਿਵੇਂ ਪ੍ਰਾਫਿਟੇਏਬਲ ਬਣਾਇਆ ਜਾਵੇ ਅਤੇ ਜਿਹੜੇ ਇਨ੍ਹਾਂ ਵਿੱਚ ਫਰਾਡ ਹੋਏ ਹਨ, ਉਸ ਨੂੰ ਜਲਦੀ ਕਿਵੇਂ ਨਿਪਟਿਆ ਜਾਵੇ। ਸਪੀਕਰ ਸਾਹਿਬ, ਮੈਂ ਤੁਹਾਨੂੰ ਪੀ.ਏ.ਡੀ.ਆਈ.ਬੀ. ਦੀ ਗੱਲ ਦੱਸਦਾ ਹਾਂ ਕਿ ਇਸ ਬੈਂਕ ਵਿੱਚ 5000 ਐਂਟਰੀ ਡਿਲੀਟ ਹੋ ਗਈ ਸੀ। ਲੋਕ ਲੋਨ ਲੈ ਗਏ। ਉਨ੍ਹਾਂ ਦੀ ਐਂਟਰੀ ਰੈਵੇਨਿਯੂ ਰਿਕਾਰਡ ਵਿੱਚ ਨਹੀਂ ਸੀ। ਜਦੋਂ ਕਮੇਟੀ ਦੇ ਸਾਹਮਣੇ ਆਇਆ ਤਾਂ ਅਸੀਂ ਕੋਸ਼ਿਸ਼ ਕੀਤੀ ਅਤੇ ਹੁਣ 500 ਐਂਟਰੀ ਰਹਿ ਗਈ ਹੈ, ਜਿਸ ਵਿੱਚ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਜਿਨ੍ਹਾਂ ਨੇ ਐਂਟਰੀ ਡਿਲੀਟ ਕੀਤੀ ਹੈ, ਜਿਹੜੇ ਇਸ ਲਈ ਰਿਸਪਾਂਸੀਬਲ ਹਨ, ਉਨ੍ਹਾਂ ਦੇ ਅਗੇਂਸਟ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਅਸੀਂ ਸਿਫਾਰਸ਼ ਕੀਤੀ ਹੈ ਕਿ ਜਦੋਂ ਵੀ ਕੋਈ ਕੇਸ ਰਜਿਸਟਰਡ ਹੁੰਦਾ ਹੈ, ਜੋ ਵੀ ਕੋਈ ਫਰਾਡ ਕਰਦਾ ਹੈ, ਜਿਹੜੀ ਉਸ ਦੀ ਪ੍ਰਾਪਰਟੀ ਹੈ, ਉਹ ਨਾਲ ਦੀ ਨਾਲ ਅਟੈੱਚ ਕੀਤੀ ਜਾਵੇ ਕਿਉਂਕਿ ਕਈ ਵਾਰੀ ਪ੍ਰਾਪਰਟੀ ਅਟੈੱਚ ਨਹੀਂ ਕੀਤੀ ਜਾਂਦੀ ਅਤੇ ਬੰਦਾ ਆਪਣੀ ਪ੍ਰਾਪਰਟੀ ਵੇਚ ਕੇ ਚਲਾ ਜਾਂਦਾ ਹੈ ਔਰ ਡਿਪਾਰਟਮੈਂਟ ਦੇ ਪੱਲੇ ਕੁਝ ਨਹੀਂ ਪੈਂਦਾ ਹੈ। ਇਸੇ ਤਰ੍ਹਾਂ ਜਦੋਂ ਕੋਈ ਇਨਕੁਆਰੀ ਹੁੰਦੀ ਹੈ ਤਾਂ ਉਸ ਵਿੱਚ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਐਫ.ਆਈ.ਆਰ. ਨਾਲ ਦੀ ਨਾਲ ਰਜਿਸਟਰਡ ਕੀਤੀ ਜਾਵੇ। ਚਲਾਨ ਜਲਦੀ ਪੇਸ਼ ਕੀਤਾ ਜਾਵੇ ਤਾਂ ਜੋ ਜਿਹੜੇ ਫਰਾਡ ਕਰਨ ਵਾਲੇ ਹਨ, ਉਨਾਂ ਨੂੰ ਪੂਰੀ ਸਜ਼ਾ ਮਿਲ ਸਕੇ। ਸਪੀਕਰ ਸਾਹਿਬ, ਸਾਡੇ ਧਿਆਨ ਵਿੱਚ ਆਇਆ ਕਿ ਜਦੋਂ ਇਨ੍ਹਾਂ ਅਦਾਰਿਆਂ ਦਾ ਆਡਿਟ ਹੁੰਦਾ ਹੈ ਤਾਂ ਉਸ ਸਮੇਂ ਉਥੋਂ ਦੇ ਜਿਹੜੇ ਲੋਕ ਹਨ, ਚਾਹੇ ਉਹ ਬੈਂਕ ਕਸਟਮਰਜ਼ ਹਨ, ਚਾਹੇ ਬੈਂਕ ਦੇ ਮੈਂਬਰ ਹਨ, ਕੋਆਪਰੇਟਿਵ ਸੁਸਾਇਟੀਆਂ ਦੇ ਮੈਂਬਰ ਹਨ, ਉਨ੍ਹਾਂ ਨੂੰ ਆਡਿਟ ਸਮੇਂ ਬੁਲਾਇਆ ਨਹੀਂ ਜਾਂਦਾ ਹੈ। ਅਸੀਂ ਸਿਫਾਰਸ਼ ਕੀਤੀ ਕਿ ਜਦੋਂ ਵੀ ਆਡਿਟ ਪਾਰਟੀ ਆਵੇ ਤਾਂ ਜਿਹੜੇ ਉਥੋਂ ਦੇ ਲੋਕਲ ਨੁਮਾਇੰਦੇ ਹਨ, ਉਨ੍ਹਾਂ ਨੂੰ ਸੱਦਿਆ ਜਾਵੇ ਤਾਂ ਕਿ ਆਡਿਟ ਪੂਰਾ ਸਹੀ ਤਰੀਕੇ ਨਾਲ ਹੋ ਸਕੇ। ਜਿਹੜੀਆਂ ਕਮੀਆਂ-ਪੇਸ਼ੀਆਂ ਹਨ, ਉਨ੍ਹਾਂ ਦੇ ਸਾਹਮਣੇ ਆ ਸਕਣ ਕਿਉਂਕਿ ਜਦੋਂ ਆਡਿਟ ਇਕੱਲੇ ਵਿੱਚ ਹੁੰਦਾ ਹੈ ਤਾਂ ਮੈਂਬਰਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਸਾਡੇ ਵੱਲ ਲੋਨ ਖੜ੍ਹਾ ਹੈ। ਜਦੋਂ ਕੋਈ ਸੈਕੇਟਰੀ ਘਪਲਾ ਕਰ ਜਾਂਦਾ ਹੈ, ਉਸ ਦਾ ਵੀ ਪਤਾ ਨਹੀਂ ਲੱਗਦਾ। ਮੈਂ ਦੱਸਣਾ ਚਾਹਾਂਗਾ ਕਿ ਕਈ ਸੁਸਾਇਟੀਆਂ ਵਿੱਚ ਘਪਲੇ ਹੋ ਗਏ ਹਨ। ਉਨ੍ਹਾਂ ਨੂੰ ਦੋਹਰੀ ਮਾਰ ਪੈਂਦੀ ਹੈ। ਇੱਕ ਤਾਂ ਮੈਂਬਰਾਂ ਵੱਲ ਉਹ ਪੈਸੇ ਖੜ੍ਹੇ ਰਹਿ ਜਾਂਦੇ ਹਨ, ਜਿਹੜੇ ਉਨ੍ਹਾਂ ਨੇ ਭਰੇ ਹੋਏ ਵੀ ਹੁੰਦੇ ਹਨ ਅਤੇ ਦੂਜਾ ਉਨ੍ਹਾਂ ਦਾ ਲੈਣ-ਦੇਣ ਵੀ ਬੰਦ ਹੋ ਜਾਂਦਾ ਹੈ। ਸਪੀਕਰ ਸਾਹਿਬ, ਸਾਡੇ ਏਰੀਏ ਵਿੱਚ ਬਾਜੇਵਾਲਾ, ਰਾਇਪੁਰ ਅਤੇ ਨੰਦਗੜ੍ਹ ਆਦਿ ਸੁਸਾਇਟੀਆਂ ਵਿੱਚ ਵੱਡੇ ਘਪਲੇ ਹੋਏ ਹਨ। ਇਸ ਤਰ੍ਹਾਂ ਕੋਆਪਰੇਟਿਵ ਸੁਸਾਇਟੀ ਦੇ ਮੈਂਬਰਾਂ ਨੂੰ ਦੋਹਰੀ ਮਾਰ ਪੈ ਗਈ। ਉਨ੍ਹਾਂ ਦਾ ਲੈਣ-ਦੇਣ ਵੀ ਬੰਦ ਹੋ ਗਿਆ। ਇਸ ਤੋਂ ਇਲਾਵਾ ਜਿਹੜੀ ਜ਼ੀਰਾ, ਤਰਨਤਾਰਨ ਅਤੇ ਰੱਖੜਾ ਖੰਡ ਮਿੱਲਾਂ ਹਨ, ਅਸੀਂ ਉਨ੍ਹਾਂ ਨੂੰ ਮੁੜ ਚਾਲੂ ਕਰਵਾਉਣ ਲਈ ਸਿਫਾਰਸ਼ ਕੀਤੀ ਹੈ ਕਿਉਂਕਿ ਜੇਕਰ ਅਸੀਂ ਫਸਲੀ ਵਿਭਿੰਨਤਾ ਲਿਆਉਣੀ ਹੈ ਤਾਂ ਸਾਨੂੰ ਇਹ ਮਿੱਲਾਂ ਚਾਲੂ ਕਰਨੀਆਂ ਜ਼ਰੂਰੀ ਹਨ। ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਇੱਕ ਏ ਟੂ ਜੈੱਡ ਕੰਪਨੀ ਸੀ, ਜਿਨ੍ਹਾਂ ਨੂੰ ਕੋ-ਜਨਰੇਸ਼ਨਾਂ ਦੇ ਠੇਕੇ ਦਿੱਤੇ ਹੋਏ ਸਨ, ਇਹ ਕੰਪਨੀ ਵੱਡਾ ਘਪਲਾ ਕਰਕੇ ਭੱਜ ਗਈ ਹੈ। ਅਸੀਂ ਇਸ ਲਈ ਸਿਫਾਰਸ਼ ਕੀਤੀ ਹੈ ਕਿ ਜਿਹੜੇ ਇਨ੍ਹਾਂ ਦੇ ਖਿਲਾਫ ਚੱਲਦੇ ਹਨ, ਚਾਹੇ ਉਹ ਸਾਲਸੀ ਕੇਸ ਹਨ, ਜੋ ਕਿ ਹਾਈਕੋਰਟ ਵਿੱਚ ਹਨ, ਉਨ੍ਹਾਂ ਨੂੰ ਸਮਾਂਬੱਧ ਨਿਯਤ ਕੀਤਾ ਜਾਵੇ ਅਤੇ ਇੱਕ ਸੀਨੀਅਰ ਅਫਸਰ ਦੀ ਡਿਊਟੀ ਲਗਾਈ ਜਾਵੇ, ਜਿਹੜਾ ਇਨ੍ਹਾਂ ਸਾਰੇ ਕੇਸਾਂ ਦੀ ਪੈਰਵਾਈ ਕਰੇ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਅਸੀਂ ਸਿਫਾਰਸ਼ਾਂ ਕੀਤੀਆਂ ਹਨ, ਇਨ੍ਹਾਂ ਨੂੰ ਲਾਗੂ ਕੀਤਾ ਜਾਵੇ। ਦੂਜਾ, ਅਸੀਂ

ਮੀਟਿੰਗਾਂ ਵਿੱਚ ਆਉਂਦੇ ਹਾਂ, ਟੀ.ਏ., ਡੀ.ਏ. ਲੈਂਦੇ ਹਾਂ ਅਤੇ ਆਪਣਾ ਟਾਈਮ ਕੱਢਦੇ ਹਾਂ, ਸੋ, ਮੈਂ ਮੈਂਬਰ ਸਾਹਿਬਾਨਾਂ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਰਿਪੋਰਟਾਂ ਨੂੰ ਜ਼ਰੂਰ ਪੜ੍ਹਿਆ ਕਰੋ ਤਾਂ ਕਿ ਜਿਹੜੀਆਂ ਅਸੀਂ ਗੱਲਾਂ ਕੀਤੀਆਂ ਹਨ, ਉਨ੍ਹਾਂ ਨੂੰ ਇੰਪਲੀਮੈਂਟ ਕਰ ਸਕੀਏ। ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਇਹ ਰਿਪੋਰਟਾਂ ਪੇਸ਼ ਹੁੰਦੀਆਂ ਹਨ, ਇਨ੍ਹਾਂ ਤੇ ਇੱਕ-ਦੋ ਘੰਟੇ ਬਹਿਸ ਜ਼ਰੂਰ ਕਰਵਾਈ ਜਾਇਆ ਕਰੇ ਤਾਂ ਕਿ ਜਿਹੜੀਆਂ ਅਸੀਂ ਗੱਲਾਂ ਕਰਦੇ ਹਾਂ, ਪੇਸ਼ ਆਉਂਦੀਆਂ ਊਣਤਾਈਆਂ ਨੂੰ ਦੇਖਦੇ ਹਾਂ ਅਤੇ ਸੁਝਾਅ ਦਿੰਦੇ ਹਾਂ ਕਿ ਸਹਿਕਾਰਤਾ ਨੂੰ ਕਿਵੇਂ ਅੱਗੇ ਲਿਆ ਜਾ ਸਕਦਾ ਹੈ।

*1.19 ਵਜੇ ਬਾਅਦ ਦੁਪਹਿਰ (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**1315/Manika Rani/Rajneesh kumar**

**1320/Gurpreet kaur**

ਅਸੀਂ ਹੈਰਾਨ ਹੁੰਦੇ ਹਾਂ ਕਿ ਜੇਕਰ ਮਿਲਕਫੈੱਡ ਵਿੱਚ ਕੋਈ ਘੁਟਾਲਾ ਹੋ ਜਾਂਦਾ ਹੈ ਤਾਂ ਇੱਕ ਜੀ.ਐਮ. ਦੀ ਇਨਕੁਆਰੀ ਦੂਜਾ ਜੀ.ਐਮ. ਕਰ ਲੈਂਦਾ ਹੈ। ਜਦੋਂ ਅਸੀਂ ਪੁੱਛਿਆ ਕਿ ਕਿੰਨੇ ਜੀ.ਐਮ. ਅਜਿਹੇ ਹਨ ਜਿਨ੍ਹਾਂ ਖਿਲਾਫ ਫਰਾਡ ਦੇ ਕੇਸ ਹਨ ਤਾਂ ਕਹਿ ਦਿੰਦੇ ਹਨ ਕਿ ਅਜਿਹਾ ਕੋਈ ਜੀ.ਐਮ. ਬਚਿਆ ਹੀ ਨਹੀਂ ਜਿਸ ਖਿਲਾਫ ਫਰਾਡ ਦੇ ਕੇਸ ਹਨ। ਅਸੀਂ ਸਿਫਾਰਸ਼ ਕੀਤੀ ਹੈ ਕਿ ਜਦੋਂ ਵੀ ਕਿਤੇ ਕੋਈ ਘੁਟਾਲਾ ਹੁੰਦਾ ਹੈ ਤਾਂ ਉਸ ਘੁਟਾਲੇ ਨਾਲ ਸਬੰਧਤ ਕੋਈ ਪੀ.ਸੀ.ਐਸ. ਅਫਸਰ ਲਗਾਇਆ ਜਾਵੇ ਅਤੇ ਨਾਲ ਹੀ ਡਿਪਾਰਟਮੈਂਟ ਦਾ ਕੋਈ ਟੈਕਨੀਕਲ ਅਫਸਰ ਲਗਾਇਆ ਜਾਵੇ ਤਾਂ ਕਿ ਘੁਟਾਲਾ ਕਰਨ ਵਾਲਾ ਕੋਈ ਵੀ ਬੰਦਾ ਬਚ ਨਾ ਸਕੇ। ਸਾਲਸੀ ਕੇਸਾਂ ਨੂੰ ਜਲਦੀ ਨਿਪਟਾਇਆ ਜਾਵੇ। ਬਹੁਤ ਲੰਬੇ ਸਮੇਂ ਤੋਂ ਸਾਲਸੀ ਕੇਸ ਪਏ ਹਨ। ਇਹ ਸਾਰੀਆਂ ਸਿਫਾਰਸ਼ਾਂ ਮੈਂ ਸਦਨ ਦੀ ਮੇਜ਼ ਤੇ ਰੱਖਦਾ ਹਾਂ। ਇਸੇ ਤਰ੍ਹਾਂ ਸ਼ੂਗਰਫੈੱਡ ਮਿਲ ਵਿੱਚ ਕੋਆਰਡੀਨੇਸ਼ਨ ਪਲਾਂਟ ਲਗਾਏ ਜਾਣੇ ਸਨ ਅਤੇ ਇਥਨੋਲ ਪਲਾਂਟ ਲਗਾਏ ਜਾਣੇ ਸਨ। ਇਸ ਦੀ ਦੇਰੀ ਨਾਲ ਸ਼ੂਗਰਫੈੱਡ ਨੂੰ ਕਰੋੜਾਂ ਦਾ ਘਾਟਾ ਪਿਆ ਹੈ। ਇਸ ਦੀ ਜ਼ਿੰਮੇਵਾਰੀ ਵੀ ਤੈਅ ਕੀਤੀ ਜਾਵੇ ਕਿ ਉਸ ਸਮੇਂ ਕਿਸ ਵੱਲੋਂ ਸਮੇਂ ਸਿਰ ਫੈਸਲੇ ਨਹੀਂ ਲਏ ਗਏ। ਮੈਂ ਆਪਣੀ ਤੀਜੀ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ ਅਤੇ ਜਿੰਨੇ ਮੈਂਬਰ ਸਾਹਿਬਾਨ ਵਿਧਾਨ ਸਭਾ ਵਿੱਚ ਬੈਠੇ ਹਨ ਉਨ੍ਹਾਂ ਨੂੰ ਵੀ ਬੇਨਤੀ ਕਰਦਾ ਹਾਂ ਕਿ ਇਹ ਰਿਪੋਰਟ ਜ਼ਰੂਰ ਪੜ੍ਹਨ ਤਾਂ ਕਿ ਅਸੀਂ ਸਹਿਕਾਰਤਾ ਵਿਭਾਗ ਨੂੰ ਅੱਗੇ ਲਿਜਾ ਸਕੀਏ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ**: ਡਾਕਟਰ ਇੰਦਰਬੀਰ ਸਿੰਘ ਨਿੱਜਰ, ਸਭਾਪਤੀ, ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਸਬੰਧੀ ਅਤੇ ਲਾਇਬ੍ਰੇਰੀ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਸਬੰਧੀ ਅਤੇ ਲਾਇਬ੍ਰੇਰੀ ਕਮੇਟੀ (ਸਰਦਾਰ ਇੰਦਰਬੀਰ ਸਿੰਘ ਨਿੱਜਰ)**: ਡਿਪਟੀ ਸਪੀਕਰ ਸਾਹਿਬ, ਮੈਂ ਸਭਾਪਤੀ, ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਸਬੰਧੀ ਅਤੇ ਲਾਇਬ੍ਰੇਰੀ ਕਮੇਟੀ (ਸਾਲ 2024-25) ਕਮੇਟੀ ਦੁਆਰਾ ਅਧਿਕਾਰ ਦਿੱਤੇ ਜਾਣ ਤੇ ਇਸ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ।

ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਅਤੇ ਲਾਇਬ੍ਰੇਰੀ ਸਬੰਧੀ ਕਮੇਟੀ ਦੀ ਰਿਪੋਰਟ ਤੇ ਬੋਲਣ ਦਾ ਸਮਾਂ ਦਿੱਤਾ ਹੈ। ਸਰ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਕਮੇਟੀ ਹੈ ਇਸ ਵਿੱਚ ਕਾਰਪੋਰੇਸ਼ਨਾਂ ਦੇ ਪ੍ਰਸ਼ਾਸਕੀ ਅਤੇ ਅਕਾਊਂਟਸ ਦੀਆਂ ਰਿਪੋਰਟਾਂ ਰੱਖਣੀਆਂ ਹੁੰਦੀਆਂ ਹਨ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਇਹ ਬਹੁਤ ਲਾਪਰਵਾਹੀ ਕਰਦੇ ਹਨ। ਹੁਣ ਤੱਕ 6-6, 7-7 ਸਾਲ ਦੀਆਂ ਰਿਪੋਰਟਾਂ ਨਹੀਂ ਆਈਆਂ ਸਨ। ਅਸੀਂ ਸਭ ਨੂੰ ਤਾੜਨਾ ਕੀਤੀ ਅਤੇ ਚਿੱਠੀ-ਪੱਤਰ ਕੀਤਾ ਅਤੇ ਸਮਝਾਇਆ ਕਿ ਇਹ ਰਿਪੋਰਟਾਂ ਬਹੁਤ ਲਾਜ਼ਮੀ ਹਨ। ਜੇਕਰ ਕਿਸੇ ਅਫਸਰ ਨੇ ਗਲਤੀ ਵੀ ਕੀਤੀ ਤਾਂ ਕਮੇਟੀ ਵੱਲੋਂ ਉਸ ਨੂੰ ਡਿਪਾਰਟਮੈਂਟ ਵਿੱਚੋਂ ਪੁਨਿਸ਼ ਵੀ ਕਰਵਾਇਆ। ਮੈਂ ਆਪ ਜੀ ਦਾ ਇਸ ਗੱਲੋਂ ਵੀ ਧੰਨਵਾਦ ਕਰਦਾ ਹਾਂ ਕਿ ਕਮੇਟੀ ਦੀ ਸਲਾਨਾ ਰਿਪੋਰਟ ਦੀ ਪ੍ਰਵਾਨਗੀ ਸਬੰਧੀ ਆਪਸੀ ਵਿਚਾਰ ਵਟਾਂਦਰਾਂ, ਤੁਸੀਂ ਮੈਨੂੰ ਕਮੇਟੀ ਦੇ ਬਤੌਰ ਸਭਾਪਤੀ ਵਜੋਂ ਸੇਵਾ ਨਿਭਾਉਣ ਦਾ ਮੌਕਾ ਦਿੱਤਾ। ਇਹ ਵੀ ਖੁਸ਼ੀ ਦਾ ਮੁਕਾਮ ਹੈ ਕਿ ਇਸ ਕਮੇਟੀ ਦੀ ਸਭ ਤੋਂ ਪਹਿਲੀ ਰਿਪੋਰਟ ਅੱਜ ਸਦਨ ਵਿੱਚ ਪੇਸ਼ ਕੀਤੀ ਗਈ ਹੈ। ਡਿਪਟੀ ਸਪੀਕਰ ਸਾਹਿਬ, ਰਿਪੋਰਟ ਵੀ ਪਹਿਲੀ ਹੈ ਅਤੇ ਇਸ ਦਾ ਅੰਦਾਜ਼-ਏ-ਬਿਆਨ ਵੀ ਨਿਵੇਕਲਾ ਹੈ।

ਡਿਪਟੀ ਸਪੀਕਰ ਸਾਹਿਬ, ਜਿੱਥੇ ਇਸ ਕਮੇਟੀ ਦਾ ਕੰਮ ਵੱਖ ਵੱਖ ਵਿਭਾਗਾਂ ਦੇ ਬੋਰਡਾਂ ਅਤੇ ਕਾਰਪੋਰੇਸ਼ਨਾਂ ਦੀਆਂ ਰਿਪੋਰਟਾਂ ਲੇਅ ਕਰਵਾਉਣ ਦਾ ਹੈ, ਉਸ ਦੇ ਨਾਲ ਹੀ ਇਸ ਕਮੇਟੀ ਨੂੰ ਵਿਧਾਨ ਸਭਾ ਦੀ ਲਾਇਬ੍ਰੇਰੀ ਦੀ ਜ਼ਿੰਮੇਵਾਰੀ ਵੀ ਦਿੱਤੀ ਗਈ ਹੈ।

ਡਿਪਟੀ ਸਪੀਕਰ ਸਾਹਿਬ, ਇਹ ਪਹਿਲਾ ਵਾਰ ਹੋਇਆ ਹੈ ਕਿ ਤੁਹਾਡੀ ਅਗਵਾਈ ਵਿੱਚ ਜਿੱਥੇ ਵਿਧਾਨ ਸਭਾ ਨੇ ਆਈ.ਟੀ. ਦੇ ਖੇਤਰ ਵਿੱਚ ਨਵੀਆਂ ਲੀਹਾਂ ਸਥਾਪਿਤ ਕੀਤੀਆਂ ਹਨ ਉੱਥੇ ਵਿਧਾਨ ਸਭਾ ਦੀ ਲਾਇਬ੍ਰੇਰੀ ਨੂੰ ਵੀ ਪੂਰੀ ਤਰ੍ਹਾਂ ਡਿਜ਼ੀਟਲ ਅਤੇ ਆਟੋਮੇਟਿਡ ਕੀਤਾ ਜਾ ਰਿਹਾ ਹੈ। ਤਿੰਨ ਮਹੀਨੇ ਦੇ ਅੰਦਰ ਅੰਦਰ ਪੰਜਾਬ ਵਿਧਾਨ ਸਭਾ ਦੀ ਲਾਇਬ੍ਰੇਰੀ ਇੱਕ ਨਵੀਂ ਦਿੱਖ ਨਾਲ ਸਭ ਦੇ ਸਾਹਮਣੇ ਹੋਵੇਗੀ। ਲਾਇਬ੍ਰੇਰੀ ਆਟੋਮੇਟਿਡ ਵੀ ਹੋਵੇਗੀ ਅਤੇ ਅੰਦਰ ਦੀ ਦਿੱਖ ਵੀ ਨਿਵੇਕਲੀ ਹੋਵੇਗੀ। ਬੁੱਕਸ ਤੇ ਵੀ ਬਾਰ ਕੋਡ ਲੱਗ ਜਾਵੇਗਾ। ਜੇਕਰ ਕੋਈ ਬੁੱਕ ਰਿਲੀਜ਼ ਕਰਵਾਉਣੀ ਹੈ ਅਤੇ ਵਾਪਿਸ ਕਰਨੀ ਹੈ ਤਾਂ ਇਹ ਬਾਰ ਕੋਡ ਨਾਲ ਹੋ ਜਾਵੇਗੀ। ਲਾਇਬ੍ਰੇਰੀ ਦੀ ਦਿੱਖ ਵੀ ਬਦਲੀ ਗਈ ਹੈ। ਤਿੰਨ ਮਹੀਨਿਆਂ ਦੇ ਅੰਦਰ ਅੰਦਰ ਲਾਇਬ੍ਰੇਰੀ ਦੀ ਦਿੱਖ ਨਵੀਂ ਮਿਲੇਗੀ। ਨਵੇਂ ਰੈਕਸ ਮਿਲਣਗੇ ਅਤੇ ਸਾਰੀ ਐਡਜਸਟਮੈਂਟ ਨਵੀਂ ਹੋਵੇਗੀ।

ਡਿਪਟੀ ਸਪੀਕਰ ਸਾਹਿਬ, ਇੱਥੇ ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਅਸੀਂ ਨੋਟਿਸ ਕੀਤਾ ਹੈ ਕਿ ਲਾਇਬ੍ਰੇਰੀ ਵਿੱਚ ਇੰਨਾ ਪੁਰਾਣਾ ਅਤੇ ਮਹੱਤਵਪੂਰਨ ਰਿਕਾਰਡ ਹੈ, ਬਹੁਤ ਸਾਰੀਆਂ ਦੁਰਲੱਭ ਪੁਸਤਕਾਂ ਵੀ ਹਨ, ਇਸ ਦੇ ਬਾਵਜੂਦ ਵੀ ਮੈਂਬਰ ਦਾ ਪੁਸਤਕਾਂ ਪੜ੍ਹਨ ਦੇ ਰੁਝਾਨ ਵਿੱਚ ਭਾਰੀ ਕਮੀ ਹੈ। ਮੈਂ ਤੁਹਾਡੇ ਮਾਧਿਅਮ ਨਾਲ ਸਾਰੇ Colleague ਮੈਂਬਰ ਸਾਹਿਬਾਨਾਂ ਨੂੰ ਬੇਨਤੀ ਕਰਦਾ ਹਾਂ ਕਿ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢ ਕੇ ਲਾਇਬ੍ਰੇਰੀ ਵਿਖੇ ਪੁਸਤਕਾਂ ਪੜ੍ਹਨ ਦੀ ਆਦਤ ਪਾਉਣ ਅਤੇ ਕਿਤਾਬਾਂ ਵੀ ਇਸ਼ੂ ਕਰਵਾ ਕੇ ਰੀਸਰਚ ਵੱਲ ਵੀ ਧਿਆਨ ਦੇਣ। ਮੈਂ ਤਾਂ ਇਹ ਕਹਾਂਗਾ ਕਿ ਲਾਇਬ੍ਰੇਰੀ ਵਿੱਚ ਤਿਆਰੀ ਕਰਕੇ ਹਾਊਸ ਦੀ ਬਹਿਸ ਵਿੱਚ ਭਾਗ ਲੈਣ।

ਡਿਪਟੀ ਸਪੀਕਰ ਸਾਹਿਬ, ਅਖੀਰ ਵਿੱਚ ਮੈਂ ਐਮ.ਐਲ.ਏ. ਸਾਥੀ, ਕਮੇਟੀ ਅਫਸਰ ਅਤੇ ਸਮੂਹ ਸਟਾਫ ਦਾ ਸਮੁੱਚੇ ਸਾਲ ਵਿੱਚ ਕਮੇਟੀ ਨੂੰ ਭਰਪੂਰ ਸਹਿਯੋਗ ਦੇਣ ਲਈ ਧੰਨਵਾਦ ਕਰਦਾ ਹਾਂ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਵੀ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ।

---------

**SHORT ADJOURNMENT OF THE HOUSE ONCE AGAIN**

**ਮਾਣਯੋਗ ਡਿਪਟੀ ਸਪੀਕਰ**: ਸਦਨ 2.30 ਵਜੇ ਬਾਅਦ ਦੁਪਹਿਰ ਤੱਕ ਉਠਾਇਆ ਜਾਂਦਾ ਹੈ।

*1.23 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਦਨ 2.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

*2.30 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

---------

**1320/Gurpreet kaur/Monika sharma**

**1430/Rajneet Kaur**

**GENERAL DISCUSSION ON THE BUDGET ESTIMATES FOR THE YEAR 2025-26**

**ਮਾਣਯੋਗ ਸਪੀਕਰ**: ਸਾਲ 2025-26 ਲਈ ਬਜਟ ਅਨੁਮਾਨਾਂ ਤੇ ਬਹਿਸ। ਮੈਂ ਹੁਣ ਸਾਰੀਆਂ ਪਾਰਟੀਆਂ ਦਾ ਜੋ ਪ੍ਰਪੋਸ਼ਨੇਟ ਟਾਈਮ ਹੈ, ਮੈਂਬਰਸ਼ਿਪ ਦੇ ਹਿਸਾਬ ਨਾਲ ਅਨਾਊਂਸ ਕਰਨ ਲੱਗਿਆ ਹਾਂ। ਟੋਟਲ ਸਮਾਂ ਤਿੰਨ ਘੰਟੇ ਰੱਖਿਆ ਗਿਆ ਹੈ, ਆਮ ਆਦਮੀ ਪਾਰਟੀ ਜਿਨ੍ਹਾਂ ਦੇ ਕਿ 93 ਵਿਧਾਇਕ ਹਨ, ਉਨ੍ਹਾਂ ਦਾ ਅਲਾਟਡ ਸਮਾਂ 2 ਘੰਟੇ, 23 ਮਿੰਟ ਹੈ। ਇੰਡੀਅਨ ਨੈਸ਼ਨਲ ਕਾਂਗਰਸ ਪਰਟੀ ਜਿਨ੍ਹਾਂ ਦੇ 16 ਵਿਧਾਇਕ ਹਨ, ਉਨ੍ਹਾਂ ਦਾ ਅਲਾਟਡ ਸਮਾਂ 25 ਮਿੰਟ ਹੈ। ਸ਼੍ਰੋਮਣੀ ਅਕਾਲੀ ਦਲ ਜਿਨ੍ਹਾਂ ਦੇ 3 ਵਿਧਾਇਕ ਹਨ, ਉਨ੍ਹਾਂ ਦਾ ਅਲਾਟਡ ਸਮਾਂ 5 ਮਿੰਟ ਹੈ। ਭਾਰਤੀ ਜਨਤਾ ਪਾਰਟੀ, ਜਿਨ੍ਹਾਂ ਦੇ 2 ਵਿਧਾਇਕ ਹਨ, ਉਨ੍ਹਾਂ ਦਾ ਅਲਾਟਡ ਸਮਾਂ 3 ਮਿੰਟ ਹੈ। ਬਹੁਜਨ ਸਮਾਜ ਪਾਰਟੀ ਜਿਨ੍ਹਾਂ ਦਾ 1 ਵਿਧਾਇਕ ਹੈ, ਉਨ੍ਹਾਂ ਦਾ ਅਲਾਟਡ ਸਮਾਂ 2 ਮਿੰਟ ਹੈ। ਇੱਕ ਆਜ਼ਾਦ ਵਿਧਾਇਕ ਹਨ, ਉਨ੍ਹਾਂ ਦਾ ਅਲਾਟਡ ਸਮਾਂ 2 ਮਿੰਟ ਹੈ। ਬਹਿਸ।

**ਸ੍ਰੀ ਸੰਦੀਪ ਜਾਖੜ (ਬੈਠੇ-ਬੈਠੇ) :** ਦੋ ਮਿੰਟ ਮੈਨੂੰ ਵੀ ਦੇ ਦਿਓ ਜੀ।

**ਮਾਣਯੋਗ ਸਪੀਕਰ** : ਮਿਲ ਜਾਣਗੇ ਜੀ। ਰਾਣਾ ਗੁਰਜੀਤ ਸਿੰਘ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ)** : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਲੇਕਿਨ ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਥੋੜ੍ਹਾ ਜਿਹਾ ਟਾਈਮ ਫਾਲਤੂ ਦੇ ਦਿਓ ਤਾਂ ਬੜੀ ਕਿਰਪਾ ਹੋਵੇਗੀ।

**ਮਾਣਯੋਗ ਸਪੀਕਰ** : ਤੁਸੀਂ ਬੋਲੋ।

**ਰਾਣਾ ਗੁਰਜੀਤ ਸਿੰਘ** : ਸਪੀਕਰ ਸਾਹਿਬ, ਜਿੱਥੋਂ ਤੁਸੀਂ ਆਉਂਦੇ ਹੋ, ਕੋਟਕਪੂਰਾ ਤੇ ਮਾਲਵੇ ਦੀ ਗੱਲ ਕਰਾਂ ਤਾਂ ਕਾਟਨ ਜਿਹੜੀ ਕਿ ਅਹਿਮ ਕਰਾਪ ਸੀ, ਉਹ ਖਤਮ ਹੋ ਚੁੱਕੀ ਹੈ। ਮੈਂ ਉਸ ਤੇ 5-7 ਮਿੰਟ ਲਗਾਉਣਾ ਚਾਹਾਂਗਾ। ਜੇ ਤੁਹਾਡੀ ਇਜਾਜ਼ਤ ਹੋਵੇ, ਠੀਕ ਹੈ ਸਾਹਿਬ? ਧੰਨਵਾਦ ਜੀ। ਸਪੀਕਰ ਸਾਹਿਬ, 2024-25 ਦੀ ਗੱਲ ਕਰੀਏ ਤਾਂ ਰੈਵੇਨਿਊ ਰਿਸੀਟ 1 ਲੱਖ, 3 ਹਜ਼ਾਰ ਕਰੋੜ ਰੁਪਏ ਦੇ ਸਨ। ਜੇਕਰ ਫਿਕਸਡ ਕਾਸਟ ਦੀ ਗੱਲ ਕਰੀਏ ਤਾਂ ਸੈਲਰੀ, ਪੈਨਸ਼ਨ, ਇੰਟਰਸਟ, ਰੀਪੇਮੈਂਟ ਮਿਲਾ ਕੇ 93 ਹਜ਼ਾਰ, 972 ਕਰੋੜ ਰੁਪਏ ਹੋਈ। ਸਾਡੀ ਰਿਸੀਟ 1 ਲੱਖ, 3 ਹਜ਼ਾਰ ਕਰੋੜ ਰੁਪਏ ਸੀ। ਕਿਸਾਨੀ ਦੀ ਅਤੇ ਬਾਕੀ ਦੀ ਪਾਵਰ ਸਬਸਿਡੀ ਮਿਲਾ ਕੇ 19 ਹਜ਼ਾਰ ਕਰੋੜ ਰੁਪਏ ਸੀ। ਦੂਜੇ ਐਕਸਪੈਂਸਿਜ਼ 33,000 ਕਰੋੜ ਰੁਪਏ ਦੇ ਸਨ ਅਤੇ ਬਜਟ ਡੈਫੇਸਿਟ 28,684 ਕਰੋੜ ਰੁਪਏ ਸਨ। ਸਾਲ 2025 ਦੇ ਬਜਟ ਵਿੱਚ ਤੁਸੀਂ 1 ਲੱਖ, 11 ਹਜ਼ਾਰ ਕਰੋੜ ਰੁਪਏ ਦੇ ਰਿਸੀਟ ਦੱਸੇ ਹਨ ਕਿ ਇਹ ਸਾਡੀ ਆਮਦਨ ਹੋਵੇਗੀ। ਇਸੇ ਤਰ੍ਹਾਂ ਸੈਲਰੀ, ਪੈਨਸ਼ਨ, ਇੰਟਰਸਟ, ਰੀਪੇਮੈਂਟ ਮਿਲਾ ਕੇ 103072 ਕਰੋੜ ਰੁਪਏ ਖਰਚਾ ਆਉਣਾ ਹੈ ਅਤੇ 20,000 ਕਰੋੜ ਰੁਪਏ ਦੀ ਸਾਡੀ ਸਬਸਿਡੀ ਹੋ ਗਈ। ਇਸ ਦੇ ਨਾਲ ਮੈਂ ਪਾਵਰ ਸਬਸਿਡੀ ਬਾਰੇ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜਾ ਤੁਸੀਂ ਅਦਰ ਐਕਸਪੈਂਸਿਜ਼ ਦੀ ਗੱਲ 33000 ਕਰੋੜ ਰੁਪਏ ਦੀ ਗੱਲ ਕੀਤੀ ਹੈ, ਤੁਸੀਂ ਉੱਧਰ ਵੀ 33 ਹਜ਼ਾਰ ਕਰੋੜ ਰੁਪਏ ਦੀ ਗੱਲ ਕੀਤੀ ਹੈ ਅਤੇ ਜੇਕਰ ਇੱਧਰ ਵੀ 33 ਹਜ਼ਾਰ ਕਰੋੜ ਰੁਪਏ ਲਗਾ ਲਈਏ ਤਾਂ ਪਿਛਲੇ ਸਾਲ ਦਾ ਕਰੀਬ 28,000 ਕਰੋੜ ਰੁਪਏ ਦਾ ਫਰਕ ਸੀ। ਹੁਣ ਇਸ ਸਾਲ ਦੀ ਗੱਲ ਕਰੀਏ ਤਾਂ 1 ਲੱਖ, 53 ਹਜ਼ਾਰ, 372 ਕਰੋੜ ਰੁਪਏ ਸਾਡਾ ਖਰਚਾ ਹੋਵੇਗਾ ਲੇਕਿਨ ਸਾਲ 2021-22 ਦੇ ਵਿੱਚ ਕਾਂਗਰਸ ਸਰਕਾਰ ਵੇਲੇ ਵੇਜ਼ ਐਂਡ ਮੀਨਜ਼ 2,000 ਕਰੋੜ ਰੁਪਏ ਸੀ।

**1430/Rajneet Kaur/Shubham jain**

**1435/Kuldeep kaur**

ਅੱਜ ਉਹ ਵਧ ਕੇ 71 ਹਜ਼ਾਰ 250 ਕਰੋੜ ਰੁਪਏ ਹੋ ਗਿਆ ਹੈ। ਇਹ ਚਿੰਤਾ ਦਾ ਵਿਸ਼ਾ ਹੈ। ਸਾਲ 2025-26 ਵਿੱਚ 2 ਲੱਖ 24 ਹਜ਼ਾਰ 622 ਕਰੋੜ ਰੁਪਏ ਅਸੀਂ ਫਾਲਤੂ ਕਰਜ਼ਾ ਚੁੱਕਾਂਗੇ। ਇੰਟਰਸਟ ਅਤੇ ਫਾਲਤੂ ਚੀਜ਼ਾਂ ਲਈ ਤੁਹਾਡੇ ਰਾਜ ਵਿੱਚ ਟੋਟਲ 2 ਲੱਖ 24 ਹਜ਼ਾਰ 622 ਕਰੋੜ ਰੁਪਏ ਦਾ ਕਰਜ਼ਾ ਐਡੀਸ਼ਨਲ ਚੜ੍ਹੇਗਾ। ਐਗਰੀਕਲਚਰ ਸੈਕਟਰ ਦੀ ਗੱਲ ਕਰੀਏ, ਬਹੁਤ ਅਹਿਮ ਸੈਕਟਰ ਹੈ। 65% ਲੋਕ ਕਿਸਾਨੀ ਤੇ ਨਿਰਭਰ ਹਨ ਔਰ 20,000 ਕਰੋੜ ਟੋਟਲ ਸਬਸਿਡੀ ਹੈ ਔਰ ਅਸੀਂ ਸਾਲ 2021-22 ਵਿੱਚ 7000-7200 ਕਰੋੜ ਰੁਪਏ ਸਬਸਿਡੀ ਅਸੀਂ ਪਾਣੀ ਲਈ ਦਿੰਦੇ ਸੀ। ਇਹ ਪੈਸਾ ਐਗਰੀਕਲਚਰ ਸੈਕਟਰ ਲਈ ਪੀ.ਐਸ.ਪੀ.ਸੀ.ਐਲ. ਨੂੰ ਦਿੰਦੇ ਸੀ। ਉਹ ਕਰੀਬ ਕਰੀਬ 3 ਹਜ਼ਾਰ ਕਰੋੜ ਰੁਪਿਆ ਤਿੰਨਾਂ ਸਾਲਾਂ ਵਿੱਚ ਫਾਲਤੂ ਹੋ ਗਿਆ ਹੈ। ਪਾਣੀ ਥੱਲੇ ਜਾ ਰਿਹਾ ਹੈ ਪਰ ਮੈਂ ਇਹ ਦੇਖ ਰਿਹਾ ਹਾਂ ਕਿ

ਬਜਟ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਹੈ। ਇਸੇ ਤਰ੍ਹਾਂ ਅਗਰ ਬਿਜਲੀ ਦਾ ਖਰਚਾ ਵਧਦਾ ਗਿਆ ਤਾਂ ਇਕ ਬੜਾ ਚਿੰਤਾ ਦਾ ਵਿਸ਼ਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਜਿੱਥੇ ਸਬਸਿਡੀਆਂ ਜ਼ਰੂਰੀ ਹਨ ਉੱਥੇ ਪੰਜਾਬ ਦੀ ਵਿੱਤੀ ਹਾਲਤ ਲਈ ਵੀ ਸਾਨੂੰ ਸੋਚਣਾ ਪਵੇਗਾ। ਮੈਂ ਸਦਨ ਵਿੱਚ ਇਕ ਤਜਵੀਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਬਿਜਲੀ 10,000 ਕਰੋੜ, 12,000 ਕਰੋੜ ਅਤੇ ਕੱਲ੍ਹ ਨੂੰ 15,000 ਕਰੋੜ ਰੁਪਏ ਹੋ ਜਾਵੇਗੀ ਅਤੇ ਪੰਜਾਬ ਇਸ ਕਿਸਮ ਦੀ ਸਬਸਿਡੀ ਬਰਦਾਸ਼ਤ ਨਹੀਂ ਕਰ ਪਾਵੇਗਾ। ਸਾਡੇ ਫਾਈਨਾਂਸ਼ੀਅਲ ਹਾਲਾਤ ਇਸ ਤਰ੍ਹਾਂ ਦੇ ਹਨ। ਦੂਜੇ ਬੰਨੇ ਕਿਸਾਨੀ ਚੱਲ ਨਹੀਂ ਸਕਦੀ। ਮੈਂ ਸਾਰਿਆਂ ਨੂੰ ਇਕ ਗੱਲ ਕਹਾਂਗਾ ਕਿ ਬਹਿਸ ਕਰਨੀ ਹੈ ਤਾਂ ਬਹਿਸ ਕਰ ਲਵੋ ਨਹੀਂ ਤੇ ਮੇਰਾ ਬੜਾ ਪੁਰਾਣਾ ਸਬਜੈਕਟ ਹੈ ਕਿ ਜਿੰਨੀ ਮਰਜ਼ੀ ਐਮ.ਐਸ.ਪੀ. ਵਧਾ ਲਈਏ ਕਿਸਾਨ ਦੋ ਕਿੱਲਿਆਂ ਵਿੱਚ, 4 ਕਿੱਲਿਆਂ ਵਿੱਚ ਆਪਣਾ ਪਰਿਵਾਰ ਨਹੀਂ ਚਲਾ ਸਕਦਾ। ਸਾਨੂੰ ਇਸ ਦਾ ਤੋੜ ਲੱਭਣਾ ਚਾਹੀਦਾ ਹੈ। ਇਸ ਦਾ ਤੋੜ ਇਹ ਹੈ ਕਿ ਅਸੀਂ ਕਿਸਾਨ ਨੂੰ entrepreneur ਬਣਾਈਏ। ਬਿਜਲੀ ਦੀ ਖੇਤੀ ਹੋਵੇ। ਜਿੰਨਾ ਵੱਡਾ ਉਸ ਦਾ ਟਿਊਬਵੈੱਲ ਹੈ, ਉਨਾ ਵੱਡਾ ਉਸ ਦਾ ਪੈਨਲ ਹੋਵੇ। ਜ਼ਿਮੀਂਦਾਰ ਨੂੰ 80-90 ਦਿਨ ਤੋਂ ਵੱਧ 8 ਘੰਟੇ ਬਿਜਲੀ ਦੀ ਲੋੜ ਨਹੀਂ ਹੈ। ਉਹ ਆਪਣੀ ਲੋੜ ਆਪਣੇ ਪੈਨਲ ਰਾਹੀਂ ਪੂਰੀ ਕਰਕੇ ਅਤੇ ਬਾਕੀ ਦੀ ਬਿਜਲੀ ਗਰਿੱਡ ਵਿੱਚ ਸੁੱਟੇ ਅਤੇ 5-6 ਸਾਲਾਂ ਵਿੱਚ ਉਸ ਦੇ ਪੈਸੇ ਪੂਰੇ ਹੋ ਜਾਣਗੇ। ਉਸ ਦੀ ਲੋਨ ਦੀ ਗਾਰੰਟੀ, ਲੋਨ ਦੇ ਕੰਮ ਹੋਣਗੇ ਅਤੇ ਇਸ ਨਾਲ employment generate ਹੋਵੇਗੀ। 14 ਲੱਖ 50 ਹਜ਼ਾਰ ਟਿਊਬਵੈੱਲ ਹਨ। ਇਸ ਤੇ ਸਾਰੇ ਪੈਨਲ ਲੱਗਣਗੇ, installation ਤੇ ਵੀ ਲੇਬਰ ਲੱਗੇਗੀ। ਮੈਂਟੀਨੈਂਸ ਅਤੇ ਰਿਪੇਅਰ ਹੋਵੇਗੀ ਅਤੇ ਇਹ ਆਪਣੇ ਆਪ ਵਿੱਚ ਇੱਕ ਇੰਡਸਟਰੀ ਹੋ ਜਾਵੇਗੀ ਅਤੇ ਕਿਸਾਨ ਖੁਸ਼ਹਾਲੀ ਵੱਲ ਤੁਰੇਗਾ। ਜਦੋਂ ਕਿਸਾਨ ਨੇ 1 ਸਾਲ ਵਿੱਚ ਇਹ ਵੇਖ ਲਿਆ ਕਿ ਇਸ ਕਿੱਤੇ ਵਿੱਚ ਉਸ ਦੀ ਆਮਦਨ ਹੈ। ਪੰਜਾਬ ਨੂੰ ਦਿਨ ਵਿੱਚ ਬਿਜਲੀ ਦੀ ਲੋੜ ਹੈ। ਸੋਲਰ ਦੀ ਜਿੰਨੀ ਬਿਜਲੀ ਅਸੀਂ ਪ੍ਰੋਡਿਊਸ ਕਰਾਂਗੇ, ਉਸ ਸਾਰੀ ਬਿਜਲੀ ਦੀ ਖਪਤ ਹੋ ਜਾਵੇਗੀ। ਕਿਸਾਨ ਇੱਕ ਉਦਯੋਗਪਤੀ ਬਣੇਗਾ ਔਰ ਸਾਡੀ ਮਹਿੰਗੀ ਬਿਜਲੀ ਵਾਲੀ ਸਮੱਸਿਆ ਜਿਹੜੀ ਅਸੀਂ ਬਾਕੀ ਸਟੇਟਾਂ ਤੋਂ ਲੈਂਦੇ ਹਾਂ ਉਹ ਵੀ ਹੱਲ ਹੋਵੇਗੀ। ਇਸ ਲਈ ਇਸ ਬਜਟ ਵਿੱਚ ਪ੍ਰੋਵੀਜ਼ਨ ਰੱਖਣਾ ਚਾਹੀਦਾ ਹੈ। ਮੈਂ ਇਹ ਕਹਾਂਗਾ ਕਿ ਇਸ ਨੂੰ 3 ਸਾਲਾਂ ਵਿੱਚ ਕੰਪਲੀਟ ਕਰਨ ਦੀ ਗੱਲ ਜ਼ਰੂਰ ਕਰੀਏ। ਸਪੀਕਰ ਸਾਹਿਬ, ਮੈਂ ਕੱਲ੍ਹ ਅਮਨ ਅਰੋੜਾ ਜੀ ਦਾ ਬਿਆਨ ਵੀ ਪੜ੍ਹਿਆ ਸੀ। ਦੇਖੋ, ਅੱਜ ਤੱਕ ਜਿੰਨੇ ਸੋਲਰ ਪੰਪ ਦਿੱਤੇ ਹਨ, ਸਹੀ ਮਾਇਨੇ ਵਿੱਚ ਉਹ ਪੰਜਾਬ ਦਾ ਨੁਕਸਾਨ ਹੈ। ਤੁਸੀਂ ਪੁੱਛੋਗੇ ਕਿ ਕਿਵੇਂ? ਜਦੋਂ 12 ਘੰਟੇ ਸੂਰਜ ਰਹਿਣਾ ਹੈ ਤਾਂ ਆਪਾਂ 12 ਘੰਟੇ ਮੋਟਰ ਚਲਾਵਾਂਗੇ। ਕਿਸੇ ਨੇ ਬੰਦ ਨਹੀਂ ਕਰਨੀ। ਤੁਸੀਂ ਗਰਿੱਡ ਦੀ ਗੱਲ ਕੀਤੀ। ਜੇ ਤਾਂ ਤੁਸੀਂ ਇਕ ਸਬ-ਡਵੀਜ਼ਨ ਵਿੱਚ ਪਹਿਲਾਂ ਵਾਲੀਆਂ ਸਾਰੀਆਂ ਮੋਟਰਾਂ ਲਾਹ ਦਿੱਤੀਆਂ ਤਾਂ ਸੋਲਰ ਪੰਪ ਲਗਾ ਦਿੱਤੇ ਹਨ then you are right. ਹੋ ਸਕਦਾ ਹੈ ਤੁਸੀਂ ਕਲੈਰੀਫਾਈ ਕਰ ਦੇਵੋ, ਹੋ ਸਕਦਾ ਹੈ ਮੈਨੂੰ ਸਮਝ ਨਾ ਹੋਵੇ, ਇਹ ਵੀ ਹੋ ਜਾਂਦਾ ਹੈ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ: (ਬੈਠੇ ਬੈਠੇ)** ਠੀਕ ਹੈ ਜੀ।

**ਰਾਣਾ ਗੁਰਜੀਤ ਸਿੰਘ:** ਉੱਥੇ ਬਿਜਲੀ ਨਾਲ ਚੱਲਣ ਵਾਲੀਆਂ ਮੋਟਰਾਂ ਲੱਗੀਆਂ ਹਨ ਅਤੇ ਉੱਥੇ ਹੀ ਸੋਲਰ ਬਿਜਲੀ ਨਾਲ ਚੱਲਣ ਵਾਲੀਆਂ ਮੋਟਰਾਂ ਲੱਗੀਆਂ ਹਨ। ਜੇ ਮੇਰੇ ਕੋਲ ਬਿਜਲੀ ਫਾਲਤੂ ਹੈ ਜਦ ਬਿਜਲੀ ਆ ਰਹੀ ਹੈ ਤਾਂ ਮੈਂ ਕਿਵੇਂ ਭੇਜ ਸਕਦਾ ਹਾਂ? How will you integrate that? ਇਹ ਇਕ ਬੜਾ ਔਖਾ ਵਿਸ਼ਾ ਹੈ। ਹੋ ਸਕਦਾ ਹੈ, ਜਦੋਂ ਤੁਸੀਂ ਬੋਲਣਾ ਹੈ ਤਾਂ ਤੁਸੀਂ ਕਲੈਰੀਫਾਈ ਕਰ ਦੇਵੋ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: (**ਬੈਠੇ ਬੈਠੇ**) ਠੀਕ ਹੈ ਜੀ।

**ਰਾਣਾ ਗੁਰਜੀਤ ਸਿੰਘ**: ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਨੂੰ ਡਾਈਵਰਸੀਫਿਕੇਸ਼ਨ ਦੀ ਲੋੜ ਹੈ। ਪਾਣੀ ਬਚਾਉਣ ਦੀ ਲੋੜ ਹੈ ਔਰ ਕਰਾਪ ਡਾਈਵਰਸੀਫਿਕੇਸ਼ਨ ਲਈ ਅਗਰ ਐਗਰੀਕਲਚਰ ਦੀ ਗੱਲ ਕਰੀਏ ਤਾਂ ਪਿਛਲੀ ਵਾਰ ਤੁਸੀਂ ਟੋਟਲ 13784 ਕਰੋੜ ਰੁਪਿਆ ਇਸ ਲਈ ਰੱਖਿਆ ਸੀ।

**1435/Kuldeep kaur/Shubham jain**

**1440/Pawan sharma**

**ਰਾਣਾ ਗੁਰਜੀਤ ਸਿੰਘ**: ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਡਾਈਵਰੀਫਿਕੇਸ਼ਨ ਭਾਲਦਾ ਹੈ, ਲੋੜ ਹੈ ਪਾਣੀ ਬਚਾਉਣ ਦੀ। ਕਰਾਪ ਡਾਈਵਰਸੀਫਿਕੇਸ਼ਨ ਲਈ ਅਗਰ ਐਗਰੀਕਲਚਰ ਦੀ ਟੋਟਲ ਗੱਲ ਕਰੀਏ ਤਾਂ ਪਿਛਲੀ ਵਾਰੀ ਤੁਸੀਂ 13,784 ਕਰੋੜ ਰੁਪਏ ਰੱਖੇ ਸੀ ਅਤੇ ਉਸ ਦੇ ਵਿੱਚੋਂ 575 ਕਰੋੜ ਰੁਪਏ ਡਾਈਵਰਸੀਫਿਕੇਸ਼ਨ ਪ੍ਰੋਗਰਾਮ ਲਈ ਰੱਖੇ ਸਨ। ਤੁਸੀਂ maize ਦੇ ਸੀਡ ਲਈ 2.3 ਕਰੋੜ ਰੁਪਏ, DSR ਲਈ 34 ਕਰੋੜ ਰੁਪਏ, mushroom ਲਈ 25 ਲੱਖ ਰੁਪਏ, Production Exotic Vegetables ਲਈ 19 ਲੱਖ ਰੁਪਏ, flowers seed production ਲਈ 43 ਲੱਖ ਰੁਪਏ ਰੱਖੇ ਸਨ ਔਰ ਜਿੱਥੇ ਅਸੀਂ 575 ਕਰੋੜ ਰੁਪਏ ਖਰਚਣਾ ਸੀ, ਬਹੁਤ ਅਫਸੋਸ ਹੈ ਕਿ ਉੱਥੇ ਅਸੀਂ ਕੁੱਲ 37 ਕਰੋੜ 17 ਲੱਖ ਰੁਪਏ ਹੀ ਖਰਚ ਕੀਤੇ। ਜਿਸ ਤੇ 65 ਪਰਸੈਂਟ ਲੋਕ ਨਿਰਭਰ ਰਹੇ, ਉਸ ਮਹਿਕਮੇ ਵਿੱਚ ਅਸੀਂ ਪੈਸੇ ਪੂਰੇ ਨਹੀਂ ਦੇ ਪਾ ਰਹੇ ਹਾਂ। ਸੋ, ਕਿਰਪਾ ਕਰਕੇ ਐਫ.ਐਮ. ਸਾਹਿਬ, ਇਸ ਤੇ ਗੌਰ ਜ਼ਰੂਰ ਕੀਤਾ ਜਾਵੇ। ਨਾਬਾਰਡ ਦਾ Soil and Water Conservation ਤੇ 194 ਕਰੋੜ ਰੁਪਏ, ਪਾਵਰ ਸਬਸਿਡੀ 93 ਕਰੋੜ ਔਰ Cane ਪੇਮੈਂਟ 390 ਕਰੋੜ, Value addition for Horticulture ਲਈ 75 ਕਰੋੜ ਤੇ Bio- fertilizer ਪ੍ਰਾਈਵੇਟ ਪਲਾਂਟ ਲਈ 40 ਕਰੋੜ ਰੁਪਏ, ਈਥਾਨੋਲ ਲਈ 24 ਕਰੋੜ ਰੁਪਏ, ਇਹ ਮੈਂ ਨਹੀਂ ਸਮਝ ਪਾਇਆ ਕਿ ਈਥਾਨੋਲ ਵਿੱਚ ਕੀ ਹੈ, ਜੇਕਰ ਤੁਸੀਂ ਫਿਗਰ ਦਿੱਤੀ ਹੋਵੇਗੀ ਤਾਂ ਠੀਕ ਹੀ ਦਿੱਤੀ ਹੋਵੇਗੀ। Computerization of Cooperatives, ਕੋਆਪ੍ਰੇਟਿਵ ਬੈਂਕਾਂ ਦਾ ਹਾਲ, ਉਨ੍ਹਾਂ ਵੱਲ ਵੀ ਦੇਖਣਾ ਚਾਹੀਦਾ ਹੈ ਕਿ ਮਾਲਵਾ ਔਰ ਮਾਝੇ ਵਿੱਚ ਇਹ ਕੋਆਪ੍ਰੇਟਿਵ ਬੈਂਕ ਪੂਰੀ ਤਰ੍ਹਾਂ ਫੇਲ੍ਹ ਹਨ। ਇਨ੍ਹਾਂ ਨੂੰ ਮਰਜਰ ਦੀ ਗੱਲ ਸਾਡੇ ਵੇਲੇ ਵੀ ਕਰਦੇ ਸਨ ਅਤੇ ਅੱਜ ਵੀ ਅਫਸਰਾਂ ਦਾ ਅਤੇ ਮਹਿਕਮੇ ਦਾ ਜ਼ੋਰ ਲੱਗਿਆ ਹੋਇਆ ਹੈ ਕਿ ਅਸੀਂ ਇਹ ਬੈਂਕ ਇਕੱਠੇ ਕਰ ਦੇਣੇ ਹਨ। ਦੇਖੋ, 2 regions ਦੀਆਂ 2 sick banks ਹਨ। ਦੁਆਬੇ ਦੇ ਬੈਂਕ ਪ੍ਰਾਫਿਟ ਮੈਕਿੰਗ ਹਨ, ਜੋ ਲੋਕਾਂ ਨੂੰ ਪੈਸੇ ਵਾਪਸ ਕਰਦੀਆਂ ਹਨ। ਇਸ ਲਈ ਕਿਰਪਾ ਕਰਕੇ ਇਨ੍ਹਾਂ ਨੂੰ ਮਰਜ ਕਰਨ ਵਾਲੀ ਗੱਲ ਨਾ ਕਰਿਓ ਨਹੀਂ ਤਾਂ ਇਹ ਵੀ ਉਨੀਆਂ ਬਿਮਾਰ ਹੋ ਜਾਣਗੀਆਂ ਜਿੰਨੀਆਂ ਮਾਝੇ ਅਤੇ ਮਾਲਵੇ ਦੀਆਂ ਹਨ। ਸੋ, ਇਸ ਦਾ ਹੱਲ ਲਭਣਾ ਚਾਹੀਦਾ ਹੈ। ਇਸ ਤਰ੍ਹਾਂ ਤੁਸੀਂ ਇਸ ਸਾਲ 14,524 ਕਰੋੜ ਰੁਪਏ ਐਗਰੀਕਲਚਰ ਵਿੱਚ ਅਤੇ ਪਾਵਰ ਵਿੱਚ 10 ਹਜ਼ਾਰ ਕਰੋੜ ਰੁਪਏ ਐਲੋਕੇਟ ਕੀਤੇ ਹਨ। ਵੈਸੇ ਆਉਣ ਵਾਲਾ ਜਿਹੜਾ ਸਮਾਂ ਹੈ, ਜੋ prediction ਹੈ ਕਿ ਇਹ ਬੜੀ ਸਖਤ summer ਹੋਵੇਗੀ। ਇਹ ਵੀ ਹੋ ਸਕਦਾ ਹੈ ਕਿ ਜੇ ਆਉਣ ਵਾਲੇ ਦਿਨਾਂ ਵਿੱਚ ਤਾਪਮਾਨ ਜ਼ਿਆਦਾ ਚੱਲਿਆ ਗਿਆ ਤਾਂ ਸਾਡੀ ਵ੍ਹੀਟ ਦੀ ਆਊਟਪੁੱਟ ਵੀ ਘੱਟ ਜਾਵੇਗੀ। ਸੋ, ਉਸ ਦੇ ਬਾਰੇ ਗੱਲਾਂ ਕਰਨੀਆਂ ਚਾਹੀਦੀਆਂ ਹਨ, ਇਸ ਦੇ ਲਈ 10 ਹਜ਼ਾਰ ਕਰੋੜ ਰੁਪਏ ਨਾਲ ਤੁਹਾਡਾ ਸਰਨਾ ਨਹੀਂ ਹੈ। 10 ਹਜ਼ਾਰ ਕਰੋੜ ਰੁਪਏ ਤੇ ਅੱਜ ਅਸੀਂ ਬੈਠੇ ਹੋਏ ਹਾਂ। ਜੇ ਮੰਨ ਲਵੋ ਕਿ ਮੀਂਹ ਘੱਟ ਪੈਂਦਾ ਹੈ ਤਾਂ 11000-12000 ਕਰੋੜ

ਤੇ ਵੀ ਹੋ ਸਕਦਾ ਹੈ। ਸੋ, ਇਨ੍ਹਾਂ ਸਾਰੀਆਂ ਗੱਲਾਂ ਦਾ ਸਾਨੂੰ ਧਿਆਨ ਰੱਖਣਾ ਚਾਹੀਦਾ ਹੈ। ਕਰਾਪ ਡਾਈਵਰਸੀਫਿਕੇਸ਼ਨ ਲਈ 115 ਕਰੋੜ ਰੁਪਏ ਰੱਖੇ ਗਏ ਹਨ। ਪਿਛਲੀ ਵਾਰੀ ਤੁਸੀਂ 575 ਕਰੋੜ ਰੁਪਏ ਰੱਖਿਆ ਸੀ ਔਰ ਤੁਸੀਂ ਖਰਚਿਆ ਕਿੰਨਾ, ਇਹ ਤੁਹਾਡੇ ਸਾਹਮਣੇ ਹੈ। ਉਹ ਤੁਸੀਂ ਖਰਚ ਨਹੀਂ ਪਾਏ। ਇਸ ਸਾਲ ਤੁਸੀਂ ਬਜਟ ਹੀ ਘਟਾ ਦਿੱਤਾ। ਕਰਾਪ ਡਾਈਵਰਸੀਫਿਕੇਸ਼ਨ ਵਿੱਚ ਤੁਸੀਂ ਤਿੰਨ ਜ਼ਿਲ੍ਹਿਆਂ ਦੀ ਗੱਲ ਕੀਤੀ ਹੈ। ਮੈਂ ਸੋਚਦਾ ਸੀ ਕਿ ਜੇਕਰ ਰਾਣੇ ਨੇ ਮੱਕੀ ਦੀ ਗੱਲ ਕੀਤੀ ਹੈ ਅਤੇ ਐਮ.ਐਸ.ਪੀ. ਡਿਕਲੇਅਰ ਕੀਤੀ ਹੈ ਤਾਂ ਸਰਕਾਰ ਥਾਪੀ ਮਾਰ ਕੇ ਮੈਦਾਨ ਵਿੱਚ ਆਵੇਗੀ ਅਤੇ ਕਹੇਗੀ ਕਿ Rana is not bigger than the Government and Government will do it. ਅਫਸੋਸ ਹੈ ਕਿ ਬਜਟ ਵਿੱਚ ਇਸ ਦਾ ਕੋਈ ਪ੍ਰੋਵੀਜ਼ਨ ਨਹੀਂ ਹੈ। ਇਹ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਐਗਰੀਕਲਚਰ ਸੈਕਟਰ ਵਿੱਚ ਕਨਾਲ ਇਰੀਗੇਸ਼ਨ ਵਿੱਚ ਸੰਗਰੂਰ 100 ਕਰੋੜ, ਹਾਰਟੀਕਲਚਰ ਲਈ 137 ਕਰੋੜ, ਕਿਸਾਨ ਉੱਨਤੀ ਯੋਜਨਾ, ਕਰਾਪ ਡਾਈਵਰਸੀਫਿਕੇਸ਼ਨ, ਐਨੀਮਲ ਹਸਬੈਂਡਰੀ 704 ਕਰੋੜ ਰੁਪਏ ਤੇ ਮਿਲਕ ਪ੍ਰੋਡਕਸ਼ਨ ਲਈ 100 ਕਰੋੜ ਲਈ financial assistance, Re-capitalization of District Cooperative Banks 75 ਕਰੋੜ ਰੁਪਏ ਰੱਖੇ ਹਨ। ਸੋ, ਅਗਰ employment generate ਕਰਨੀ ਹੈ ਤਾਂ ਨੌਜਵਾਨੀ ਬਾਰੇ ਸੋਚਣਾ ਪੈਣਾ ਹੈ। ਡਰੱਗ ਘਟਾਉਣ ਸਬੰਧੀ ਯੂਥ ਬਾਰੇ ਸੋਚਣਾ ਬਹੁਤ ਜ਼ਰੂਰੀ ਹੈ ਔਰ ਉਸ ਦੇ ਵਿੱਚ ਮੈਂ ਸਮਝਦਾ ਹਾਂ ਕਿ employment ਵਿੱਚ ਪੰਜਾਬ ਹੁਨਰ ਯੋਜਨਾ, ਉਸ ਦਾ ਬਜਟ ਸੀ 179 ਕਰੋੜ ਰੁਪਏ ਸੀ ਤੇ ਅਸੀਂ ਪਿਛਲੇ ਸਾਲ ਵਿੱਚ ਸਾਢੇ ਸੱਤ ਕਰੋੜ ਰੁਪਏ ਖਰਚ ਕੀਤਾ ਹੈ। ਮੇਰਾ ਕਹਿਣ ਦਾ ਮਤਲਬ ਹੈ ਕਿ ਇੱਕ ਬੜੇ ਡਰੱਗ ਦੀ ਅਸੀਂ ਮੁਹਿੰਮ ਚਾਲੂ ਕੀਤੀ ਹੈ ਕਿ ਡਰੱਗਜ਼ ਨੂੰ ਖਤਮ ਕਰਨਾ ਹੈ । ਡਰੱਗ ਦੀ ਰੀਹੈਬਲੀਟੇਸ਼ਨ ਉਤੇ ਮੈਂ ਨਹੀਂ ਜਾਵਾਂਗਾ ਕਿਉਂਕਿ ਕਿਸੇ ਹੋਰ ਮੈਂਬਰ ਨੇ ਬੋਲਣਾ ਹੋਵੇਗਾ ।

**1440/Pawan sharma/Abhishek gautam**

**1445/Beant kaur**

ਜੇਕਰ ਅਸੀਂ 179 ਕਰੋੜ ਵਿਚੋਂ ਕੁੱਲ ਸਾਢੇ ਸੱਤ ਕਰੋੜ ਖਰਚ ਕੀਤਾ ਹੈ ਅਤੇ ਅਨਯੂਟੇਲਾਈਜ਼ਡ 170 ਕਰੋੜ ਗਿਆ ਹੈ, ਤਾਂ ਸਾਡੀ ਸਿਨਸਿਅਰਟੀ ਯੂਥ ਨੂੰ ਇੰਪਲਾਇਏਬਲ ਕਰਨ ਦੀ ਨਹੀਂ ਹੈ।

**ਮਾਣਯੋਗ ਸਪੀਕਰ :** ਟਾਈਮ ਵੱਲ ਧਿਆਨ ਕਰ ਲਓ ਕਿ ਆਪਣੇ ਮਿੱਤਰ ਵਾਲਾ ਟਾਈਮ ਵੀ ਲੈਣਾ ਹੈ?

**ਰਾਣਾ ਗੁਰਜੀਤ ਸਿੰਘ** : ਮੇਰਾ ਕਿਹੜਾ ਮਿੱਤਰ ਹੈ? ਬਾਜਵਾ ਸਾਹਿਬ? ਮੇਰੇ ਤੋਂ ਬਾਅਦ ਦੋ ਬੰਦਿਆਂ ਨੇ ਹੋਰ ਬੋਲਣਾ ਹੈ। ਮੇਰਾ ਮਿੱਤਰ ਕਿਹੜਾ ਹੈ? ਤੁਸੀਂ ਬਾਜਵਾ ਸਾਹਿਬ ਦੀ ਗੱਲ ਕਰਦੇ ਹੋ? ਇਹ ਤਾਂ ਮੇਰਾ ਲੀਡਰ ਹੈ।

**ਮਾਣਯੋਗ ਸਪੀਕਰ :** ਬਾਜਵਾ ਸਾਹਿਬ ਤੁਹਾਡੇ ਲੀਡਰ ਹਨ।

**ਰਾਣਾ ਗੁਰਜੀਤ ਸਿੰਘ**: ਸੋ, ਗੱਲ ਇਹ ਹੈ ਕਿ ਸਕਿੱਲ ਡਿਵੈਲਪਮੈਂਟ ਲਈ ਤੁਸੀਂ 230 ਕਰੋੜ ਰੁਪਿਆ ਰੱਖਿਆ ਹੈ। ਜਦ ਆਪਾਂ 170 ਕਰੋੜ ਰੁਪਿਆ ਨਹੀਂ ਖਰਚ ਕਰ ਸਕੇ ਫੇਰ ਆਪਾਂ ਕੀ ਆਸ ਰੱਖੀਏ ਕਿ ਸਰਕਾਰ 230 ਕਰੋੜ ਰੁਪਿਆ ਖਰਚੇਗੀ।

ਇਸੇ ਤਰ੍ਹਾਂ ਹੀ ਫੂਡ ਐਂਡ ਸਿਵਲ ਸਪਲਾਈ ਦੀ ਗੱਲ ਕਰੀਏ ਘਰ-ਘਰ ਮੁਫਤ ਰਾਸ਼ਨ ਯੋਜਨਾ- ਮੈਂ ਸਾਲ 2024-25 ਦੀ ਗੱਲ ਕਰ ਰਿਹਾ ਹਾਂ। ਪਰਪੋਜ਼ ਸੀ ਕਿ 1072 ਕਰੋੜ ਰੁਪਏ ਵਿਚੋਂ ਸਿਰਫ 24 ਕਰੋੜ ਰੁਪਿਆ ਖਰਚ ਕੀਤਾ ਗਿਆ ਹੈ। ਆਮ ਗਰੀਬ ਜਨਤਾ ਨੂੰ ਰਾਸ਼ਨ ਵੀ ਪੂਰਾ ਨਹੀਂ ਮਿਲ ਸਕਿਆ, ਸਾਨੂੰ ਇਸ ਪਾਸੇ ਗੌਰ ਕਰਨ ਦੀ ਲੋੜ ਹੈ। 31, ਮਾਰਚ ਤੱਕ 40 ਕਰੋੜ ਪਾ ਕੇ ਇਹ 64 ਕਰੋੜ ਰੁਪਿਆ ਹੋ ਜਾਵੇਗਾ। ਸੋ, ਆਊਟ ਆਫ 1072 ਕਰੋੜ ਆਪਾਂ ਕੇਵਲ 64 ਕਰੋੜ ਰੁਪਿਆ ਖਰਚ ਰਹੇ ਹਾਂ। ਇਹ ਬੜਾ ਸੀਰੀਅਸ ਮਸਲਾ ਹੈ, ਇਸ ਬਾਰੇ ਗੌਰ ਕੀਤਾ ਜਾਵੇ।

ਜੇਕਰ ਅਸੀਂ ਸੜਕਾਂ ਦੀ ਗੱਲ ਕਰੀਏ ਤਾਂ ਰੂਰਲ ਡਿਵੈਲਪਮੈਂਟ ਵਿੱਚ ਕਿਹਾ ਗਿਆ ਕਿ ਸਾਰੀਆਂ ਸੜਕਾਂ ਬਣਾਵਾਂਗੇ। ਕੰਸਟ੍ਰਕਸ਼ਨ ਪ੍ਰੋਗਰਾਮ-18,944 ਲਿੰਕ ਰੋਡਜ਼ ਰਿਕਾਰਡ ਬ੍ਰੇਕਿੰਗ- 2873 ਕਰੋੜ ਰੁਪਿਆ ਇਸ ਤੇ ਖਰਚ ਹੋਵੇਗਾ। ਪੀਡਬਲਿਊਡੀ ਵਾਸਤੇ ਸਾਲ 2024-25 ਦੀ ਗੱਲ ਕਰੀਏ ਤਾਂ ਉਸ ਵੇਲੇ ਬਜਟ 2695 ਕਰੋੜ ਸੀ ਅਤੇ ਐਕਚੁਲੀ 1082 ਕਰੋੜ ਖਰਚ ਹੋਇਆ ਸੀ। ਅਸੀਂ 1613 ਕਰੋੜ ਰੁਪਿਆ ਘੱਟ ਖਰਚ ਕੀਤਾ ਹੈ ਅਤੇ ਮੈਂ ਸਮਝਦਾ ਹਾਂ ਕਿ ਇਹ ਬੜੀ ਬੇਇਨਸਾਫੀ ਹੈ ਕਿਉਂਕਿ ਅਸੀਂ ਸਿਰਫ 40% ਯੂਟੇਲਾਈਜੇਸ਼ਨ ਕੀਤੀ ਹੈ ਅਤੇ 60% ਜਾਣ ਹੀ ਨਹੀਂ ਦਿੱਤਾ। ਇਸ ਵਾਰ ਤੁਸੀਂ ਫੇਰ ਕਿਹਾ ਹੈ ਕਿ ਨਵੀਆਂ ਸੜਕਾਂ ਬਣਾ ਦੇਵਾਂਗੇ। ਜੇਕਰ ਅਸੀਂ ਰੂਰਲ ਡਿਵੈਲਪਮੈਂਟ ਦੀ ਗੱਲ ਕਰੀਏ।

**ਮਾਣਯੋਗ ਸਪੀਕਰ :** ਰਾਣਾ ਜੀ, ਹੁਣ ਨੈਕਸਟ ਸਪੀਕਰ ਨੂੰ ਗੱਲ ਕਰ ਲੈਣ ਦਿਓ।

**ਰਾਣਾ ਗੁਰਜੀਤ ਸਿੰਘ**: ਅੱਛਾ, ਫੇਰ ਮੈਂ ਤੁਹਾਡੇ ਇਲਾਕੇ ਵਾਲੀ ਕਾੱਟਨ ਵਾਲੀ ਗੱਲ ਕਰ ਲਵਾਂ।

**ਮਾਣਯੋਗ ਸਪੀਕਰ :** ਠੀਕ ਹੈ ਜੀ। ਦੋ ਮਿੰਟ ਲੈ ਲਓ।

**ਰਾਣਾ ਗੁਰਜੀਤ ਸਿੰਘ**: ਸਪੀਕਰ ਸਾਹਿਬ, ਪੰਜਾਬ ਦਾ ਪਾਣੀ ਥੱਲੇ ਜਾ ਰਿਹਾ ਹੈ ਅਤੇ ਇਹ ਡੇਲੀ ਵੱਧ ਰਿਹਾ ਹੈ। ਸਰਕਾਰ ਵੀ ਚਿੰਤਾ ਕਰ ਰਹੀ ਹੈ ਕਿ ਅਸੀਂ ਟੇਲਾਂ ਤੇ ਪਾਣੀ ਪਹੁੰਚਾਉਣਾ ਹੈ। ਟੇਲਾਂ ਤੇ ਪਾਣੀ ਤਾਂ ਪਹੁੰਚੇਗਾ ਜੇਕਰ ਮਾਲਵੇ ਵਿੱਚ ਝੋਨਾ ਘਟੇਗਾ। ਮਾਲਵੇ ਦਾ ਕਿਸਾਨ ਅਗਰ ਸਰਦਾਰ ਸੀ ਤਾਂ ਉਹ ਕਾੱਟਨ ਕਰਕੇ ਸੀ ਕਿਉਂਕਿ ਉਹ ਪਿੰਡ ਦੇ ਕਾਮੇ ਪਰਿਵਾਰਾਂ ਦੀ ਟੇਕ ਕੇਅਰ ਕਰਦਾ ਸੀ। ਅੱਜ ਸੀਜ਼ਨ ਆਉਂਦਾ ਹੈ, ਕਣਕ ਬੀਜ ਦਿੰਦੇ ਹਨ, ਝੋਨਾ ਬੀਜਣ ਵਾਲੇ ਯੂਪੀ-ਬਿਹਾਰ ਤੋਂ ਆ ਕੇ ਬੀਜ ਦਿੰਦੇ ਹਨ। ਨਾ ਕੇਵਲ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵੀ ਪੂਰੀ ਤਰ੍ਹਾਂ ਇਫੈਕਟਿਡ ਹਨ। ਅਸੀਂ ਸੌਂ ਗਏ, ਇਕ ਵਾਰ ਪਹਿਲਾਂ ਵੀ ਮਿਡ 1900 ਵਿੱਚ ਵੀ ਸੌਂ ਗਏ ਸੀ ਅਤੇ ਸਾਡਾ ਕਾੱਟਨ ਅਮੇਰਿਕਨ ਬਾੱਲ ਵੋਰਮ ਖਾ ਗਿਆ ਸੀ। ਫੇਰ ਸਾਡੀ ਸਰਕਾਰ ਵੇਲੇ ਸਾਲ 2002 ਤੋਂ ਬਾਅਦ ਉਸ ਬਾੱਲ ਵੋਰਮ ਨੂੰ ਕੰਟਰੋਲ ਕਰਨ ਲਈ ਬੀਟੀ ਕਾੱਟਨ ਲਿਆਂਦੀ ਗਈ। ਜਿੰਮੀਦਾਰ ਦਾ ਫਾਇਦਾ ਹੋਇਆ, ਉਸ ਵੇਲੇ ਏਰੀਆ ਅੰਡਰ ਕਾੱਟਨ ਕਲਟੀਵੇਸ਼ਨ ਬਹੁਤ ਘਟਿਆ ਹੋਇਆ ਸੀ ਅਤੇ ਮੁੜ ਕੇ ਸਾਢੇ ਚਾਰ ਲੱਖ ਹੈਕਟੇਅਰ ਤੇ ਪਹੁੰਚ ਗਿਆ। ਅੱਜ

ਫੇਰ ਗੁਲਾਬੀ ਸੁੰਡੀ ਪੈ ਗਈ ਹੈ। ਮੈਂ ਕਲ੍ਹ ਇਸ ਵਾਸਤੇ ਨਹੀਂ ਉੱਠਿਆ ਸੀ ਕਿਉਂਕਿ ਤੁਹਾਨੂੰ ਹੀ ਮਾੜਾ ਕਹਿਣਾ ਸੀ। ਗੁਲਾਬੀ ਸੁੰਡੀ ਓਵਰਨਾਈਟ ਨਹੀਂ ਆਈ, ਸਾਨੂੰ ਇਸ ਵਾਸਤੇ ਗੌਰ ਕਰਨ ਦੀ ਲੋੜ ਸੀ। ਅੱਜ ਤੋਂ ਪੰਜ ਸਾਲ ਪਹਿਲਾਂ ਇਸ ਵਾਸਤੇ ਬਾੱਲ ਗਾਰਡ-3 ਲਿਆਉਣ ਦੀ ਲੋੜ ਸੀ। ਅਸੀਂ ਤਾਂ ਨਹੀਂ ਲਿਆ ਸਕੇ ਪਰ ਤਿੰਨ ਸਾਲ ਤੁਹਾਨੂੰ ਵੀ ਹੋ ਗਏ ਹਨ, ਮੰਤਰੀ ਜੀ ਬੈਠੇ ਹਨ ਅਤੇ ਇਹ ਉਸੇ ਕਾੱਟਨ ਬੈਲਟ ਚੋਂ ਆਉਂਦੇ ਹਨ। 98000 ਹੈਕਟੇਅਰ ਰਕਬਾ ਕੇਵਲ ਤੇ ਕੇਵਲ ਕਿਤਾਬਾਂ ਵਿੱਚ ਹੈ। ਇੰਨਾ ਵੀ ਨਹੀਂ ਹੋਏਗਾ। 450 ਜਿੰਨਿੰਗ ਮਿੱਲਾਂ ਸਨ ਪਰ ਇਸ ਵਾਰ ਕੇਵਲ 30 ਜਿੰਨਿੰਗ ਮਿੱਲਾਂ ਚੱਲਣਗੀਆਂ। ਸਪਿੰਨਿੰਗ ਮਿੱਲਾਂ ਬੰਦ ਹੋ ਗਈਆਂ।

**1445/Beant kaur/Abhishek gautam**

**1450/Karamjit kaur**

ਜਿਹੜੀਆਂ ਹੋਰ ਫੈਬਰਿਕ ਬਣਾਉਂਦੀਆਂ ਸੀ, ਗਾਰਮੈਂਟਸ ਬਣਾਉਂਦੀਆਂ ਸੀ, ਇਸ ਸੈਕਟਰ ਦੇ ਵਿੱਚ ਬੜਾ ਭਾਰੀ ਨੁਕਸਾਨ ਹੋਇਆ। ਸਾਨੂੰ ਇਸ ਕੰਮ ਨੂੰ ਦੁਬਾਰਾ ਸੁਰਜੀਵਤ ਕਰਨ ਲਈ Bollgard-3 ਦੇ ਉਤੇ ਕੰਮ ਕਰਨਾ ਚਾਹੀਦਾ ਹੈ ਬਲਕਿ Bollgard-4 ਵੀ ਲਿਆਉਣਾ ਚਾਹੀਦਾ ਹੈ, ਜੇ ਹੋ ਸਕੇ। ਇਸ ਦੇ ਨਾਲ ਯੀਲਡ ਵੀ ਵਧੇਗੀ ਅਤੇ ਗੁਲਾਬੀ ਸੁੰਡੀ ਨੂੰ ਵੀ ਅਸਰ ਨਹੀਂ ਆਵੇਗਾ, ਸਾਡਾ ਪਾਣੀ ਦਾ ਸਤਰ ਵੀ ਥੱਲੇ ਨਹੀਂ ਜਾਵੇਗਾ ਔਰ ਬਿਜਲੀ ਦੀ ਖਪਤ ਘਟੇਗੀ, ਜਿਹੜਾ ਕੋਟਨ ਦਾ ਏਰੀਆ ਪੈਡੀ 'ਤੇ ਚਲਿਆ ਗਿਆ ਹੈ, ਉਸ ਨੂੰ ਵਾਪਸ ਲਿਆਈਏ, ਉਸ ਦੇ ਲਈ ਮੰਤਰੀ ਜੀ ਵੈਸੇ ਤਾਂ ਤੁਹਾਨੂੰ ਹੀ ਬਹਿਸ ਮੰਗ ਲੈਣੀ ਚਾਹੀਦੀ ਹੈ। ਮੈਂ ਤਾਂ ਆਪਣੀ ਜਿੰਨੀ ਕੁ ਸੀ, ਬਹਿਸ ਕਰ ਲਈ ਹੈ। ਆਪਾਂ ਇਸ ਦੇ ਬਾਰੇ ਜ਼ਰੂਰ ਸੋਚੀਏ ਅਤੇ ਪੰਜਾਬ ਨੂੰ ਬਚਾਉਣ ਵਾਲੀ ਗੱਲ ਕਰੀਏ। ਤੁਹਾਡਾ ਬਹੁਤ-ਬਹੁਤ ਧੰਨਵਾਦ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ (ਬਾਘਾ ਪੁਰਾਣਾ):** ਸਭ ਤੋਂ ਪਹਿਲਾਂ ਸਪੀਕਰ ਸਾਹਿਬ ਤੁਹਾਡਾ ਬਹੁਤ-ਬਹੁਤ ਧੰਨਵਾਦ। ਤੁਹਾਡੇ ਨਾਲ ਹੀ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਅਤੇ ਸਾਡੇ ਵਿੱਤ ਮੰਤਰੀ ਚੀਮਾ ਸਾਹਿਬ ਜੀ ਦਾ ਧੰਨਵਾਦ, ਜਿਹੜੇ ਕਿ ਪੰਜਾਬ ਵਾਸਤੇ ਅਤੇ ਪੰਜਾਬ ਦੇ ਲੋਕਾਂ ਦੇ ਵਾਸਤੇ ਬਹੁਤ ਹੀ ਵਧੀਆ ਬਜਟ ਲੈ ਕੇ ਆਏ ਹਨ ਅਤੇ ਮੈਨੂੰ ਵੀ ਉਸ ਬਜਟ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਆਪਣੀ ਸਰਕਾਰ ਦਾ ਲਗਭੱਗ ਚੌਥਾ ਬਜਟ ਹੈ ਜੋ ਕਿ 2 ਲੱਖ 36 ਹਜ਼ਾਰ 80 ਕਰੋੜ ਰੁਪਏ ਦਾ ਹੈ। ਜੇ ਮੈਂ ਪਿਛਲੇ ਚਾਰ ਸਾਲਾਂ ਦਾ ਆਪਣੀ ਸਰਕਾਰ ਦਾ ਕੰਪੈਰੇਜਿਨ ਕਰਾਂ ਜਾਂ ਉਸ ਬਾਅਦ ਸਾਲ 2021-22 ਪੁਰਾਣੀ ਸਰਕਾਰ ਦਾ ਕੰਪੈਰੇਜਿਨ ਕਰਾਂ ਤਾਂ ਸਾਲ 2021-22 ਦੀ ਪੁਰਾਣੀ ਸਰਕਾਰ ਦੇ ਨਾਲੋਂ ਚੌਥੇ ਸਾਲ ਵਿੱਚ ਆਪਣੀ ਪੰਜਾਬ ਸਰਕਾਰ ਦਾ ਜੋ ਬਜਟ ਹੈ, ਉਹ ਅਸੀਂ ਲਗਭੱਗ ਡਬਲ ਦੇ ਕਰੀਬ ਲੈ ਕੇ ਜਾਣ ਵਿੱਚ ਕਾਮਯਾਬ ਹੋਏ ਹਾਂ। (ਥੰਪਿੰਗ) ਆਪਾਂ 1 ਲੱਖ 40-45 ਹਜ਼ਾਰ ਕਰੋੜ ਰੁਪਏ ਤੋਂ ਚੱਲੇ ਸੀ ਅਤੇ ਇਸ ਨੂੰ ਵਧਾ ਕੇ 2 ਲੱਖ 36 ਹਜ਼ਾਰ 80 ਕਰੋੜ ਰੁਪਏ ਉਪਰ ਪਹੁੰਚੇ ਹਾਂ।

ਸਪੀਕਰ ਸਾਹਿਬ, ਜੇ ਮੈਂ ਗੱਲ ਕਰਾਂ, ਸਾਲ 1980 ਦੇ ਵਿੱਚ ਆਪਣੇ ਪੰਜਾਬ ਨੂੰ ਸੋਨੇ ਦੀ ਚਿੜੀ ਕਹਿੰਦੇ ਸੀ। ਸਾਲ 1980 ਦੇ ਵਿੱਚ ਪ੍ਰਤੀ ਵਿਅਕਤੀ ਆਮਦਨ ਵਿੱਚ ਪੰਜਾਬ ਦਾ ਪਹਿਲਾ ਸਥਾਨ ਸੀ। 1980 ਤੋਂ ਲੈ ਕੇ ਸਾਲ 2022 ਤੱਕ ਆਉਂਦੇ ਆਉਂਦੇ ਆਪਣਾ ਪੰਜਾਬ ਪ੍ਰਤੀ ਵਿਅਕਤੀ ਆਮਦਨ ਵਿੱਚ ਪੂਰੇ ਦੇਸ਼ ਵਿੱਚੋਂ ਪਹਿਲੇ ਸਥਾਨ ਤੋਂ ਪਿੱਛੇ ਹੋ ਕੇ

ਲਗਭੱਗ 15ਵੇਂ ਸਥਾਨ ਤੇ ਪਹੁੰਚ ਗਿਆ ਹੈ। ਸਾਲ 2022 ਤੋਂ ਬਾਅਦ ਜਿਹੜੀ ਆਪਾਂ ਤਰੱਕੀ ਦੀ ਸ਼ੁਰੂਆਤ ਕੀਤੀ ਹੈ। ਮੈਨੂੰ ਬਜਟ 'ਤੇ ਬੋਲਣ ਦਾ ਮੌਕਾ ਮਿਲਿਆ ਹੈ। ਆਪਾਂ ਇਸ ਸਰਕਾਰ ਦੇ ਵਿੱਚ ਬੈਠੇ ਹਾਂ। ਜਿਹੜੀਆਂ ਵਧੀਆ ਚੀਜ਼ਾਂ ਹਨ, ਉਹ ਜ਼ਰੂਰ ਗਿਣਾਉਣੀਆਂ ਹਨ ਤਾਂ ਕਿ ਉਹ ਲੋਕਾਂ ਤੱਕ ਜਾਣ ਤਾਂ ਕਿ ਆਪਣੀਆਂ ਸੇਵਾਵਾਂ ਆਪਣੀਆਂ ਸਰਵਿਸਿਜ ਲੋਕਾਂ ਤੱਕ ਜਾਣ ਪਰ ਨਾਲ ਦੀ ਨਾਲ ਜੇ ਕਿਤੇ ਕੋਈ ਕਮੀ-ਪੇਸ਼ੀ ਹੋਈ, ਮੈਂ ਉਹ ਵੀ ਦੱਸਾਂਗਾ। ਸਾਡੇ ਵਿੱਤ ਮੰਤਰੀ ਸਾਹਿਬ ਇੱਥੇ ਬੈਠੇ ਹਨ। ਮੈਨੂੰ ਬਾਕੀ ਚੀਜ਼ਾਂ ਦੇ ਨਾਲ ਨਾਲ ਆਪਣੇ ਬਜਟ ਦੇ ਵਿੱਚ ਜਿਹੜੀਆਂ ਦੋ ਕਮੀਆਂ ਜ਼ਰੂਰ ਨਜ਼ਰ ਆਈਆਂ ਹਨ, ਉਨ੍ਹਾਂ ਵਿੱਚੋਂ ਪਹਿਲੀ ਹੈ ਕਿ ਇੱਕ ਤਾਂ ਬਜਟ ਵਿੱਚ ਕੋਈ ਉਰਦੂ ਦਾ ਸ਼ੇਅਰ ਨਹੀਂ ਆਇਆ, ਜਿਹੜਾ ਕਿ ਪਿਛਲੇ 10-15 ਸਾਲਾਂ ਦੇ ਵਿੱਚ ਆਉਂਦਾ ਹੁੰਦਾ ਸੀ ਅਤੇ ਦੂਜੀ ਸਾਰੇ ਬਜਟ ਦੇ ਵਿੱਚ ਮੇਰੇ ਵਿੱਤ ਮੰਤਰੀ ਸਾਹਿਬ ਨੇ ਕਦੇ ਇਹ ਨਹੀਂ ਲਿਖਿਆ ਕਿ ਖਜ਼ਾਨਾ ਖਾਲੀ ਹੈ। (ਥੰਪਿੰਗ) ਮਤਲਬ ਇਨ੍ਹਾਂ ਦੋ ਚੀਜ਼ਾਂ ਦੀ ਮੈਨੂੰ ਸਭ ਤੋਂ ਵੱਧ ਖੁਸ਼ੀ ਹੈ ਜੀ ਕਿ ਇਹ ਕਮੀਆਂ ਸਾਡੇ ਬਜਟ ਦੇ ਵਿੱਚ ਰਹਿ ਗਈਆਂ ।

ਸਰ, ਐਜੂਕੇਸ਼ਨ 'ਤੇ, ਹੈਲਥ 'ਤੇ, ਖੇਤੀਬਾੜੀ 'ਤੇ, ਸਪੋਰਟਸ 'ਤੇ, ਬਿਜਲੀ 'ਤੇ, ਸ਼ਹਿਰਾਂ ਵਾਸਤੇ, ਪਿੰਡਾਂ ਵਾਸਤੇ ਅਤੇ ਪਾਣੀ ਵਾਸਤੇ ਲਗਭੱਗ ਹਰ ਵਰਗ ਦੇ ਵਾਸਤੇ ਕ੍ਰਮਵਾਰ, ਮੈਂ ਜ਼ਿਆਦਾ ਡਿਟੇਲ ਵਿੱਚ ਇਨ੍ਹਾਂ ਲਈ ਨਹੀਂ ਜਾਣਾ ਚਾਹੁੰਦਾ ਕਿਉਂਕਿ ਮੇਰੇ ਬਾਕੀ ਮੈਂਬਰ ਸਾਹਿਬ ਵੀ ਬੋਲਣਗੇ। ਉਹ ਇਨ੍ਹਾਂ ਗੱਲਾਂ ਉਪਰ ਗੱਲ ਕਰਨਗੇ। ਸਰ, ਮੈਂ ਸਭ ਤੋਂ ਇੰਪਾਰਟੈਂਟ ਜਿਹੜੇ ਤਿੰਨ ਵਿਸ਼ੇ ਹਨ, ਪਹਿਲਾ ਨਸ਼ਿਆਂ ਵਾਲਾ, ਦੂਜਾ ਰੁਜ਼ਗਾਰ ਦੇਣ ਵਾਲਾ ਨੌਕਰੀਆਂ ਵਾਲਾ ਅਤੇ ਤੀਜਾ ਜਿਹੜਾ ਸਪੋਰਟਸ ਡਿਪਾਰਟਮੈਂਟ ਹੈ, ਮੈਨੂੰ ਹੁਕਮ ਹੋਇਆ ਹੈ ਕਿ ਮੈਂ ਇਨ੍ਹਾਂ ਤਿੰਨ ਵਿਸ਼ਿਆਂ ਬਾਰੇ ਡਿਟੇਲ ਵਿੱਚ ਗੱਲ ਕਰਾਂ।

ਸਰ, ਜਦੋਂ ਵੀ ਨਸ਼ੇ ਦੀ ਗੱਲ ਕਰਦੇ ਹਾਂ। ਆਪਣੀ ਸਰਕਾਰ ਨੇ ਗੱਲ ਕੀਤੀ ਤਾਂ ਬੜੇ ਸਾਰੇ ਲੋਕ ਕਹਿੰਦੇ ਹਨ, ਵਿਰੋਧੀ ਧਿਰ ਵਾਲੇ ਕਹਿ ਦਿੰਦੇ ਹਨ ਕਿ ਤੁਸੀਂ ਪਹਿਲੇ ਤਿੰਨਾਂ ਸਾਲਾਂ ਦੇ ਵਿੱਚ ਕੀ ਕੀਤਾ ਅਤੇ ਤੁਸੀਂ ਪਿਛਲੇ ਇੱਕ ਮਹੀਨੇ ਵਿੱਚ ਹੀ ਨਸ਼ਿਆਂ ਦੇ ਮਗਰ ਪਏ ਹੋ। ਸਰ, ਮੈਂ ਇਸ ਇੱਕ ਮਹੀਨੇ ਦੀ ਡਿਟੇਲ ਵੀ ਤੁਹਾਨੂੰ ਦੱਸਾਂਗਾ ਅਤੇ ਨਾਲ ਦੀ ਨਾਲ ਜਿਹੜੀ ਮੇਰੀ ਸਰਕਾਰ ਦੀ ਪਿਛਲੇ ਤਿੰਨ ਮਹੀਨਿਆਂ ਦੀ ਕਾਰਗੁਜਾਰੀ ਹੈ, ਮੈਂ ਉਸ ਦਾ ਪਰਾਪਰ ਡਿਟੇਲ ਵਿੱਚ ਡਾਟਾ ਲੈ ਕੇ ਆਇਆ ਹਾਂ, ਜਿਸ ਦੇ ਵਿੱਚ ਮਿਤੀ 16.3.2022 ਤੋਂ ਲੈ ਕੇ 16.1.2025 ਤੱਕ ਵੇਰਵਾ ਹੈ। ਸਰ, ਮੈਂ ਇਸ ਦੇ ਵਿੱਚ ਪਿਛਲੇ ਤਿੰਨ ਮਹੀਨੇ ਕਾਊਂਟ ਨਹੀਂ ਕੀਤੇ ਜਦੋਂ ਤੋਂ ਆਪਾਂ ਯੁੱਧ ਨਸ਼ਿਆਂ ਵਿਰੁੱਧ ਵਾਲੀ ਕੰਪੇਨ ਸਟਾਰਟ ਕੀਤੀ ਹੈ। ਇਸ ਦੇ ਵਿੱਚ ਲਗਭੱਗ ਪਿਛਲੇ ਤਿੰਨ ਸਾਲਾਂ ਵਿੱਚ 31784 ਕੇਸ ਰਜਿਸਟਰਡ ਕੀਤੇ ਹਨ। ਅਸੀਂ ਲਗਭੱਗ 43505 ਗ੍ਰਿਫਤਾਰੀਆਂ ਪਾਈਆਂ ਹਨ। ਸਾਡੀ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿੱਚ 3068 ਕਿਲੋਗ੍ਰਾਮ ਹੈਰੋਇਨ ਦੀ ਰਿਕਵਰੀ ਕੀਤੀ ਹੈ ਅਤੇ 2685 ਕਿਲੋਗ੍ਰਾਮ ਜਿਸ ਨੂੰ ਆਪਾਂ ਦੇਸੀ ਭਾਸ਼ਾ ਵਿੱਚ ਡੋਡੇ ਜਾਂ ਭੁੱਕੀ ਕਹਿ ਦਿੰਦੇ ਹਾਂ, ਉਸ ਦੀ ਰਿਕਵਰੀ ਕੀਤੀ ਹੈ। ਲਗਭੱਗ 4.83 ਕਰੋੜ ਕੈਪਸੂਲ ਅਤੇ ਗੋਲੀਆਂ ਸਾਡੀ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿਚ ਫੜੀਆਂ ਹਨ।

**1450/Karamjit kaur/BS khokhar**

**1455/harpreet singh**

ਲਗਭੱਗ 235 ਲੋਕ ਜਿਹੜੇ ਪੀ.ਓ. ਕਰਾਰ ਦਿੱਤੇ ਹੋਏ ਸੀ, 58 ਲੋਕ ਜਿਨ੍ਹਾਂ ਤੇ ਨਸ਼ੇ ਦੇ ਪਰਚੇ ਸੀ ਪਰ ਉਹ ਪੈਰੋਲ ਤੇ ਬਾਹਰ ਸੀ ਅਤੇ 600 ਲੋਕ ਉਹ ਜਿਨ੍ਹਾਂ ਤੇ ਪਰਚੇ ਵੀ ਸੀ ਪਰ ਉਹ ਜੇਲ੍ਹਾਂ ਤੋਂ ਭੱਜੇ ਹੋਏ ਸੀ, ਸਾਡੀ ਸਰਕਾਰ ਨੇ ਉਨ੍ਹਾਂ ਸਾਰਿਆਂ ਨੂੰ ਫੜ ਕੇ ਫਿਰ ਜੇਲ੍ਹਾਂ ਵਿਚ ਭੇਜਿਆ ਹੈ। ਸਪੀਕਰ ਸਾਹਿਬ, ਇਹ ਤਾਂ ਮੈਂ ਪਿਛਲੇ ਤਿੰਨ ਸਾਲਾਂ ਦੀ ਗੱਲ ਕੀਤੀ ਹੈ। ਸਪੀਕਰ ਸਾਹਿਬ, 2018 ਤੋਂ ਲੈ ਕੇ 2021 ਤੱਕ ਜਿਹੜੇ ਲੋਕਾਂ ਤੇ ਪਰਚੇ ਦਰਜ ਹੋ ਜਾਂਦੇ ਸੀ, ਜਦੋਂ ਉਹ ਮਾਮਲੇ ਅਦਾਲਤ ਵਿਚ ਪਹੁੰਚਦੇ ਸੀ, ਉੱਥੇ ਇਨਵੈਸਟੀਗੇਸ਼ਨ ਅਫ਼ਸਰ ਮੁੱਕਰ ਜਾਂਦਾ ਸੀ, ਜਿਸ ਕਾਰਨ ਪਰਚਾ ਦਰਜ ਹੋਣ ਦੇ ਬਾਵਜੂਦ ਨਸ਼ੇ ਦਾ ਵਪਾਰੀ ਬਾਹਰ ਆ ਜਾਂਦਾ ਸੀ। ਸਪੀਕਰ ਸਾਹਿਬ, ਸਾਡੀ ਸਰਕਾਰ ਨੇ 59 ਫੀਸਦੀ ਤੋਂ ਲੈ ਕੇ 85 ਫੀਸਦੀ ਤੱਕ ਪਿਛਲੇ ਤਿੰਨ ਸਾਲਾਂ ਵਿਚ ਵਾਧਾ ਕੀਤਾ ਹੈ ਭਾਵ ਐਨੇ ਨਸ਼ੇ ਵੇਚਣ ਵਾਲਿਆਂ ਨੂੰ ਜੇਲ੍ਹ ਭੇਜਿਆ ਹੈ। ਸਾਡੀ ਸਰਕਾਰ ਨੇ ਉਨ੍ਹਾਂ ਲੋਕਾਂ ਦੀਆਂ 324 ਕਰੋੜ ਦੀਆਂ ਪ੍ਰਾਪਰਟੀਜ਼ ਅਟੈਚ ਕੀਤੀਆਂ, ਜਿਨ੍ਹਾਂ ਨੇ ਸਾਡੀਆਂ ਮਾਵਾਂ ਦੇ ਪੁੱਤ ਮਾਰੇ, ਸਾਡੀਆਂ ਭੈਣਾਂ ਦੇ ਭਰਾ ਮਾਰੇ। ਸਪੀਕਰ ਸਾਹਿਬ, ਮੈਂ ਸਾਰਾ ਬਜਟ ਬੜੇ ਧਿਆਨ ਨਾਲ ਪੜ੍ਹਿਆ ਹੈ ਪਰ ਸਭ ਤੋਂ ਵੱਧ ਖੁਸ਼ੀ ਮੈਨੂੰ ਉਦੋਂ ਹੋਈ ਜਦੋਂ ਸਾਡੀ ਸਰਕਾਰ ਨੇ ਸਭ ਤੋਂ ਵੱਡੀ ਪਹਿਲ ਨਸ਼ਿਆਂ ਦੇ ਮਾਮਲੇ ਵਿਚ ਕੀਤੀ। ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਜਦੋਂ ਵੀ ਕੋਈ ਨਸ਼ਿਆਂ ਦੀ ਗੱਲ ਕਰਦਾ ਸੀ, ਚਾਹੇ ਕੋਈ ਵੀ ਲੀਡਰ ਗੱਲ ਕਰਦਾ ਸੀ ਤਾਂ ਉਹ ਡਰਦਾ ਜ਼ਰੂਰ ਸੀ। ਮੈਨੂੰ ਵੀ ਕਈ ਵਾਰ ਰਾਊਂਡ ਟੇਬਲ ਮੀਟਿੰਗਾਂ ਵਿਚ ਬੈਠਣ ਦਾ ਮੌਕਾ ਮਿਲਿਆ। ਸਾਨੂੰ ਬੜੇ ਲੋਕ ਸਮਝਾਉਂਦੇ ਹੁੰਦੇ ਸੀ ਕਿ ਜੇਕਰ ਨਸ਼ੇ ਨੂੰ ਖਤਮ ਕਰਨਾ ਹੈ ਤਾਂ ਇਸ ਦਾ ਇਕ ਹੀ ਇਲਾਜ ਹੈ ਕਿ ਨਸ਼ੇ ਦੀ ਗੱਲ ਕਰਨਾ ਬੰਦ ਕਰ ਦਿਓ। ਪਹਿਲਾਂ ਇਹ ਸੋਚ ਹੁੰਦੀ ਸੀ ਪਰ ਸਾਡੀ ਸਰਕਾਰ ਨੇ, ਸਾਡੇ ਮੁੱਖ ਮੰਤਰੀ ਸਾਹਿਬ, ਸਾਡੀ ਸਰਕਾਰ ਦੀ ਸਾਰੀ ਟੀਮ ਨੇ 1 ਮਾਰਚ, 2025 ਤੋਂ ਰਲ ਮਿਲ ਕੇ ਯੋਜਨਾ ਬਣਾਈ। ਸਪੀਕਰ ਸਾਹਿਬ, ਆਪਾਂ ਇਹ ਨਹੀਂ ਕਹਿਣਾ ਕਿ ਨਸ਼ੇ ਦੀ ਗੱਲ ਕਰਨੀ ਬੰਦ ਕਰ ਦਿਓ। ਅਸੀਂ ਪਿਛਲੇ ਤਿੰਨ ਮਹੀਨਿਆਂ ਵਿਚ ਲੱਗਭਗ 2104 ਐਫ.ਆਈ.ਆਰ. ਦਰਜ ਕੀਤੀਆਂ ਅਤੇ 3816 ਅਰੈਸਟ ਪਾਈਆਂ। ਸਪੀਕਰ ਸਾਹਿਬ, ਬਜਟ ਵਿਚ ਲਿਖਿਆ ਗਿਆ ਹੈ ਕਿ 5 ਹਜ਼ਾਰ ਨਵੇਂ ਨੌਜੁਆਨ ਭਰਤੀ ਕੀਤੇ ਜਾਣਗੇ, ਜੋ ਬਾਰਡਰਾਂ ਤੇ ਤਾਇਨਾਤ ਕੀਤੇ ਜਾਣਗੇ ਤਾਂ ਜੋ ਬਾਰਡਰ ਪਾਰੋਂ ਨਸ਼ਾ ਨਾ ਆਵੇ। 758 ਨਵੀਆਂ ਗੱਡੀਆਂ ਦਿੱਤੀਆਂ ਗਈਆਂ ਹਨ। ਜਦੋਂ ਕਦੇ ਕੋਈ ਕੰਪਲੇਂਟ ਆਵੇਗੀ ਚਾਹੇ ਡਰੱਗ ਦੀ ਹੋਵੇ ਜਾਂ ਕਿਸੇ ਹੋਰ ਜੁਰਮ ਦੀ ਹੋਵੇ ਤਾਂ 8 ਮਿੰਟ ਦੇ ਵਿਚ ਵਿਚ ਸਾਡੀ ਗੱਡੀ ਉੱਥੇ ਪਹੁੰਚ ਜਾਵੇਗੀ। ਸੋ, ਮੈਨੂੰ 200 ਫੀਸਦੀ ਯਕੀਨ ਹੈ ਕਿ ਜਦੋਂ ਆਪਾਂ ਸਾਰੀਆਂ ਪਾਰਟੀਆਂ ਦੇ ਲੋਕ ਰਲ ਕੇ ਨਸ਼ਿਆਂ ਨੂੰ ਰੋਕਣ ਦੀ ਗੱਲ ਕਰਾਂਗੇ ਤਾਂ ਅਸੀਂ ਆਪਣੇ ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਵਿਚੋਂ ਨਸ਼ੇ ਦੇ ਕੋਹੜ ਨੂੰ ਖਤਮ ਕਰਨ ਵਿਚ ਕਾਮਯਾਬ ਹੋਵਾਂਗੇ। ਸੋ, ਸਾਨੂੰ ਸਾਰਿਆਂ ਦੇ ਸਹਿਯੋਗ ਦੀ ਜ਼ਰੂਰਤ ਹੈ।

ਸਪੀਕਰ ਸਾਹਿਬ, ਸਪੋਰਟਸ ਬਾਰੇ ਮੈਂ ਪਿਛਲੇ ਬਜਟ ਵੀ ਦੇਖੇ ਹਨ। ਮੈਨੂੰ ਨਹੀਂ ਲਗਦਾ ਕਿ ਕਿਸੇ ਵੀ ਸਰਕਾਰ ਨੇ ਸਪੋਰਟਸ ਨੂੰ ਸੀਰੀਅਸਲੀ ਲਿਆ ਹੈ। ਪਿਛਲੀਆਂ ਸਰਕਾਰਾਂ ਵਿਚ ਸਪੋਰਟਸ ਦਾ 50 ਕਰੋੜ ਦਾ ਬਜਟ ਹੁੰਦਾ ਸੀ, ਜਿਸ ਵਿਚੋਂ 30 ਕਰੋੜ ਦੇ ਇਨਾਮ ਹੁੰਦੇ ਸੀ। ਬਜਟ 100 ਕਰੋੜ ਹੁੰਦਾ ਸੀ, ਜਿਸ ਵਿਚੋਂ 40-50 ਕਰੋੜ ਤਨਖਾਹਾਂ ਵਿਚ ਨਿਕਲ ਜਾਂਦਾ ਸੀ, ਪਿੱਛੇ ਕੁੱਝ ਨਹੀਂ ਸੀ ਬਚਦਾ। ਮੈਨੂੰ ਦੱਸਦਿਆਂ ਮਾਣ ਮਹਿਸੂਸ ਹੁੰਦਾ ਹੈ ਕਿ ਮੇਰੀ ਸਰਕਾਰ ਇਤਿਹਾਸ ਵਿਚ ਪਹਿਲੀ ਵਾਰ ਖੇਡਾਂ ਦੇ ਬਜਟ ਨੂੰ 980 ਕਰੋੜ ਦੇ ਨੇੜੇ ਲਿਜਾਣ ਵਿਚ ਕਾਮਯਾਬ ਹੋਈ ਹੈ। (ਥੰਪਿੰਗ) ਸਪੀਕਰ ਸਾਹਿਬ, ਇਸ ਨਾਲ ਮੇਰੇ ਪੰਜਾਬ ਦੇ ਨੌਜੁਆਨਾਂ ਨੂੰ ਖੇਡ ਸਹੂਲਤਾਂ ਮਿਲਣੀਆਂ ਅਤੇ ਗਰਾਉਂਡ ਬਣਨਗੇ। ਸਪੀਕਰ ਸਾਹਿਬ, ਇਸੇ ਬਜਟ ਵਿਚ ਪ੍ਰੋਵਿਜ਼ਨ ਕੀਤੀ ਗਈ ਹੈ ਕਿ ਪਿੰਡਾਂ ਵਿਚ 3 ਹਜ਼ਾਰ ਓਪਨ ਜਿੰਮਾਂ

ਬਣਨਗੀਆਂ। ਸਪੀਕਰ ਸਾਹਿਬ, ਮੈਂ ਆਪਣੀ ਸਰਕਾਰ ਦੀ ਇੰਟੈਲੀਜੈਂਸ ਦੱਸਦਾ ਹਾਂ ਕਿ ਕੱਲ੍ਹ ਜਦੋਂ ਹੀ ਬਜਟ ਵਿਚ ਇਹ ਪ੍ਰੋਵਿਜ਼ਨ ਪੇਸ਼ ਹੋਇਆ ਤਾਂ ਮੇਰੇ ਕੋਲ ਨਾਲ ਦੀ ਨਾਲ ਸਬੰਧਤ ਡਿਪਾਰਟਮੈਂਟ ਵਾਲੇ ਆ ਗਏ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਆਪਾਂ ਕਿਹੜੇ ਗਰਾਉਂਡ ਬਣਾਵਾਂਗੇ, ਉਨ੍ਹਾਂ ਨੇ ਨਾਲ ਦੀ ਨਾਲ ਮੈਨੂੰ ਲਿਸਟ ਭੇਜ ਦਿੱਤੀ ਹੈ। ਮੈਂ ਬਾਕੀ ਡਿਟੇਲ ਤਾਂ ਟੇਬਲ ਤੇ ਰੱਖ ਦਿਆਂਗਾ ਪਰ ਇਨ੍ਹਾਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਬਜਟ ਵਿਚ ਪਿੰਡਾਂ ਵਿਚ ਜੌਗਿੰਗ ਟਰੈਕ ਬਣਾਉਣ ਦੀ ਗੱਲ ਕੀਤੀ ਗਈ ਹੈ। ਇਸ ਨਾਲ ਮੇਰੇ ਪਿੰਡਾਂ ਵਿਚ ਮੇਰੇ ਪਿੰਡਾਂ ਦੇ ਬਜ਼ੁਰਗ, ਮਾਵਾਂ ਤੇ ਭੈਣਾਂ ਅੱਜ ਤੋਂ ਬਾਅਦ ਪਿੰਡਾਂ ਵਿਚ ਜੌਗਿੰਗ ਟਰੈਕ ਤੇ ਸੈਰ ਕਰਿਆ ਕਰਨਗੇ, ਜਿਵੇਂ ਦੇ ਟਰੈਕ ਲੇਕ ਦੇ ਉੱਤੇ ਬਣੇ ਹੋਏ ਹਨ। (ਥੰਪਿੰਗ) ਇਹ ਪਹਿਲੀ ਵਾਰ ਆਪਣੇ ਪਿੰਡਾਂ ਵਿਚ ਬਣਨਗੇ ਨਹੀਂ ਤਾਂ ਇਹ ਗੱਲ ਪਹਿਲਾਂ ਕਿਸੇ ਨੇ ਸੋਚੀ ਵੀ ਨਹੀਂ ਸੀ। ਮੇਰੀ ਸਰਕਾਰ ਨੇ ਤਿੰਨ ਹਜ਼ਾਰ ਓਪਨ ਜਿੰਮਾਂ ਅਤੇ 13 ਵੱਡੇ ਸੈਂਟਰਾਂ ਤੇ ਗੱਲ ਕੀਤੀ ਹੈ।

**1455/harpreet singh/BS khokhar**

**1500/amandeep kaur**

ਸਰ, ਨੌਕਰੀਆਂ ਦੀ ਗੱਲ ਕਰਦੇ ਹਾਂ, ਬਜਟ ਦੀ ਗੱਲ ਕਰਦੇ ਹਾਂ, ਜਦੋਂ ਵੀ ਆਪਾਂ ਕੋਈ ਪੈਸੇ ਰੱਖਦੇ ਹਾਂ ਤਾਂ ਹਮੇਸ਼ਾਂ ਇੱਕ ਹੀ ਗੱਲ ਤੇ ਆ ਜਾਂਦੇ ਹਾਂ ਕਿ ਭਾਈ ਤੁਸੀਂ ਬਜਟ ਤਾਂ ਰੱਖ ਦਿੱਤਾ ਹੈ, ਤੁਸੀਂ ਇੰਨੇ ਪੈਸੇ ਕਿੱਥੋਂ ਲੈ ਕੇ ਆਓਗੇ। ਪਿਛਲੀ ਵਾਰ ਆਪਣਾ ਬਜਟ 2 ਲੱਖ 4 ਹਜ਼ਾਰ ਕਰੋੜ ਤੋਂ ਇਸ ਵਾਰ 2 ਲੱਖ 36 ਹਜ਼ਾਰ 80 ਕਰੋੜ ਰੁਪਏ ਤੱਕ ਮੇਰੀ ਸਰਕਾਰ ਦੀਆਂ ਪਾਲਿਸੀਆਂ ਕਰਕੇ ਪਹੁੰਚਿਆ ਹੈ। ਚਾਹੇ ਮੈਂ ਸਟੇਟ ਟੈਕਸ ਦੀ ਗੱਲ ਕਰ ਲਵਾਂ, ਉਸ ਵਿੱਚ ਸਾਡਾ 10 ਫੀਸਦੀ ਵਧਿਆ, ਚਾਹੇ ਰੈਵੈਨਿਊ ਦੀ ਗੱਲ ਕਰ ਲਵਾਂ, ਉਸ ਦੇ ਵਿੱਚ ਸਾਡੀ 8% ਦੀ ਗਰੋਥ ਆਈ ਹੈ ਅਤੇ ਚਾਹੇ ਮੈਂ ਐਕਸਾਈਜ਼ ਦੀ ਗੱਲ ਕਰ ਲਵਾਂ, ਇਹ ਪੁਰਾਣੀਆਂ ਸਰਕਾਰਾਂ ਵੇਲੇ 6254 ਕਰੋੜ ਰੁਪਏ ਸੀ, ਇਸ ਵਾਰ ਅਸੀਂ 10,350 ਕਰੋੜ ਤੇ ਪਹੁੰਚੇ ਹਾਂ। ਜੀ.ਐਸ.ਟੀ ਟੈਕਸ ਦੇ ਵਿੱਚ 62% ਦਾ ਵਾਧਾ ਹੋਇਆ ਹੈ। ਸਟੈਂਪ ਡਿਊਟੀ ਦੇ ਵਿੱਚ 3308 ਕਰੋੜ ਤੋਂ ਲੈ ਕੇ 6200 ਕਰੋੜ ਤੱਕ ਆਪਾਂ ਪਹੁੰਚੇ ਹਾਂ। ਇਸ ਦੇ ਵਿੱਚ ਸਭ ਤੋਂ ਵੱਡਾ ਹਿੱਸਾ ਇਹ ਆਉਂਦਾ ਹੈ ਕਿ ਮੇਰੀ ਸਰਕਾਰ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਜੋ ਪੁਰਾਣੇ ਇੱਕ-ਦੋ ਸਾਲਾਂ ਦੇ ਵਿੱਚ ਮਾਨ ਸਰਕਾਰ ਨੇ ਜੋ ਕੰਮ ਕੀਤੇ ਹਨ, ਉਸ ਦੇ ਵਿੱਚ ਲਗਭਗ ਪੰਜਾਬ ਦੇ ਵਿੱਚ 96837 ਕਰੋੜ ਦਾ ਨਿਵੇਸ਼ ਹੋਇਆ ਹੈ।

ਸਪੀਕਰ ਸਾਹਿਬ, ਮੈਂ ਇੱਕ ਨੌਕਰੀਆਂ ਦੀ ਗੱਲ ਜ਼ਰੂਰ ਕਰਨੀ ਚਾਹੁੰਦਾ ਹਾਂ। ਪਿਛਲੀ ਸਰਕਾਰ ਨੇ ਇੱਥੇ ਬੜੀਆਂ ਗੱਲਾਂ ਕੀਤੀਆਂ ਕਿ ਵਾਈਟ ਪੇਪਰ ਲੈ ਕੇ ਆਓ। ਅਸੀਂ 52000 ਨਵੀਆਂ ਨੌਕਰੀਆਂ ਦਿੱਤੀਆਂ ਹਨ (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਮੈਂ ਨੌਕਰੀਆਂ ਦੀ ਨਵੀਂ ਡੀਟੇਲ ਵਿੱਚ ਨਹੀਂ ਜਾਵਾਂਗਾ। ਬੜਾ ਸੌਖਾ ਹੁੰਦਾ ਇਹ ਕਹਿਣਾ ਕਿ ਨੌਕਰੀਆਂ ਮਿਲ ਗਈਆਂ ਜੀ, ਬੱਚੇ ਨੌਕਰੀਆਂ ਤੇ ਲੱਗ ਗਏ। ਮੈਂ ਥੋੜ੍ਹਾ ਜਿਹਾ ਇਸ ਦੇ ਮਗਰ ਜਾਣਾ ਚਾਹੁੰਦਾ ਹਾਂ। 52000 ਨੌਕਰੀਆਂ ਲੱਗਣ ਵਿੱਚ ਸਭ ਤੋਂ ਵੱਧ ਇੰਪਾਰਟੈਂਟ ਗੱਲ ਇਹ ਹੈ ਕਿ ਜਿਹੜੇ 52000 ਬੱਚੇ ਨੌਕਰੀਆਂ ਤੇ ਲੱਗੇ ਹਨ, ਉਹ ਟੈਸਟ ਕਲੀਅਰ ਕਰਕੇ ਲੱਗੇ ਹਨ।ਇਨ੍ਹਾਂ ਵਿਚ ਘਪਲਾ ਕੋਈ ਨਹੀਂ ਹੋਇਆ, ਸਿਫਾਰਸ਼ ਕੋਈ ਨਹੀਂ ਹੋਈ। ਪੈਸਾ ਕੋਈ ਨਹੀਂ ਚੱਲਿਆ। ਇਸ ਦਾ ਮਤਲਬ ਇਹ ਹੈ ਕਿ ਇਹ 52000 ਨੌਜਵਾਨ ਪੰਜਾਬ ਦਾ ਸਭ ਤੋਂ intelligent ਨੌਜਵਾਨ ਹੈ। ਜੇਕਰ ਉਹ ਨੌਜਵਾਨ ਮੇਰੀ ਸਟੇਟ ਦਾ ਟੈਸਟ ਕਲੀਅਰ ਕਰ ਸਕਦੇ ਹਨ ਤਾਂ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਉਹ ਨੌਜਵਾਨ ILETS ਵੀ ਕਲੀਅਰ ਕਰ ਸਕਦੇ ਸੀ। ਜੇਕਰ ਪੰਜਾਬ ਸਰਕਾਰ ਇਹ 52000 ਨੌਕਰੀਆਂ

ਨਾ ਦਿੰਦੀ ਤਾਂ ਮੇਰੇ ਪੰਜਾਬ ਦਾ ਸਭ ਤੋਂ intelligent 52000 ਜੋ ਬੱਚਾ ਸੀ, ਅੱਜ ਉਹ ਅਮਰੀਕਾ, ਕੈਨੇਡਾ ਬੈਠਾ ਹੁੰਦਾ। ਅਸੀਂ ਪੰਜਾਬ ਦੇ ਸਭ ਤੋਂ intelligent 52000 ਬੱਚਿਆਂ ਨੂੰ ਇੱਥੇ ਪੰਜਾਬ ਦੇ ਵਿੱਚ ਰੱਖਣ ਵਿੱਚ ਕਾਮਯਾਬ ਹੋਏ ਹਾਂ। ਜਦੋਂ ਇਹ 52000 ਬੱਚੇ 26 ਡਿਪਾਰਟਮੈਂਟਾਂ ਦੇ ਵਿੱਚ ਕੁਰਸੀਆਂ ਤੇ ਜਾ ਕੇ ਬੈਠਣਗੇ ਜਿਹੜੇ ਕਿ ਇਮਾਨਦਾਰੀ ਨਾਲ ਲੱਗੇ ਹਨ ਤਾਂ ਮੈਨੂੰ 200% ਯਕੀਨ ਹੈ ਕਿ ਇਹ ਸਾਰੇ ਇਮਾਨਦਾਰੀ ਨਾਲ ਕੰਮ ਕਰਨਗੇ। ਇਸ ਤਰ੍ਹਾਂ ਪੰਜਾਬ ਦੀ ਸਰਕਾਰ ਦਾ ਕੰਮ ਵੀ ਵਧੀਆ ਤਰੀਕੇ ਦੇ ਨਾਲ ਚੱਲੇਗਾ। ਮੈਂ ਵਾਈਂਡ-ਅੱਪ ਹੀ ਕਰਨ ਲੱਗਾ ਹਾਂ। ਅਖੀਰ ਦੇ ਵਿੱਚ ਸਭ ਤੋਂ ਵੱਧ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ । ਸਾਡੀ ਸਾਰੇ ਪੰਜਾਬ ਦੇ ਐਮ.ਐਲ.ਏਜ਼ ਦੀ ਲੰਮੇ ਸਮੇਂ ਤੋਂ ਮੰਗ ਸੀ ਕਿ ਤੁਸੀਂ ਸਾਨੂੰ ਪੈਸੇ ਤਾਂ ਬਹੁਤ ਦਿੰਦੇ ਹੋ ਪਰ ਉਹ ਇੱਕ-ਦੋ ਮਹੀਨੇ ਦੇ ਬਾਅਦ ਮਿਲਦੇ ਹਨ। ਜਦੋਂ ਕਦੀ ਅਸੀਂ ਐਮਰਜੈਂਸੀ ਜਾਣਾ ਹੁੰਦਾ ਹੈ ਤਾਂ ਸਾਡੇ ਕੋਲ ਪੈਸੇ ਨਹੀਂ ਹੁੰਦੇ ਤਾਂ ਜਿਹੜਾ ਹੁਣ ਤੁਸੀਂ ਸਾਡੇ ਹਲਕਿਆਂ ਨੂੰ 5 ਕਰੋੜ ਰੁਪਏ ਦਿੱਤਾ ਹੋਇਆ ਹੈ, ਉਹ ਜਦੋਂ ਨਾਲ ਦੀ ਨਾਲ ਦਿਆ ਕਰਾਂਗੇ, ਉਸ ਦਾ ਸਵਾਦ ਹੀ ਵੱਖਰਾ ਆਇਆ ਕਰੇਗਾ। ਅਖੀਰ ਦੇ ਵਿੱਚ ਮੈਂ ਦੁਬਾਰਾ ਧੰਨਵਾਦ ਕਰਦਾ ਹਾਂ ਤੇ ਪੰਜਾਬ ਦੇ ਲੋਕਾਂ ਤੋਂ ਆਸ਼ਾ ਵੀ ਕਰਦਾ ਹਾਂ ਕਿ ਜਿਹੜਾ ਸਾਡਾ ਪੰਜਾਬ ਦਾ ਸਫਰ ਹੈ, ਇਹ ਉੱੜਦੇ ਪੰਜਾਬ ਤੋਂ ਲੈ ਕੇ ਰੰਗਲੇ ਪੰਜਾਬ ਤੱਕ ਜਾਏਗਾ, ਇਹ ਕਮਜ਼ੋਰ ਪੰਜਾਬ ਤੋਂ ਲੈ ਕੇ ਮਜ਼ਬੂਤ ਪੰਜਾਬ ਤੱਕ ਜਾਏਗਾ, ਇਹ ਉੱਜੜਦੇ ਪੰਜਾਬ ਤੋਂ ਲੈ ਕੇ ਵੱਸਦੇ ਪੰਜਾਬ ਤੱਕ ਜਾਏਗਾ, ਇਹ ਖੇਡਦੇ ਪੰਜਾਬ ਤੋਂ ਲੈ ਕੇ ਬਦਲਦੇ ਪੰਜਾਬ ਤੱਕ ਜਾਏਗਾ, ਇਹ ਬਿਮਾਰ ਪੰਜਾਬ ਤੋਂ ਲੈ ਕੇ ਸਿਹਤਮੰਦ ਪੰਜਾਬ ਤੱਕ ਜਾਏਗਾ, ਇਹ ਬੱਤੀ ਗੁੱਲ ਪੰਜਾਬ ਤੋਂ ਲੈ ਕੇ ਬੱਤੀ ਫੁੱਲ ਪੰਜਾਬ ਤੱਕ ਜਾਏਗਾ, ਜਿਹੜਾ ਮੇਰਾ ਪੰਜਾਬ ਹੈ ਉਹ ਰਾਕੇਟ ਦੀ ਸਪੀਡ ਦੇ ਨਾਲ ਤਰੱਕੀ ਕਰੇਗਾ, ਦੁਬਾਰਾ ਫਿਰ ਸਪੀਕਰ ਸਾਹਿਬ ਤੁਸੀਂ ਸਮਾਂ ਦਿੱਤਾ, ਉਸ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ ਤੇ ਮੈਂ ਆਪਣੇ ਲੋਕਾਂ ਨੂੰ ਅਪੀਲ ਕਰਦਾ ਹਾਂ ਸਾਰੇ ਲੋਕ, ਪੰਚ ਅਤੇ ਸਰਪੰਚ ਇੱਕਠੇ ਹੋ ਕੇ ਅੱਜ ਪੰਜਾਬ ਦੀ ਤਰੱਕੀ ਦੇ ਰਾਹ ਵਿੱਚ ਨਾਲ ਖੜੀਏ । ਤੁਹਾਡਾ ਬਹੁਤ ਬਹੁਤ ਧੰਨਵਾਦ।

"ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।।"

**ਮਾਣਯੋਗ ਸਪੀਕਰ:** ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਹਿ।।

**1500/amandeep kaur/Rajneesh kumar**

**1505/Tarlochan Singh**

**ਮਾਣਯੋਗ ਸਪੀਕਰ** : ਧੰਨਵਾਦ। ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ do you want to speak?

(ਇਸ ਸਮੇਂ ਸਰਦਾਰ ਪ੍ਰਤਾਪ ਸਿੰਘ ਬਾਜਵਾ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ ਨਾਂਹ ਵਿੱਚ ਸਿਰ ਹਿਲਾਇਆ।)

**ਮਾਣਯੋਗ ਸਪੀਕਰ** : ਅੱਜ ਤੁਸੀਂ ਬੋਲਣਾ ਨਹੀਂ ਹੈ?

(ਇਸ ਸਮੇਂ ਫਿਰ ਸਰਦਾਰ ਪ੍ਰਤਾਪ ਸਿੰਘ ਬਾਜਵਾ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ ਨਾਂਹ ਵਿੱਚ ਸਿਰ ਹਿਲਾਇਆ।)

**ਮਾਣਯੋਗ ਸਪੀਕਰ** : ਠੀਕ ਹੈ ਜੀ। ਇਆਲੀ ਸਾਹਿਬ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਧੰਨਵਾਦ ਸਪੀਕਰ ਸਾਹਿਬ। ਕੱਲ੍ਹ ਜਿਹੜਾ ਸਤਿਕਾਰਯੋਗ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਵੱਲੋਂ ਪੰਜਾਬ ਸਰਕਾਰ ਦਾ ਬਜਟ ਪੇਸ਼ ਕੀਤਾ ਗਿਆ ਹੈ, ਉਸ ਸਬੰਧ ਵਿੱਚ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸੋ, ਜਿਹੜਾ ਬਜਟ ਪੇਸ਼ ਹੋਇਆ ਹੈ, ਮੈਂ ਸਮਝਦਾ ਹਾਂ ਕਿ ਪੰਜਾਬ ਦੀ ਜਨਤਾ ਨਾਲ ਬਹੁਤ ਵੱਡਾ ਧੋਖਾ ਕੀਤਾ ਗਿਆ ਹੈ। 92 ਸੀਟਾਂ ਲੈ ਕੇ ਜਿਹੜੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਸੀ, ਜਿਸ ਵਿੱਚ ਔਰਤਾਂ ਦਾ ਬਹੁਤ ਵੱਡਾ ਯੋਗਦਾਨ ਸੀ। 1000/- ਰੁਪਿਆ ਔਰਤਾਂ ਨੂੰ ਦੇਣ ਦਾ ਵਾਅਦਾ ਕੀਤਾ ਗਿਆ ਸੀ ਲੇਕਿਨ ਅਗਲੇ ਬਜਟ ਤੱਕ 48 ਮਹੀਨੇ ਲੰਘ ਜਾਣੇ ਹਨ ਅਤੇ ਸਰਕਾਰ ਦੇ ਸਿਰਫ 12 ਮਹੀਨੇ ਰਹਿ ਜਾਣੇ ਹਨ। 5 ਸਾਲ ਦੇਣ ਦਾ ਵਾਅਦਾ ਕੀਤਾ ਗਿਆ ਸੀ। ਅਗਲੇ ਸਾਲ ਤੱਕ ਸਰਕਾਰ ਦਾ ਹਰੇਕ ਔਰਤ ਦਾ, ਸਾਡੀ ਭੈਣ ਦਾ, ਬੀਬੀ ਦਾ 48000/- ਰੁਪਏ ਦਾ ਬਕਾਇਆ ਰਹਿ ਜਾਣਾ ਹੈ। ਸਰਕਾਰ ਬਣਾਉਣ ਵਿੱਚ ਬੀਬੀਆਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ ਅਤੇ ਬਜਟ ਵਿੱਚ ਕਿਤੇ ਵੀ 1000/- ਰੁਪਏ ਦਾ ਵੇਰਵਾ ਨਹੀਂ ਪਾਇਆ ਗਿਆ ਹੈ।

ਦੂਸਰਾ ਵੱਡਾ ਯੋਗਦਾਨ ਰਿਹਾ ਹੈ ਕਿਸਾਨੀ ਦਾ, ਉਸ ਸਮੇਂ ਕਿਸਾਨ ਅੰਦੋਲਨ ਚੱਲ ਰਿਹਾ ਸੀ। ਇਹ ਅੰਦੋਲਨ ਤਿੰਨ ਕਾਲੇ ਕਾਨੂੰਨਾਂ ਦੇ ਵਿਰੋਧ ਵਿੱਚ ਚੱਲ ਰਿਹਾ ਸੀ ਅਤੇ ਉਸ ਅੰਦੋਲਨ ਵਿੱਚ ਆਮ ਆਦਮੀ ਪਾਰਟੀ ਦੇ ਸਾਰੀ ਸੀਨੀਅਰ ਆਗੂ ਸਾਹਿਬਾਨ ਹਿੱਸਾ ਲੈਂਦੇ ਰਹੇ ਹਨ ਅਤੇ ਕਿਸਾਨਾਂ ਨਾਲ ਬਹੁਤ ਵੱਡੇ ਵਾਅਦੇ ਕੀਤੇ ਗਏ। 22 ਫਸਲਾਂ ਤੇ ਐਮ.ਐਸ.ਪੀ. ਦੇਣ ਦਾ ਵਾਅਦਾ ਕੀਤਾ ਗਿਆ। ਕੇਂਦਰ ਸਰਕਾਰ ਨੇ ਜਿਹੜੇ ਕਾਲੇ ਕਾਨੂੰਨ ਰੱਦ ਕੀਤੇ ਸਨ ਤਾਂ ਕੁਝ ਵਾਅਦੇ ਵੀ ਕੀਤੇ ਸਨ ਜੋ ਕਿ ਪੂਰੇ ਨਹੀਂ ਹੋਏ, ਜਿਸ ਕਾਰਨ 13 ਮਹੀਨੇ ਤੋਂ ਕਿਸਾਨਾਂ ਦਾ ਧਰਨਾ ਚੱਲ ਰਿਹਾ ਸੀ ਪਰ ਸਰਕਾਰ ਵੱਲੋਂ ਜਿਹੜੀ ਧੱਕੇਸ਼ਾਹੀ ਕੀਤੀ ਗਈ ਹੈ, ਮੈਂ ਉਸ ਕਾਰਵਾਈ ਦੀ ਸਖਤ ਸ਼ਬਦਾਂ ਨਾਲ ਨਿੰਦਾ ਕਰਦਾ ਹਾਂ। ਪੰਜਾਬ ਦਾ ਕਿਸਾਨ ਵੀ ਹੁਣ ਸਰਕਾਰ ਦੇ ਹੱਕ ਵਿੱਚ ਨਹੀਂ ਹੈ। ਨਾ ਕਿਸਾਨ ਅਤੇ ਨਾ ਹੀ ਜਵਾਨ। ਟਰਾਲੀਆਂ ਪਿੱਛੇ ਲਿਖਿਆ ਹੁੰਦਾ ਹੈ ਜੈ ਜਵਾਨ, ਜੈ ਕਿਸਾਨ। ਜਵਾਨ ਸਾਡੀਆਂ ਸਰਹੱਦਾਂ ਦੀ ਰਾਖੀ ਕਰਦਾ ਹੈ, ਕਿਸਾਨ ਸਾਡੇ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਵਿੱਚ ਵੱਡਾ ਯੋਗਦਾਨ ਪਾਉਂਦਾ ਹੈ। ਇਸ ਲਈ ਜੈ ਜਵਾਨ ਅਤੇ ਜੈ ਕਿਸਾਨ ਦਾ ਨਾਅਰਾ ਦਿੱਤਾ ਗਿਆ ਸੀ। ਪਰ ਪਿਛਲੇ ਮਹੀਨੇ ਦੌਰਾਨ ਪੰਜਾਬ ਪੁਲਿਸ ਵੱਲੋਂ ਨਾ ਕਿਸਾਨ ਬਖਸ਼ਿਆ ਗਿਆ ਅਤੇ ਨਾ ਜਵਾਨ ਬਖਸ਼ਿਆ ਗਿਆ। ਸੋ, ਬਜਟ ਵਿੱਚ 22 ਫਸਲਾਂ ਤੇ ਐਮ.ਐਸ.ਪੀ. ਦਾ ਕਿਤੇ ਵੀ ਕੋਈ ਵੇਰਵਾ ਨਹੀਂ ਹੈ। ਜੇ ਅਸੀਂ ਕਿਸਾਨੀ ਨੂੰ ਬਚਾਉਣਾ ਹੈ, ਪੰਜਾਬ ਦੇ ਪਾਣੀ ਨੂੰ ਬਚਾਉਣਾ ਹੈ ਤਾਂ ਡਾਈਵਰਸੀਫਿਕੇਸ਼ਨ ਹੀ ਇੱਕ ਹੱਲ ਹੈ। ਇਸ ਬਾਰੇ ਪਹਿਲਾਂ ਵੀ ਗੱਲਾਂ ਆਈਆਂ ਹਨ ਕਿ ਅਸੀਂ ਬਾਸਮਤੀ ਦੀ ਫ਼ਸਲ ਬੀਜਣੀ ਚਾਹੁੰਦੇ ਹਾਂ ਤਾਂ ਉਸ ਤੇ ਐਮ.ਐਸ.ਪੀ. ਦੇਣੀ ਸਰਕਾਰ ਦੀ ਜ਼ਿੰਮੇਵਾਰੀ ਹੈ। ਗੰਨੇ ਦੀ ਫ਼ਸਲ ਨੂੰ ਪਰਮੋਟ ਕਰਨ ਦੀ ਲੋੜ ਹੈ, ਬਾਗਬਾਨੀ ਨੂੰ ਪਰਮੋਟ ਕਰਨ ਦੀ ਲੋੜ

ਹੈ, ਮੱਕੀ ਤੇ ਐਮ.ਐਸ.ਪੀ. ਦੇਣ ਦੀ ਲੋੜ ਹੈ ਲੇਕਿਨ ਬਜਟ ਵਿੱਚ ਇਹ ਐਮ.ਐਸ.ਪੀ. ਦੇਣ ਦਾ ਕੋਈ ਵੀ ਜ਼ਿਕਰ ਨਹੀਂ ਕੀਤਾ ਗਿਆ ਹੈ।

*3.07 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਸਦਨ ਦੀ ਕੁਰਸੀ ਸੰਭਾਲੀ।)

ਇੱਕ ਸਤਿਕਾਰਯੋਗ ਐਮ.ਐਲ.ਏ. ਜ਼ਿਕਰ ਕਰ ਰਹੇ ਸਨ ਕਿ 5 ਕਰੋੜ ਰੁਪਿਆ ਹਰੇਕ ਐਮ.ਐਲ.ਏ. ਨੂੰ ਦੇਣਾ ਹੈ ਪਰੰਤੂ ਇਸ ਵਿੱਚ ਵੀ ਘੁੰਡੀ ਰੱਖ ਲਈ ਗਈ ਹੈ। ਤੁਸੀਂ ਕਲੀਅਰ ਕਰ ਦਿਉ ਕਿ ਇਕੱਲੇ ਸਰਕਾਰ ਵਾਲਿਆਂ ਨੂੰ ਦੇਣਾ ਹੈ ਜਾਂ ਸਾਰਿਆਂ ਨੂੰ ਦੇਣਾ ਹੈ। ਜਦੋਂ ਸਰਕਾਰ ਆਈ, ਉਸ ਸਮੇਂ ਮੈਂ ਮੰਗ ਰੱਖੀ ਸੀ ਕਿ ਬਹੁਤ ਸਾਰੀਆਂ ਸਟੇਟਾਂ ਵਿੱਚ ਐਮ.ਐਲ.ਏਜ਼. ਨੂੰ ਡਿਸਕ੍ਰੀਸ਼ਨਰੀ ਫੰਡ ਦਿੱਤਾ ਜਾਂਦਾ ਹੈ ਲੇਕਿਨ ਜਿੱਥੇ ਤੁਸੀਂ 5 ਕਰੋੜ ਦਾ ਜ਼ਿਕਰ ਕੀਤਾ ਹੈ ਉਸ ਦੇ ਨਾਲ ਹੀ ਜ਼ਿਕਰ ਕਰ ਦਿੱਤਾ ਕਿ ਵਿਧਾਇਕਾਂ ਅਤੇ ਸਮਾਜ ਸੇਵੀ ਸੰਸਥਾਵਾਂ। ਸਾਡਾ ਵਿਰੋਧੀਆਂ ਵਾਲਾ ਤਾਂ ਸਮਾਜ ਸੇਵੀ ਸੰਸਥਾਵਾਂ ਦੇ ਲੇਖੇ ਹੀ ਲੱਗ ਜਾਣਾ ਹੈ। ਕਲੀਅਰ ਕਰ ਦਿਉ, ਚਾਹੇ ਬਿਲਕੁਲ ਨਾ ਦਿਉ। ਜੇ ਦੇਣਾ ਹੈ ਤਾਂ ਦੱਸ ਦਿਉ ਕਿ 5 ਕਰੋੜ ਸਾਨੂੰ ਦੇਣਾ ਹੈ ਜਾਂ ਸੰਸਥਾਵਾਂ ਰਾਹੀਂ ਦੇਣਾ ਹੈ। ਤੁਹਾਡੇ ਵਾਲੇ ਐਮ.ਐਲ.ਏ. ਤੁਹਾਡੀ ਸਿਫਾਰਸ਼ ਤੇ ਹੋ ਜਾਣਗੇ ਅਤੇ ਸਾਡੇ ਵਾਲਾ ਸੰਸਥਾਵਾਂ ਦੇ ਲੇਖੇ ਲੱਗ ਜਾਵੇਗਾ। ਕੱਲ੍ਹ ਨੂੰ ਅਸੀਂ ਲੋਕਾਂ ਨੂੰ ਜਵਾਬਦੇਹ ਹੋ ਜਾਵਾਂਗੇ। ਸੋ, ਵਿੱਤ ਮੰਤਰੀ ਜੀ ਇਹ ਗੱਲ ਕਲੀਅਰ ਕਰਨੀ ਬਣਦੀ ਹੈ। ਜੇਕਰ ਇਹ ਹੋਵੇਗੀ ਤਾਂ ਤੁਹਾਡੇ ਵੱਲੋਂ ਇਹ ਇੱਕ ਨਵੀਂ ਸ਼ੁਰੂਆਤ ਹੋਵੇਗੀ। ਹੁਣ ਤੱਕ ਅਕਾਲੀ ਦਲ ਜਾਂ ਕਾਂਗਰਸ ਦੀਆਂ ਸਰਕਾਰਾਂ ਰਹੀਆਂ ਹਨ ਪਰ ਕਿਸੇ ਨੇ ਵੀ ਇਸ ਤਰ੍ਹਾਂ ਦੀ ਨਵੀਂ ਸ਼ੁਰੂਆਤ ਦੀ ਕੋਸ਼ਿਸ਼ ਨਹੀਂ ਕੀਤੀ ਕਿ ਵਿਰੋਧੀ ਐਮ.ਐਲ.ਏਜ਼. ਲਈ ਵੀ ਕੁਝ ਕਰੀਏ। ਹਾਲਾਂਕਿ ਮੈਂਬਰ ਪਾਰਲੀਮੈਂਟ ਨੂੰ ਇਹ ਡਿਸਕ੍ਰੀਸ਼ਨਰੀ ਫੰਡ ਮਿਲਦੇ ਹਨ, ਜਿਸ ਨਾਲ ਉਹ ਆਪਣੇ ਇਲਾਕੇ ਵਿੱਚ ਵਿਕਾਸ ਦੇ ਕੰਮ ਕਰਵਾਉਂਦੇ ਹਨ। ਸੋ, ਇਹ ਬਹੁਤ ਜ਼ਰੂਰੀ ਹੈ ਅਤੇ ਤੁਸੀਂ ਕਲੀਅਰ ਜ਼ਰੂਰ ਕਰੋ।

ਇਸ ਦੇ ਨਾਲ ਹੀ ਇੰਡਸਟਰੀ ਦੀ ਗੱਲ ਕਰੀਏ ਤਾਂ ਸਰਕਾਰ ਨੇ ਤਿੰਨ ਸਾਲਾਂ ਵਿੱਚ ਇੰਡਸਟਰੀ ਲਈ ਕੁਝ ਨਹੀਂ ਕੀਤਾ ਹੈ। ਸਗੋਂ ਜੇ ਕੋਈ ਇੰਡਸਟਰੀ ਤੇ ਜਾਂ ਕੋਈ ਵੀ ਲੋਨ ਲਵੇ ਤੁਸੀਂ 25 ਪੈਸੇ ਸਟੈਂਪ ਡਿਊਟੀ ਲਗਾਈ ਹੈ ਅਤੇ 25 ਪੈਸੇ ਹਾਈਪੋਥੀਕੇਸ਼ਨ ਚਾਰਜਿਜ਼ ਲਗਾਏ ਹਨ ਜੋ ਕਿ 50 ਪੈਸੇ ਬਣਦੇ ਹਨ। ਜੇ ਕੋਈ ਇੰਡਸਟਰੀ ਵਾਲਾ ਲੋਨ ਲੈਂਦਾ ਹੈ ਤਾਂ ਕਈ ਵਾਰ ਉਨ੍ਹਾਂ ਨੂੰ ਕਿਸੇ ਹੋਰ ਬੈਂਕ ਤੋਂ ਘੱਟ ਵਿਆਜ ਤੇ ਪੈਸਾ ਮਿਲ ਜਾਂਦਾ ਹੈ ਅਤੇ ਇੰਡਸਟਰੀ ਵਾਲੇ 10 ਪੈਸੇ ਨਾਲ ਵੀ ਬੈਂਕ ਬਦਲ ਲੈਂਦੇ ਹਨ। ਹੁਣ ਤੁਸੀਂ 50 ਪੈਸੇ ਤਾਂ ਫੀਸ ਹੀ ਲਗਾ ਦਿੱਤੀ ਹੈ। ਇਸ ਦੇ ਨਾਲ ਇਹ ਇੱਕ ਬਹੁਤ ਵੱਡਾ ਬੋਝ ਬਣ ਗਿਆ ਹੈ।

**ਸ੍ਰੀ ਸਭਾਪਤੀ** : ਇਆਲੀ ਜੀ ਵਾਈਂਡ ਅੱਪ ਕਰੋ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਕਈ ਇੰਡਸਟਰੀਆਂ ਵਾਲਿਆਂ ਨੇ ਇੱਥੋਂ ਤੱਕ ਕੀਤਾ ਹੈ ਕਿ ਜਿਨ੍ਹਾਂ ਦੇ ਦਫ਼ਤਰ ਦੂਜੀਆਂ ਸਟੇਟਾਂ ਵਿੱਚ ਹਨ ਉਹ ਦੂਜੀਆਂ ਸਟੇਟਾਂ ਤੋਂ ਲੋਨ ਲੈਣ ਲੱਗ ਪਏ ਹਨ। ਉਨ੍ਹਾਂ ਦੇ ਪਲਾਂਟ ਪੰਜਾਬ ਵਿੱਚ ਹਨ

ਪਰ ਉਨ੍ਹਾਂ ਨੇ ਹੈੱਡ ਆਫਿਸ ਜਾਂ ਦਫ਼ਤਰ ਦੂਜੀਆਂ ਸਟੇਟਾਂ ਵਿੱਚ ਸ਼ੋਅ ਕਰ ਦਿੱਤੇ ਹਨ। ਫਿਰ ਜਿਹੜੇ ਫੋਕਲ ਪੁਆਇੰਟਸ ਹਨ, ਉਥੇ ਇਨਫਰਾਸਟਰੱਕਚਰ ਲਈ ਕੋਈ ਫੰਡਜ਼ ਨਹੀਂ ਰੱਖੇ ਗਏ ਹਨ।

ਮੈਂ ਰੋਡ ਸੇਫਟੀ ਦੀ ਗੱਲ ਕਰਾਂਗਾ। ਤੁਸੀਂ ਐਸ.ਐਸ.ਐਫ. ਸੜਕ ਸੁਰੱਖਿਆ ਫੋਰਸ ਬਣਾਈ ਹੈ। ਅਸੀਂ ਬਾਹਰਲੇ ਦੇਸ਼ਾਂ ਵਿੱਚ ਜਾਂਦੇ ਹਨ। ਉਥੇ ਟਰੈਫਿਕ ਰੂਲਜ਼ ਹਨ।

**1505/Tarlochan Singh/Rajneesh kumar**

**1510/mehak**

ਸਭ ਤੋਂ ਪਹਿਲੀ ਗੱਲ ਹੈ ਕਿ ਅਸੀਂ ਆਪਣੇ ਪੂਰੇ ਦੇਸ਼ ਵਿੱਚ ਟ੍ਰੈਫਿਕ ਰੂਲਜ਼ ਫਾਲੋ ਨਹੀਂ ਕਰ ਰਹੇ ਹਾਂ। ਅਸੀਂ ਸੜਕਾਂ ਤੇ ਸਫਰ ਕਰਦੇ ਹਾਂ ਤੇ ਸਾਨੂੰ ਇਹ ਨਹੀਂ ਪਤਾ ਹੈ ਕਿ ਜਿਹੜੀਆਂ ਲਾਈਨਾਂ ਬਣੀਆਂ ਹਨ, ਅਸੀਂ ਇਸ ਲੇਨ ਵਿੱਚ ਚਲਣਾ ਹੈ। ਬਾਹਰਲੇ ਦੇਸ਼ਾਂ ਵਿੱਚ ਜੇ ਤੁਸੀਂ ਲੇਨ ਚੇਂਜ ਕਰਨੀ ਹੈ ਤਾਂ ਤੁਹਾਨੂੰ ਇੰਡੀਕੇਟਰ ਦੇਣਾ ਪੈਣਾ ਹੈ, ਸ਼ੋਲਡਰ ਚੈੱਕ ਕਰਨਾ ਪੈਣਾ ਹੈ, ਫਿਰ ਤੁਸੀਂ ਲੇਨ ਚੇਂਜ ਕਰ ਸਕਦੇ ਹੋ। ਉੱਥੇ ਲੇਨ ਇੱਕ ਤਰ੍ਹਾਂ ਨਾਲ ਦੀਵਾਰ ਦਾ ਕੰਮ ਕਰਦੀ ਹੈ। ਕਈ ਲੇਨ ਤਾਂ ਤੁਸੀਂ ਚੇਂਜ ਹੀ ਨਹੀਂ ਕਰ ਸਕਦੇ ਹੋ।

**ਸ਼੍ਰੀ ਸਭਾਪਤੀ**: ਇਆਲੀ ਸਾਹਿਬ, ਆਪਾਂ ਸੀ.ਐਮ. ਸਾਹਿਬ ਦਾ ਧੰਨਵਾਦ ਕਰੀਏ ਜਿਨ੍ਹਾਂ ਨੇ ਸੜਕ ਸੁਰੱਖਿਆ ਫੋਰਸ ਬਣਾਈ ਹੈ, ਇਹ 75 ਸਾਲਾਂ ਬਾਅਦ ਬਣੀ ਹੈ। ਆਪਾਂ ਸੀ.ਐਮ. ਸਾਹਿਬ ਦਾ ਧੰਨਵਾਦ ਕਰੀਏ।

**ਸਰਦਾਰ ਮਨਪ੍ਰੀਤ ਸਿੰਘ ਇਆਲੀ**: ਮੈਂ ਗੱਲ ਕਰ ਰਿਹਾ ਹਾਂ ਜੀ, ਮੈਂ ਧੰਨਵਾਦ ਕਰਦਾ ਹਾਂ ਐਸ.ਐਸ.ਐਫ. ਲਈ ਲੇਕਿਨ ਆਪਾਂ ਐਕਸੀਡੈਂਟ ਵੀ ਰੋਕਣੇ ਹਨ, ਇਸ ਵਾਸਤੇ ਟ੍ਰੈਫਿਕ ਰੂਲਜ਼ ਸਖਤੀ ਨਾਲ ਲਾਗੂ ਹੋਣ ਕਿ ਸਲੋਅ ਸਪੀਡ ਵਾਲਿਆਂ ਨੇ ਖੱਬੇ ਪਾਸੇ ਜਾਣਾ ਹੈ, ਕਿੱਧਰੋਂ ਓਵਰਟੇਕ ਕਰਨਾ ਹੈ, ਇਨ੍ਹਾਂ ਗੱਲਾਂ ਦੀ ਅਵੇਅਰਨੈੱਸ ਹੋਣੀ ਚਾਹੀਦੀ ਹੈ। ਕਾਨੂੰਨ ਸਾਰੇ ਸੇਮ ਹਨ ਲੇਕਿਨ ਸਾਡੇ ਲਾਗੂ ਨਹੀਂ ਹੁੰਦੇ। ਇਸ ਵਾਸਤੇ ਅਵੇਅਰਨੈੱਸ ਦੀ ਲੋੜ ਹੈ ਹਾਲਾਂਕਿ ਇਹ ਦੇਸ਼ ਦੇ ਲੈਵਲ ਦਾ ਮੁੱਦਾ ਹੈ। ਕੋਈ ਖੱਬੇ ਤੋਂ ਲੰਘ ਰਿਹਾ ਹੈ, ਕੋਈ ਸੱਜੇ ਤੋਂ ਲੰਘ ਰਿਹਾ ਹੈ, ਕੋਈ ਰੂਲਜ਼ ਨਹੀਂ ਹਨ, ਰੂਲਜ਼ ਫਾਲੋਅ ਕਰਨੇ ਬਹੁਤ ਜ਼ਰੂਰੀ ਹਨ ਤਾਂ ਜੋ ਐਕਸੀਡੈਂਟਾਂ ਨੂੰ ਘਟਾਇਆ ਜਾ ਸਕੇ।

ਮੈਡੀਕਲ ਕਾਲਜ ਬਣਾਉਣ ਦਾ ਵਾਅਦਾ ਕੀਤਾ ਗਿਆ ਸੀ, ਜਿਸ ਬਾਰੇ ਬਜਟ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਹੈ। ਜਿਹੜੀਆਂ ਵੱਖ ਵੱਖ ਵਿਭਾਗਾਂ ਵਿੱਚ ਖਾਲੀ ਪੋਸਟਾਂ ਪਈਆਂ ਹਨ ਉਨ੍ਹਾਂ ਨੂੰ ਭਰਨ ਬਾਰੇ ਵੀ ਕੁਝ ਨਹੀਂ ਦੱਸਿਆ ਗਿਆ।

**ਸ਼੍ਰੀ ਸਭਾਪਤੀ**: ਤੁਹਾਡੇ ਟੋਟਲ ਟਾਈਮ ਨਾਲੋਂ ਵੀ ਡੇਢ ਮਿੰਟ ਉੱਪਰ ਲੰਘ ਗਿਆ ਹੈ।

**ਸਰਦਾਰ ਮਨਪ੍ਰੀਤ ਸਿੰਘ ਇਆਲੀ**: 2500 ਰੁਪਏ ਬੁਢਾਪਾ ਤੇ ਵਿਧਵਾ ਪੈਨਸ਼ਨ ਦੇਣ ਦਾ ਵਾਅਦਾ ਕੀਤਾ ਗਿਆ ਸੀ ਜਿਹੜਾ ਕਿ ਪੂਰਾ ਨਹੀਂ ਕੀਤਾ ਗਿਆ।

ਬਿਜਲੀ ਦੀ ਗੱਲ ਕੀਤੀ ਗਈ ਹੈ, ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਮੌਕੇ ਬਿਜਲੀ ਦੇ ਸੈਕਟਰ ਵਿੱਚ ਵੱਡੇ ਉਪਰਾਲੇ ਹੋਏ ਹਨ, ਵੱਡੇ ਪਲਾਂਟ ਲੱਗੇ ਹਨ, ਲੇਕਿਲ ਪਿਛਲੇ 8 ਸਾਲਾਂ ਵਿੱਚ ਕਾਂਗਰਸ ਦੀ ਸਰਕਾਰ ਵੀ ਰਹੀ ਹੈ ਤੇ ਤਿੰਨ ਸਾਲ ਆਮ ਆਦਮੀ ਪਾਰਟੀ ਨੂੰ ਵੀ ਹੋ ਗਏ ਹਨ ਪਰ ਇੱਕ ਵੀ ਯੂਨਿਟ ਪੈਦਾ ਕਰਨ ਲਈ ਕੋਈ ਨਵਾਂ ਉਪਰਾਲਾ ਨਹੀਂ ਕੀਤਾ ਗਿਆ। ਇਸ ਦੀ ਲੋੜ ਹੈ। ਸਾਡੀ ਬਿਜਲੀ ਦੀ ਡਿਮਾਂਡ ਵਧਦੀ ਰਹਿੰਦੀ ਹੈ।

**ਸ੍ਰੀ ਸਭਾਪਤੀ**: ਅਗਲੇ ਬੁਲਾਰਿਆਂ ਨੇ ਵੀ ਬੋਲਣਾ ਹੈ। ਵਾਈਂਡ ਅੱਪ ਕਰੋ, ਪਲੀਜ਼।

**ਸਰਦਾਰ ਮਨਪ੍ਰੀਤ ਸਿੰਘ ਇਆਲੀ**: ਇਹ ਜਿਹੜਾ ਬਜਟ ਪੇਸ਼ ਹੋਇਆ ਹੈ, ਜਿਹੜੇ ਵਾਅਦੇ ਅਸੀਂ ਲੋਕਾਂ ਦੇ ਨਾਲ ਕੀਤੇ ਸਨ ਉਹ ਪੂਰੇ ਨਹੀਂ ਹੋਏ। ਅੱਗੇ ਚੋਣਾਂ ਵੀ ਦੋ ਸਾਲਾਂ ਵਿੱਚ ਆ ਜਾਣਗੀਆਂ ਲੇਕਿਨ ਲੋਕਾਂ ਦਾ ਵਿਸ਼ਵਾਸ ਬਣਿਆ ਹੁੰਦਾ ਹੈ, ਇਸ ਲਈ ਜਿਹੜੇ ਵਾਅਦੇ ਲੋਕਾਂ ਨਾਲ ਕੀਤੇ ਹਨ, ਉਹ ਸਰਕਾਰ ਬਣਦੇ ਸਾਰ ਹੀ ਪੂਰੇ ਕਰਨੇ ਚਾਹੀਦੇ ਹਨ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)**: ਮਾਣਯੋਗ ਸਭਾਪਤੀ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ, ਤੁਸੀਂ ਮੈਨੂੰ ਇਸ ਬਜਟ ਸੈਸ਼ਨ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਭ ਤੋਂ ਪਹਿਲਾਂ ਤਾਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ ਤੇ ਨਾਲ ਹੀ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਅੱਜ ਤੱਕ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਇੰਨਾ ਸ਼ਾਨਦਾਰ ਬਜਟ ਪੇਸ਼ ਕੀਤਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਗੱਲ ਦਾ ਮੈਨੂੰ ਆਪਣੇ ਲੀਡਰਾਂ ਤੇ ਮਾਣ ਹੈ, ਫਖਰ ਹੈ ਕਿ ਦੇਸ਼ ਦੀ ਰਾਜਨੀਤੀ ਦੇ ਅੰਦਰ ਜੇਕਰ ਮੈਂ ਮੁੱਖ ਮੰਤਰੀ ਸਾਹਿਬ ਦੀ ਗੱਲ ਕਰਾਂ ਜਾਂ ਆਪਣੇ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਦੀ ਗੱਲ ਕਰਾਂ ਤਾਂ ਸਾਡੇ ਦੋਹੇਂ ਲੀਡਰ ਨਿਹਾਇਤ ਹੀ ਇਮਾਨਦਾਰ ਹਨ ਔਰ ਇੰਨਾ ਸ਼ਾਨਦਾਰ ਲੋਕ ਪੱਖੀ ਬਜਟ ਪੇਸ਼ ਕਰਨ ਤੇ ਮੈਂ ਸ਼ਲਾਘਾ ਕਰਦਾ ਹਾਂ। ਸਾਡੇ ਮਾਣਯੋਗ ਆਪੋਜ਼ੀਸ਼ਨ ਦੇ ਮੈਂਬਰ ਸਾਹਿਬ ਨੇ ਇੱਕ-ਦੋ ਸਵਾਲ ਇੰਡਸਟਰੀ ਬਾਰੇ ਰੇਜ਼ ਕੀਤੇ ਹਨ, ਮੈਂ ਉਨ੍ਹਾਂ ਬਾਰੇ ਵੀ ਬੋਲਾਂਗਾ ਪਰ ਮੈਂ ਪੰਚਾਇਤੀ ਰਾਜ ਵਿਭਾਗ ਬਾਰੇ ਦੱਸਦਾ ਹਾਂ ਕਿ ਇਸ ਸਾਲ ਦਾ ਸਾਡੇ ਵਿਭਾਗ ਦਾ ਕਿੰਨਾ ਬਜਟ ਹੈ ਤੇ ਪਹਿਲੇ ਕਿੰਨਾ ਸੀ। ਜਦੋਂ ਵੀ ਕੋਈ ਸਰਕਾਰ ਆਪਣੇ ਆਖਰੀ ਸਾਲ ਵਿੱਚ ਹੁੰਦੀ ਹੈ ਤਾਂ ਆਖਰੀ ਸਾਲ ਵਿੱਚ ਕੋਈ ਵੀ ਸਰਕਾਰ ਪੱਬਾਂ ਭਾਰ ਹੋ ਕੇ ਜ਼ੋਰ ਮਾਰਦੀ ਹੁੰਦੀ ਹੈ ਕਿ ਅਸੀਂ ਵੱਧ ਤੋਂ ਵੱਧ ਸੁਵਿਧਾਵਾਂ ਲੋਕਾਂ ਨੂੰ ਦੇ ਸਕੀਏ ਤੇ ਵੱਧ ਤੋਂ ਵੱਧ ਬਜਟ ਦੀ ਐਲੋਕੇਸ਼ਨ ਕਰ ਸਕੀਏ ਤਾਂ ਜੋ ਲੋਕਾਂ ਵਿੱਚ ਅਸੀਂ ਇਹ ਗੱਲ ਲੈ ਕੇ ਜਾਈਏ ਕਿ ਅਸੀਂ ਵੱਧ ਤੋਂ ਵੱਧ ਕੰਮ ਕੀਤੇ ਹਨ। ਮੇਰੇ ਕੋਲ ਕੁਝ ਡਾਟਾ ਹੈ। ਕਾਂਗਰਸ ਸਰਕਾਰ ਦੇ ਪੇਸ਼ ਕੀਤੇ ਸਾਲ 2021-22 ਦੇ ਆਖਰੀ ਬਜਟ ਵਿੱਚ ਦਿਹਾਤੀ ਵਿਕਾਸ ਤੇ ਪੰਚਾਇਤੀ ਰਾਜ ਦਾ 3429 ਕਰੋੜ ਰੁਪਏ ਦਾ ਫੁੱਲ ਐਂਡ ਫਾਈਨਲ ਬਜਟ ਸੀ। ਸਾਡਾ ਅਜੇ ਤੀਜਾ ਸਾਲ ਹੈ, ਅਜੇ ਸਾਡੇ ਕੋਲ ਦੋ ਸਾਲ ਹੋਰ ਪਏ ਹਨ। ਸਾਡੇ ਵਿਭਾਗ ਦਾ ਇਸ ਤੀਜੇ ਸਾਲ ਵਿੱਚ ਬਜਟ 4573 ਕਰੋੜ ਰੁਪਏ ਦਾ ਹੈ। ਜਿਹੜਾ ਕਿ ਇਨ੍ਹਾਂ ਤੋਂ ਇੱਕ ਹਜ਼ਾਰ ਕਰੋੜ ਰੁਪਏ ਤੀਜੇ ਸਾਲ ਵਿੱਚ ਵੱਧ ਹੈ। ਮੈਂ ਆਨ ਦਿ ਫਲੋਰ ਇਹ ਗੱਲ ਕਹਿ ਰਿਹਾ ਸੀ ਕਿ ਸਾਡੇ ਨੈਸ਼ਨਲ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਜੀ ਦਾ, ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਪੰਜਾਬ ਦੇ ਨਾਲ ਅਤੇ ਪੰਜਾਬੀਆਂ ਦੇ ਨਾਲ ਇੱਕ ਵਾਅਦਾ ਸੀ। ਪਿੰਡਾਂ ਦੇ ਲੋਕਾਂ ਨੂੰ ਕੀ ਚਾਹੀਦਾ ਹੁੰਦਾ ਹੈ? ਪਿੰਡਾਂ ਦੇ ਲੋਕਾਂ ਨੂੰ ਪਹਿਲਾਂ ਬੇਸਿਕ ਸਹੂਲਤਾਂ ਪੂਰੀਆਂ ਕਰਨ ਦੀ ਜ਼ਰੂਰਤ ਹੁੰਦੀ ਹੈ। ਸਭ ਤੋਂ ਪਹਿਲਾ ਮਸਲਾ ਹੈ

ਕਿ 12581 ਪਿੰਡਾਂ ਵਿੱਚ ਟੋਭਿਆਂ ਦਾ ਮਸਲਾ ਬਹੁਤ ਵੱਡਾ ਹੈ। ਇਸ ਗੱਲ ਨਾਲ ਮੈਨੂੰ ਲਗਦਾ ਹੈ ਕਿ ਸਾਰੇ ਜਣੇ ਸਹਿਮਤ ਹੋਣਗੇ। ਪਹਿਲਾ ਟੋਭਿਆਂ ਦਾ ਮਸਲਾ ਫਿਰ ਸੀਵਰੇਜ਼ ਦਾ ਮਸਲਾ।

**1510/mehak/Monika sharma**

**1515/Sukhpiar Singh**

ਫਿਰ ਟੋਭਿਆਂ ਦੇ ਪਾਣੀ ਨੂੰ ਟਰੀਟ ਕਰਕੇ ਖੇਤਾਂ ਤੱਕ ਪਹੁੰਚਾਉਣ ਦਾ ਮਸਲਾ ਹੈ, ਫਿਰ ਪਲੇਅ ਗਰਾਊਂਡ, ਸਟ੍ਰੀਟ ਲਾਈਟ ਅਤੇ ਲਿੰਕ ਸੜਕਾਂ ਦਾ ਬੇਸਿਕ ਮਸਲਾ ਹੈ। ਸਰ, ਇਹ ਪਹਿਲੀ ਵਾਰ ਇਤਿਹਾਸ ਵਿੱਚ ਹੋਇਆ ਹੋਵੇਗਾ ਕਿ ਅਸੀਂ ਡੈਡੀਕੇਟਿਡਲੀ ਸਾਰੇ ਪਿੰਡਾਂ ਦੇ ਟੋਭਿਆਂ ਨੂੰ ਸਫਾਈ ਕਰਨ ਲਈ, ਉਸ ਦੇ ਪਾਣੀ ਦੀ ਪਰਾਪਰ ਟੈਸਟਿੰਗ ਕਰਵਾ ਕੇ ਕਿ ਕਿਹੜੇ ਪਾਣੀ ਵਿੱਚ ਕੀ ਕੰਟੈਮੀਨੇਸ਼ਨ ਹੋ ਗਈ ਹੈ, ਕਿਸੇ ਲੈਵਲ ਤੱਕ ਕੰਟੈਮੀਨੇਸ਼ਨ ਹੋ ਚੁੱਕੀ ਹੈ। ਤੁਸੀਂ ਜਾ ਕੇ ਦੇਖ ਲਵੋ, ਪਿੰਡਾਂ ਵਿੱਚ ਸਾਡੀ ਸਰਵੇ ਵਾਲੀਆਂ ਟੀਮਾਂ ਕੰਮ ਕਰਨ ਲੱਗੀਆਂ ਹੋਈਆਂ ਹਨ। ਟੋਭਿਆਂ ਉੱਤੇ ਸਪੈਸ਼ਲ ਫੋਕਸ ਕਰਕੇ ਕੰਮ ਕਰਨ ਲੱਗੀਆਂ ਹੋਈਆਂ ਹਨ। ਅਸੀਂ ਵਾਅਦਾ ਕਰਦੇ ਹਾਂ, ਇੱਥੇ ਖੜ੍ਹ ਕੇ ਗੱਲ ਕਹਿ ਰਹੇ ਹਾਂ ਕਿ ਸਾਡੇ ਟੈਨਿਓਰ ਅੰਦਰ, ਇਨ੍ਹਾਂ ਦੋ ਸਾਲਾਂ ਅੰਦਰ 12581 ਪਿੰਡਾਂ ਦੇ ਟੋਭਿਆਂ ਦਾ ਹੱਲ ਅਸੀਂ ਕਰਕੇ ਦਿਖਾਵਾਂਗੇ। ਤੁਹਾਡੇ ਤੋਂ ਤਾਂ ਨਹੀਂ ਹੋਇਆ। ਅਸੀਂ ਕਰਕੇ ਦਿਖਾਵਾਂਗੇ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਸਾਰੇ ਪਿੰਡਾਂ ਵਿੱਚ ਪਰਾਪਰ ਸੀਵਰੇਜ ਸਿਸਟਮ ਹੋਵੇਗਾ । ਮੈਂ ਬਾਜਵਾ ਸਾਹਿਬ ਨੂੰ ਕਹਿਣਾ ਚਾਹਾਂਗਾ ਕਿ ਸਾਰੇ ਪਿੰਡਾਂ ਵਿੱਚ ਸੀਚੇਵਾਲ ਮਾਡਲ ਬਣਾਵਾਂਗੇ, ਸੀਚੇਵਾਲ ਮਾਡਲ, ਠੀਕ ਹੈ ਜੀ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਅਸੀਂ ਸਾਰੇ ਪਿੰਡਾਂ ਵਿੱਚ ਪਲੇਅ ਗਰਾਊਂਡ ਲਈ। (ਵਿਘਨ) (ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਸ੍ਰੀ ਸਭਾਪਤੀ**: ਮੰਤਰੀ ਜੀ ਬੋਲ ਰਹੇ ਹਨ। ਬਾਜਵਾ ਸਾਹਿਬ ਪਲੀਜ਼, ਮੰਤਰੀ ਜੀ ਬੋਲ ਰਹੇ ਹਨ। (ਵਿਘਨ) (ਸ਼ੋਰ)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਅਸੀਂ ਖੇਡਦਾ ਪੰਜਾਬ, ਅਸੀਂ ਰੰਗਲਾ ਪੰਜਾਬ (ਵਿਘਨ) (ਸ਼ੋਰ), ਅਸੀਂ ਰੰਗਲਾ ਪੰਜਾਬ, ਅਸੀਂ ਖੇਡਦਾ ਪੰਜਾਬ ਬਣਾਉਣਾ ਹੈ।

**ਸ੍ਰੀ ਸਭਾਪਤੀ**: ਬਾਜਵਾ ਸਾਹਿਬ, ਤੁਹਾਨੂੰ ਸਮਾਂ ਦੇ ਦੇਵਾਂਗੇ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਚੇਅਰਮੈਨ ਸਾਹਿਬ, ਉਸੇ ਤੇ ਚਲਦੇ ਹੋਏ ਪੰਜਾਬ ਦੀਆਂ 18944 ਕਿੱਲੋਮੀਟਰ ਲੰਬੀਆਂ ਸੜਕਾਂ ਲਈ ਮੈਂ ਮਾਣਯੋਗ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਦਾ ਧੰਨਵਾਦ ਕਰਦਾ ਹਾਂ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਸ੍ਰੀ ਸਭਾਪਤੀ**: ਬੈਠੋ ਬਾਜਵਾ ਸਾਹਿਬ। ਮੰਤਰੀ ਜੀ ਬੋਲ ਰਹੇ ਹਨ ਜੀ, ਬੈਠੋ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਜਿਨ੍ਹਾਂ ਨੇ 18944 ਕਿਲੋਮੀਟਰ ਲਿੰਕ ਸੜਕਾਂ ਲਈ 2873 ਕਰੋੜ ਰੁਪਏ ਐਲੋਕੇਟ ਕੀਤਾ। ਇਹ ਬਹੁਤ ਵੱਡੀ ਗੱਲ ਹੈ। ਮਾਣਯੋਗ ਮੈਂਬਰ ਇਆਲੀ ਸਾਹਿਬ ਨੇ ਗੱਲ ਕੀਤੀ ਕਿ ਇੰਡਸਟਰੀ ਲਈ ਕੀ ਕੀਤਾ ਗਿਆ ਹੈ। ਭਾਈ ਸਾਹਿਬ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲੀ ਵਾਰ ਹੋਇਆ ਹੋਵੇਗਾ ਕਿ ਇੰਡਸਟਰੀ ਦੀ ਕਿਸੇ ਸਰਕਾਰ ਨੇ ਆ ਕੇ ਬਾਂਹ ਫੜੀ ਹੈ। ਨਹੀਂ ਤਾਂ ਅੱਜ ਤੱਕ ਕਿਸੇ ਨੇ ਸਨਅਤਕਾਰ, ਇੰਡਸਟਰੀਲਿਸਟ ਅਤੇ ਉਦਯੋਗਪਤੀ ਦੀ ਬਾਂਹ ਹੀ ਨਹੀਂ ਫੜੀ, ਉਸੇ ਦਾ ਨਤੀਜਾ ਹੈ ਕਿ 40 ਸਾਲ ਹੋ ਗਏ ਸੀ, ਚਾਰ ਦਹਾਕੇ ਹੋ ਗਏ ਸੀ, ਇੰਡਸਟਰੀ ਉੱਤੇ ਕੋਈ ਓ.ਟੀ.ਐਸ. ਦੀ ਸਕੀਮ ਲੈ ਕੇ ਨਹੀਂ ਆਇਆ ਸੀ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਸ੍ਰੀ ਸਭਾਪਤੀ**: ਬੈਠੋ ਬਾਜਵਾ ਸਾਹਿਬ, ਪਲੀਜ਼ ਬੈਠੋ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਇਹ ਪਹਿਲੀ ਵਾਰ ਹੋਇਆ ਹੈ ਕਿ ਦੋ ਓ.ਟੀ.ਐਸ. ਦੀਆਂ ਲਾਜਵਾਬ ਸਕੀਮਾਂ ਆਮ ਆਦਮੀ ਪਾਰਟੀ ਦੀ ਸਰਕਾਰ, ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਲੈ ਕੇ ਆਈ। ਉਹ ਓ.ਟੀ.ਐਸ. ਦੀਆਂ ਸਕੀਮਾਂ ਕੀ ਸੀ? ਸਰ, ਸਭ ਤੋਂ ਪਹਿਲੀ ਸਕੀਮ ਸੀ ਜਿਨ੍ਹਾਂ ਦੀ ਲੈਂਡ ਇਨਹਾਂਸਮੈਂਟ ਸੀ, ਜਿਸ ਵਿੱਚ ਜਿਹੜੇ ਸਾਡੇ ਜ਼ਿਮੀਂਦਾਰ ਭਰਾਵਾਂ ਤੋਂ ਜਗ੍ਹਾ ਐਕੁਆਇਰ ਕਰਕੇ 52 ਫੋਕਲ ਪੁਆਇੰਟ ਕੱਟੇ ਗਏ ਸੀ। ਜਦੋਂ ਉਨ੍ਹਾਂ ਵਿੱਚੋਂ ਕੋਈ ਕੋਰਟ ਵਿੱਚ ਗਿਆ ਤਾਂ ਕੋਰਟ ਵੱਲੋਂ ਆਦੇਸ਼ ਜਾਰੀ ਹੋ ਗਏ ਕਿ ਇਨ੍ਹਾਂ ਦੀ ਬਣਦੀ ਲੈਂਡ ਇਨਹਾਂਸਮੈਂਟ ਦਿੱਤੀ ਜਾਵੇ। ਸਰ, ਪੀ.ਐਸ.ਆਈ.ਈ.ਸੀ. ਨੇ ਆਪਣੇ ਖਾਤੇ ਵਿੱਚੋਂ ਜ਼ਿਮੀਂਦਾਰਾਂ ਨੂੰ ਲੈਂਡ ਇਨਹਾਂਸਮੈਂਟ ਦੇ ਪੈਸੇ ਦੇ ਦਿੱਤੇ ਸੀ ਪਰ ਜਿਨ੍ਹਾਂ ਨੂੰ ਪਲਾਟ ਦਿੱਤੇ ਗਏ ਸੀ। ਇਹ ਸਾਡੀ ਸਟੇਟ ਪਾਲਿਸੀ ਨਹੀਂ ਹੈ, ਇਹ ਭਾਰਤ ਦੀ ਪੂਰੀ ਪਾਲਿਸੀ ਵਿੱਚ ਲਿਖਿਆ ਹੋਇਆ ਹੈ ਕਿ ਉਹ ਪੈਸੇ ਰਿਕਵਰ ਕਰਨੇ ਹੁੰਦੇ ਹਨ, ਉਹ ਬੈਨੀਫਿਸ਼ਰੀ/ਐਂਡ ਯੂਜ਼ਰ ਤੋਂ ਕਰਨੇ ਹੁੰਦੇ ਹਨ।

**ਸ੍ਰੀ ਸਭਾਪਤੀ**: ਕ੍ਰਿਪਾਲਤਾ ਕਰਕੇ ਵਾਈਂਡ ਅੱਪ ਕਰੋ ਜੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਸਰ, ਇੰਡਸਟਰੀ ਦਾ ਬਹੁਤ ਇੰਪਾਰਟੈਂਟ ਪੁਆਇੰਟ ਹੈ ਜੀ, ਸੁਣੋ। ਸਰ, ਅੱਜ ਪੰਜਾਬ ਵਿੱਚ ਇੰਡਸਟਰੀ ਦਾ ਕਿੰਨਾ ਕੰਟਰੀਬਿਊਸ਼ਨ ਹੈ, ਉਸ ਬਾਰੇ ਸੁਣੋ। ਉਸ ਦਾ ਨਤੀਜਾ ਇਹ ਨਿਕਲਿਆ ਕਿ 40 ਸਾਲ ਤੋਂ ਨਾ ਤਾਂ ਉਹ ਵਿਚਾਰੇ ਆਪਣੇ ਪਲਾਟ ਨਾਮ ਕਰਵਾ ਸਕਦੇ ਸੀ। 40 ਸਾਲ ਤੋਂ ਕਿੰਨੀਆਂ ਸਰਕਾਰਾਂ ਲੰਘ ਗਈਆਂ ਸੀ, ਚੈੱਕ ਕਰਕੇ ਦੇਖੋ, ਨਾ ਉਹ ਲੋਨ ਲੈ ਸਕਦੇ ਸੀ। ਸਰ, ਸਾਡੀ ਸਰਕਾਰ ਆਈ, ਆਉਂਦੇ ਸਾਰ ਅਸੀਂ

ਓ.ਟੀ.ਐਸ. ਦੀ ਸਕੀਮ ਲਿਆ ਕੇ ਸਦਾ ਲਈ 8% ਤੇ ਮਸਲਾ ਹੱਲ ਕਰ ਦਿੱਤਾ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਸਰ, ਦੂਜੀ ਸਕੀਮ ਵਿੱਚ ਜਿਨ੍ਹਾਂ ਦੀ ਪ੍ਰਿੰਸੀਪਲ ਅਮਾਊਂਟ ਟੁੱਟੀ ਸੀ। ਮੰਨ ਲਵੋ ਕਿ ਪੀ.ਐਸ.ਆਈ.ਈ.ਸੀ. ਨੇ ਛੇ ਕਿਸ਼ਤਾਂ ਵਿੱਚ ਪੈਸੇ ਲੈਣੇ ਸੀ। ਬੰਦੇ ਤੋਂ ਚਾਰ ਕਿਸ਼ਤਾਂ ਭਰੀਆਂ ਗਈਆਂ ਸੀ। 2 ਕਿਸ਼ਤਾਂ ਰਹਿੰਦੀਆਂ ਸੀ ਜੋ ਕਿਸੇ ਕਾਰਨ ਤੋਂ ਨਹੀਂ ਭਰੀਆਂ ਗਈਆਂ। ਸਰ, ਇਨ੍ਹਾਂ ਦੀਆਂ ਸਰਕਾਰ ਨੇ ਚੱਕਰਵਰਤੀ ਵਿਆਜ ਪਾ-ਪਾ ਕੇ ਕੰਪਾਊਂਡਿੰਗ ਇੰਟਰੱਸਟ ਪਾ ਕੇ ਇੰਨੇ ਦਾ ਪਲਾਟ ਨਹੀਂ ਸੀ ਜਿੰਨੇ ਪੈਸੇ ਕੱਢੀ ਬੈਠੇ ਸੀ। ਸਰ, ਇੰਡਸਟਰੀ ਦੀ ਗੱਲ ਕਰਦੇ ਹੋ ਤਾਂ ਹੀ ਇੰਡਸਟਰੀਲਿਸਟ ਮਾਣ ਕਰਦੇ ਫਿਰਦੇ ਸੀ। ਸਰ, ਆਮ ਆਦਮੀ ਪਾਰਟੀ ਦੀ ਆਮ ਲੋਕਾਂ ਦੀ ਸਰਕਾਰ ਆਈ, ਅਸੀਂ ਬਾਂਹ ਫੜੀ ਅਤੇ ਓ.ਟੀ.ਐਸ. ਸਕੀਮ ਲਿਆ ਕੇ 8% ਵਿੱਚ ਸਦਾ ਲਈ ਮਸਲਾ ਹੱਲ ਕਰ ਦਿੱਤਾ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)।

**1515/Sukhpiar Singh/Monika sharma**

**1520/Manika Rani**

ਇਸ ਦੇ ਨਾਲ ਹੀ ਅਸੀਂ ਇੰਡਸਟਰੀ ਨੂੰ ਪਾਵਰ ਸਬਸਿਡੀ ਦੇਣ ਲਈ 2893 ਕਰੋੜ ਰੁਪਿਆ ਇਸ ਵਾਰ ਦਾ ਬਜਟ ਰੱਖਿਆ ਹੈ ਕਿ ਸਾਡੀ ਇੰਡਸਟਰੀ ਪ੍ਰਫੁੱਲਿਤ ਹੋਵੇ। ਸਰ, ਅਸੀਂ ਅੰਮ੍ਰਿਤਸਰ ਵਿਖੇ ਯੂਨਿਟੀ ਮਾਲ ਸੈੱਟ ਕਰਨ ਲਈ, ਜਿੱਥੇ ਡਿਸਟ੍ਰਿਕਟ ਦੇ ਆਪਣੇ ਪ੍ਰੋਡਕਟ ਲਿਆ ਕੇ ਆਪਾਂ ਸ਼ੋਅ-ਕੇਸ ਕਰ ਸਕੀਏ, ਉਸ ਲਈ ਅਸੀਂ 80 ਕਰੋੜ ਰੁਪਿਆ ਇਸ ਵਾਰ ਬਜਟ ਵਿੱਚ ਰੱਖਿਆ ਹੈ। ਸਰ, ਸਰਕਾਰ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਕੈਪੀਟਲ ਸਬਸਿਡੀ ਵਾਸਤੇ 60 ਕਰੋੜ ਰੁਪਿਆ ਦਿੱਤਾ ਗਿਆ ਹੈ। ਜਿਹੜੀ ਪੈਡੀ ਸਟਰਾਅ ਹੁੰਦੀ ਹੈ, ਜਿਸ ਨੂੰ ਪਰਾਲੀ ਕਿਹਾ ਜਾਂਦਾ ਹੈ, ਪਰਾਲੀ ਦਾ ਮਸਲਾ ਹੱਲ ਕਰਨ ਲਈ, ਇਸ ਨੂੰ ਪਰਮੋਟ ਕਰਨ ਲਈ as a ਬਾਇਓ ਫਿਊਲ ਯੂਜ਼ ਕੀਤਾ ਜਾਵੇ, ਇਸ ਲਈ ਇੰਡਸਟਰੀ ਦੇ ਬੁਆਇਲਰਾਂ ਦੇ ਲਈ 60 ਕਰੋੜ ਰੁਪਏ ਦੀ ਸਬਸਿਡੀ ਲਿਆਏ ਹਾਂ। ਇਹ ਸਾਡੀ ਟਰਾਇਲ ਬੇਸ ਹੈ, ਇਸ ਲਈ ਅਸੀਂ ਚੀਮਾ ਸਾਹਿਬ ਨੂੰ ਕਹਿ ਕੇ ਹੋਰ ਅੱਗੇ ਲਵਾਂਗੇ। ਸਰ, ਇਸ ਵਿੱਚ ਅੱਠ ਟਨ ਦਾ ਬੁਆਇਲਰ ਲੱਗਿਆ ਹੋਵੇਗਾ। ਜਿਸ ਦੇ ਅੱਠ ਟਨ ਦਾ ਬੁਆਇਲਰ ਲੱਗਿਆ ਹੋਵੇਗਾ ਅਤੇ ਅੱਠ ਟਨ ਦੇ ਬੁਆਇਲਰ ਤੋਂ ਉਸ ਦੀ ਰੇਸ਼ੋ ਸੈੱਟ ਹੋ ਜਾਵੇਗੀ ਔਰ ਉਹ ਉਸ ਵਿੱਚ ਪਰਾਲੀ ਯੂਜ਼ ਕਰਦਾ ਹੈ ਤਾਂ ਅਸੀਂ ਉਸ ਨੂੰ ਇੱਕ ਕਰੋੜ ਰੁਪਿਆ ਕੈਪੀਟਲ ਸਬਸਿਡੀ ਦੇਵਾਂਗੇ। (ਥੰਪਿੰਗ) ਸਰ, ਇੰਡਸਟਰੀ ਦੀ ਸਿੰਗਲ ਵਿੰਡੋ ਕਰਨ ਲਈ ਕਿਉਂਕਿ ਇੱਥੇ ਇੰਡਸਟਰੀ ਆਉਣ ਲਈ ਤਿਆਰ ਹੈ। ਸਰ, ਮੈਨੂੰ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਸਾਡਾ ਇਨਵੈਸਟ ਪੰਜਾਬ ਪੋਰਟਲ ease of doing business ਵਿੱਚ ਭਾਰਤ ਦੇ ਅੱਠ ਸੂਬਿਆਂ ਅਤੇ ਅੱਠ ਯੂਨੀਅਨ ਟੈਰੇਟਰੀਜ਼ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਸਰ, 55 ਹਜ਼ਾਰ ਨਿਊ M.S.M.E (micro small medium enterprises) ਨੇ ਸਾਡੇ ਇਨਵੈਸਟ ਪੰਜਾਬ ਦੇ ਪੋਰਟਲ ਉੱਤੇ ਆਪਣੀ ਨਵੀਂ ਰਜਿਸਟਰੇਸ਼ਨ ਕਰਵਾਈ ਹੈ, ਜੋ ਕਿ ਬਹੁਤ ਹੀ ਵੱਡੀ ਗੱਲ ਹੈ ਔਰ ਇਹ ਸਾਰੇ ਭਾਰਤ ਵਿੱਚ ਸਭ ਤੋਂ ਵੱਧ ਹੈ। ਇਸ ਤੋਂ ਇਲਾਵਾ ਵੂਮੈਨ ਇੰਟਰਪ੍ਰਨਿਉਰ ਨੂੰ ਬੜਾਵਾ ਦੇਣ ਲਈ ਸਾਡੀਆਂ ਮਾਵਾਂ ਅਤੇ ਭੈਣਾਂ ਇਸ ਬਿਜ਼ਨਸ ਵਿੱਚ ਆਉਣ ਤਾਂ ਉਸ ਲਈ ਪਹਿਲੀ ਵਾਰ ਹੋਇਆ ਹੈ ਕਿ ਅਸੀਂ ਵੂਮੈਨ ਇੰਟਰਪ੍ਰਨਿਉਰਸ਼ਿਪ ਲਈ ਸਕੀਮ ਸ਼ੁਰੂ ਕੀਤੀ ਹੈ, ਜਿਸ ਦਾ ਨਾਂ WISH ਰੱਖਿਆ ਹੈ। ਵੂਮੈਨ ਇੰਟਰਪ੍ਰਨਿਉਰ ਸਟੈਂਡ ਅੱਪ ਇੰਡੀਆ ਸਕੀਮ ਲਈ 50 ਲੱਖ ਰੁਪਿਆ ਰੱਖਿਆ ਹੈ, ਜੋ ਕਿ ਪਹਿਲੀ ਵਾਰ ਹੋਇਆ ਹੈ। ਸਰ, ਇਹ ਸਾਡੀ ਇੰਡਸਟਰੀ ਦਾ ਕੰਮ ਸੀ।

ਹੁਣ ਮੈਂ ਸਿਰਫ ਦੋ ਮਿੰਟ ਹੀ ਲੈਣੇ ਹਨ। ਜੇਕਰ ਮੈਂ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੀ ਗੱਲ ਕਰਾਂ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਕਹਿੰਦੇ ਹੁੰਦੇ ਸੀ ਕਿ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਵੇਗੀ ਤਾਂ ਅਸੀਂ ਪੰਜਾਬ ਨੂੰ ਰੰਗਲਾ ਪੰਜਾਬ ਬਣਾ ਕੇ ਦਿਖਾਵਾਂਗੇ। ਸਰ, ਰੰਗਲਾ ਪੰਜਾਬ ਕਿਵੇਂ ਬਣਨਾ ਸੀ। ਸਰ, ਇਨ੍ਹਾਂ ਨੂੰ ਪੁੱਛ ਕੇ ਦੇਖੋ। ਇਨ੍ਹਾਂ ਦੀਆਂ ਸਰਕਾਰਾਂ ਦੇ ਸਮੇਂ ਕਿੱਥੇ ਮੇਲੇ ਹੁੰਦੇ ਸੀ । ਇਨ੍ਹਾਂ ਨੂੰ ਮੇਲਿਆਂ ਦਾ ਬਜਟ ਪੁੱਛੋ ਕਿ ਕਿੰਨਾ ਬਜਟ ਰੱਖਦੇ ਸੀ। ਇਨ੍ਹਾਂ ਨੇ ਕਿਹੜੀ ਜਗ੍ਹਾ ਉੱਤੇ ਪੰਜਾਬ ਦੇ ਵਿਰਾਸਤੀ ਮੇਲੇ ਕਰਵਾਏ ਹਨ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ।) ਸਰ, ਮੇਰੇ ਕੋਲ ਰਿਕਾਰਡ ਹੈ, ਜੋ ਕਿ ਪਹਿਲੀ ਵਾਰ ਹੋਇਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਕਾਂਗਰਸ ਸਰਕਾਰ ਸਾਲ 2022 ਵਿੱਚ ਗਈ ਹੈ ਤਾਂ ਇਨ੍ਹਾਂ ਨੇ ਫੈਸਟੀਵਲ ਅਤੇ ਮੇਲਿਆਂ ਨੂੰ ਸੈਲੀਬ੍ਰਿਰੇਟ ਕਰਨ ਲਈ ਸਿਰਫ ਤੇ ਸਿਰਫ 5 ਕਰੋੜ 22 ਲੱਖ ਰੁਪਿਆ ਬਜਟ ਰੱਖਿਆ ਸੀ ਪਰੰਤੂ ਹੁਣ ਮੈਨੂੰ ਇਹ ਦੱਸਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਇਹ ਬਜਟ 5 ਕਰੋੜ 22 ਲੱਖ ਰੁਪਏ ਤੋਂ ਵਧਾ ਕੇ 70 ਕਰੋੜ ਰੁਪਿਆ ਕਰ ਦਿੱਤਾ ਹੈ। (ਥੰਪਿੰਗ) ਸਰ, ਇਨ੍ਹਾਂ ਨਾਲੋਂ 13 ਗੁਣਾ ਵੱਧ ਬਜਟ ਰੱਖਿਆ ਹੈ। ਸਰ, ਅੱਜ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਕੋਈ ਨਾ ਕੋਈ ਮੇਲਾ ਹੋ ਰਿਹਾ ਹੈ। ਸਰ, ਆਮ ਆਦਮੀ ਪਾਰਟੀ ਦੀ ਸਰਕਾਰ ਸਾਲ ਵਿੱਚ 24 ਮੇਲੇ ਕਰਵਾ ਰਹੀ ਹੈ। ਇੱਥੇ ਹੀ ਬੱਸ ਨਹੀਂ ਹੈ। ਇਸ ਤੋਂ ਵੀ ਵੱਡੀ ਗੱਲ ਦੱਸਦਾ ਹਾਂ ਕਿ ਕਹਿੰਦੇ ਹਨ ਕਿ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਪ੍ਰੋਗਰਾਮ ਦੇ ਨਮਿੱਤ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ, ਜੋ ਕਿ ਇਸ ਸਾਲ ਦੇ ਅੰਤ ਵਿੱਚ ਮਨਾਇਆ ਜਾਵੇਗਾ, ਜਿਸ ਦੀਆਂ ਪਰਮਿਸ਼ਨਾਂ ਐਸ.ਜੀ.ਪੀ.ਸੀ. ਕੋਲ ਪਾਸ ਹੋਣ ਲਈ ਗਈਆਂ ਹੋਈਆਂ ਹਨ, ਇਸ ਲਈ 61 ਕਰੋੜ ਰੁਪਿਆ ਖਰਚ ਰਹੇ ਹਾਂ, ਇਹ ਇੱਥੇ ਹੀ ਬੱਸ ਨਹੀਂ ਹੈ। (ਥੰਪਿੰਗ) ਸਰ, ਇਸ ਵਿੱਚ ਪੰਜਾਬ ਦੇ ਕਲਚਰ ਨੂੰ ਪਰਮੋਟ ਕਰਨ ਲਈ ਰੋਡ ਸ਼ੋਅ, ਟਰੈਵਲ ਮਾਰਟ, ਪੰਜਾਬ ਦੇ ਟੂਰਜ਼ਿਮ ਦੇ ਸਮਿੱਟ ਕਰਵਾਉਣ ਲਈ ਕਾਂਗਰਸ ਰਾਜ ਵਿੱਚ ਸਿਰਫ ਦੋ ਕਰੋੜ ਰੁਪਿਆ ਬਜਟ ਰੱਖਿਆ ਗਿਆ ਸੀ ਪਰੰਤੂ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਇਹ ਬਜਟ 12 ਕਰੋੜ ਰੁਪਿਆ ਰੱਖਿਆ ਗਿਆ ਹੈ, ਜਿਸ ਵਿੱਚ ਪੰਜ ਸੌ ਗੁਣਾ ਵਾਧਾ ਹੋਇਆ ਹੈ। ਸਰ, ਅਖੀਰ ਵਿੱਚ ਮੈਂ ਲੇਬਰ ਡਿਪਾਰਟਮੈਂਟ ਦੀ ਗੱਲ ਕਰਾਂਗਾ। ਲੇਬਰ ਡਿਪਾਰਟਮੈਂਟ ਵਿੱਚ ਅਸੀਂ ਐਨੇ ਵੱਡੇ ਰਿਫਾਰਮਜ਼ ਕੀਤੇ ਹਨ।

**1520/Manika Rani/Shubham jain**

**1525/Gurpreet kaur**

ਜਿਹੜੇ ਦਿਹਾੜੀਦਾਰ ਮਜ਼ਦੂਰਾਂ ਦੀ 500 ਰੁਪਿਆ ਦਿਹਾੜੀ ਹੈ ਉਨ੍ਹਾਂ ਨੂੰ 27 ਨੰਬਰ ਫਾਰਮ ਕਿੱਥੋਂ ਭਰਨਾ ਆਉਂਦਾ ਹੈ। ਇਨ੍ਹਾਂ ਨੇ 27 ਨੰਬਰ ਫਾਰਮ ਇੰਨਾ ਕੰਪਲੀਕੇਟਿਡ ਬਣਾਇਆ ਪਿਆ ਸੀ ਕਿ ਜਦੋਂ ਉਹ ਫਾਰਮ ਭਰਵਾਉਣ ਬਾਹਰ ਜਾਂਦੇ ਸੀ ਤਾਂ ਫਾਰਮ ਭਰਨ ਵਾਲਾ ਫਾਰਮ ਭਰਨ ਦੀ ਫੀਸ ਹੀ 1000 ਰੁਪਿਆ ਲੈ ਲੈਂਦਾ ਸੀ, ਇਸ ਵਿਚ ਕਮਿਸ਼ਨਾਂ ਅਲੱਗ ਹੁੰਦੀਆਂ ਸਨ। ਜਿਸ ਦਿਨ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਸਾਡੀ ਸਰਕਾਰ ਨੇ ਲੇਬਰ ਡਿਪਾਰਟਮੈਂਟ ਵਿੱਚ ਬਹੁਤ ਕੀਮਤੀ ਰਿਫਾਰਮਜ਼ ਕੀਤੇ ਹਨ। ਮੈਂ ਪੰਜ ਪੁਆਇੰਟਾਂ ਬਾਰੇ ਦੱਸਣਾ ਚਾਹੁੰਦਾ ਹਾਂ।

ਅਸੀਂ Simplification of Registration Form ਲੈ ਕੇ ਆਏ ਹਾਂ। Registration of MGNREGA workers as Construction workers ਚ ਬੀ.ਓ.ਡਬਲਿਊ ਵਿੱਚ ਪਹਿਲੀ ਵਾਰ ਮਨਰੇਗਾ ਵਰਕਰਾਂ ਦੀ ਸ਼ਮੂਲੀਅਤ ਕਰ ਦਿੱਤੀ ਗਈ ਤਾਂ ਜੋ ਉਨ੍ਹਾਂ ਨੂੰ ਬੈਨੀਫਿਟ ਮਿਲ ਸਕੇ। ਅਜਿਹਾ ਇਤਿਹਾਸ ਵਿੱਚ ਪਹਿਲੀ ਵਾਰ ਹੀ ਹੋਇਆ ਹੋਵੇਗਾ। Waiver of 50 per cent attendance condition from the stipend scheme ਜਿਵੇਂ ਪਹਿਲਾਂ ਵਜ਼ੀਫੇ ਦੀ ਸਟਾਈਪਨਡ ਦੀ ਸਕੀਮ ਵਿੱਚ ਲੱਗੀ 50% ਅਟੈਂਡੈਂਸ ਦੀ ਕੰਡੀਸ਼ਨ ਨੂੰ ਸਾਡੇ ਵੱਲੋਂ ਵੇਵ ਆਫ ਕਰ ਦਿੱਤਾ ਗਿਆ। ਇਸ ਤੋਂ ਬਾਅਦ Waiver of Bal Aadhar condition in maternity leave ਵਿੱਚ ਜਦੋਂ ਸਾਡੀਆਂ ਭੈਣਾਂ ਮੈਟਰਨਿਟੀ ਛੁੱਟੀ ਤੋਂ ਵਾਪਿਸ ਆਉਂਦੀਆਂ ਸਨ ਤਾਂ ਉਨ੍ਹਾਂ ਨੂੰ ਕਿਹਾ ਜਾਂਦਾ ਸੀ ਕਿ ਬੱਚੇ ਦਾ ਜਨਮ ਸਰਟੀਫਿਕੇਟ ਹੁਣੇ ਲੈ ਕੇ ਆਓ। ਬੱਚੇ ਦਾ ਜਨਮ ਸਰਟੀਫਿਕੇਟ ਅਤੇ ਆਧਾਰ ਕਾਰਡ ਮੰਗਿਆ ਜਾਂਦਾ ਸੀ। ਇੰਨੀ ਜਲਦੀ ਖੜ੍ਹੇ ਪੈਰ ਕਿੱਥੋਂ ਡਾਕੂਮੈਂਟਸ ਲਿਆਂਦੇ ਜਾਣ? ਸਾਡੀ ਸਰਕਾਰ ਨੇ ਇਸ ਬਾਲ ਆਧਾਰ ਕਾਰਡ ਦੀ ਕੰਡੀਸ਼ਨ ਨੂੰ ਵੇਵ ਆਫ ਕਰ ਦਿੱਤਾ। Translation of 27 No Form 27 ਨੰਬਰ ਫਾਰਮ ਨੂੰ ਏਨਾ ਸਿੰਪਲੀਫਾਈ ਕਰ ਦਿੱਤਾ ਕਿ ਇੱਕ ਅਨਜਾਣ 8 ਪੜ੍ਹਿਆ ਵਿਅਕਤੀ ਵੀ ਬਹੁਤ ਅਰਾਮ ਨਾਲ ਉਹ 27 ਨੰਬਰ ਫਾਰਮ ਭਰ ਸਕਦਾ ਹੈ। ਇਸ ਤੋਂ ਇਲਾਵਾ Time Limit for processing ਵਿੱਚ ਲੇਬਰ ਡਿਪਾਰਟਮੈਂਟ ਨਾਲ ਸਬੰਧਤ ਜੇਕਰ ਕੋਈ ਵੀ ਕੰਮ ਹੋਵੇਗਾ ਤਾਂ ਉਸ ਦੀ ਐਪਲੀਕੇਸ਼ਨ ਮੈਕਸੀਮਮ 14 ਦਿਨ ਦੇ ਵਿੱਚ ਵਿੱਚ ਕਲੀਅਰ ਹੋਇਆ ਕਰੇਗੀ। ਇਸ ਵਿੱਚ standard operating procedure ਵਿੱਚ ਬਹੁਤ ਚੰਗੇ ਰੀਫਾਰਮਜ਼ ਕੀਤੇ ਹਨ। ਸਾਡੇ ਮਾਣਯੋਗ ਮੰਤਰੀ ਸਾਹਿਬ, ਸਾਡੇ ਕੁਲੀਗਜ਼ ਅਤੇ ਐਮ.ਐਲ.ਏ. ਸਾਹਿਬਾਨ ਵੱਲੋਂ ਕਿਸੇ ਪਲੇਟਫਾਰਮ ਤੇ ਪਹਿਲੀ ਵਾਰ ਏਨੀਆਂ ਕੰਸਟਰੱਕਟਿਵ ਗੱਲਾਂ ਕੀਤੀਆਂ ਹੋਣਗੀਆਂ। ਇਹ ਪੁੱਛਣੇ ਹਨ ਕਿ ਇਹ ਕੌਣ ਹਨ। ਮੈਂ ਕਹਿੰਦਾ ਹਾਂ ਕਿ ਇਹ ਪੜ੍ਹੇ ਲਿਖੇ, ਐਨਰਜੈਟਿਕ ਇਨਸਾਨ ਹਨ ਜਿਨ੍ਹਾਂ ਨੂੰ ਏਨਾ ਪਤਾ ਹੈ ਕਿ ਕਿਹੜੇ ਮਹਿਕਮੇ ਵਿੱਚ ਕੀ ਦਿੱਕਤ ਆਉਂਦੀ ਹੈ (ਥੰਪਿੰਗ) ਤਾਂ ਜੋ ਅਸੀਂ ਉਨ੍ਹਾਂ ਦਾ ਹੱਲ ਕੱਢ ਕੇ ਮਸਲਾ ਹੱਲ ਕਰ ਸਕੀਏ। ਅਖੀਰ ਵਿੱਚ ਮੈਂ ਇੱਕ ਗੱਲ ਕਹਿ ਕੇ ਵਾਈਂਡ ਅਪ ਕਰਨ ਲੱਗਾ ਹਾਂ।

---------

## EXTENSION OF TIME OF THE SITTING OF THE HOUSE

**ਸ੍ਰੀ ਸਭਾਪਤੀ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਬੈਠਕ ਲਈ ਨਿਯਤ ਕੰਮ ਕਾਰ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾ ਲਿਆ ਜਾਵੇ।

(ਅਵਾਜ਼ਾਂ: ਹਾਂ ਜੀ, ਹਾਂ ਜੀ।)

**ਸ੍ਰੀ ਸਭਾਪਤੀ:** ਅੱਜ ਦੀ ਬੈਠਕ ਲਈ ਨਿਯਤ ਕੰਮ ਕਾਰ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾਇਆ ਜਾਂਦਾ ਹੈ।

---------

**GENERAL DISCUSSION ON THE BUDGET ESTIMATES FOR THE YEAR 2025-26 (*Resumption*)**

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਸਰ, ਇਲੈਕਸ਼ਨ ਸਮੇਂ ਮੇਰੀ ਡਿਊਟੀ ਡੇਰਾ ਬਾਬਾ ਨਾਨਕ ਵਿਖੇ ਲੱਗੀ ਸੀ। ਅਸੀਂ ਜਿਸ ਦਿਨ ਜਿੱਤ ਕੇ ਇਸ ਪਵਿੱਤਰ ਸਦਨ ਵਿੱਚ ਆਏ ਸੀ ਸਾਨੂੰ ਬਹੁਤ ਫਖਰ ਸੀ। ਸਾਨੂੰ ਇਹ ਲੱਗਦਾ ਸੀ ਕਿ ਸਾਡੇ ਸਾਹਮਣੇ ਬਹੁਤ ਸੀਨੀਅਰ ਮੈਂਬਰ ਬੈਠੇ ਹਨ। ਸਾਨੂੰ ਇਨ੍ਹਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲੇਗਾ। ਸਾਨੂੰ ਇਹ ਲੱਗਦਾ ਸੀ ਕਿ ਇਹ ਵੱਡੇ ਬਣ ਕੇ ਸਾਨੂੰ ਬਹੁਤ ਕੁਝ ਸਿਖਾਉਣਗੇ ਪਰ ਅਸੀਂ ਇੱਥੇ ਆ ਕੇ ਕੁਝ ਹੋਰ ਹੀ ਦੇਖਿਆ। ਜਦੋਂ ਮੇਰੀ ਡਿਊਟੀ ਡੇਰਾ ਬਾਬਾ ਨਾਨਕ ਵਿਖੇ ਲੱਗੀ ਤਾਂ ਉਸ ਸਮੇਂ ਲੀਡਰ ਆਫ ਆਪੋਜ਼ੀਸ਼ਨ ਦਾ ਕਾਦੀਆਂ ਇਲਾਕਾ ਵਿਜ਼ਿਟ ਕਰਕੇ ਆਇਆ। ਮੈਂ ਉਨ੍ਹਾਂ ਇਲਾਕਿਆਂ ਵਿੱਚ ਆਪ ਘੁੰਮਿਆ ਹਾਂ। ਇਹ ਤਿੰਨ-ਤਿੰਨ ਵਾਰ ਦੇ ਵਿਧਾਇਕ ਹੋਣ, ਦੋ ਵਾਰੀ ਐਮ.ਪੀ. ਬਣੇ ਹੋਣ ਅਤੇ ਇੱਕ ਵਾਰ ਰਾਜ ਸਭਾ ਦੇ ਮੈਂਬਰ ਰਹੇ ਹੋਣ ਅਤੇ ਇੱਕ ਵਾਰ ਦੇ ਲੋਕ ਸਭਾ ਦੇ ਮੈਂਬਰ ਹੋਣ ਪਰ ਇਨ੍ਹਾਂ ਦੇ ਇਲਾਕਿਆਂ ਦਾ ਅਫਗਾਨਿਸਤਾਨ ਨਾਲੋਂ ਵੀ ਜ਼ਿਆਦਾ ਭੈੜਾ ਹਾਲ ਹੈ। ਸਰ, ਇਨ੍ਹਾਂ ਨੇ ਆਪਣੇ ਇਲਾਕਿਆਂ ਵਿੱਚ ਕੀ ਕੀਤਾ ਹੈ। ਹਾਲੇ ਤੱਕ ਉੱਥੇ ਸੀਵਰੇਜ ਦੀਆਂ ਪ੍ਰਾਬਲਮਜ਼ ਹੱਲ ਨਹੀਂ ਹੋਈਆਂ। ਹਾਲੇ ਤੱਕ ਇਨ੍ਹਾਂ ਤੋਂ ਟੋਭਿਆਂ ਦੀ ਪ੍ਰਾਬਲਮਜ਼ ਹੱਲ ਨਹੀਂ ਹੋਈਆਂ। ਇਨ੍ਹਾਂ ਦੇ ਇਲਾਕਿਆਂ ਵਿੱਚ ਕੋਈ ਨਵੀਂ ਇੰਡਸਟਰੀ ਨਹੀਂ ਆਈ।

**ਸ਼੍ਰੀ ਸਭਾਪਤੀ:** ਹੁਣ ਵਾਈਂਡ ਅਪ ਕਰ ਦਿਓ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਸਰ, ਮੈਂ ਇੱਕ ਲਾਸਟ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਪਵਿੱਤਰ ਸਦਨ ਕੰਸਟਰਕਟਿਵ ਗੱਲਾਂ ਕਰਨ ਲਈ ਹਨ। ਸਰ, ਇਹ ਪਹਿਲੀ ਸਰਕਾਰ ਆਈ ਹੈ।

**ਸ਼੍ਰੀ ਸਭਾਪਤੀ:** ਇਸ ਤੋਂ ਬਾਅਦ ਤੁਹਾਡੀ ਪਾਰਟੀ ਦਾ ਹੀ ਟਾਈਮ ਹੈ।

(ਇਸ ਸਮੇਂ ਲੀਡਰ ਆਫ ਆਪੋਜ਼ੀਸ਼ਨ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਇਹ ਪਹਿਲੀ ਸਰਕਾਰ ਆਈ ਹੈ ਜਿਹੜੀ ਕੰਮ ਕਰਨਾ ਚਾਹੁੰਦੀ ਹੈ। (ਥੰਪਿੰਗ) ਰੱਬ ਦਾ ਵਾਸਤਾ ਤੁਸੀਂ ਆਪਣੇ ਤਜਰਬਿਆਂ ਨੂੰ ਘਰ ਲੈ ਜਾਓ। ਸਾਨੂੰ ਪੰਜਾਬ ਦਾ ਭਲਾ ਕਰਨ ਦਿਓ। (ਵਿਘਨ)(ਸ਼ੋਰ)

**1525/Gurpreet kaur/Shubham jain**

**1530/Rajneet Kaur**

**ਸ਼੍ਰੀ ਸਭਾਪਤੀ:** ਸ਼੍ਰੀਮਤੀ ਅਰੁਨਾ ਚੌਧਰੀ ਜੀ। ਬਾਜਵਾ ਸਾਹਿਬ, ਉਨ੍ਹਾਂ ਨੇ ਬਿਲਕੁਲ ਤੁਹਾਡਾ ਨਾਂ ਨਹੀਂ ਲਿਆ। ਉਨ੍ਹਾਂ ਨੇ ਹਲਕੇ ਦੇ ਅਤੇ ਇਲਾਕੇ ਦੀ ਗੱਲ ਕੀਤੀ ਹੈ। ਬਾਜਵਾ ਸਾਹਿਬ, ਇਹ ਤੁਹਾਡੀ ਪਾਰਟੀ ਦਾ ਟਾਈਮ ਹੈ। ਤੁਸੀਂ ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਜੇ ਅਸੀਂ ਕੰਮ ਹੀ ਕੋਈ ਨਹੀਂ ਕੀਤਾ ਤਾਂ ਲੋਕ ਸਾਨੂੰ ਬਿਨਾਂ ਕੰਮ ਤੋਂ ਹੀ ਜਿਤਾ ਦਿੰਦੇ ਹਨ। ਜੋ ਤੁਹਾਡਾ ਹਾਲ ਦਿੱਲੀ ਵਿੱਚ ਹੋਇਆ ਹੈ, ਉਹੀ ਤੁਹਾਡਾ ਹੁਣ ਹੋਣਾ ਹੈ, ਤੁਸੀਂ ਫਿਕਰ ਨਾ ਕਰੋ।

**ਸ੍ਰੀ ਸਭਾਪਤੀ** : ਬਾਜਵਾ ਜੀ, ਤੁਹਾਡੀ ਪਾਰਟੀ ਦਾ ਟਾਈਮ ਵੇਸਟ ਹੋ ਰਿਹਾ ਹੈ। ਬੈਠੋ, ਪਲੀਜ਼। ਸ੍ਰੀਮਤੀ ਅਰੁਨਾ ਚੌਧਰੀ ਜੀ ਬੋਲ ਰਹੇ ਹਨ, ਉਨ੍ਹਾਂ ਨੂੰ ਬੋਲਣ ਦਿਓ। ਸੌਂਦ ਸਾਹਿਬ, ਬੈਠੋ, ਪਲੀਜ਼।

(ਇਸ ਸਮੇਂ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ, ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਅਤੇ ਮਾਲ ਮੰਤਰੀ, ਸਰਦਾਰ ਹਰਦੀਪ ਸਿੰਘ ਮੁੰਡੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਨਾਲ ਬਹਿਸ ਕਰ ਰਹੇ ਸਨ।)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਚੇਅਰ ਦੀ ਆਗਿਆ ਤੋਂ ਬਿਨਾਂ ਬੋਲ ਰਹੇ ਸਨ।)

**ਸ੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.)** : ਚੇਅਰਮੈਨ ਸਾਹਿਬ, 50% ਇੰਪਾਰਟੈਂਟ ਹਿੱਸਾ ਮਹਿਲਾਵਾਂ ਦਾ ਹੈ। ਸਾਡੀ ਗੁਰਬਾਣੀ ਵਿੱਚ ਵੀ ਮਹਿਲਾਵਾਂ ਨੂੰ ਬਹੁਤ ਇੱਜ਼ਤ ਦਿੱਤੀ ਗਈ ਹੈ। ਉਨ੍ਹਾਂ ਬਾਰੇ ਕਿਹਾ ਹੈ ਕਿ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।' ਲੇਕਿਨ ਬੜਾ ਅਫਸੋਸ ਹੈ ਕਿ ਕੱਲ੍ਹ ਬਦਲਾਵ ਦੇ ਨਾਂਅ ਤੇ ਉਮੀਦ ਦੀ ਇੱਕ ਕਿਰਨ ਸੀ, ਜਦੋਂ ਬਜਟ ਟੀ.ਵੀ. ਤੇ ਪੜ੍ਹਿਆ ਜਾ ਰਿਹਾ ਸੀ, ਉਦੋਂ ਮਹਿਲਾਵਾਂ ਨੂੰ ਬੜੀ ਉਮੀਦ ਸੀ ਕਿ ਸ਼ਾਇਦ ਚੌਥੇ ਬਜਟ ਦੇ ਵਿੱਚ ਜਿਹੜਾ ਔਰਤਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ 1000 ਰੁਪਿਆ ਦਿੱਤਾ ਜਾਵੇਗਾ, ਉਸ ਦੀ ਅਨਾਊਂਸਮੈਂਟ ਕੀਤੀ ਜਾਵੇ। ਇਸ ਨਾਲ ਖਾਸ ਤੌਰ ਤੇ ਮਹਿਲਾਵਾਂ ਨੂੰ ਨਿਰਾਸ਼ਾ ਹੋਈ ਕਿਉਂਕਿ 36000 ਰੁਪਏ ਦਾ ਬੈਕਲਾਗ ਹਰ ਮਹਿਲਾ ਦਾ ਸਟੈਂਡ ਕਰ ਰਿਹਾ ਹੈ, ਅਗਲੇ ਬਜਟ ਤੱਕ ਹਰ ਮਹਿਲਾ ਦਾ 48000 ਰੁਪਏ ਹੋ ਜਾਵੇਗਾ। ਸੋ, ਇਹ ਕਦੋਂ ਤੱਕ ਕਰਨਗੇ, ਇਸ ਬਾਰੇ ਕੋਈ ਜ਼ਿਕਰ ਨਹੀਂ ਹੈ। ਇਨ੍ਹਾਂ ਨੇ ਫਰੀ ਬੱਸ ਸਰਵਿਸ, ਜਿਹੜੀ ਮਹਿਲਾਵਾਂ ਵਾਸਤੇ ਚਲਦੀ ਹੈ, ਉਸ ਦਾ ਜ਼ਿਕਰ ਜ਼ਰੂਰ ਕੀਤਾ ਹੈ। ਇਹ ਕਾਂਗਰਸ ਸਰਕਾਰ ਨੇ 31 ਮਾਰਚ, 2021 ਤੋਂ ਸ਼ੁਰੂ ਕੀਤੀ ਸੀ, ਇਹ ਬੜੀ ਅੱਛੀ ਗੱਲ ਹੈ ਕਿ ਇਸ ਸਕੀਮ ਨੂੰ ਕੰਟੀਨਿਊ ਰੱਖਿਆ ਹੈ। ਇਸੇ ਤਰ੍ਹਾਂ ਇਲੈਕਸ਼ਨਾਂ ਵੇਲੇ ਇਨ੍ਹਾਂ ਨੇ ਇੱਕ ਹੋਰ ਵੀ ਵਾਅਦਾ ਕੀਤਾ ਸੀ (ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀਮਤੀ ਇੰਦਰਜੀਤ ਕੌਰ ਮਾਨ ਵੱਲੋਂ ਵਿਘਨ) ਕਿ ਪੈਨਸ਼ਨ, ਓਲਡ ਏਜ ਪੈਨਸ਼ਨ, ਬੁਢਾਪਾ ਪੈਨਸ਼ਨ, ਵਿਡੋ ਪੈਨਸ਼ਨ ਐਂਰ ਦਿਵਿਆਂਗ ਲੋਕਾਂ ਦੀ ਜਿਹੜੀ ਪੈਨਸ਼ਨ ਲੱਗਦੀ ਹੈ। (ਵਿਘਨ, ਸ਼ੋਰ)

**ਸ੍ਰੀਮਤੀ ਇੰਦਰਜੀਤ ਕੌਰ ਮਾਨ** : ਮੈਂ ਇਹ ਗੱਲ ਬੜੀ ਜ਼ਿੰਮੇਵਾਰੀ ਨਾਲ ਕਹਿਣਾ ਚਾਹੁੰਦੀ ਹਾਂ ਕਿ ਸਾਡੇ ਮਾਣਯੋਗ ਮੈਂਬਰ ਸਾਹਿਬ ਜਿਹੜੇ ਬਜਟ ਦੇ ਸਬੰਧ ਵਿੱਚ ਗੱਲ ਕਰਦੇ ਹੋ ਕਿ ਔਰਤਾਂ ਵਾਸਤੇ ਜਿਹੜਾ 1000 ਰੁਪਏ ਦੇਣਾ ਸੀ, ਉਹ ਨਹੀਂ ਦਿੱਤਾ ਜਾ ਰਿਹਾ। ਉਸ ਵਾਸਤੇ ਤੁਸੀਂ ਜਿਹੜੀ ਗੁਰਬਾਣੀ ਦੀ ਤੁਕ ਬੋਲੀ ਹੈ, ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।। ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਤੁਸੀਂ ਔਰਤਾਂ ਦੇ 1000 ਰੁਪਏ ਨਾਲ ਅਤੇ ਹਰ ਜਗ੍ਹਾ ਤੇ ਗੁਰਬਾਣੀ ਦੀ ਵਰਤੋਂ ਨਾ ਕਰੋ। ਗੁਰਬਾਣੀ ਦੀ ਵਰਤੋਂ ਗੁਰਬਾਣੀ ਦੀ ਥਾਂ ਤੇ ਹੀ ਕੀਤੀ ਜਾਣੀ ਚਾਹੀਦੀ ਹੈ। ਇਹ ਤੁਕ

ਤੁਹਾਡੀ ਢੁਕਦੀ ਨਹੀਂ ਹੈ, ਇਹ ਵਾਪਸ ਲੈਣ ਜੀ। ਇਹ ਗੱਲ ਢੁਕਦੀ ਨਹੀਂ ਹੈ। (ਵਿਘਨ) (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਸ਼੍ਰੀਮਤੀ ਅਰੁਨਾ ਚੌਧਰੀ** : ਇਸੇ ਤਰ੍ਹਾਂ ਮੈਂ ਪੈਨਸ਼ਨ ਦੇ ਬਾਰੇ ਦੱਸਣਾ ਚਾਹੁੰਦੀ ਹਾਂ ਕਿ ਜਨਵਰੀ, 2025 ਦੇ ਡਾਟੇ ਅਨੁਸਾਰ ਇਸ ਵੇਲੇ 22,64,000 ਪੈਨਸ਼ਨ ਦੇ ਬੈਨੇਫਿਸ਼ਰੀਜ਼ ਹਨ। ਜਦੋਂ ਅਕਾਲੀ-ਬੀ.ਜੇ.ਪੀ. ਦੀ ਸਰਕਾਰ ਸੀ, ਉਨ੍ਹਾਂ ਨੇ 250 ਰੁਪਏ ਤੋਂ ਵਧਾ ਕੇ 500 ਰੁਪਏ ਪੈਨਸ਼ਨ ਕੀਤੀ ਸੀ ਲੇਕਿਨ ਕਾਂਗਰਸ ਪਾਰਟੀ ਦੀ ਸਰਕਾਰ ਨੇ 500 ਰੁਪਏ ਤੋਂ ਵਧਾ ਕੇ 1500 ਰੁਪਏ ਪੈਨਸ਼ਨ ਕੀਤੀ ਸੀ। ਇਨ੍ਹਾਂ ਦੇ ਮੈਨੀਫੈਸਟੋ ਵਿੱਚ ਸੀ ਕਿ ਅਸੀਂ 2500 ਰੁਪਏ ਪੈਨਸ਼ਨ ਕਰਾਂਗੇ। ਲੇਕਿਨ ਇਸ ਦਾ ਵੀ ਕੋਈ ਮੈਨਸ਼ਨ ਇਸ ਬਜਟ ਵਿੱਚ ਨਹੀਂ ਸੀ। ਗਵਰਨਰ ਰਿਫਾਰਮਜ਼ ਬਾਰੇ ਮੈਂ ਇੱਕ ਕਮੀ ਦੱਸਣੀ ਚਾਹਾਂਗੀ। ਬੜੀ ਚੰਗੀ ਗੱਲ ਹੈ ਕਿ ਕਈ ਪੁਰਾਣੇ ਰੂਲਜ਼ ਨੂੰ ਚੇਂਜ ਕਰਨ ਦੀ ਲੋੜ ਹੈ ਲੇਕਿਨ ਜ਼ਮੀਨੀ ਹਕੀਕਤ ਜਾਣੇ ਬਿਨਾਂ ਉਨ੍ਹਾਂ ਨੂੰ ਚੇਂਜ ਨਹੀਂ ਕੀਤਾ ਜਾ ਸਕਦਾ। ਇੱਕ ਤਰਫ ਅਸੀਂ ਕਹਿ ਰਹੇ ਹਾਂ ਕਿ ਸਾਡੀ ਗੌਰਮਿੰਟ ਵੱਲੋਂ ਡੋਰ ਸਟੈੱਪ ਤੇ ਬੈਨੇਫਿਸ਼ਰੀਜ਼ ਸਕੀਮ ਦਿੱਤੀਆਂ ਜਾਣਗੀਆਂ। ਦੂਸਰੀ ਤਰਫ, ਸੇਵਾ ਕੇਂਦਰਾਂ ਵਿੱਚ ਬਜ਼ੁਰਗ ਲੋਕ ਧੱਕੇ ਖਾਂਦੇ ਹਨ ਕਿਉਂਕਿ ਹਰ ਪਿੰਡ ਵਿੱਚ ਸੇਵਾ ਕੇਂਦਰ ਨਹੀਂ ਹੈ। ਹੁਣ, ਇਹ ਸਟਰਿੱਕਟਲੀ ਕਰ ਦਿੱਤਾ ਹੈ ਕਿ ਐਪਲੀਕੇਸ਼ਨ ਆਨਲਾਈਨ ਹੀ ਹੋਵੇਗੀ।

**1530/Rajneet Kaur/Abhishek gautam**

**1535/Kuldeep kaur**

ਸੋ, ਜਦੋਂ ਮੈਨੂੰ ਇਸ ਮੰਤਰਾਲੇ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ ਸੀ ਤਾਂ ਮੈਂ ਵੀ ਇਸ ਚੀਜ਼ ਨੂੰ oppose ਕੀਤਾ ਸੀ। ਉਦੋਂ ਆਨਲਾਈਨ ਸਿਸਟਮ ਵੀ ਜਾਰੀ ਸੀ ਅਤੇ offline ਵੀ ਐਪਲੀਕੇਸ਼ਨ ਲਈ ਜਾਂਦੀ ਸੀ ਲੇਕਿਨ ਹੁਣ strictly online ਐਪਲੀਕੇਸ਼ਨ ਲਈ ਜਾਂਦੀ ਹੈ। ਜਿਹੜੇ ਬਜ਼ੁਰਗ ਲੋਕ ਹਨ, ਉਨ੍ਹਾਂ ਵਾਸਤੇ ਬਹੁਤ ਮੁਸ਼ਕਲ ਹੈ। ਆਮ ਤੌਰ ਤੇ ਬਾਰਡਰ ਏਰੀਆਜ਼ ਵਿੱਚ ਸਰਵਰ ਡਾਊਨ ਰਹਿੰਦਾ ਹੈ, ਨੈੱਟਵਰਕ ਦੀ ਬਹੁਤ ਜ਼ਿਆਦਾ ਪ੍ਰਾਬਲਮ ਹੈ। ਆਮ ਤੌਰ ਤੇ ਉੱਥੇ ਨੈੱਟਵਰਕ ਨਹੀਂ ਚਲਦਾ। ਸੋ, ਇਸ ਕਰਕੇ ਮੇਰੀ ਇਹ ਰਿਕੁਐਸਟ ਹੈ ਕਿ ਇਸ ਨੂੰ online ਅਤੇ offline ਹੀ continue ਰਹਿਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਖੱਜਲ ਖੁਆਰ ਨਾ ਹੋਣਾ ਪਵੇ।

*3.35 ਵਜੇ ਬਾਅਦ ਦੁਪਹਿਰ (*ਇਸ ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।

**ਸ਼੍ਰੀਮਤੀ ਅਰੁਨਾ ਚੌਧਰੀ**: ਇਸ ਸਮੇਂ ਹੈਲਥ ਮਨਿਸਟਰ ਇੱਥੇ ਨਹੀਂ ਹਨ, ਇਕ ਬਹੁਤ ਹੀ important ਐਂਰ ਭਿਆਨਕ ਰਿਪੋਰਟ ਮੇਰੇ ਧਿਆਨ ਵਿੱਚ ਆਈ ਹੈ। Punjab sees 26% rise in deaths due to breast and cervical cancer in ten years. ਸੋ, ਇਹ ਇਕ ਬਹੁਤ ਹੀ ਡਰਾਵਨੀ ਰਿਪੋਰਟ ਹੈ, ਜਿਹੜੀ ਕਿ ਧਿਆਨ ਵਿੱਚ ਆਈ ਹੈ। ਇਸ ਬਾਰੇ ਜ਼ਰੂਰ ਸਰਕਾਰ ਨੂੰ initiative ਲੈਣਾ ਚਾਹੀਦਾ ਹੈ। ਆਯੂਸ਼ਮਾਨ ਅਰੋਗਿਆ ਕੇਂਦਰ ਜਿਹੜਾ ਕਿ ਆਮ ਆਦਮੀ ਕਲੀਨਿਕ ਦਾ ਹੁਣ ਨਵਾਂ ਨਾਮ ਹੈ। ਇਸ ਵਿੱਚ ਨੈਸ਼ਨਲ ਟੈਕਨੀਕਲ ਐਡਵਾਈਜ਼ਰੀ ਗਰੁੱਪ immunization, HPV vaccine introduce ਕਰ ਰਹੀ ਹੈ। ਇਹ ਵਾਇਰਸ Human papilloma virus ਦੇ

through ਫੈਲਦਾ ਹੈ। ਸੋ, ਇਸ ਦੀ ਆਈਡਲ age 9 ਸਾਲ ਤੋਂ 14 ਸਾਲ ਦੀ ਉਮਰ ਦੀ ਬੱਚੀ ਨੂੰ immunize ਕੀਤਾ ਜਾ ਸਕਦਾ ਹੈ to prevent cervical cancer. ਸੋ, ਇਹ ਬਹੁਤ ਹੀ ਜ਼ਰੂਰੀ ਚੀਜ਼ ਹੈ, ਜਿਹੜੀ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ breast cancer ਲਈ ਵੀ ਵਾਰ ਵਾਰ ਟੈਸਟ ਹੋਣੇ ਚਾਹੀਦੇ ਹਨ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਵਾਈਂਡ ਅੱਪ ਕਰ ਲਵੋ।

**ਸ਼੍ਰੀਮਤੀ ਅਰੁਨਾ ਚੌਧਰੀ**: ਸਰ, ਅਜੇ ਤਾਂ ਮੈਂ ਸ਼ੁਰੂ ਕੀਤਾ ਹੈ।

**ਮਾਣਯੋਗ ਸਪੀਕਰ**: ਤੁਸੀਂ ਤੁਹਾਡਾ ਟਾਈਮ ਲੈ ਲਿਆ ਹੈ ਜੀ। ਤੁਹਾਡਾ 5 ਮਿੰਟ ਲਿਖ ਕੇ ਆਇਆ ਹੈ।

**ਸ਼੍ਰੀਮਤੀ ਅਰੁਨਾ ਚੌਧਰੀ**: ਸਰ, ਮੈਂ ਐਜੂਕੇਸ਼ਨ ਦੇ ਬਾਰੇ ਵਿੱਚ ਕਹਿਣਾ ਚਾਹੁੰਦੀ ਹਾਂ।

**ਮਾਣਯੋਗ ਸਪੀਕਰ**: 10 ਮਿੰਟ ਆਇਆ ਹੈ, ਲੇਕਿਨ ਤੁਹਾਡੇ ਬਣਦੇ 5 ਮਿੰਟ ਹਨ। ਹੁਣ ਕੀ ਕਰੀਏ।

**ਸ਼੍ਰੀਮਤੀ ਅਰੁਨਾ ਚੌਧਰੀ**: ਸਰ, 6832 government schools ਹਨ। ਹਰ ਸਰਕਾਰ ਕਹਿੰਦੀ ਹੈ ਕਿ ਸਮਾਰਟ ਸਕੂਲ ਐਜੂਕੇਸ਼ਨ ਬਾਰੇ ਧਿਆਨ ਦਿੱਤਾ ਜਾਵੇ। ਸਾਡੀ ਸਰਕਾਰ ਨੇ ਵੀ 13000 ਸਮਾਰਟ ਸਕੂਲ ਬਣਾਏ ਸਨ। ਮੈਰੀਟੋਰੀਅਸ ਸਕੂਲ ਬਣਾਏ ਸਨ, ਜਿਨ੍ਹਾਂ ਦਾ ਨਾਂਅ change ਕਰਕੇ schools of eminence ਕੀਤਾ ਗਿਆ। ਉਹ ਇਨ੍ਹਾਂ ਦੇ ਐਮ.ਐਲ.ਏ. ਸਾਹਿਬ ਦੀ ਗੱਲ ਕਾਫੀ ਵਾਇਰਲ ਹੋਈ ਸੀ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਸ਼੍ਰੀਮਤੀ ਅਰੁਨਾ ਚੌਧਰੀ**: ਮੈਂ ਸਿਰਫ ਇੱਕ clearing ਦੱਸਣਾ ਚਾਹੁੰਦੀ ਹਾਂ ਕਿ ਪੰਜਾਬ ਸਰਕਾਰ ਦੇ 44% ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕੋਈ ਪ੍ਰਿੰਸੀਪਲ ਨਹੀਂ ਹੈ। 855 ਸਕੂਲਾਂ ਵਿੱਚ ਪ੍ਰਿੰਸੀਪਲ ਨਹੀਂ ਹਨ। ਮਾਨਸਾ ਵਿੱਚ 82% ਸਕੂਲਾਂ ਵਿੱਚ ਪ੍ਰਿੰਸੀਪਲ ਨਹੀਂ ਹਨ। ਬਰਨਾਲਾ ਵਿੱਚ 76.6% ਸਕੂਲਾਂ ਵਿੱਚ ਪ੍ਰਿੰਸੀਪਲ ਨਹੀਂ ਹਨ। ਸੰਗਰੂਰ ਵਿੱਚ 60% ਸਕੂਲ without principals ਹਨ। Government High School ਵਿੱਚ 47% ਸਕੂਲਾਂ ਵਿੱਚ ਪ੍ਰਿੰਸੀਪਲ ਨਹੀਂ ਹਨ। ਪ੍ਰਿੰਸੀਪਲਾਂ ਦੀਆਂ 810 positions ਖਾਲੀ ਹਨ। ਜੇ ਉੱਥੇ ਪ੍ਰਿੰਸੀਪਲ ਹੀ ਨਾ ਹੋਇਆ ਤਾਂ ਸਕੂਲ ਤੋਂ ਆਪਾਂ ਕਿਵੇਂ ਅੱਛੀ ਐਜੂਕੇਸ਼ਨ ਦੀ ਤਵੱਕੋ ਰੱਖ ਸਕਦੇ ਹਾਂ।

**ਮਾਣਯੋਗ ਸਪੀਕਰ**: ਥੈਂਕ ਯੂ। ਬੈਠੋ ਪਲੀਜ਼, ਹੋ ਗਿਆ। ਮੰਤਰੀ ਜੀ, ਅਮਨ ਅਰੋੜਾ ਜੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਬਹੁਤ ਬਹੁਤ ਧੰਨਵਾਦ,ਮਾਣਯੋਗ ਸਪੀਕਰ ਸਾਹਿਬ ਤੁਸੀਂ ਮੈਨੂੰ ਬੜੇ ਇੰਪਾਰਟੈਂਟ ਇਸ਼ੂ ਬਜਟ ਉੱਪਰ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਇਸ ਬਜਟ ਨੂੰ ਹੁਣ ਤੱਕ ਦਾ ਸਾਰੀਆਂ ਸਰਕਾਰਾਂ ਦਾ ਸਰਬਪੱਖੀ holistic, all inclusive budget ਕਹਿ ਲਈਏ ਤਾਂ ਮੈਂ ਸਮਝਦਾ ਹਾਂ ਕਿ ਕੋਈ ਅਤਿਕਥਨੀ ਨਹੀਂ ਹੋਵੇਗੀ। ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਸਰਦਾਰ ਹਰਪਾਲ ਸਿੰਘ

ਚੀਮਾ ਜੀ ਦਾ ਧੰਨਵਾਦ ਜਿਨ੍ਹਾਂ ਨੇ ਇੱਕ ਇਹੋ ਜਿਹਾ ਵਧੀਆ ਬਜਟ ਸਾਰੇ ਵਰਗਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਹੈ। ਮੈਂ ਸਮਝਦਾ ਹਾਂ ਕਿ ਇਸ ਦੀ ਤਾਰੀਫ ਕਰਨੀ ਬਣਦੀ ਹੈ। ਸਪੀਕਰ ਸਾਹਿਬ, ਜਿਵੇਂ ਤੁਸੀਂ ਬਜਟ ਤੋਂ ਵੀ ਦੇਖਿਆ ਹੈ ਕਿ ਸਾਡਾ ਮੇਨ ਫੋਕਸ 'ਬਦਲਦਾ ਪੰਜਾਬ' ਤੇ ਰਿਹਾ ਹੈ। ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਸਰਕਾਰ ਦਾ ਚੌਥਾ ਬਜਟ ਹੋਵੇ ਅਤੇ ਚਾਰੇ ਸਾਲਾਂ ਵਿੱਚ ਕਿਸੇ ਵੀ ਬਜਟ ਵਿੱਚ ਕੋਈ ਵੀ ਨਵੇਂ ਪੈਸੇ ਦਾ ਨਵਾਂ ਟੈਕਸ, ਪੰਜਾਬ ਦੇ ਲੋਕਾਂ ਦੇ ਸਿਰ ਤੇ ਬੋਝ ਸਰਕਾਰ ਨੇ ਨਾ ਪਾਇਆ ਹੋਵੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹੋ ਜਿਹੇ ਹਾਲਾਤਾਂ ਵਿੱਚ ਜਿੱਥੇ ਪਿਛਲੀਆਂ ਸਰਕਾਰਾਂ ਸਾਡੇ ਸਿਰ ਇੰਨੀ ਵੱਡੀ ਕਰਜ਼ੇ ਦੀ ਪੰਡ ਛੱਡ ਗਈਆਂ ਸਨ। ਜਦੋਂ ਬਦਲਦੇ ਪੰਜਾਬ ਦੀ ਗੱਲ ਕਰ ਲਈਏ ਤਾਂ ਮੈਂ ਸਮਝਦਾ ਹਾਂ ਕਿ ਸਿੱਖਿਆ ਅਤੇ ਸਿਹਤ, ਜਵਾਨੀ ਨੂੰ ਬਚਾਉਣ ਦੀ ਜ਼ਿੰਮੇਵਾਰੀ ਹੈ। ਸਾਰੇ ਸਾਥੀਆਂ ਨੇ ਗੱਲ ਕੀਤੀ ਹੈ ਅਤੇ ਕਰਨੀ ਹੈ। ਮੈਂ ਇਸ ਬਜਟ ਬਾਰੇ ਥੋੜ੍ਹਾ briefly ਗੱਲ ਕਰਾਂਗਾ। ਸਰ, ਡਰੱਗਜ਼ ਦੇ ਉੱਪਰ ਮੈਂ ਸਮਝਦਾ ਹਾਂ ਕਿ ਇਹ ਉਹ ਅਜ਼ੀਮ ਸਦਨ ਹੈ, ਜਦ ਇੱਥੇ ਆਹਮੋ ਸਾਹਮਣੇ ਬੈਠਿਆਂ ਚਾਹੇ ਕਾਂਗਰਸ ਦੇ ਸਾਥੀ ਹੁੰਦੇ ਸਨ, ਅਕਾਲੀ ਦਲ ਦੇ ਸਾਥੀ ਹੁੰਦੇ ਸਨ। ਡਰੱਗਜ਼ ਔਰ ਗੈਂਗਸਟਰਜ਼ ਦੇ ਮਸਲੇ ਤੇ ਇੱਕ ਦੂਜੇ ਦੇ ਦੋਸ਼ ਲਗਾਏ ਜਾਂਦੇ ਸਨ ਕਿ ਤੁਸੀਂ ਪੁਸ਼ਤ ਪਨਾਹੀ ਕਰਦੇ ਰਹੇ ਹੋ, ਤੁਸੀਂ ਪੁਸ਼ਤ ਪਨਾਹੀ ਕਰਦੇ ਰਹੇ ਹੋ। ਅਸੀਂ ਇਹ ਸਭ ਦੇਖਦੇ ਰਹੇ ਹਾਂ ਪਰ ਇਨ੍ਹਾਂ ਦੋਵਾਂ ਚੀਜ਼ਾਂ ਨੂੰ ਨੱਥ ਪਾਉਣ ਦਾ ਕੰਮ ਇਸ ਬਜਟ ਵਿੱਚ ਬੜੇ ਸੋਹਣੇ ਤਰੀਕੇ ਨਾਲ ਕੀਤਾ ਜਾ ਰਿਹਾ ਹੈ।

**1535/Kuldeep kaur/Abhishek gautam**

**1540/Pawan sharma**

ਡਰੱਗਜ਼ ਲਈ 5000 ਹੋਮ ਗਾਰਡਜ਼ ਦੀ ਭਰਤੀ, ਜੋ second line of defence ਬੀ.ਐਸ.ਐਫ ਦੀ ਹੈ, ਪਹਿਲੀ ਵਾਰੀ ਕਿਸੇ ਸਟੇਟ ਦੀ ਸਰਕਾਰ ਕਰਨ ਜਾ ਰਹੀ ਹੈ। 110 ਕਰੋੜ ਰੁਪਏ ਨਾਲ Anti Drone Technique **ਐਕੁਆਇਰ** ਕੀਤੀ ਜਾ ਰਹੀ ਹੈ ਕਿਉਂਕਿ ਮੈਕਸੀਮਮ drugs and weapons across the international border ਆਉਂਦੇ ਹਨ। ਸੋ 110 ਕਰੋੜ ਰੁਪਏ ਦੀ ਲਾਗਤ ਨਾਲ ਕਿਸੇ ਸਟੇਟ ਦੀ ਸਰਕਾਰ ਇਹ ਪਹਿਲੀ ਵਾਰ ਕਰਨ ਜਾ ਰਹੀ ਹੈ। ਜੇਕਰ Drugs Census ਦੀ ਗੱਲ ਕਰ ਲਈਏ ਤਾਂ ਮੈਂ ਸਮਝਦਾ ਹਾਂ ਕਿ nip the evil in the bud ਭਾਵ ਗਲਤ ਨੂੰ ਉਸ ਦੇ ਗਰਭ ਵਿੱਚ ਹੀ ਖਤਮ ਕਰ ਦਿਓ। ਜਦੋਂ ਪੂਰੇ ਪੰਜਾਬ ਦਾ Drugs Census ਹੋਵੇਗਾ ਤਾਂ ਪਤਾ ਲੱਗ ਜਾਵੇਗਾ ਕਿ ਇਸ ਵਿੱਚ ਕਿਹੜਾ ਬੱਚਾ ਪੈਣ ਵਾਲੇ ਪਾਸੇ ਚਲਿਆ ਹੈ ਤੇ ਉਸ ਨੂੰ ਸੰਭਾਲ ਲਿਆ ਜਾਵੇਗਾ। ਸੋ, 150 ਕਰੋੜ ਰੁਪਏ ਇਸ ਲਈ ਰੱਖਿਆ ਜਾ ਰਿਹਾ ਹੈ। ਇਸ ਸਬੰਧੀ ਕੁਝ ਸਾਥੀ ਕੱਲ੍ਹ ਕਹਿ ਰਹੇ ਸਨ ਕਿ ਇਸ ਨਾਲ ਪੰਜਾਬ ਬਦਨਾਮ ਹੋ ਜਾਵੇਗਾ ਪਰ ਮੈਂ ਸਮਝਦਾ ਹਾਂ ਕਿ ਪੰਜਾਬ ਬਦਨਾਮ ਨਹੀਂ ਹੋਵੇਗਾ ਪਰ ਇਸ ਨੂੰ ਅਸੀਂ ਆਉਣ ਵਾਲੇ ਸਮੇਂ ਵਿੱਚ ਡਰੱਗ ਦੀ ਬਿਮਾਰੀ ਤੋਂ ਬਚਾ ਲਵਾਂਗੇ। ਸਰ, ਗੈਂਗਸਟਰ ਦੇ ਉੱਤੇ ਨੱਥ ਪਾਉਣ ਲਈ 178 ਕਰੋੜ ਰੁਪਏ, ਟੂ ਵੀਲ੍ਹਰ ਤੇ ਈ.ਆਰ.ਵੀ. ਰਿਸਪਾਂਸ ਲਈ 1674 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਹੈਲਥ ਲਈ 881 ਆਮ ਆਦਮੀ ਕਲੀਨਿਕ, ਜਿਸ ਦਾ ਤਿੰਨ ਕਰੋੜ ਲੋਕ ਲਾਹਾ ਲੈ ਚੁੱਕੇ ਹਨ। ਸਰਕਾਰ ਅਤੇ ਸਾਡਾ ਫੋਕਸ ਵੀ ਹੈ ਕਿ ਹਰ ਘਰ ਨੂੰ 10 ਲੱਖ ਦਾ ਹੈਲਥ ਕਵਰ ਦਿੱਤਾ ਗਿਆ ਹੈ ਚਾਹੇ ਉਹ ਪ੍ਰਾਈਵੇਟ ਹਸਪਤਾਲ ਜਾਂ ਸਰਕਾਰੀ ਹਸਪਤਾਲ ਵਿੱਚ ਜਾਵੇ, ਉਹ ਮੈਂ ਸਮਝਦਾ ਹਾਂ ਕਿ ਆਪਣੇ ਆਪ ਵਿੱਚ ਬਹੁਤ ਵੱਡੀ ਗੱਲ ਹੈ। 10 ਪਰਸੈਂਟ ਦਾ increase ਹੈਲਥ ਸੈਕਟਰ ਵਿੱਚ

ਪਹਿਲੀ ਵਾਰ ਰੱਖਿਆ ਗਿਆ ਹੈ। ਇਸੇ ਤਰੀਕੇ ਨਾਲ ਇੰਡਸਟਰੀ ਵਿੱਚ 250 ਕਰੋੜ ਰੁਪਏ additional incentives ਦੇ ਨਾਲ 3426 ਕਰੋੜ ਰੁਪਏ ਦੇ ਬਜਟ ਦੀ ਐਲੋਕੇਸ਼ਨ ਕੀਤੀ ਗਈ ਹੈ। ਮੇਰੇ ਮਹਿਕਮੇ ਨੇ 26 ਹਜ਼ਾਰ ਬਿਲਡਿੰਗਾਂ identify ਕੀਤੀਆਂ ਹਨ, ਜਿਸ ਵਿੱਚ ਅਸੀਂ 100 ਮੈਗਾਵਾਟ ਦੇ Roof Top Solar Panel ਆਉਣ ਵਾਲੇ ਸਮੇਂ ਵਿੱਚ ਲਗਾਉਣੇ ਹਨ। ਸਰ, ਢਾਈ ਲੱਖ ਸਟ੍ਰੀਟ ਲਾਈਟਾਂ ਔਰ ਮੈਂ ਸਮਝਦਾ ਹਾਂ ਕਿ ਬੇਤਹਾਸ਼ਾ ਇਹੋ ਜਿਹੇ ਕੰਮ ਹਨ, ਜਿਨ੍ਹਾਂ ਨੂੰ ਜੇਕਰ ਮੈਂ ਗਿਣਾਉਣ ਲੱਗਿਆ ਤਾਂ ਸਮਾਂ ਬਹੁਤ ਲੱਗ ਜਾਵੇਗਾ। ਸੀ.ਐਮ. ਸਾਹਿਬ ਜੀ ਨੇ, ਚੀਮਾ ਸਾਹਿਬ ਨੇ ਅਤੇ ਬਾਕੀ ਸਾਥੀਆਂ ਨੇ ਵੀ ਬੋਲਣਾ ਹੈ। ਰਾਣਾ ਜੀ ਨੇ ਬੜੀ ਵਧੀਆ ਗੱਲ ਕੀਤੀ ਹੈ ਕਿ ਸੋਲਰ ਪੰਪ ਜਿਹੜੇ ਆਪਾਂ ਲਗਾ ਰਹੇ ਹਾਂ ਉਸ ਨਾਲ ਪਾਣੀ ਡੂੰਘਾ ਜਾ ਰਿਹਾ ਹੈ। ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ ਪਰ ਇਹ ਚੀਜ਼ ਆਲਰੇਡੀ ਸਾਡੇ ਧਿਆਨ ਵਿੱਚ ਹੈ। ਜਿਹੜੇ ਅਸੀਂ 20 ਹਜ਼ਾਰ ਸੋਲਰ ਪੰਪ ਲਗਾ ਰਹੇ ਹਨ, ਉਸ ਵਿੱਚ ਜਿਹੜਾ ਬਿਜਲੀ ਦਾ ਸਬਸਿਡੀ ਬਿਲ ਹੈ, ਉਹ ਘੱਟ ਜਾਵੇ ਅਤੇ ਅੰਡਰ ਗ੍ਰਾਊਂਡ ਵਾਟਰ ਘੱਟ ਕੱਢਿਆ ਜਾਵੇ। ਜਿਹੜਾ ਤੁਸੀਂ concern ਜ਼ਾਹਿਰ ਕਰ ਰਹੇ ਸਨ, ਅਸੀਂ ਇਸ ਤੋਂ ਉਪਰ ਤਿੰਨ ਫੀਡਰ ਦੇ ਉਪਰ ਸਾਧੋਵਾਲ ਸੰਗਰੂਰ ਵਿੱਚ, ਫਰੀਦਕੋਟ ਬਠਿੰਡੇ ਅਤੇ ਕੁਰਾਲੀ ਵਿੱਚ 200 ਪੰਪਾਂ ਦੇ ਉਪਰ ਪਾਇਲਟ ਪ੍ਰਾਜੈਕਟ ਕਰਨ ਜਾ ਰਹੇ ਹਾਂ, ਉਸ ਦਾ ਪ੍ਰਾਸੈੱਸ ਚਲ ਰਿਹਾ ਹੈ, ਜਿਸ ਦੇ ਨਾਲ ਕਿਸਾਨ ਨੂੰ ਜਿੰਨੀ ਬਿਜਲੀ ਚਾਹੀਦੀ ਹੈ, ਜਿੰਨਾ ਪਾਣੀ ਚਾਹੀਦਾ ਹੈ, ਉਹ ਓਨਾ ਵਰਤ ਲੈਣ ਤੇ ਉਸ ਤੋਂ ਬਾਅਦ ਪਹਿਲੇ ਪੰਜ ਸਾਲਾਂ ਲਈ ਉਸ ਨੂੰ ਢਾਈ ਰੁਪਏ, ਨੈੱਟ ਮੀਟਰਿੰਗ ਹੋਣੀ ਹੈ ਜਿੰਨੀ ਬਿਜਲੀ consume and produce ਕੀਤੀ ਗਈ ਹੋਵੇ, ਪਹਿਲੇ ਪੰਜ ਸਾਲ ਪੰਜ ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਅਤੇ ਉਸ ਤੋਂ ਅਗਲੇ ਸਾਲਾਂ ਵਿੱਚ ਦੋ ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਆਮਦਨ ਹੋਵੇਗੀ। ਇਸ ਦੇ ਨਾਲ 90 ਪਰਸੈਂਟ ਸਬਸਿਡੀ ਸਰਕਾਰ ਦੇ ਰਹੀ ਹੈ ਅਤੇ ਕਿਸਾਨ ਨੇ ਸਿਰਫ 10 ਪਰਸੈਂਟ ਪਾਉਣਾ ਹੈ, ਚਾਹੇ 5 ਲੱਖ ਰੁਪਏ ਤੋਂ ਲੈ ਕੇ 14-15 ਲੱਖ ਰੁਪਏ ਸੋਲਰ ਪੈਨਲ ਅਤੇ ਪੰਪ ਲੱਗੇ। ਮੈਂ ਸਮਝਦਾ ਹਾਂ ਕਿ ਜਦੋਂ ਇਸ ਦੇ ਨਾਲ ਕਿਸਾਨ ਧਿਆਨ ਨਾਲ ਚੱਲਣਗੇ, ਪਾਣੀ ਦੀ ਖਪਤ ਘੱਟ ਕਰਨਗੇ, ਪੈਨਲ ਸਾਫ ਰੱਖਣਗੇ ਅਤੇ ਬਿਜਲੀ ਦੀ ਪ੍ਰੋਡਕਸ਼ਨ ਵੱਧ ਕਰਨਗੇ ਤਾਂ ਘੱਟੋ ਘੱਟ 25 ਹਜ਼ਾਰ ਤੇ ਵੱਧ ਤੋਂ ਵੱਧ 38-40 ਹਜ਼ਾਰ ਰੁਪਏ ਕਿਸਾਨ ਦੀ ਸਾਲਾਨਾ ਆਮਦਨ ਸ਼ੁਰੂ ਹੋ ਜਾਵੇਗੀ। ਇਸ ਦੇ ਨਾਲ ਇੱਕ ਤਾਂ ਪਾਣੀ ਬਚੇਗਾ, ਪੈਸਾ ਬਚੇਗਾ ਅਤੇ ਸਬਸਿਡੀ ਵੀ ਬਚੇਗੀ। ਮੈਂ ਸਮਝਦਾ ਹਾਂ ਕਿ ਭਗਵੰਤ ਮਾਨ ਦੀ ਸਰਕਾਰ ਵੱਲੋਂ ਇੱਕ ਬੇਤਹਾਸ਼ਾ ਬਹੁਤ ਵਧੀਆ initiative ਲਿਆ ਜਾ ਰਿਹਾ ਹੈ। ਸਰ ਦੇਖੋ ਜਿਹੜਾ ਬਜਟ ਹੁੰਦਾ ਹੈ, ਉਹ ਅਗਲੇ ਸਾਲ ਵਿੱਚ ਕੀ ਹੋਣਾ ਹੈ, ਉਸ ਬਾਰੇ ਹੁੰਦਾ ਹੈ ਪਰ ਹੋਣਾ ਇਹ ਚਾਹੀਦਾ ਹੈ ਕਿ ਬਜਟ 15-20 ਸਾਲਾਂ ਦਾ ਇੱਕ ਰੋਡਮੈਪ ਹੋਣਾ ਚਾਹੀਦਾ ਹੈ ਪਰ ਚੱਲੋ ਫਿਰ ਵੀ ਅਸੀਂ ਇੱਕ ਸਾਲ ਦੀ ਗੱਲ ਕਰ ਲਈਏ, ਮੈਂ ਇਹ ਮੰਨ ਕੇ ਚੱਲਦਾ ਹਾਂ ਕਿ ਇਸ ਦੇ ਵਿੱਚ ਜਿਹੜੀ ਡਿਸਕਸ਼ਨ ਹੈ, ਜਦੋਂ ਅਸੀਂ ਗੱਡੀ ਚਲਾਉਂਦੇ ਹਾਂ ਤਾਂ ਵੱਡੀ ਵਿੰਡ ਸਕ੍ਰੀਨ ਦੇ ਨਾਲ ਨਾਲ ਛੋਟਾ ਜਿਹਾ rear view mirror ਵੀ ਲੱਗਿਆ ਹੁੰਦਾ ਹੈ, ਉਸ ਦੇ ਵਿੱਚ ਵੀ ਬੰਦੇ ਨੂੰ ਝਾਤ ਮਾਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਪਿੱਛੋਂ ਐਕਸੀਡੈਂਟ ਨਾ ਹੋ ਜਾਵੇ। ਸਰ, ਮੇਰੇ ਸਤਿਕਾਰਯੋਗ ਆਪੋਜ਼ੀਸ਼ਨ ਦੇ ਸਾਥੀਆਂ ਨੇ ਬੜੇ ਵਿਸਤਾਰ ਦੇ ਵਿੱਚ ਹੁਣ ਵੀ ਗੱਲ ਕੀਤੀ ਹੈ ਅਤੇ ਅੱਗੇ ਵੀ ਕਰਨਗੇ, ਕੱਲ੍ਹ ਵੀ ਕੀਤੀਆਂ ਸਨ, ਪੜ੍ਹਿਆਂ ਨਹੀਂ, ਦੇਖਿਆ ਨਹੀਂ ਸਿਰਫ ਉਸ ਨੂੰ ਨਕਾਰਨ ਦਾ ਕੰਮ ਚਲ ਰਿਹਾ ਹੈ ਪਰ ਮੈਂ ਦੋ ਚੀਜ਼ਾਂ ਤੁਹਾਡੇ ਨਾਲ ਜ਼ਰੂਰ ਕਰਨੀਆਂ ਚਾਹੁੰਦਾ ਹਾਂ। ਮੈਂ rear view window ਦੀ ਕਿਉਂ ਗੱਲ ਕਰ ਰਿਹਾ ਹਾਂ।

**1540/Pawan sharma/BS khokhar**

**1545/Beant kaur**

ਸਰ, ਪਿਛਲੇ ਸਮੇਂ ਵਿੱਚ ਸੀਏਜੀ ਦੀਆਂ ਰਿਪੋਰਟਾਂ ਆਈਆਂ ਹਨ। ਜੇ ਮੈਂ ਕਾਂਗਰਸ ਸਰਕਾਰ ਦੇ 2016-17 ਤੋਂ ਲੈ ਕੇ 2021-22 ਤੱਕ ਦੀਆਂ ਦੋ ਫਾਈਨਾਂਸ਼ੀਅਲ ਰਿਪੋਰਟਾਂ ਦੀ ਗੱਲ ਕਰਾਂ, ਇਹ ਮੈਂ ਨਹੀਂ ਕਹਿ ਰਿਹਾ, ਪੰਜਾਬ ਸਰਕਾਰ ਨਹੀਂ ਕਹਿ ਰਹੀ, ਸੀਏਜੀ, ਕੰਪਟ੍ਰੋਲਰ ਐਂਡ ਆਡੀਟਰ ਜਨਰਲ ਆਫ ਇੰਡੀਆ ਕਹਿੰਦਾ ਹੈ ਕਿ 2016-17 ਤੋਂ ਲੈ 2021-22 ਤੱਕ ਦੀ ਕਾਂਗਰਸ ਸਰਕਾਰ ਸਮੇਂ ਜੀਐਸਡੀਪੀ ਦਾ ਫਿਸਕਲ ਡੈਫੀਸਿਟ 4.26% ਸੀ। ਹੁਣ ਜਿਹੜਾ ਚੀਮਾ ਸਾਹਿਬ ਨੇ ਕਲ੍ਹ 2025-26 ਦਾ ਬਜਟ ਪੇਸ਼ ਕੀਤਾ ਹੈ, ਇਸ ਵਿੱਚ ਸਾਡੀ ਸਰਕਾਰ ਦਾ ਜੀਐਸਡੀਪੀ ਦਾ ਫਿਸਕਲ ਡੈਫੀਸਿਟ 3.84% ਰਹਿ ਜਾਵੇਗਾ। ਸੀਏਜੀ ਰਿਪੋਰਟ ਵਿੱਚ ਅੱਠ ਥਾਵਾਂ ਤੇ ਲਿਖਿਆ ਹੈ ਕਿ ਜਿੰਨਾ ਲੋਨ ਲਿਆ ਜਾ ਰਿਹਾ ਹੈ, ਉਸ ਨੂੰ ਕਾਂਗਰਸ ਦੇ ਕਾਰਜਕਾਲ ਸਮੇਂ ਲਿਆ ਪਿਛਲਾ ਕਰਜ ਮੋੜਨ ਤੇ ਯੂਜ਼ ਕੀਤਾ ਜਾ ਰਿਹਾ ਹੈ। ਸਾਲ 2021 ਵਿੱਚ ਕੈਪੀਟਲ ਆਊਟਲੇਅ 4382 ਕਰੋੜ ਸੀ। ਸਾਲ 2024-25 ਵਿੱਚ ਜਿਹੜੇ ਪੰਜਾਬ ਨੇ ਐਸੈੱਟ ਬਣਾਉਣੇ ਸਨ, ਕੈਪੀਟਲ ਕ੍ਰਿਏਸ਼ਨ ਹੋਈ ਹੈ, ਚੀਮਾ ਸਾਹਿਬ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਹੈ ਕਿ ਉਸ ਤੇ 8346 ਕਰੋੜ ਰੁਪਏ ਅਤੇ ਆਉਣ ਵਾਲੀਆਂ ਪ੍ਰੋਜੈਕਸ਼ਨਾਂ ਤੇ 10301 ਕਰੋੜ ਹਨ। ਫੇਰ ਵੀ ਜੇ ਸਾਡੇ ਸਾਥੀ ਸਾਨੂੰ ਇਹ ਕਹਿੰਦੇ ਹਨ ਕਿ ਤੁਹਾਡੇ ਤੋਂ ਫਾਈਨਾਂਸਿਜ਼ ਦੀ ਮੈਨੇਜਮੈਂਟ ਨਹੀਂ ਹੋ ਰਹੀ, ਤਾਂ ਇਹ ਇਨ੍ਹਾਂ ਦੀ ਇੱਛਾ ਹੈ।

**ਮਾਣਯੋਗ ਸਪੀਕਰ :** ਠੀਕ ਹੈ ਜੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਦੋ ਮਿੰਟ ਹੋਰ ਜੀ। ਇਵੇਂ ਨਾ ਕਰੋ। ਹੁਣ ਅਸੀਂ ਹੈਲਥ ਦੀ ਗੱਲ ਕਰਦੇ ਹਾਂ। ਮੇਰੇ ਬਹੁਤ ਸਾਰੇ ਸਾਥੀਆਂ ਨੇ ਹੈਲਥ ਦੀ ਗੱਲ ਕੀਤੀ ਹੈ, ਭੈਣ ਜੀ ਨੇ ਵੀ ਹੈਲਥ ਬਾਰੇ ਗੱਲ ਕੀਤੀ ਹੈ। ਸਪੀਕਰ ਸਾਹਿਬ, ਹੈਲਥ ਬਾਰੇ ਸੀਏਜੀ ਦੀ ਰਿਪੋਰਟ ਆਈ ਹੈ। ਮੈਂ ਤੁਹਾਨੂੰ ਸਾਲ 2016-17 ਤੋਂ ਲੈ ਕੇ 2021-22 ਤੱਕ ਦੀਆਂ ਫਿਗਰਜ਼ ਤੁਹਾਨੂੰ ਦੱਸਣੀਆਂ ਚਾਹਾਂਗਾ। ਹੈਲਥ ਡਿਪਾਰਟਮੈਂਟ ਵਿੱਚ 68949 ਸੈਂਕਸ਼ਨਡ ਪੋਸਟਾਂ ਸਨ, 34900 ਭਰੀਆਂ ਹੋਈਆਂ ਸਨ ਭਾਵ 52% ਪੋਸਟਾਂ ਖਾਲੀ ਪਈਆਂ ਸਨ। ਡਾਕਟਰਾਂ ਦੀਆਂ 59% ਪੋਸਟਾਂ ਖਾਲੀ ਪਈਆਂ ਸਨ, ਨਰਸਾਂ ਦੀਆਂ 50% ਪੋਸਟਾਂ ਖਾਲੀ ਸਨ, ਫਾਰਮਾਸਿਸਟ, ਲੈਬ ਟੈਕਨੀਸ਼ੀਅਨ ਅਤੇ ਕਲੈਰੀਕਲ ਦੀਆਂ 42% ਪੋਸਟਾਂ ਖਾਲੀ ਸਨ, ਆਸ਼ਾ ਵਰਕਰਾਂ ਦੀਆਂ 60% ਖਾਲੀ ਸਨ। 86 ਪੀਐਚਸੀ ਅਜਿਹੇ ਸਨ, ਜਿੱਥੇ ਕੋਈ ਮੈਡੀਕਲ ਅਫਸਰ ਨਹੀਂ ਸੀ, 77 ਅਜਿਹੀਆਂ ਸਨ ਜਿੱਥੇ ਕੋਈ ਫਾਰਮਾਸਿਸਟ ਨਹੀਂ ਸੀ, 171 ਅਜਿਹੀਆਂ ਸਨ ਜਿੱਥੇ ਕੋਈ ਲੈਬ ਟੈਕਨੀਸ਼ੀਅਨ ਨਹੀਂ ਸੀ, 126 ਅਜਿਹੀਆਂ ਸਨ ਜਿੱਥੇ ਕੋਈ ਸਟਾਫ ਨਰਸ ਨਹੀਂ ਸੀ।

ਹੁਣ ਅਸੀਂ ਫੈਸਿਲਟੀਜ਼ ਦੀ ਗੱਲ ਕਰ ਲਈਏ। 24 ਪੀਐਚਸੀਜ਼ ਵਿਚੋਂ ਸਿਰਫ 8 ਵਿੱਚ ਐਮਰਜੈਂਸੀ ਸਰਵਿਸਿਜ ਅਵੇਲੇਬਲ ਸਨ, ਆਈਸੀਯੂ ਸਰਵਿਸਿਜ਼ ਪੂਰੇ ਪੰਜਾਬ ਵਿਚੋਂ ਸਿਰਫ ਪੰਜ ਹਸਪਤਾਲਾਂ ਵਿੱਚ ਅਵੇਲੇਬਲ ਸਨ। ਹੁਣ ਧਿਆਨ ਨਾਲ ਸੁਣਿਓ, ਇਕੱਲੇ ਇਕ ਸੁਧਾਰ ਸੀਐਚਸੀ ਤੋਂ ਇਲਾਵਾ ਹੋਰ ਕਿਤੇ ਵੀ ਬਲੱਡ ਸਟੋਰੇਜ ਦੀ ਫੈਸਿਲਟੀ ਨਹੀਂ ਸੀ। ਜਨਨੀ ਸ਼ਿਸ਼ੂ ਸੁਰੱਕਸ਼ਾ ਪ੍ਰੋਗਰਾਮ ਅਧੀਨ ਪੂਰੇ ਪੰਜਾਬ ਦੇ ਹਸਪਤਾਲਾਂ ਵਿੱਚ ਇਸੈਂਸ਼ੀਅਲ ਡਰੱਗਜ਼ ਘੱਟ ਗਏ ਸਨ। ਸਰ, ਹਸਪਤਾਲਾਂ ਵਿੱਚ ਡਰੱਗ ਡਿਲਿਵਰੀ ਦਾ ਡਿਲੇਅ 253 ਦਿਨਾਂ ਦਾ ਹੋਇਆ, ਜਿਸ ਵਾਸਤੇ ਨਾ ਤਾਂ

ਕੋਈ ਪੈਨਲਟੀ ਲਗਾਈ ਗਈ ਅਤੇ ਨਾ ਹੀ ਕੈਂਸਲੇਸ਼ਨ ਕੀਤੀ ਗਈ। ਥਰਡ ਪਾਰਟੀ ਆਡਿਟ ਵਾਸਤੇ 3.68 ਕਰੋੜ ਦਿੱਤਾ ਗਿਆ ਪਰ ਥਰਡ ਪਾਰਟੀ ਆਡਿਟ ਕਦੇ ਹੋਇਆ ਹੀ ਨਹੀਂ। ਇਹ ਸੀਏਜੀ ਦੀ ਰਿਪੋਰਟ ਕਹਿ ਰਹੀ ਹੈ।

ਹੁਣ ਅੱਗੇ ਆ ਜਾਓ। ਡਰੱਗ ਸੈਂਸਜ਼ ਤੇ ਵੀ ਸਵਾਲ ਚੁੱਕੇ ਗਏ ਹਨ ਪਰ ਅਸੀਂ ਸੀਐਮ ਸਾਹਿਬ ਦਾ ਧੰਨਵਾਦ ਕਰੀਏ, ਜਿਨ੍ਹਾਂ ਨੇ ਹੌਂਸਲਾ ਕੀਤਾ। ਸਾਡੇ ਨੈਸ਼ਨਲ ਕਨਵੀਨਰ ਸਾਹਿਬ ਦਾ ਧੰਨਵਾਦ ਕਰੀਏ, ਜਿਨ੍ਹਾਂ ਨੇ ਹੌਂਸਲਾ ਕੀਤਾ ਕਿ ਇਕੱਲੇ ਇਕੱਲੇ ਘਰ ਨੂੰ ਆਈਡੈਂਟੀਫਾਈ ਕਰਾਂਗੇ ਤਾਂ ਜੋ ਕੋਈ ਬੱਚੇ ਜਿਹੜੇ ਗਲਤ ਰਸਤਿਆਂ ਤੇ ਪੈ ਰਹੇ ਹਨ, ਉਨ੍ਹਾਂ ਨੂੰ ਪਹਿਲਾਂ ਹੀ ਬੁੱਕਲ ਵਿੱਚ ਲੈ ਕੇ ਸੰਭਾਲਿਆ ਜਾਵੇ ਪਰ ਕਾਂਗਰਸ ਸਰਕਾਰ ਵੇਲੇ ਡਰੱਗ ਡੀਅਡਿਕਸ਼ਨ ਦਾ ਕੀ ਹਾਲ ਸੀ, ਤੁਹਾਨੂੰ ਮੈਂ ਉਹ ਦੱਸਦਾ ਹਾਂ। ਸਰ, ਓਪੀਡੀ ਵਿਜ਼ਟਰ ਸਿਰਫ 2 ਲੱਖ 35 ਹਜ਼ਾਰ ਅਤੇ ਐਡਮਿਟ ਹੋਏ ਸਿਰਫ 10199, ਜਿਨ੍ਹਾਂ ਵਿਚੋਂ 56% ਨੇ ਆਪਣਾ ਟ੍ਰੀਟਮੈਂਟ ਕੰਪਲੀਟ ਕੀਤਾ। 20% ਮੈਡੀਕਲ ਐਡਵਾਈਜ਼ ਅਗੇਂਸਟ ਪਹਿਲਾਂ ਹੀ ਛੱਡ ਗਏ। 7% ਭੱਜ ਗਏ ਅਤੇ 17%ਅਰਲੀ ਡਿਸਚਾਰਜ ਕਰ ਗਏ, ਇਹ ਸਾਨੂੰ ਡੀਅਡਿਕਸ਼ਨ ਦੀ ਗੱਲ ਕਰਦੇ ਹਨ।

ਹੁਣ ਅਗਲੀ ਗੱਲ ਤੇ ਚਲਦੇ ਹਾਂ। ਸਰ, ਹੈਲਥ ਸੈਕਟਰ ਵਿੱਚ ਹੁਣ ਤੱਕ ਦੀ ਸਭ ਤੋਂ ਹਾਈਐਸਟ ਐਲੋਕੇਸ਼ਨ ਫਾਈਨਾਂਸ਼ੀਅਲ ਮੈਨੇਜਮੈਂਟ ਵਿੱਚ ਜੇਕਰ ਹੋ ਰਹੀ ਹੈ ਤਾਂ ਉਹ ਭਗਵੰਤ ਮਾਨ ਜੀ ਦੀ ਸਰਕਾਰ ਵਲੋਂ ਹੋ ਰਹੀ ਹੈ ਅਤੇ ਚੀਮਾ ਸਾਹਿਬ ਕਰ ਰਹੇ ਹਨ।(ਥੰਪਿੰਗ) ਸਰ, ਸਾਲ 2019-22 ਵਿੱਚ 9.6 ਕਰੋੜ ਨਾਲ ਯੂਐਨਡੀਬੀ ਪ੍ਰੋਗਰਾਮ ਅਧੀਨ ਪੰਜਾਬ ਵਿਜ਼ਨ ਡਾਕੂਮੈਂਟ-2030 ਬਣਨਾ ਸੀ ਪਰ ਉਹ ਤਿੰਨ ਸਾਲ ਦੇ ਟਾਈਮ ਵਿੱਚ ਬਣਿਆ ਹੀ ਨਹੀਂ। ਫਾਈਨਾਂਸਿੰਗ ਅਧੀਨ ਜਿਹੜਾ ਫੰਡਿੰਗ ਗੈਪ ਸੀ ਉਹ 2030 ਲੱਖ ਦਾ ਸਰਕਾਰ ਕਹਿ ਰਹੀ ਸੀ ਕਿ 6 ਲੱਖ 14 ਹਜ਼ਾਰ ਦਾ ਫੰਡਿੰਗ ਗੈਪ ਹੈ, ਸ਼ਾਰਟੇਜ ਹੈ। ਸਰ, ਉਸ ਦਾ ਪ੍ਰੋਵੀਜ਼ਨ ਕਿਵੇਂ ਕਰਨਾ ਹੈ, ਉਹ ਪੈਸਾ ਕਿਥੋਂ ਲੈ ਕੇ ਆਉਣਾ ਹੈ, ਬੱਬਰ ਸ਼ੇਰਾਂ ਨੇ ਉਸ ਬਾਰੇ ਕਦੇ ਡਿਸਕਸ਼ਨ ਹੀ ਨਹੀਂ ਕੀਤੀ। ਸਰ, ਹਸਪਤਾਲਾਂ ਦੀ ਸਟ੍ਰੈਂਥਨਿੰਗ ਵਾਸਤੇ ਮਜ਼ਬੂਤ ਕਰਨ ਵਾਸਤੇ 496 ਕਰੋੜ ਰੁਪਿਆ ਰਿਜ਼ਰਵ ਰੱਖਿਆ ਗਿਆ ਸੀ, ਮਹਿਜ਼ 30% ਉਸ ਵਿਚੋਂ ਯੂਟੇਲਾਈਜ਼ ਹੋਇਆ ਅਤੇ 70% ਪੈਸਾ ਲੈਪਸ ਹੋ ਗਿਆ। ਹਸਪਤਾਲਾਂ ਦੀ ਮੇਨਟੀਨੈਂਸ ਵਾਸਤੇ ਜਿਹੜਾ ਪੈਸਾ ਰੱਖਿਆ ਗਿਆ ਸੀ, ਉਸ ਵਿਚੋਂ ਮਹਿਜ਼ 5% ਯੂਜ ਕੀਤਾ ਗਿਆ ਅਤੇ 95% ਪੈਸਾ ਕਾਂਗਰਸ ਸਰਕਾਰ ਦੇ ਪੰਜ ਸਾਲਾਂ ਵਿੱਚ ਲੈਪਸ ਹੋ ਗਿਆ, ਇਹ ਸੀਏਜੀ ਦੀ ਰਿਪੋਰਟ ਕਹਿ ਰਹੀ ਹੈ।

ਪੰਜਾਬ ਨਿਰੋਗੀ ਯੋਜਨਾ ਤਹਿਤ 4.92 ਕਰੋੜ ਰੁਪਿਆ ਅਨਸਪੈਂਟ ਪਿਆ ਰਿਹਾ। ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਵਿੱਚ 76.81 ਕਰੋੜ ਰੁਪਿਆ, ਜੋ ਕਿ 82 ਕਰੋੜ ਬਣ ਗਿਆ।

**1545/Beant kaur/BS khokhar**

**1550/Karamjit kaur**

ਇਹ ਦੋਵੇਂ ਸਕੀਮਾਂ ਉਹ ਸੀ ਜਿਨ੍ਹਾਂ ਤਹਿਤ ਕੈਂਸਰ ਅਤੇ ਹੋਰ ਭਿਆਨਕ ਬਿਮਾਰੀਆਂ ਵਾਲੇ ਮਰੀਜ਼ਾਂ ਨੂੰ ਪੰਜਾਬ ਸਰਕਾਰ ਨੇ ਡੇਢ ਲੱਖ ਰੁਪਿਆ ਦੇਣਾ ਸੀ। ਸਰ, ਇਹ ਇਹੋ ਜਿਹੇ ਬੱਬਰ ਸ਼ੇਰ ਹਨ, ਇਹੋ ਜਿਹੇ ਮਾਂ ਦੇ ਪੁੱਤ ਹਨ ਕਿ

ਉਹ 82 ਕਰੋੜ ਰੁਪਿਆ ਅਨਸਪੈਂਟ ਪਿਆ ਰਿਹਾ। ਸਪੀਕਰ ਸਾਹਿਬ, ਇਹ ਕ੍ਰਿਮੀਨਲ ਗਵਰਨੈਂਸ ਹੈ ਜੀ. let me tell you that ਤੁਹਾਡੇ ਕੋਲ ਪੈਸਾ ਪਿਆ ਹੈ, ਗਰੀਬ ਕੈਂਸਰ ਦੇ ਨਾਲ ਹਸਪਤਾਲਾਂ ਵਿੱਚ ਮਰ ਰਿਹਾ ਹੈ ਅਤੇ ਤੁਸੀਂ ਆਪਣੇ ਖਾਤੇ ਵਿੱਚ ਪੈਸੇ ਰੱਖ ਕੇ ਬੈਠੇ ਹੋ। ਸਰ, ਇਸ 82 ਕਰੋੜ ਰੁਪਏ ਨਾਲ 5500 ਮਰੀਜ਼ਾਂ ਦੀ ਜਾਨ ਇਨ੍ਹਾਂ ਦੀ ਸਰਕਾਰ ਬਚਾ ਸਕਦੀ ਸੀ ਪ੍ਰੰਤੂ ਇਨ੍ਹਾਂ ਦੇ ਕੰਨਾਂ ਤੇ ਜੂੰ ਨਹੀਂ ਸਰਕੀ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ)

ਸਪੀਕਰ ਸਾਹਿਬ, ਕੀ ਦੱਸਾਂ ਜੀ? ਮੈਂ ਇਹ ਸਾਰੀ ਦੀ ਸਾਰੀ ਰਿਪੋਰਟ ਲੈ ਕੇ ਆਇਆ ਹਾਂ। ਮੈਂ ਕਹਿੰਦਾ ਹਾਂ ਕਿ ਤੁਸੀਂ ਅਗਲੇ ਸਾਲਾਂ ਦਾ ਤਾਂ ਛੱਡੋ, ਸਿਰਫ ਪਿਛਲੇ ਪੰਜਾਂ ਸਾਲਾਂ ਬਾਰੇ ਇਨ੍ਹਾਂ ਨਾਲ ਡਿਸਕਸ਼ਨ ਕਰ ਲਵੋ, ਜੇ ਇਨ੍ਹਾਂ ਨੂੰ ਇੱਕ ਗੱਲ ਦਾ ਵੀ ਜਵਾਬ ਆ ਜਾਵੇ ਤਾਂ ਅਸੀਂ ਦੇਣਦਾਰ ਹੋਵਾਂਗੇ। ਸਰ, ਮੇਰੀ ਹੁਣ ਬੇਨਤੀ ਇਹ ਹੈ ਕਿ ਬਾਕੀ ਸਾਥੀਆਂ ਨੇ ਜਿਵੇਂ ਗੱਲਾਂ ਕਹੀਆਂ ਹਨ, ਮੈਂ ਬਹੁਤੀ ਲੰਬੀ ਗੱਲ ਨਹੀਂ ਕਰਨੀ।

**ਮਾਣਯੋਗ ਸਪੀਕਰ**: ਕਨਕਲੂਡ ਕਰ ਲਵੋ ਜੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਹਾਂ ਜੀ, ਮੈਂ ਕਨਕਲੂਡ ਕਰਦਾ ਹਾਂ ਜੀ। ਸਰ, ਇਸ ਤਰ੍ਹਾਂ ਹੈ ਕਿ ਬਾਕੀ ਸਾਰੀਆਂ ਗੱਲਾਂ ਬਾਰੇ ਵਿੱਤ ਮੰਤਰੀ ਅਤੇ ਮੁੱਖ ਮੰਤਰੀ ਸਾਹਿਬ ਦੱਸਣਗੇ। ਮੈਂ ਇੱਕ ਚੀਜ਼ ਜ਼ਰੂਰ ਕਹਾਂਗਾ ਕਿ ਪੰਜਾਬ ਨੂੰ ਸਹੀ ਮਾਅਨਿਆਂ ਵਿੱਚ ਬਦਲਦਾ ਪੰਜਾਬ ਬਣਾਉਣਾ ਹੈ ਤਾਂ ਜਿਹੜਾ ਕਿ ਸੀ.ਐਮ. ਸਾਹਿਬ ਦਾ ਵਿਜ਼ਨ ਹੈ ਅਤੇ ਸਾਡਾ ਸਾਰਿਆਂ ਦਾ ਵਿਜ਼ਨ ਹੈ। ਉਸ ਦੇ ਲਈ ਪੰਜਾਬ ਦੀ ਜਵਾਨੀ ਨੂੰ ਸੰਭਾਲਣਾ ਪਵੇਗਾ। ਉਸ ਦੇ ਵਾਸਤੇ ਮੋਸਟ ਇੰਪੋਰਟੈਂਟ ਸਪੋਰਟਸ ਹਨ। ਇਹ ਪਹਿਲੀ ਵਾਰੀ ਹੋ ਰਿਹਾ ਹੈ ਕਿ ਪੰਜਾਬ ਵਿੱਚ 3000 ਇੰਨਡੋਰ ਗੇਮਜ ਦੀ ਜਿਹੜੀ ਪ੍ਰੋਵੀਜਨ ਹੈ, ਉਹ ਇਸ ਬਜਟ ਦੇ ਵਿੱਚ ਕੀਤੀ ਗਈ ਹੋਵੇ। (ਥੰਪਿੰਗ) ਸਰ, 979 ਕਰੋੜ ਰੁਪਏ ਦੀ ਅੱਜ ਤੱਕ ਕਦੇ ਇੰਨੀ ਪ੍ਰੋਵੀਜਨ ਨਹੀਂ ਹੋਈ। ਮੈਂ ਮੇਰੇ ਵੱਡੇ ਭਰਾ ਸਰਦਾਰ ਪਰਗਟ ਸਿੰਘ ਜੀ ਨੂੰ ਇੱਕ ਚੀਜ਼ ਜ਼ਰੂਰ ਯਾਦ ਕਰਵਾਉਣੀ ਚਾਹਾਂਗਾ। ਇਹ ਇੱਕ renowned Sportsman ਹਨ, ਇਨ੍ਹਾਂ ਨੇ ਸਾਰੀ ਦੁਨੀਆਂ ਵਿੱਚ ਦੇਸ਼ ਅਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਮੈਂ ਕੱਲ੍ਹ ਤੁਹਾਡੀ ਗੱਲ ਵੀ ਸੁਣ ਰਿਹਾ ਸੀ, ਤੁਸੀਂ ਮੀਡੀਆ ਵਿੱਚ ਕਹਿ ਰਹੇ ਸੀ ਕਿ ਅਸੀਂ ਕੁਝ ਨਹੀਂ ਕੀਤਾ। ਮੈਂ ਤੁਹਾਨੂੰ ਘੱਟੋ-ਘੱਟ ਇੰਨੀ ਜ਼ਰੂਰ ਬੇਨਤੀ ਕਰਾਂਗਾ ਕਿ ਹੋਰ ਕੁਝ ਨਹੀਂ, ਸਪੋਰਟਸ ਦੇ ਬਾਰੇ 979 ਕਰੋੜ ਰੁਪਏ ਦੀ ਜਿਹੜੀ ਪ੍ਰੋਵੀਜਨ ਕੀਤੀ ਹੈ, ਤੁਸੀਂ ਇਸ ਦੀ ਪਰੇਜ਼ ਜ਼ਰੂਰ ਕਰਕੇ ਜਾਇਓ। ਉਹ ਕਿਉ?

**ਸਰਦਾਰ ਪਰਗਟ ਸਿੰਘ ਪੋਆਰ**: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਇੱਕ ਸੈਕਿੰਡ ਜੀ। ਮੇਰੀ ਗੱਲ ਮੁੱਕ ਗਈ ਹੈ। ਮੇਰੀ ਗੱਲ ਸਿਰਫ ਅੱਧੇ ਮਿੰਟ ਦੀ ਰਹਿ ਗਈ ਹੈ।

**ਸਰਦਾਰ ਪਰਗਟ ਸਿੰਘ ਪੋਆਰ:** ਮੈਂ ਸਿਰਫ ਸਪੋਰਟਸ ਦੀ ਗੱਲ ਹੀ ਕਰਾਂਗਾ। ਮੈਂ ਕੋਈ ਹੋਰ ਗੱਲ ਨਹੀਂ ਕਰਨੀ।

**ਮਾਣਯੋਗ ਸਪੀਕਰ**: ਮੰਤਰੀ ਜੀ, ਇਨ੍ਹਾਂ ਦਾ ਪੁਆਇੰਟ ਆਫ ਆਰਡਰ ਹੈ। ਹਾਂ ਜੀ, ਬੋਲੋ।

**ਸਰਦਾਰ ਪਰਗਟ ਸਿੰਘ ਪੋਆਰ**: ਅਮਨ ਜੀ, ਮੈਂ ਇਹ ਵੀ ਕਿਹਾ ਹੈ ਕਿ ਤੁਸੀਂ ਵਧੀਆ ਕੀਤਾ ਹੈ। ਇਹ ਬਹੁਤ ਵਧੀਆ ਕੰਮ ਕੀਤਾ ਹੈ, ਜਿਹੜਾ ਤੁਸੀਂ ਇਸ ਫੀਲਡ ਲਈ ਬਜਟ ਵਧਾਇਆ ਹੈ। ਮੈਂ ਕਦੇ ਤੁਹਾਨੂੰ ਵਿਹਲੇ ਸਮੇਂ ਵਿੱਚ ਬਹਿ ਕੇ ਸਪੋਰਟਸ ਡਿਪਾਰਟਮੈਂਟ ਦੀ ਕਾਰਗੁਜ਼ਾਰੀ ਬਾਰੇ ਦੱਸ ਦੇਵਾਂਗਾ ਕਿ ਕੀ-ਕੀ ਹੋਈ ਹੈ ਅਤੇ ਕੀ-ਕੀ ਕਰ ਰਹੇ ਹਾਂ। ਮੈਂ ਕਹਿੰਦਾ ਹਾਂ ਕਿ ਤੁਸੀਂ ਸਪੋਰਟਸ ਵਾਸਤੇ ਬਜਟ ਬਹੁਤ ਵਧੀਆ ਕੀਤਾ ਹੈ ਪ੍ਰੰਤੂ ਤੁਸੀਂ ਥੱਲੇ ਜਾ ਕੇ ਦੇਖ ਲੈਣਾ। ਚੀਮਾ ਸਾਹਿਬ ਨੇ ਸਿਰਫ ਇੰਨੀ ਗੱਲ ਕਹੀ ਹੈ ਕਿ ਅਸੀਂ 87 ਗਰਾਉਂਡਾਂ ਵਾਲੀਬਾਲ ਦੀਆਂ ਤਰਨਤਾਰਨ ਵਿਖੇ ਬਣਾਈਆਂ ਹਨ ਪ੍ਰੰਤੂ ਕਦੇ ਉਥੇ ਕੋਈ ਬੰਦਾ ਭੇਜ ਦੇ ਦੇਖ ਲਇਓ, ਜੇ ਉਥੇ ਕੋਈ ਕੋਚ ਹੋਵੇ, ਕੋਈ ਉਥੇ ਇਕੁਇਪਮੈਂਟ ਹੋਵੇ ਜਾਂ ਗਰਾਉਂਡ ਅਵੇਲੇਬਲ ਹੋਵੇ। ਜੇ ਤੁਸੀਂ 87 ਦੀਆਂ 87 ਗਰਾਉਂਡਜ ਦੇਖ ਲਵੋਗੇ ਤਾਂ ਤੁਹਾਨੂੰ ਅਸੈਸਮੈਂਟ ਹੋ ਜਾਵੇਗੀ ਕਿ ਅਸਲ ਵਿੱਚ ਥੱਲੇ ਹੋ ਕੀ ਰਿਹਾ ਹੈ।

**ਮਾਣਯੋਗ ਸਪੀਕਰ**: ਸਰਦਾਰ ਪਰਗਟ ਸਿੰਘ ਜੀ, ਤੁਹਾਡੀ ਗੱਲ ਆ ਗਈ ਹੈ। ਹੁਣ ਬੈਠੋ, ਪਲੀਜ਼।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਸਪੀਕਰ ਸਾਹਿਬ, ਮੇਰੀ ਲਾਸਟ ਗੱਲ ਸੁਣ ਲਵੋ ਜੀ। ਮੈਂ ਸਰਦਾਰ ਪਰਗਟ ਸਿੰਘ ਹੋਰਾਂ ਦੀ ਗੱਲ ਨਾਲ 100 ਪਰਸੈਂਟ ਸਹਿਮਤ ਹਾਂ, ਜਿਵੇਂ ਇਹ ਕਹਿੰਦੇ ਹਨ, ਅਸੀਂ ਉਵੇਂ ਹੀ ਕਰਾਂਗੇ। ਇਨ੍ਹਾਂ ਦਾ ਹੁਕਮ ਸਿਰ ਮੱਥੇ ਪ੍ਰਵਾਨ ਹੈ ਪਰ ਪਿਛਲੇ ਸਮੇਂ ਦੌਰਾਨ ਜਦੋਂ ਇਨ੍ਹਾਂ ਦੀ ਸਰਕਾਰ ਸੀ, ਉਦੋਂ ਸਪੋਰਟਸ ਦੇ ਕੀ ਹਾਲਾਤ ਸੀ? ਇੱਕ ਇਨ੍ਹਾਂ ਨੇ ਮਿਤੀ 6 ਮਾਰਚ, 2019 ਨੂੰ ਪੰਜਾਬ ਵਿਧਾਨ ਸਭਾ ਦੇ ਸਦਨ ਵਿੱਚ ਇੱਥੇ ਖੜ੍ਹ ਕੇ ਬੋਲਿਆ ਸੀ। ਸਰਦਾਰ ਪਰਗਟ ਸਿੰਘ ਜੀ ਸਪੋਰਟਸ ਦੇ ਉਪਰ ਬੋਲ ਰਹੇ ਸੀ ਅਤੇ ਰਾਣਾ ਸੋਢੀ ਜੀ ਉਦੋਂ ਸਪੋਰਟਸ ਮਨਿਸਟਰ ਸੀ। ਇਹ ਕਹਿ ਰਹੇ ਸੀ ਕਿ ਇਸ ਮਹਿਕਮੇ ਦੀ ਬਦਕਿਸਮਤੀ ਇਹ ਹੈ ਕਿ ਥੱਲੇ ਕੋਈ ਪ੍ਰੈਕਟੀਕਲ ਕੰਮ ਨਹੀਂ ਹੁੰਦਾ, ਰਿਐਲਟੀ ਇਹ ਹੈ ਕਿ ਅਸੀਂ ਸਿਰਫ ਕਾਗਜ਼ਾਂ-ਪੱਤਰਾਂ ਵਿੱਚ ਜ਼ਿਆਦਾ ਰਹਿ ਰਹੇ ਹਾਂ ਅਤੇ ਅੱਜ ਦੀ ਤਾਰੀਕ ਦੇ ਵਿੱਚ ਡਿਪਾਰਟਮੈਂਟ ਕੋਲ ਇੱਕ ਨਿੱਕਰ ਖਰੀਦਣ ਜੋਗਾ ਟੈਂਡਰ ਵੀ ਨਹੀਂ ਹੈ। ਸਰ, ਅਸੀਂ 979 ਕਰੋੜ ਰੁਪਿਆ ਬਜਟ ਵਿੱਚ ਰੱਖਿਆ ਹੈ। ਇਸ ਲਈ ਇਸ ਵਾਸਤੇ ਸਾਡੀ ਸਰਕਾਰ ਦਾ ਤੇ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਇਹ ਜ਼ਰੂਰ ਕਰ ਦੇਣ ਜੀ। (ਥੰਪਿੰਗ) ਬਹੁਤ-ਬਹੁਤ ਧੰਨਵਾਦ ਜੀ।

**ਸਰਦਾਰ ਪਰਗਟ ਸਿੰਘ ਪੋਆਰ**: ਮੈਂ ਆਪਣੀ ਸਰਕਾਰ ਦੇ ਮਨਿਸਟਰ ਨੂੰ ਕਿਹਾ ਸੀ ਕਿ ਹਾਂ ਇਹ ਗੱਲ ਹੈ, ਇਹ ਪ੍ਰਾਬਲਮ ਹੈ। ਸ਼੍ਰੀ ਅਮਨ ਅਰੋੜਾ ਜੀ, ਤੁਸੀਂ ਵੀ ਜ਼ਰੂਰ ਕਦੇ ਥੱਲੇ ਜਾ ਕੇ ਚੈੱਕ ਕਰਿਓ। ਇਸ ਬਾਰੇ ਸੋਚਿਓ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)**: ਧੰਨਵਾਦ ਮਾਣਯੋਗ ਸਪੀਕਰ ਸਾਹਿਬ, ਤੁਸੀਂ ਮੈਨੂੰ ਸਾਲ 2025-26 ਦੇ ਬਜਟ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਤਿਕਾਰਯੋਗ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਨੇ 2 ਕਰੋੜ 36 ਲੱਖ 80 ਹਜ਼ਾਰ ਕਰੋੜ ਰੁਪਏ ਦਾ ਜੋ ਬਜਟ ਪੇਸ਼ ਕੀਤਾ ਹੈ, ਇਹ ਪਿਛਲੇ ਬਜਟ ਨਾਲੋਂ ਲਗਭੱਗ 32 ਹਜ਼ਾਰ ਕਰੋੜ ਰੁਪਏ ਜ਼ਿਆਦਾ ਹੈ। ਪੰਜਾਬ ਵਿੱਚ ਆਂਗਨਵਾੜੀ ਵਰਕਰਜ, ਹੈਲਪਰਾਂ ਜਿਨ੍ਹਾਂ ਦੀ ਗਿਣਤੀ 54000 ਹੈ, ਉਨ੍ਹਾਂ ਦੇ ਮਾਣ-ਭੱਤੇ ਵਿੱਚ ਵਾਧਾ ਕਰਨਾ, ਖਾਲੀ ਅਸਾਮੀਆਂ ਭਰਨਾ, ਪ੍ਰਾਈਵੇਟ ਅਦਾਰਿਆਂ ਦੀ ਬਜਾਏ ਸਰਕਾਰੀ ਅਦਾਰਿਆਂ ਤੋਂ ਰਾਸ਼ਨ ਲੈਣਾ, ਪ੍ਰੀ-ਨਰਸਰੀ ਟੀਚਰ ਦਾ ਦਰਜਾ ਦੇਣਾ, ਨਰੇਗਾ ਕਾਮਿਆਂ ਦੀ ਦਿਹਾੜੀ ਵਧਾਉਣ ਔਰ ਜੀ.ਆਰ.ਐਸ. ਨੂੰ ਰੈਗੂਲਰ ਕਰਨਾ, ਮੁਲਾਜ਼ਮਾਂ ਦੀ ਓਲਡ ਪੈਨਸ਼ਨ ਅਤੇ ਬੀਬੀਆਂ ਲਈ 1100 ਰੁਪਏ ਵਾਧਾ ਕਰਨਾ,

ਮੁਹੱਲਾ ਕਲੀਨਕਾਂ ਵਿੱਚ ਰੱਖੇ ਗਏ ਡਾਕਟਰਜ, ਏ.ਐਨ.ਐਮਜ, ਫਾਰਮਾਸਿਸਟ, ਐਨ.ਐਚ.ਆਰ.ਐਮ. ਤੇ ਪੇਂਡੂ ਵਿਕਾਸ ਵਿੱਚ ਰੱਖੇ ਫਾਰਮਾਸਿਸਟਾਂ ਨੂੰ ਪੱਕੇ ਕਰਨਾ, ਆਊਟ ਸੋਰਸਿਜ, ਠੇਕੇ ਅਧਾਰ ਤੇ ਕਾਮਿਆਂ ਨੂੰ ਅਤੇ ਬਿਜਲੀ ਵਿਭਾਗ ਦੇ ਕਾਮਿਆਂ ਜਿਨ੍ਹਾਂ ਦਾ ਨੁਕਸਾਨ ਹੁੰਦਾ ਹੈ, ਉਨ੍ਹਾਂ ਦਾ ਖਿਆਲ ਰੱਖਣਾ।

**1550/Karamjit kaur/Rajneesh kumar**

**1555/harpreet singh**

ਤਹਿਸੀਲ ਅਤੇ ਸਬ ਤਹਿਸੀਲਾਂ ਵਿਚ ਠੇਕੇ ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਰੈਗੂਲਰ ਕਰਨਾ। ਸਪੀਕਰ ਸਾਹਿਬ, ਮੈਂ ਸਰਕਾਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਪੰਜ ਹਜ਼ਾਰ ਦੇ ਕਰੀਬ ਗਰੀਬ ਲੋਕਾਂ ਦੇ ਐਸ.ਸੀ. ਕਾਰਪੋਰੇਸ਼ਨ ਦੇ ਕਰਜ਼ੇ ਮੁਆਫ਼ ਕੀਤੇ ਗਏ ਹਨ। ਇਹ ਸਰਕਾਰ ਦਾ ਬਹੁਤ ਵੱਡਾ ਉਪਰਾਲਾ ਹੈ (ਥੰਪਿੰਗ)। ਪਿਛਲੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਗੁਟਕਾ ਸਾਹਿਬ ਮੱਥੇ ਨੂੰ ਲਗਾ ਕੇ ਬੇਜ਼ਮੀਨੇ ਲੋਕਾਂ ਦੇ ਕਰਜ਼ੇ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ ਪਰ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਅੰਦਰ OWN FUNDED ਸੋਸਾਇਟੀਆਂ ਦੇ ਕਰਜ਼ੇ ਮੁਆਫ਼ ਨਹੀਂ ਕੀਤੇ ਗਏ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਗੜ੍ਹਸ਼ੰਕਰ ਵਿਚ ਬਹੁਤ ਸਾਰੀਆਂ ਅਜਿਹੀਆਂ ਸੋਸਾਇਟੀਆਂ ਹਨ। ਜਿਸ ਤਰ੍ਹਾਂ ਐਸ.ਸੀ. ਕਾਰਪੋਰੇਸ਼ਨ ਦੇ ਕਰਜ਼ੇ ਮੁਆਫ਼ ਕੀਤੇ ਹਨ, ਉਨ੍ਹਾਂ ਵੱਲ ਵੀ ਜ਼ਰੂਰ ਧਿਆਨ ਦਿੱਤਾ ਜਾਵੇ। ਸਪੀਕਰ ਸਾਹਿਬ, ਪੰਜਾਬ ਦੇ ਅੰਦਰ ਸਿਹਤ ਸਹੂਲਤਾਂ ਦੇ ਵਿਚ ਰਿਕਾਰਡ ਤੋੜ ਵਾਧਾ ਹੋਇਆ। 3 ਕਰੋੜ ਤੋਂ ਵੱਧ ਮੁਹੱਲਾ ਕਲੀਨਿਕਾਂ ਵਿਚ ਲੋਕਾਂ ਨੇ ਇਲਾਜ ਕਰਵਾਇਆ ਹੈ। ਡਾ. ਬਲਬੀਰ ਸਿੰਘ ਜੀ, ਸਿਹਤ ਮੰਤਰੀ ਜੀ ਨੇ ਪੰਜਾਬ ਵਿਚ ਸਿਹਤ ਸੇਵਾਵਾਂ ਦੇ ਖੇਤਰ ਵਿਚ ਕਾਇਆ ਕਲਪ ਕੀਤੀ ਹੈ। ਮਾਣਯੋਗ ਸਪੀਕਰ ਸਾਹਿਬ, ਜਦੋਂ ਕੋਈ ਵੀ ਬਿਮਾਰ ਹੁੰਦਾ ਹੈ ਤਾਂ ਆਪਾਂ ਵੱਡੇ ਵੱਡੇ ਹਸਪਤਾਲਾਂ ਵਿਚ ਜਾਂਦੇ ਹਾਂ ਅਤੇ ਲੱਖਾਂ ਰੁਪਿਆ ਖਰਚ ਹੁੰਦਾ ਹੈ। ਜਿਹੜੀ ਸਰਕਾਰ ਨੇ 10 ਲੱਖ ਦੀ ਕੈਸ਼ਲੈਸ ਬੀਮਾ ਯੋਜਨਾ ਸ਼ੁਰੂ ਕੀਤੀ ਹੈ, ਇਹ ਸਰਕਾਰ ਗਰੀਬ ਲੋਕਾਂ ਲਈ ਰੱਬ ਬਣ ਕੇ ਆਈ ਹੈ। (ਥੰਪਿੰਗ) ਸਪੀਕਰ ਸਾਹਿਬ, ਮੈਂ ਸਰਕਾਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਸਾਡੇ ਸਤਿਕਾਰਯੋਗ ਮੁੱਖ ਮੰਤਰੀ ਜੀ, ਸਿਹਤ ਮੰਤਰੀ ਜੀ, ਵਿੱਤ ਮੰਤਰੀ ਜੀ ਅਤੇ ਡਾ. ਸੁਖਵਿੰਦਰ ਸੁੱਖੀ ਜੀ ਦੇ ਯਤਨਾਂ ਸਦਕਾ ਨਵਾਂ ਸ਼ਹਿਰ ਵਿਚ ਮੈਡੀਕਲ ਕਾਲਜ ਦੀ ਸ਼ੁਰੂਆਤ ਕੀਤੀ ਗਈ ਅਤੇ ਇਸ ਬਜਟ ਵਿਚ ਉਸ ਲਈ ਪੈਸੇ ਵੀ ਰੱਖੇ ਹਨ। ਇਸ ਲਈ ਮੈਂ ਸਮੁੱਚੇ ਨਵਾਂ ਸ਼ਹਿਰ ਇਲਾਕੇ ਵੱਲੋਂ ਸਰਕਾਰ ਦਾ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਸਰਦਾਰ ਹਰਪਾਲ ਸਿੰਘ ਚੀਮਾ ਜੀ, ਜੋ ਪੰਜਾਬ ਦੇ ਪਹਿਲੇ ਦਲਿਤ ਵਿੱਤ ਮੰਤਰੀ ਹਨ। ਉਨ੍ਹਾਂ ਨੇ ਪਿੰਡਾਂ ਤੇ ਸ਼ਹਿਰਾਂ ਦੀਆਂ ਗਲੀਆਂ ਵਿਚ ਰਹਿ ਕੇ ਆਮ ਲੋਕਾਂ ਦੀਆਂ ਗੱਲਾਂ ਸੁਣੀਆਂ ਅਤੇ ਮੈਂ ਬਜਟ ਵਿਚ ਦੇਖ ਰਿਹਾ ਸੀ ਕਿ ਐਕਸਾਈਜ਼ ਅਤੇ ਹੋਰ ਮਹਿਕਮਿਆਂ ਦੇ ਅੰਦਰ ਉਨ੍ਹਾਂ ਨੇ ਰੈਵੇਨਿਊ ਦੁੱਗਣਾ ਕੀਤਾ ਹੈ ਅਤੇ ਵੱਖ-ਵੱਖ ਅਦਾਰਿਆਂ ਨੂੰ ਪਹਿਲਾਂ ਨਾਲੋਂ ਜ਼ਿਆਦਾ ਵੱਡੇ ਪੱਧਰ ਤੇ ਪੈਸੇ ਅਲਾਟ ਕੀਤੇ ਹਨ। ਸਪੀਕਰ ਸਾਹਿਬ, ਬਾਬਾ ਸਾਹਿਬ ਅੰਬੇਦਕਰ ਜੀ ਨੇ ਕਿਹਾ ਸੀ ਕਿ ਆਬਾਦੀ ਦੇ ਅਨੁਪਾਤ ਦੇ ਹਿਸਾਬ ਨਾਲ ਬਜਟ ਦੀ ਵੰਡ ਹੋਣੀ ਚਾਹੀਦੀ ਹੈ। ਅੱਜ ਅਨੁਸੂਚਿਤ ਜਾਤੀਆਂ ਲਈ 34 ਫੀਸਦੀ ਹਿੱਸਾ ਬਜਟ ਵਿਚ ਰੱਖ ਕੇ ਉਨ੍ਹਾਂ ਦੀ ਗੱਲ ਨੂੰ ਵਿੱਤ ਮੰਤਰੀ ਜੀ ਨੇ ਪੂਰਾ ਕੀਤਾ ਹੈ। ਸਪੀਕਰ ਸਾਹਿਬ, ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ, ਜਿੱਥੇ ਸਰਕਾਰ ਵੱਲੋਂ ਏ.ਜੀ. ਦਫ਼ਤਰ ਦੇ ਅੰਦਰ ਲਾਅ ਅਫ਼ਸਰਾਂ ਦੀ ਭਰਤੀ ਵਿਚ ਕਾਨੂੰਨ ਬਣਾ ਕੇ ਰਿਜ਼ਰਵੇਸ਼ਨ ਲਾਗੂ ਕੀਤੀ ਗਈ। ਇਸ ਦੇਸ਼ ਦੇ ਅੰਦਰ ਇਹ ਕਿਸੇ ਰਾਜ ਵਿਚ ਨਹੀਂ ਹੈ। ਇਸ ਲਈ ਵੀ ਮੈਂ ਮੁੱਖ ਮੰਤਰੀ

ਜੀ ਦਾ ਅਤੇ ਵਿੱਤ ਮੰਤਰੀ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਲੇਬਰ ਡਿਪਾਰਟਮੈਂਟ, ਜਿਸ ਬਾਰੇ ਮੰਤਰੀ ਜੀ ਬੋਲ ਰਹੇ ਸਨ ਕਿ ਉਨ੍ਹਾਂ ਕੋਲ ਵਿਭਾਗ ਵਿਚ ਕਰੋੜਾਂ ਰੁਪਿਆ ਪਏ ਹਨ। ਮੈਂ ਮੁੱਖ ਮੰਤਰੀ ਸਾਹਿਬ ਅਤੇ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਦਲਿਤ ਔਰਤਾਂ ਨੂੰ ਸਵੈ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਇਨ੍ਹਾਂ ਪੈਸਿਆਂ ਨਾਲ ਕੋਈ ਨਵੀਂ ਸਕੀਮ ਬਣਾ ਕੇ ਦਿੱਤੀ ਜਾਵੇ ਤਾਂ ਜੋ ਉਨ੍ਹਾਂ ਨਾਲ ਸਮਾਜਿਕ ਵਿਤਕਾਰ ਨਾ ਹੋ ਸਕੇ। ਬਿਲਡਿੰਗ ਕੰਸਟਰੱਕਸ਼ਨ ਦੇ ਖੇਤਰ ਵਿਚ ਦਿਹਾੜੀਦਾਰ ਕਾਮਿਆਂ ਨੂੰ ਵੀ ਇਸ ਵਿਚ ਲਾਭ ਦੇਣਾ ਚਾਹੀਦਾ ਹੈ।

**ਮਾਣਯੋਗ ਸਪੀਕਰ**: ਵਾਈਂਡ ਅੱਪ ਕਰੋ ਜੀ।

**ਡਾਕਟਰ ਨਛੱਤਰ ਪਾਲ**: ਆਸ਼ੀਰਵਾਦ ਸਕੀਮ ਰਾਹੀਂ ਲੋਕਾਂ ਨੂੰ ਬਹੁਤ ਫਾਇਦਾ ਹੋਇਆ ਪਰ ਕਈ ਕੇਸ ਕੁੱਝ ਕਾਰਨਾਂ ਕਰਕੇ ਰਹਿ ਗਏ ਹਨ, ਉਨ੍ਹਾਂ ਨੂੰ ਵੀ ਕਲੀਅਰ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਜੀਵਨਜੋਤ ਸਕੀਮ ਇਕ ਬਹੁਤ ਵਧੀਆ ਸਕੀਮ ਹੈ। ਜਿਹੜੇ ਬੱਚੇ ਭੀਖ ਮੰਗਦੇ ਸੀ, ਜਿਨ੍ਹਾਂ ਬੱਚਿਆਂ ਦੇ ਮਾਂ ਬਾਪ ਨਹੀਂ ਸੀ, ਜਿਹੜੇ ਨਿਆਸਰੇ ਸੀ, ਜਿਹੜੇ ਮੰਦਬੁੱਧੀ ਸੀ। ਪੰਜਾਬ ਸਰਕਾਰ ਨੇ ਉਨ੍ਹਾਂ ਬੱਚਿਆਂ ਨੂੰ ਸਕੂਲਾਂ ਵਿਚ ਦਾਖਲ ਕਰਵਾਇਆ। ਇਸ ਲਈ ਵੀ ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ। ਇਹ ਤਾਂ ਹੀ ਸੰਭਵ ਹੋਇਆ ਜੇਕਰ ਆਮ ਲੋਕਾਂ ਵਿਚੋਂ ਐਮ.ਐਲ.ਏ. ਚੁਣ ਕੇ ਆਏ ਅਤੇ ਦਲਿਤ ਪਰਿਵਾਰ ਵਿਚੋਂ ਸਰਦਾਰ ਹਰਪਾਲ ਸਿੰਘ ਚੀਮਾ ਜੀ ਨੂੰ ਵਿੱਤ ਮੰਤਰੀ ਬਣਨ ਦਾ ਮੌਕਾ ਮਿਲਿਆ। ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੂੰ ਅਸੀਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਬਾਕੀ ਸੂਬਿਆਂ ਦੀ ਤਰ੍ਹਾਂ ਪੰਜਾਬ ਦੇ ਅੰਦਰ ਵੀ ਐਮ.ਐਲ.ਏ. ਡਿਵੈਲਪਮੈਂਟ ਫੰਡ ਹੋਣਾ ਚਾਹੀਦਾ ਹੈ। ਕੱਲ੍ਹ ਜਿਹੜਾ ਇਨ੍ਹਾਂ ਨੇ 5 ਕਰੋੜ ਰੁਪਏ ਦਾ ਐਲਾਨ ਕੀਤਾ ਹੈ, ਉਸ ਲਈ ਮੈਂ ਮੁੱਖ ਮੰਤਰੀ ਜੀ ਦਾ ਵਿਸ਼ੇਸ਼ ਤੌਰ ਤੇ ਸਾਰਿਆਂ ਵੱਲੋਂ ਧੰਨਵਾਦ ਕਰਦਾ ਹਾਂ। (ਥੰਪਿਗ) ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿਚ ਸਾਨੂੰ ਆਪਣੀਆਂ ਆਉਣ ਵਾਲੀਆਂ ਪੀੜੀਆਂ ਨੂੰ ਬਚਾਉਣ ਲਈ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ। ਪੰਜਾਬ ਨੂੰ ਟੂਰਿਸਟ ਹੱਬ ਬਣਾਉਣ ਲਈ ਸ੍ਰੀ ਗੁਰੂ ਰਵੀਦਾਸ ਮਹਾਰਾਜ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਖੁਰਾਲਗੜ੍ਹ ਸਾਹਿਬ ਅਤੇ ਗੜ੍ਹਸ਼ੰਕਰ ਨੂੰ ਸੜਕਾਂ ਦੇ ਨਾਲ ਜੋੜਨਾ ਚਾਹੀਦਾ ਹੈ ਅਤੇ ਜਿਹੜਾ ਮਿਨਾਰ-ਏ-ਬੇਗਮਪੁਰਾ ਬਣਿਆ ਹੈ, ਉਸ ਵਿਚ ਸਾਜ਼ੋ ਸਮਾਨ ਰੱਖਣਾ ਚਾਹੀਦਾ ਹੈ ਅਤੇ ਪੰਜਾਬ ਦੀ ਧਰਤੀ ਤੇ ਸ੍ਰੀ ਕਾਂਸੀ ਰਾਮ ਜੀ ਦੇ ਨਾਂਅ ਤੇ ਵੀ ਕੋਈ ਸਮਾਰਕ ਬਣਾਉਣੀ ਚਾਹੀਦੀ ਹੈ। ਸਿੱਖਿਆ ਦੇ ਖੇਤਰ ਦੇ ਵਿਚ 17 ਹਜ਼ਾਰ 975 ਕਰੋੜ ਰੁਪਏ ਦੇ ਨਾਲ ਬਹੁਤ ਵਧੀਆ ਮੀਲ ਪੱਥਰ ਸਥਾਪਿਤ ਕੀਤੇ ਗਏ ਹਨ। ਇਸ ਲਈ ਮੈਂ ਪੰਜਾਬ ਦੇ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਇਹ ਬਹੁਤ ਵਧੀਆ ਬਜਟ ਲੈ ਕੇ ਆਏ ਹਨ। ਮੈਨੂੰ ਆਸ ਹੈ ਕਿ ਜਿਹੜੀਆਂ ਗੱਲਾਂ ਰਹਿ ਗਈਆਂ, ਉਨ੍ਹਾਂ ਨੂੰ ਵੀ ਜਲਦੀ ਪੂਰਾ ਕਰਨਗੇ। ਬਹੁਤ ਬਹੁਤ ਧੰਨਵਾਦ। ਜੈ ਭੀਮ, ਜੈ ਭਾਰਤ।

**1555/harpreet singh/Rajneesh kumar**

**1600/amandeep kaur**

**ਮਾਣਯੋਗ ਸਪੀਕਰ**: ਜੂਨੀਅਰ ਜੀ, You have got five minutes.

**ਸ੍ਰੀ ਅਵਤਾਰ ਸਿਘ ਜੂਨੀਅਰ (ਜਲੰਧਰ ਉੱਤਰੀ)**: ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਲੇਕਿਨ ਮੈਂ ਤੁਹਾਡੀ ਫਰਾਖਦਿਲੀ ਕਈ ਹੋਰ ਬੰਦਿਆਂ ਵੱਲ ਜ਼ਿਆਦਾ ਦੇਖੀ ਹੈ।

**ਮਾਣਯੋਗ ਸਪੀਕਰ**: ਇਹ ਵੀ ਫਰਾਖਦਿਲੀ ਹੈ ਕਿ ਤੁਹਾਡਾ ਟਾਈਮ ਪੂਰਾ ਹੋ ਚੁੱਕਿਆ ਹੈ। (ਹਾਸਾ)

**ਸ੍ਰੀ ਅਵਤਾਰ ਸਿਘ ਜੂਨੀਅਰ** : ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਨੂੰ ਗੁਜ਼ਾਰਿਸ਼ ਕਰ ਦਿਆਂਗਾ ਕਿ ਥੋੜਾ ਟਾਈਮ ਸਾਡਾ ਵੀ ਵਧਾ ਦਿਓ। ਸਪੀਕਰ ਸਾਹਿਬ, ਮੇਰੇ ਛੋਟੇ ਵੀਰ ਸੁਖਾਨੰਦ ਜੀ ਨੇ ਬਹੁਤ ਹੀ ਵਧੀਆ ਤਕਰੀਰ ਕੀਤੀ ਤੇ ਉਨ੍ਹਾਂ ਨੇ ਆਪਣੀ ਸਪੀਚ ਦੇ ਐਂਡ ਦੇ ਵਿੱਚ ਸਲੋਗਨਜ਼ ਬੋਲੇ ਹਨ, ਜੋ ਇਸ ਬਜਟ ਦੇ ਵਿੱਚ ਆਏ ਹਨ। ਇਹ ਬਜਟ directionless, aimless and only full of slogans ਹੈ। ਇਸ ਬਜਟ ਦੇ ਵਿਪਕਸ਼ ਦੇ ਵਿੱਚ ਮੈਂ ਖੜ੍ਹਾ ਹੋਇਆ ਹਾਂ। ਮੇਰੇ ਬਹੁਤ ਹੀ ਸਤਿਕਾਰਯੋਗ ਬੜੇ ਵੀਰ ਸ੍ਰੀ ਅਮਨ ਅਰੋੜਾ ਜੀ ਨੇ fiscal deficit ਦੀ ਗੱਲ ਕੀਤੀ ਹੈ ਕਿ ਕਾਂਗਰਸ ਦੇ ਸਾਲ 2017 ਤੋਂ ਲੈ ਕੇ 2022 ਤੱਕ ਦੀ regime ਵਿੱਚ ਜਿਹੜਾ fiscal deficit ਰਿਹਾ, ਉਹ 4.26% ਰਿਹਾ। ਇਸ ਬਜਟ ਦੇ ਵਿੱਚ ਥੋੜਾ ਜਿਹਾ ਵੇਖਿਆ ਜਾਵੇ ਸਾਲ 2024-25 ਦੇ ਵਿੱਚ budgeted 30,465 ਕਰੋੜ ਰੁਪਿਆ ਸੀ means 3.8%, ਲੇਕਿਨ ਜੋ revised ਸੀ, ਉਹ 36750 ਕਰੋੜ ਰੁਪਿਆ ਹੋਇਆ, 4.5 %, ਸਾਡੇ ਅਨੁਮਾਨ ਤੋਂ 7.7% ਵੱਧ ਹੋਇਆ। ਐਤਕੀਂ ਫਿਰ ਬਹੁਤ ਹੀ ਸਤਿਕਾਰਯੋਗ ਵਿੱਤ ਮੰਤਰੀ ਸਾਹਿਬ ਨੇ ਫਿਰ ਤੋਂ 3.8% budgeted ਕੀਤਾ ਹੈ ਯਾਨੀ ਕਿ 34,201 ਕਰੋੜ ਰੁਪਿਆ। ਮੈਂ ਇਸ ਅਜ਼ੀਮ ਸਦਨ ਦੇ ਵਿੱਚ ਬੜੇ ਹੌਸਲੇ ਨਾਲ ਇਹ ਕਹਿ ਸਕਦਾ ਹਾਂ ਕਿ ਇਸ ਤੇ ਵਿੱਤ ਮੰਤਰੀ ਸਾਹਿਬ ਪੂਰੇ ਨਹੀਂ ਉੱਤਰਨਗੇ। ਵਿੱਤ ਮੰਤਰੀ ਸਾਹਿਬ ਦਾ ਟੋਟਲ ਬਜਟ 2 ਲੱਖ 37 ਹਜ਼ਾਰ ਕਰੋੜ ਰੁਪਏ ਦਾ ਸੀ ਇਸ ਵਿੱਚ total borrowing ਜਿਹੜੀ ਹੈ ਉਹ 1 ਲੱਖ 21150 ਕਰੋੜ ਰੁਪਏ ਦੀ ਹੈ। ਪਿਛਲੇ ਸਾਲ 98 ਹਜ਼ਾਰ ਕਰੋੜ ਰੁਪਏ ਦੀ budgeted ਸੀ ਯਾਨੀ ਕਿ ਹੋਈ 1 ਲੱਖ 3334 ਕਰੋੜ ਰੁਪਿਆ। ਮੈਂ ਛੋਟੀ ਜਿਹੀ ਫਿੱਗਰ ਦੱਸਦਾ ਹਾਂ ਕਿ ਸਾਲ 2021-22 ਦੇ ਵਿੱਚ ਜਦੋਂ ਕਾਂਗਰਸ ਦੀ ਸਰਕਾਰ ਸੀ, ਉਦੋਂ borrowing 41175 ਕਰੋੜ ਰੁਪਿਆ ਸੀ, GDP to debt ratio Punjab ਦੀ ਜਿਹੜੀ ਅੱਜ ਇਸ ਬਜਟ ਦੇ ਵਿੱਚ ਦਿੱਤੀ ਹੈ ਉਹ 44.50 ਪ੍ਰਤੀਸ਼ਤ ਹੈ, ਲੇਕਿਨ ਸਾਲ 2024-25 ਦੇ ਵਿੱਚ 44.77 ਪ੍ਰਤੀਸ਼ਤ ਸੀ ਤੇ ਜਿਨ੍ਹਾਂ ਨੂੰ ਅਸੀਂ ਗਰੀਬ ਰਾਜ ਕਹਿੰਦੇ ਹਾਂ, ਬਿਹਾਰ ਦੀ ਇਹ ਰੇਸ਼ੋ 37% ਹੈ।(ਘੰਟੀ) ਹਰਿਆਣਾ ਦੀ ਰੇਸ਼ੋ 30% ਤੇ ਸਾਡੀ ਜਿਸ ਨੂੰ 75 ਸਾਲਾਂ ਦੇ ਵਿੱਚ ਕਿਸੇ ਵੀ ਸਰਕਾਰ ਨੇ ਕੁਝ ਨਹੀਂ ਦਿੱਤਾ ਪਰ ਬਜਟ ਦੇ ਵਿੱਚ ਇਹ ਜ਼ਰੂਰ ਲਿਖਿਆ ਗਿਆ ਹੈ ਕਿ 1980 ਦੇ ਵਿੱਚ ਪੰਜਾਬ ਇੱਕ ਨੰਬਰ ਪ੍ਰਦੇਸ਼ ਸੀ। ਆਜ਼ਾਦੀ ਮਿਲਣ ਤੋਂ ਬਾਅਦ 75 ਸਾਲਾਂ ਦੇ ਵਿੱਚ ਇੱਕ ਦਹਾਕਾ ਹੀ ਐਸਾ ਸੀ। ਅੱਜ ਅਸੀਂ 44.77% ਤੇ ਹਾਂ। Again budgeted 44.05 and actual 44.77% ਅਤੇ ਸਾਲ 2025-26 ਦੇ ਬਜਟ ਦੇ ਵਿੱਚ 44.50% ਦੀ ਪ੍ਰੋਵੀਜ਼ਨ ਰੱਖੀ ਹੈ। ਜਿਹੜੇ ਅੰਕੜੇ ਪਿਛਲੇ ਸਾਲਾਂ ਦੇ ਹਨ 100% sure ਹੈ ਕਿ ਇਹ ਵੀ ਵਧੇਗੀ। ਸਪੀਕਰ ਸਾਹਿਬ, capital outlay ਦੀ ਗੱਲ ਹੋਈ ਕਿ ਅਸੀਂ capital outlay ਵਧਾਉਣ ਜਾ ਰਹੇ ਹਾਂ। ਪੰਜਾਬ ਦੀ capital outlay ਦੀ ਜਿਹੜੀ provision ਰੱਖੀ ਗਈ ਹੈ ਉਹ 10,302 ਕਰੋੜ ਰੁਪਿਆ ਹੈ। (ਘੰਟੀ) ਸਰ, ਹਾਲੇ ਤਾਂ ਪੰਜ ਮਿੰਟ ਵੀ ਨਹੀਂ ਹੋਏ ਹਨ।

**1600/amandeep kaur/Monika sharma**

**1605/Tarlochan Singh**

**ਮਾਣਯੋਗ ਸਪੀਕਰ** : ਹੋ ਗਏ ਜੀ, ਪੰਜ ਮਿੰਟ ਹੋ ਗਏ ਹਨ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਮੈਂ ਸੀ.ਐਮ. ਸਾਹਿਬ ਨੂੰ ਵੀ ਫਰਾਖਦਿਲੀ ਲਈ ਬੇਨਤੀ ਕੀਤੀ ਸੀ।

**ਮਾਣਯੋਗ ਸਪੀਕਰ** : ਹੁਣ ਤੁਸੀਂ ਆਪਣਾ ਕਾਗਜ਼ ਅੱਗੇ ਪਾਹੜਾ ਸਾਹਿਬ ਨੂੰ ਫੜਾ ਦਿਉ। ਉਨ੍ਹਾਂ ਦਾ ਸਮਾਂ ਆ ਗਿਆ ਹੈ। ਹੁਣ ਉਨ੍ਹਾਂ ਦਾ ਟਾਈਮ ਆ ਗਿਆ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਪੰਜ ਮਿੰਟ ਤਾਂ ਪੂਰੇ ਕਰਨ ਦਿਉ।

**ਮਾਣਯੋਗ ਸਪੀਕਰ** : ਨਹੀਂ ਜੀ, ਪੰਜ ਮਿੰਟ ਪੂਰੇ ਹੋ ਗਏ ਹਨ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਉਨ੍ਹਾਂ ਨੇ ਸੋਹਲੇ ਗਾਏ ਤਾਂ ਪੂਰਾ ਟਾਈਮ ਦਿੱਤਾ, ਮੈਂ ਵੀ ਸਰਕਾਰ ਦੇ ਸੋਹਲੇ ਹੀ ਗਾਉਣੇ ਹਨ। ਮੈਨੂੰ ਘੱਟੋ-ਘੱਟ 5 ਮਿੰਟ ਤਾਂ ਦਿਉ।

**ਮਾਣਯੋਗ ਸਪੀਕਰ** : ਚੱਲੋ, ਹੁਣ ਪਾਹੜਾ ਸਾਹਿਬ ਨੂੰ ਆਉਣ ਦਿਉ।

**ਇੱਕ ਆਵਾਜ਼** : ਬੋਲ ਲੈਣ ਦਿਉ ਜੀ।

**ਮਾਣਯੋਗ ਸਪੀਕਰ** : ਚੱਲੋ, ਬੋਲੋ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਕੈਪੀਟਲ ਆਊਟਲੇਅ 10302 ਕਰੋੜ ਰੁਪਏ ਦਾ ਹੈ ਜੋ ਕਿ ਟੋਟਲ ਬਜਟ ਦਾ ਸਿਰਫ 7% ਹੈ। ਹਰਿਆਣਾ ਦਾ 16164 ਕਰੋੜ ਰੁਪਿਆ ਹੈ ਜੋ ਕਿ ਬਜਟ ਦਾ 9.6% ਹੈ। ਯੂ.ਪੀ. ਦਾ 1,65,243 ਕਰੋੜ ਰੁਪਿਆ ਜੋ ਕਿ ਬਜਟ ਦਾ 22% ਹੈ। ਅੱਜ ਪੰਜਾਬ ਵਿੱਚ ਇੰਡਸਟਰੀ ਕਿਉਂ ਨਹੀਂ ਆ ਰਹੀ? ਕਿਉਂਕਿ ਅਸੀਂ ਕੇਪੈਕਸ ਹੀ ਨਹੀਂ ਕਰ ਰਹੇ ਹਾਂ। ਇੰਡਸਟਰੀ ਮਨਿਸਟਰ ਸਾਹਿਬ ਨੇ ਬਹੁਤ ਵਧੀਆ ਸਪੀਚ ਦਿੱਤੀ ਹੈ ਲੇਕਿਨ ਜਦੋਂ ਅਸੀਂ ਕੇਪੈਕਸ ਹੀ ਨਹੀਂ ਕਰਾਂਗੇ ਤਾਂ ਇਹ ਸਰਕਾਰ ਕਿੱਥੇ ਜਾਵੇਗੀ? ਸਰ ਅਖੀਰ ਵਿੱਚ ਸਪੋਰਟਸ ਬਾਰੇ ਕਹਿ ਕੇ ਖਤਮ ਕਰਦਾ ਹਾਂ ਜੀ।

**ਮਾਣਯੋਗ ਸਪੀਕਰ** : ਸਰਦਾਰ ਬਰਿੰਦਰਮੀਤ ਸਿੰਘ ਪਾਹੜਾ। ਹੁਣ ਉਨ੍ਹਾਂ ਦਾ ਟਾਈਮ ਚੱਲ ਰਿਹਾ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਸਿਰਫ ਸਪੋਰਟਸ ਬਾਰੇ।

**Hon'ble Speaker** : Now Pahra ji's time starts.

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਲਾਸਟ ਪੁਆਇੰਟ। ਸਰ, ਸਪੋਰਟਸ ਤੇ ਜਿਹੜਾ ਟੋਟਲ ਬਜਟ ਦਿੱਤਾ ਗਿਆ ਹੈ, ਇਹ 979 ਕਰੋੜ ਰੁਪਿਆ ਦਿੱਤਾ ਗਿਆ ਜੋ ਕਿ ਪਿਛਲੀ ਵਾਰੀ 267 ਕਰੋੜ ਸੀ ਅਤੇ ਖਰਚਿਆ ਸਿਰਫ 215 ਕਰੋੜ। ਸਰ, ਮੇਰੇ ਹਲਕੇ ਵਿੱਚ Burlton ਪਾਰਕ ਤੇ 84 ਕਰੋੜ ਰੁਪਿਆ ਲੱਗਣਾ ਸੀ। ਇਸ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿੱਚ ਉਹ ਪ੍ਰਾਜੈਕਟ ਕੈਂਸਲ ਹੀ ਕਰ ਦਿੱਤਾ। 84 ਕਰੋੜ ਰੁਪਏ ਦਾ ਮਤਲਬ ਹੈ ਜਿਹੜਾ ਅੱਜ ਤੁਸੀਂ ਬਜਟ ਰੱਖਿਆ ਹੈ ਉਸ ਦਾ 10% ਉਸ ਹੱਬ ਤੇ ਲੱਗਣਾ ਸੀ। ਸਰਕਾਰ ਦੀ ਸਪੋਰਟਸ ਵੱਲ ਫਰਾਖਦਿਲੀ ਕੀ ਹੈ, ਇਹ ਦਰਸਾਉਂਦੀ ਹੈ ਕਿ Burlton ਪਾਰਕ ਦਾ ਪ੍ਰਾਜੈਕਟ ਖਤਮ ਕਰ ਦਿੱਤਾ ਗਿਆ ਹੈ। ਤੁਸੀਂ ਬੋਲਣ ਦਾ ਸਮਾਂ ਦਿੱਤਾ, ਤੁਹਾਡਾ ਬਹੁਤ-ਬਹੁਤ ਧੰਨਵਾਦ, ਜੈ ਹਿੰਦ।

**ਮਾਣਯੋਗ ਸਪੀਕਰ** : ਧੰਨਵਾਦ। ਪਾਹੜਾ ਸਾਹਿਬ। ਤੁਹਾਡੇ 5 ਮਿੰਟ ਹਨ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ)** : ਧੰਨਵਾਦ ਸਪੀਕਰ ਸਾਹਿਬ। ਕੋਸ਼ਿਸ਼ ਕਰਦਾ ਹਾਂ ਕਿ 5 ਮਿੰਟ ਵਿੱਚ ਹੀ ਬੋਲ ਲਵਾਂ। ਸਪੀਕਰ ਸਾਹਿਬ, ਜਿਹੜੀ ਸਰਕਾਰ ਕ੍ਰਿਟੀਸਿਜ਼ਮ ਸੁਣਨ ਦਾ ਮਾਦਾ ਰੱਖਦੀ ਹੈ, ਉਹ ਠੀਕ ਰਹਿੰਦੀ ਹੈ। ਜਿਵੇਂ ਤੁਸੀਂ ਪਰਗਟ ਸਿੰਘ ਬਾਰੇ ਕਿਹਾ ਕਿ ਆਪਣੇ ਮੰਤਰੀ ਦਾ ਕ੍ਰਿਟੀਸਿਜ਼ਮ ਕੀਤਾ। ਤੁਹਾਨੂੰ ਯਾਦ ਹੋਵੇਗਾ, ਤੁਸੀਂ ਉਦੋਂ ਇੱਧਰ ਸੀ ਅਤੇ ਮੈਂ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਜੀ ਦਾ 4 ਘੰਟੇ ਕ੍ਰਿਟੀਸਿਜ਼ਮ ਕੀਤਾ ਸੀ। ਮੈਂ ਇਨ੍ਹਾਂ ਦਾ ਨਹੀਂ ਸੀ ਕੀਤਾ ਸਗੋਂ ਪੰਚਾਇਤਾਂ ਮੰਤਰੀ ਦਾ ਕੀਤਾ ਸੀ। ਸੋ, ਮੇਰਾ ਕਹਿਣਾ ਦਾ ਮਤਲਬ ਹੈ ਕਿ ਇਹ ਜਿਹੜੀ ਵਿਧਾਨ ਸਭਾ ਹੈ, ਇਸ ਵਿੱਚ ਕ੍ਰਿਟੀਸਿਜ਼ਮ ਸੁਣਨਾ ਵੀ ਬਹੁਤ ਜ਼ਰੂਰੀ ਹੈ। ਸੋ, ਟਰੇਜ਼ਰੀ ਬੈਂਚਿਜ਼ ਨੇ ਬਜਟ ਦੀ ਸਰਾਹਨਾ ਕੀਤੀ ਹੈ, ਪਰ ਕੁਝ ਗੱਲਾਂ ਹਨ ਜਿਨ੍ਹਾਂ ਤੇ ਇਨ੍ਹਾਂ ਨੇ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਉਹ ਚੀਜ਼ਾਂ ਬਜਟ ਵਿੱਚ ਆਈਆਂ ਹਨ।

ਮੈਂ ਐਜੂਕੇਸ਼ਨ ਅਤੇ ਹੈਲਥ ਮਾਡਲ ਬਾਰੇ ਗੱਲ ਕਰਦਾ ਹਾਂ। ਇਸ ਸਰਕਾਰ ਨੇ ਬੜੇ ਜ਼ੋਰ ਸ਼ੋਰ ਨਾਲ ਕਿਹਾ ਸੀ ਕਿ ਅਸੀਂ ਪੰਜਾਬ ਵਿੱਚ ਐਜੂਕੇਸ਼ਨ ਅਤੇ ਹੈਲਥ ਮਾਡਲ ਲਿਆਉਣਾ ਹੈ, ਪੰਜਾਬ ਵਿੱਚ ਦਿੱਲੀ ਮਾਡਲ ਲਿਆਉਣਾ ਹੈ। ਅਮਨ ਅਰੋੜਾ ਜੀ ਨੇ ਵੀ ਇਹ ਗੱਲ ਕਹੀ ਕਿ 455 ਸੀਨੀਅਰ ਸੈਕੰਡਰੀ ਸਕੂਲਾਂ ਬਿਨਾ ਪ੍ਰਿੰਸੀਪਲ ਹਨ, worst rate in Malwa. ਜੇ ਮੈਂ ਗਲਤ ਨਾ ਹੋਵਾਂ ਤਾਂ ਸਪੀਕਰ ਸਾਹਿਬ, ਸੰਗਰੂਰ ਜ਼ਿਲ੍ਹਾ ਜਿਹੜਾ ਕਿ ਸਾਡੇ ਆਨਰੇਬਲ ਚੀਫ ਮਨਿਸਟਰ ਸਾਹਿਬ ਦਾ ਹਲਕਾ ਹੈ ਉਥੇ 85.5% ਸਕੂਲ ਬਿਨਾ ਪ੍ਰਿੰਸੀਪਲ ਹਨ, ਮਾਨਸਾ 82%, ਬਰਨਾਲਾ 76.6 ਅਤੇ ਬਠਿੰਡਾ 63.6%। ਸੋ, ਇਸ ਤਰੀਕੇ 41% schools are without Head Masters. ਇਸ ਵਿੱਚ ਵੀ ਜਿਹੜਾ ਸਾਡੇ ਮਾਣਯੋਗ ਮੁੱਖ ਮੰਤਰੀ ਜੀ ਦਾ ਹੋਮ ਡਿਸਟ੍ਰਿਕਟ ਹੈ, ਉਥੇ ਵੀ 9 ਸੈਂਕਸ਼ਨਡ ਪੋਸਟਾਂ ਵਿੱਚੋਂ 7 ਵੇਕੈਂਟ ਹਨ। ਮੇਰੇ ਕੋਲ ਸਾਰਿਆਂ ਜ਼ਿਲ੍ਹਿਆਂ ਦੀ ਡਿਟੇਲ ਹੈ। ਜਿੱਥੇ ਤੱਕ ਸਪੀਕਰ ਸਾਹਿਬ ਗੱਲ ਹੈ ਕਿ ਬੱਚੇ ਬਾਹਰ ਜਾ ਰਹੇ ਹਨ, ਬੱਚਿਆਂ ਨੂੰ ਰੋਕਣਾ ਹੈ। ਬੱਚੇ 10ਵੀਂ ਕਰਕੇ ਆਈਲੈਟਸ ਕਰਕੇ ਭੱਜ ਜਾਂਦੇ ਹਨ, ਬਾਰਵੀਂ ਕਰਕੇ ਭੱਜ ਜਾਂਦੇ ਹਨ। ਜਿਸ ਤਰੀਕੇ ਨਾਲ ਅਮਰੀਕਾ ਨੇ ਕੀਤਾ ਹੈ, ਸਾਡੇ ਬੱਚੇ ਵਾਪਸ ਆਏ ਹਨ। ਜਿੱਥੇ ਸਕੂਲ ਐਜੂਕੇਸ਼ਨ ਤੇ ਜ਼ੋਰ ਦੇਣ ਦੀ ਲੋੜ ਹੈ, ਉਥੇ, ਸਪੀਕਰ ਸਾਹਿਬ, ਹਾਇਰ ਐਜੂਕੇਸ਼ਨ ਵਿੱਚ ਵੀ ਮੈਂ ਸਮਝਦਾ ਹਾਂ ਕਿ ਸਰਕਾਰ ਪਿੱਛੇ ਰਹੀ ਹੈ। ਸਾਡੇ 136 ਏਡਿਡ ਕਾਲਜ ਹਨ ਅਤੇ 64 ਸਰਕਾਰੀ ਕਾਲਜ ਹਨ, ਜੋ ਕਿ ਲਗਭਗ 200 ਕਾਲਜ ਹਨ। ਸਪੀਕਰ ਸਾਹਿਬ,

All India Federation of University and College Teachers' Organisation ਨੇ first time ਲੁਧਿਆਣਾ ਯੂਨੀਵਰਸਿਟੀ ਵਿੱਚ Academic Conference ਰੱਖੀ ਜਿਸ ਵਿੱਚ 29 ਸੂਬਿਆਂ ਦੇ ਟੀਚਰਜ਼ ਆਏ।

**1605/Tarlochan Singh/Monika sharma**

**1610/mehak**

ਨੇਪਾਲ ਤੋਂ ਵੀ ਡੈਲੀਗੇਟਸ ਇਸ ਕਾਨਫਰੰਸ ਨੂੰ ਅਟੈਂਡ ਕਰਨ ਲਈ ਆਏ ਸਨ। ਬੜੀ ਬਦਕਿਸਮਤੀ ਦੀ ਗੱਲ ਹੈ ਕਿ ਕੋਈ ਵੀ ਪੰਜਾਬ ਸਰਕਾਰ ਦਾ ਆਫੀਸ਼ੀਅਲ ਉੱਥੇ ਹਾਜ਼ਰ ਨਹੀਂ ਸੀ। ਉਹ ਕਾਨਫਰੰਸ ਕਿਸ ਲਈ ਸੀ? ਅਸੀਂ ਰੌਲਾ ਪਾਉਂਦੇ ਹਾਂ ਕਿ ਸੈਂਟਰ ਸਰਕਾਰ ਸਾਡੀ ਸਿੱਖਿਆ ਨਾਲ ਛੇੜ ਛਾੜ ਕਰ ਰਹੀ ਹੈ, ਇਸੇ ਚਿੰਤਾ ਪਿੱਛੇ ਇਹ ਕਾਨਫਰੰਸ ਰੱਖੀ ਸੀ national move against their wrong policies ਤੇ ਉਸ ਵਾਸਤੇ ਉਹ ਇਕੱਠੇ ਹੋਏ ਤੇ ਮੈਂ ਸਮਝਦਾ ਹਾਂ ਕਿ ਉੱਥੇ ਸਾਡੀ ਪਾਰਟੀਸੀਪੇਸ਼ਨ ਚਾਹੀਦੀ ਸੀ। (ਘੰਟੀ) ਜਿੱਥੇ ਅਸੀਂ ਇੰਪਲਾਇਮੈਂਟ ਦੀ ਗੱਲ ਜ਼ੋਰ-ਸ਼ੋਰ ਨਾਲ ਕਰਦੇ ਹਾਂ ਉੱਥੇ ਸਾਡੀ ਹੁਣ ਦੀ ਸਰਕਾਰ ਦੇ ਡਾਇਰੈਕਟਰ, ਹਾਇਰ ਐਜੂਕੇਸ਼ਨ ਵੱਲੋਂ ਅਗਸਤ, 2022 ਨੂੰ ਇੱਕ ਲੈਟਰ ਇਸ਼ੂ ਹੋਇਆ ਹੈ ਜਿਨ੍ਹਾਂ ਨੇ ਕਾਲਜਾਂ ਵਿੱਚ ਰਿਕਰੂਟਮੈਂਟ ਬੈਨ ਕੀਤੀ ਹੋਈ ਹੈ ਅਤੇ ਇਹ ਬੈਨ ਕੀਤੇ ਨੂੰ ਲਗਭਗ ਢਾਈ ਸਾਲ ਹੋ ਗਏ ਹਨ ਤੇ ਮੈਂ ਚਾਹਾਂਗਾ ਕਿ ਸਰਕਾਰ ਇਹ ਬੈਨ ਚੁੱਕੇ ਤੇ ਨਾਲ ਹੀ ਤਿੰਨ ਪਰਸੈਂਟ ਕੋਟਾ ਹਰ ਵਿਭਾਗ ਵਿੱਚ ਪੁਲਿਸ ਦਾ ਵੀ ਹੈ। ਪੰਜਾਬ ਪੁਲਿਸ ਵਿੱਚ ਸਾਲ 2017 ਵਿੱਚ ਲਾਸਟ ਭਰਤੀ ਹੋਈ ਹੈ, ਉਸ ਤੋਂ ਬਾਅਦ ਕੋਈ ਭਰਤੀ ਨਹੀਂ ਕੀਤੀ ਗਈ ਹੈ ਤੇ ਸਾਰੇ ਖਿਡਾਰੀ ਓਵਰ ਏਜ ਹੋ ਰਹੇ ਹਨ। ਇਸੇ ਤਰ੍ਹਾਂ ਹੈਲਥ ਵਿੱਚ ਵੀ ਹੁਣੇ ਹੀ ਮਾਣਯੋਗ ਮੈਂਬਰ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ 59% ਪੋਸਟਾਂ ਮੈਡੀਕਲ ਅਫਸਰਾਂ ਦੀਆਂ ਖਾਲੀ ਹਨ। ਮੈਡੀਕਲ ਅਫਸਰਾਂ ਦੀਆਂ 2293 ਪੋਸਟਾਂ ਹਨ ਤੇ 1246 ਪੋਸਟਾਂ ਖਾਲੀ ਹਨ ਤੇ 57% ਸਪੈਸ਼ਲਿਸਟ ਡਾਕਟਰਾਂ ਦੀਆਂ ਖਾਲੀ ਹਨ, 2689 ਪੋਸਟਾਂ ਵਿੱਚੋਂ 1554 ਪੋਸਟਾਂ ਖਾਲੀ ਹਨ ਤੇ 1135 ਨਾਲ ਹੀ ਸਾਡਾ ਕੰਮ ਚੱਲ ਰਿਹਾ ਹੈ। ਸੀ.ਐਮ. ਸਾਹਿਬ ਦੇ ਹੋਮ ਡਿਸਟ੍ਰਿਕਟ ਵਿੱਚ ਵੀ ਐਮਰਜੈਂਸੀ ਮੈਡੀਕਲ ਅਫਸਰ ਦੀਆਂ ਅੱਠ ਪੋਸਟਾਂ ਵਿੱਚੋਂ ਸਿਰਫ ਇੱਕ ਹੀ ਕੰਮ ਕਰ ਰਿਹਾ ਹੈ। ਮੈਂ ਸਮਝਦਾ ਹਾਂ ਕਿ ਡਾਕਟਰਾਂ ਦੀ ਕਮੀ ਕਰਕੇ ਓ.ਪੀ.ਡੀ. ਵਿੱਚ ਲੋਕਾਂ ਦਾ ਨੁਕਸਾਨ ਹੈ, ਉੱਥੇ ਪੇਸ਼ੈਂਟਸ ਆਉਂਦੇ ਹਨ, ਖਰਾਬ ਹੁੰਦੇ ਹਨ ਤੇ ਡਾਕਟਰਾਂ ਦੀ ਕਮੀ ਨੂੰ ਪੂਰਾ ਕੀਤਾ ਜਾਵੇ। ਜਿੱਥੇ ਸਰਕਾਰ ਕੋਲ ਇੰਨਾ ਪੈਸਾ ਹੈ, ਆਪਾਂ ਕਹਿੰਦੇ ਹਾਂ ਕਿ ਖਜ਼ਾਨਾ ਭਰਿਆ ਹੋਇਆ ਹੈ। ਇੱਕ ਵਾਰ ਵੀ ਚੀਮਾ ਸਾਹਿਬ ਨੇ ਇਹ ਨਹੀਂ ਕਿਹਾ ਹੈ ਕਿ ਖਜ਼ਾਨਾ ਖਾਲੀ ਹੈ। (ਘੰਟੀ) ਇਹ ਮੁਲਾਜ਼ਮਾਂ ਦੀ ਭਰਤੀ ਲਈ ਐਡਵਰਟਾਈਜ਼ਮੈਂਟ ਦਿਓ ਤੇ ਇਸ ਨੂੰ ਬਜਟ ਵਿੱਚ ਲਿਆਓ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ**: ਸਰ, ਅੱਧਾ ਮਿੰਟ ਦੇ ਦਿਓ, ਕਨਕਲੂਡ ਕਰ ਰਿਹਾ ਹਾਂ। ਇਹ ਖਜ਼ਾਨਾ ਇਨ੍ਹਾਂ ਭਰਤੀਆਂ ਤੇ ਲਗਾਇਆ ਜਾਵੇ ਤਾਂ ਜੋ ਸਾਡੇ ਬੱਚਿਆਂ ਨੂੰ ਰੁਜ਼ਗਾਰ ਮਿਲੇ। ਇੱਥੇ ਕਿਹਾ ਗਿਆ ਕਿ 52000 ਬੱਚਿਆਂ ਨੂੰ ਨੌਕਰੀ ਦਿੱਤੀ, ਇਹ ਡਾਕਟਰ ਵੀ ਪੜ੍ਹੇ ਲਿਖੇ ਹਨ। ਟੀਚਰਜ਼ ਹੀ ਪੜ੍ਹਾਉਂਦੇ ਹਨ, ਇਸ ਲਈ ਅਸੀਂ ਟੀਚਰਜ਼ ਨੂੰ

ਰਿਕਰੂਟ ਕਰੀਏ ਤਾਂ ਜੋ ਕੋਈ ਦਿੱਕਤ ਨਾ ਆਵੇ। ਇੱਥੇ ਚੰਗੀ ਗੱਲ ਹੈ ਕਿ ਸਰਕਾਰ ਨੇ ਆਯੂਸ਼ਮਾਨ ਸਕੀਮ ਸ਼ੁਰੂ ਕੀਤੀ ਹੈ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ)**: ਧੰਨਵਾਦ ਜੀ। ਕੱਲ੍ਹ ਫਾਈਨਾਂਸ ਮਨਿਸਟਰ ਸਾਹਿਬ ਨੇ ਚੌਥਾ ਬਜਟ ਪੇਸ਼ ਕੀਤਾ ਹੈ ਔਰ ਮੈਂ ਥੋੜ੍ਹਾ ਜਿਹਾ ਪਿੱਛੇ ਲੈ ਕੇ ਜਾਣਾ ਚਾਹਾਂਗਾ ਕਿ ਤਿੰਨ ਸਾਲ ਪਹਿਲਾਂ ਜਦੋਂ ਸਰਕਾਰ ਬਣਾਈ ਤਾਂ ਉਸ ਵੇਲੇ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਦਾ ਧਿਆਨ ਪੰਜ ਚੀਜ਼ਾਂ ਤੇ ਆਪਣੇ ਵੱਲ ਆਕਰਸ਼ਿਤ ਕੀਤਾ ਸੀ, ਆਪਣੇ ਵੱਲ ਖਿੱਚਿਆ ਸੀ। ਉਨ੍ਹਾਂ ਵਿੱਚੋਂ ਸਭ ਤੋਂ ਵੱਡੀ ਗੱਲ ਹੈਲਥ ਤੇ ਸਿੱਖਿਆ ਸੀ ਤੇ ਸਿੱਖਿਆ ਨਾਲ ਜੁੜਿਆ ਦਿੱਲੀ ਮਾਡਲ। ਦੂਜੀ ਗੱਲ ਸੀ ਕਿ ਤਿੰਨ ਮਹੀਨਿਆਂ ਵਿੱਚ ਨਸ਼ਾ ਸਮਾਪਤ ਕਰਾਂਗੇ। ਤੀਸਰੀ ਗੱਲ ਸੀ ਕਿ ਆਉਂਦੇ ਹੀ ਰੇਤ ਮਾਫੀਆ ਦੀ ਸਮਾਪਤੀ ਕਰਾਂਗੇ ਔਰ ਮਾਈਨਿੰਗ ਪਾਲਿਸੀ ਲਿਆਵਾਂਗੇ। ਚੌਥਾ ਮਾਮਲਾ ਸੀ ਭੈਣਾਂ ਨੂੰ 1100 ਰੁਪਏ, ਉਸ ਸਮੇਂ ਹਜ਼ਾਰ ਰੁਪਏ ਸੀ। ਪੰਜਾਬ ਦੇ ਲੋਕਾਂ ਨੂੰ ਦਿੱਲੀ ਮਾਡਲ ਇੰਨਾ ਆਕਰਸ਼ਿਤ ਕੀਤਾ ਤੇ ਲੋਕਾਂ ਨੇ ਵੋਟਾਂ ਵੀ ਪਾਈਆਂ, ਇਹ ਵੀ ਵਾਅਦਾ ਕੀਤਾ ਕਿ ਹਜ਼ਾਰ ਰੁਪਏ ਦੇਵਾਂਗੇ। ਅਮਨ ਜੀ, ਧਿਆਨ ਨਾਲ ਸੁਣੋ, ਨਿੰਦਕ ਨੇੜੇ ਰੱਖਣੇ ਚਾਹੀਦੇ ਹਨ। ਹਜ਼ਾਰ ਰੁਪਏ ਦੇਣ ਬਾਰੇ ਇੱਕ ਪੱਤਰਕਾਰ ਨੇ ਸਵਾਲ ਪੁੱਛਿਆ ਕਿ ਪੰਜਾਬ ਦੀ ਮਾਲੀ ਹਾਲਤ ਤਾਂ ਠੀਕ ਨਹੀਂ ਹੈ ਤਾਂ ਹਜ਼ਾਰ ਰੁਪਏ ਕਿੱਥੋਂ ਦਿਓਗੇ? ਉਨ੍ਹਾਂ ਕਿਹਾ ਕਿ ਮੈਂ ਵਪਾਰੀ ਹਾਂ, ਸੁਪਰੀਮੋ ਬੋਲ ਰਹੇ ਹਨ, ਉਹ ਸਦਨ ਦੇ ਮੈਂਬਰ ਨਹੀਂ ਹਨ, ਇਸ ਕਰਕੇ ਨਾਂ ਨਹੀਂ ਲੈ ਰਿਹਾ ਹਾਂ। ਸੁਪਰੀਮੋ ਕਹਿ ਰਹੇ ਹਨ ਕਿ ਮੈਂ ਵਪਾਰੀ ਦਾ ਪੁੱਤਰ ਹਾਂ ਤੇ ਵੀਹ ਹਜ਼ਾਰ ਕਰੋੜ ਰੁਪਏ ਇਲਲੀਗਲ ਹੋ ਰਹੀ ਮਾਈਨਿੰਗ ਵਿੱਚੋਂ ਆਵੇਗਾ। ਇੰਨਾ ਵੱਡਾ ਆਦਮੀ ਬੋਲ ਰਿਹਾ ਹੈ ਤਾਂ ਮੈਂ ਤਾਂ ਸੱਚ ਹੀ ਮੰਨ ਲਿਆ। ਮੈਂ ਤਾਂ ਝੂਠ ਕਦੇ ਵੀ ਨਹੀਂ ਮੰਨਾਂਗਾ। ਚੀਮਾ ਸਾਹਿਬ, ਇਹ ਦੱਸ ਦੇਣਗੇ। (ਘੰਟੀ) ਇਨ੍ਹਾਂ ਦਾ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਇੱਕ ਜਣਾ 34 ਮਿੰਟ ਬੋਲਿਆ ਹੈ।

**ਮਾਣਯੋਗ ਸਪੀਕਰ**: ਅਸ਼ਵਨੀ ਜੀ, ਇਹ proportionally ਮਿਲਣਾ ਹੈ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ**: ਨਹੀਂ proportionally ਕਿਵੇਂ ਹੈ? ਉਹ ਇੱਕ ਸੰਖਿਆ ਸੀ। ਨਹੀਂ ਇਸ ਤਰ੍ਹਾਂ ਨਹੀਂ, ਤੁਸੀਂ ਜਾਂ ਤਾਂ ਹਿੰਮਤ ਰੱਖੋ। ਮੈਨੂੰ ਆਪਣੀ ਗੱਲ ਕਨਕਲੂਡ ਕਰਨ ਦਿਓ।

**ਮਾਣਯੋਗ ਸਪੀਕਰ**: ਤੁਸੀਂ ਕਨਕਲੂਡ ਕਰ ਦਿਓ। ਤੁਸੀਂ ਮੇਰੇ ਨਾਲ ਬਹਿਸ ਕਰਨੀ ਹੈ ਜਾਂ ਕਨਕਲੂਡ ਕਰਨਾ ਹੈ?

**1610/mehak/Shubham jain**

**1615/Sukhpiar Singh**

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ**: ਮੈਨੂੰ ਕਨਕਲੂਡ ਕਰਨ ਦਿਉ।

**ਮਾਣਯੋਗ ਸਪੀਕਰ**: ਕਨਕਲੂਡ ਕਰੋ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ**: ਮੈਂ ਤਾਂ ਮੰਨਦਾ ਹਾਂ ਜੀ ਕਿ ਉਹ ਪੈਸਾ ਆਇਆ ਹੋਵੇਗਾ। (ਵਿਘਨ) (ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਜੇਕਰ ਇਹੀ ਕੁਝ ਕਰਨਾ ਹੈ (ਵਿਘਨ) (ਸ਼ੋਰ), ਤੁਸੀਂ ਸਭ ਕੁਝ ਬੋਲਦੇ ਰਹਿੰਦੇ ਹੋ। ਅਸੀਂ ਤੁਹਾਡੀ ਸ਼ਾਨ ਦੇ ਖਿਲਾਫ ਇੱਕ ਵੀ ਸ਼ਬਦ ਨਹੀਂ ਬੋਲਦੇ, ਸੁਣਦੇ ਹਾਂ। ਮੈਂ ਮੰਨਦਾ ਹਾਂ ਕਿ ਉਹ ਆਇਆ, ਜੇ ਆਇਆ ਤਾਂ ਗਿਆ ਕਿੱਥੇ ਹੈ (ਹਾਸਾ)? ਹੈਲਥ ਦੀ ਗੱਲ ਕਰਦੇ ਹਾਂ, ਅਸੀਂ ਪਹਿਲਾਂ ਕਿਹਾ ਸੀ ਕਿ ਹਰ ਪਿੰਡ ਵਿੱਚ ਮੁਹੱਲਾ ਕਲੀਨਿਕ ਖੋਲ੍ਹਾਂਗੇ, ਬਾਅਦ ਵਿੱਚ ਛੇ ਹਜ਼ਾਰ ਤੇ ਆ ਗਏ। ਹੁਣ ਤੱਕ 881 ਖੋਲ੍ਹੇ ਗਏ ਜਿਨ੍ਹਾਂ ਵਿੱਚੋਂ 561 ਕੇਂਦਰ ਦੇ ਸੈਂਟਰ ਹਨ। ਉਹ ਕੇਂਦਰ ਨੂੰ ਵਾਪਸ ਕਰ ਦਿੱਤੇ, ਇਹ ਕਿਉਂ ਕਰ ਰਹੇ ਹੋ? ਕਦੇ ਜਾ ਕੇ ਸਕੂਲਾਂ ਵਿੱਚ ਦੇਖੋ। ਅੱਜ ਤੁਸੀਂ ਸੱਤਾ ਵਿੱਚ ਹੋ, ਜੋ ਕੁਝ ਸੱਤਾ ਵਿੱਚ ਬਾਕੀ ਕਰਦੇ ਸੀ, ਉਹੀ ਕਰੋਗੇ ਨਾ, ਅੱਜ ਕੋਈ ਨਹੀਂ ਬੋਲੇਗਾ।

**ਮਾਣਯੋਗ ਸਪੀਕਰ**: ਠੀਕ ਹੈ ਅਸ਼ਵਨੀ ਜੀ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਭੈਣਾਂ ਨਾਲ ਤਾਂ ਧੋਖਾ ਨਾ ਕਰੋ। ਅੱਜ ਸਕੂਲਾਂ ਅੰਦਰ ਟੀਚਰ ਨਹੀਂ ਹਨ। ਵੱਡੇ ਵੱਡੇ ਹਸਪਤਾਲ ਹਨ, ਜੇ ਹਸਪਤਾਲ ਵਿੱਚ ਡਾਕਟਰ ਹੈ ਤਾਂ ਦਵਾਈ ਨਹੀਂ ਹੈ, ਅਗਰ ਦਵਾਈ ਹੈ ਤਾਂ ਡਾਕਟਰ ਨਹੀਂ ਹੈ।

**ਮਾਣਯੋਗ ਸਪੀਕਰ**: ਠੀਕ ਹੈ ਧੰਨਵਾਦ ਜੀ, ਧੰਨਵਾਦ। ਸਰਦਾਰ ਹਰਪਾਲ ਸਿੰਘ ਚੀਮਾ ਜੀ। (ਵਿਘਨ) (ਸ਼ੋਰ)

(ਇਸ ਸਮੇਂ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ, ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਆਪਣੀ ਸੀਟ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਜਿਸ ਕਾਰਨ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਟਰੇਜ਼ਰੀ ਬੈਂਚਿਜ਼ ਦੇ ਮੈਂਬਰਾਂ ਨਾਲ ਬਹਿਸ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਰਨਿੰਗ ਕੁਮੈਂਟਰੀ ਬੰਦ ਕੀਤੀ ਜਾਵੇ। ਬੈਠੋ ਅਸ਼ਵਨੀ ਜੀ, ਤੁਸੀਂ ਬੈਠੋ। (ਵਿਘਨ) (ਸ਼ੋਰ) ਹਾਂ ਜੀ, ਚੀਮਾ ਜੀ ਪਲੀਜ਼।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। (ਵਿਘਨ) (ਸ਼ੋਰ)

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਬਜਟ ਦੀ ਬਹਿਸ ਤੇ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

---------

**WALK OUT**

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਬਜਟ ਦੀ ਬਹਿਸ ਤੇ ਬੋਲਣ ਲਈ ਵੱਧ ਸਮਾਂ ਨਾ ਦੇਣ ਦੇ ਰੋਸ ਵਜੋਂ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

---------

**GENERAL DISCUSSION ON THE BUDGET ESTIMATES FOR THE YEAR 2025-26 (*Resumption*)**

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਮੈਨੂੰ ਅੱਜ ਇਸ ਅਜ਼ੀਮ ਸਦਨ ਅੰਦਰ ਜੋ ਪੰਜਾਬ ਦਾ ਕੱਲ੍ਹ ਬਜਟ ਪੇਸ਼ ਹੋਇਆ, ਉਸ ਤੇ ਮੇਰੀਆਂ ਇਸ ਵਿਧਾਨ ਸਭਾ ਅੰਦਰ ਜੋ ਆਪੋਜ਼ੀਸ਼ਨ ਦੀਆਂ ਧਿਰਾਂ ਹਨ, ਉਨ੍ਹਾਂ ਨੇ ਆਪਣਾ ਪੱਖ ਰੱਖਿਆ। ਸਾਡੇ ਸਤਿਕਾਰਯੋਗ ਮੈਂਬਰ ਰਾਣਾ ਗੁਰਜੀਤ ਸਿੰਘ, ਮੈਡਮ ਅਰੁਨਾ ਚੌਧਰੀ ਜੀ, ਸ੍ਰੀ ਅਵਤਾਰ ਸਿੰਘ ਜੂਨੀਅਰ ਜੀ, ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਜੀ, ਡਾਕਟਰ ਨਛੱਤਰ ਪਾਲ ਜੀ, ਸਰਦਾਰ ਮਨਪ੍ਰੀਤ ਸਿੰਘ ਇਆਲੀ ਜੀ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਜੀ, ਸਾਰੇ ਵਿਰੋਧੀ ਧਿਰ ਦੇ ਚੁਣੇ ਹੋਏ ਨੁਮਾਇੰਦਿਆਂ ਨੇ ਆਪਣਾ ਪੱਖ ਇਸ ਵਿਧਾਨ ਸਭਾ ਅੰਦਰ ਬਜਟ ਤੇ ਰੱਖਿਆ। ਸਾਡੇ ਵੱਲੋਂ ਮੇਰੇ ਮੰਤਰੀ ਸਾਥੀ ਸ੍ਰੀ ਅਮਨ ਅਰੋੜਾ ਜੀ, ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਜੀ, ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ ਜੀ ਅਤੇ ਹੋਰ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਆਪਣਾ ਪੱਖ ਸਰਕਾਰ ਦੀ ਤਰਫ ਤੋਂ ਰੱਖਿਆ। ਆਮ ਆਦਮੀ ਪਾਰਟੀ ਦੀ ਸਰਕਾਰ ਪੰਜ ਗਾਰੰਟੀਆਂ ਦੇ ਕੇ ਪੰਜਾਬ ਵਿੱਚ ਸੱਤਾ ਵਿੱਚ ਆਈ ਸੀ। ਪੰਜ ਗਾਰੰਟੀਆਂ ਦੇ ਕੇ ਪੰਜਾਬ ਦੇ ਲੋਕਾਂ ਨੇ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਭਾਰੀ ਬਹੁਮਤ ਨਾਲ 92 ਸੀਟਾਂ ਦੇ ਕੇ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਕਿਉਂਕਿ ਉਸ ਸਮੇਂ ਵੋਟ ਬਦਲਾਅ ਦੇ ਨਾਮ ਤੇ ਪਾਈ ਸੀ। ਵੋਟ ਚੇਂਜ ਕਰਨ ਦੇ ਨਾਮ ਤੇ ਪਈ ਸੀ ਅਤੇ ਲਗਾਤਾਰ ਅਸੀਂ ਪਿਛਲੇ ਤਿੰਨ ਸਾਲਾਂ ਤੋਂ ਵੱਡਾ ਬਦਲਾਅ ਪੰਜਾਬ ਦੇ ਹਰੇਕ ਖੇਤਰ ਵਿੱਚ ਕਰ ਰਹੇ ਹਾਂ। ਇਸੇ ਗੱਲ ਕਰਕੇ ਇਸ ਬਜਟ ਦਾ ਨਾਮ ਵੀ ਅਸੀਂ ਬਦਲਾਅ ਰੱਖਿਆ ਹੈ, ਬਦਲਦਾ ਪੰਜਾਬ ਰੱਖਿਆ ਹੈ ਕਿ ਪੰਜਾਬ ਕਿਵੇਂ ਬਦਲ ਰਿਹਾ ਹੈ। ਮੈਂ ਜ਼ਿਆਦਾ ਸਮਾਂ ਨਹੀਂ ਲਵਾਂਗਾ ਕਿਉਂਕਿ ਸਾਡੇ ਮੁੱਖ ਮੰਤਰੀ ਸਾਹਿਬ ਨੇ ਵੀ ਅੱਜ ਬਜਟ ਨੂੰ ਲੈ ਕੇ ਗੱਲ ਕਰਨੀ ਹੈ। ਮੈਂ ਸਿਰਫ ਕੁਝ ਅੰਕੜੇ ਦੇ ਕੇ ਗੱਲ ਖਤਮ ਕਰਾਂਗੇ। ਜੇ ਜੀ.ਐਸ.ਟੀ. ਦੀ ਗੱਲ ਕਰੀਏ, ਜਦੋਂ ਪੰਜਾਬ ਅੰਦਰ 2017 ਵਿੱਚ ਜੀ.ਐਸ.ਟੀ. ਆਇਆ, ਉਸੇ ਸਮੇਂ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਆਈ। ਉਦੋਂ ਕਿੰਨਾ ਜੀ.ਐਸ.ਟੀ. ਰੈਵੇਨਿਊ ਇਕੱਠਾ ਕੀਤਾ? ਸਿਰਫ 21,286 ਕਰੋੜ ਰੁਪਏ ਦਾ ਜੀ.ਐਸ.ਟੀ. ਮਾਲੀਆ ਇਨ੍ਹਾਂ ਦੇ ਸਮੇਂ ਕੁਲੈਕਟ ਹੋਇਆ, ਇਕੱਠਾ ਹੋਇਆ, ਕੋਈ ਵੀ extra effort, not a single effort. ਚਲੋ ਅੱਜ ਕੱਲ੍ਹ ਇਨ੍ਹਾਂ ਦੇ ਉਹ ਸਾਥੀ ਭਾਰਤੀ ਜਨਤਾ ਵਿੱਚ ਚਲੇ ਗਏ। ਮੈਨੂੰ ਲੱਗਦਾ ਹੈ ਕਿ ਸ਼ਾਇਦ ਸਾਨੂੰ ਵੀ ਕੋਈ ਸ਼ਾਇਰੀ ਸੁਣਾ ਕੇ ਟਕਾ ਲੈਂਦੇ ਸੀ।

**1615/Sukhpiar Singh/Shubham jain**

**1620/Manika Rani**

ਇੱਥੇ ਤ੍ਰਿਪਤ ਬਾਜਵਾ ਜੀ ਬੈਠੇ ਹਨ, ਇਹ ਦੱਸ ਦੇਣ ਕਿ ਪਿਛਲੇ ਪੰਜ ਸਾਲਾਂ ਵਿੱਚ ਜੋ ਇਨ੍ਹਾਂ ਦੇ ਵਿੱਤ ਮੰਤਰੀ ਜੀ ਬਜਟ ਭਾਸ਼ਣ ਦਿੰਦੇ ਸੀ, ਬਜਟ ਪੇਸ਼ ਕਰਦੇ ਸੀ, ਕੀ ਇਨ੍ਹਾਂ ਨੂੰ ਸਮਝ ਆਇਆ ਸੀ? ਕੀ ਪਿਛਲੇ ਪੰਜ ਸਾਲਾਂ ਵਿੱਚ ਬਜਟ ਸਮਝ ਆਇਆ ਸੀ। ਅਰੁਣਾ ਚੌਧਰੀ ਜੀ ਤੁਸੀਂ ਦੱਸ ਦਿਓ। ਕੀ ਉਨ੍ਹਾਂ ਵੱਲੋਂ ਪੇਸ਼ ਕੀਤੇ ਬਜਟ ਦੀ ਤੁਹਾਨੂੰ ਸਮਝ ਆਈ ਕਿ ਉਨ੍ਹਾਂ ਨੇ ਪਿਛਲੇ ਪੰਜ ਸਾਲਾਂ ਵਿੱਚ ਕੀ ਬਜਟ ਪੇਸ਼ ਕੀਤਾ ਸੀ? ਉਹ ਇਸੇ ਤਰ੍ਹਾਂ ਸਮਾਂ ਲੰਘਾ ਗਏ ।

**ਮੁੱਖ ਮੰਤਰੀ (ਸਰਦਾਰ ਭਗਵੰਤ ਸਿੰਘ ਮਾਨ) (ਬੈਠੇ-ਬੈਠੇ):** ਗੁਰਦਸ਼ੇ ਮਹਿਫਲ-ਏ-ਮਸ਼ਰੂਫ (ਹਾਸਾ)

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ (ਬੈਠੇ-ਬੈਠੇ):** ਸੀ.ਐਮ. ਸਾਹਿਬ ਤੁਸੀਂ ਤਾਂ ਨਾਲ ਰਹੇ ਹੋ।

**ਮੁੱਖ ਮੰਤਰੀ (ਬੈਠੇ-ਬੈਠੇ):** ਮੈਨੂੰ ਤਾਂ ਆਪ ਸਮਝ ਨਹੀਂ ਆਈ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਉਨ੍ਹਾਂ ਦਾ ਡਿਪਾਰਟਮੈਂਟ ਜੀ.ਐਸ.ਟੀ. ਸੀ। ਉਨ੍ਹਾਂ ਨੇ ਇੱਕ ਵੀ ਐਫਰਟਸ ਨਹੀਂ ਕੀਤੇ। ਇਹ ਗੱਲ ਸੱਚ ਹੈ। ਤੁਸੀਂ statics ਦੇ ਅੰਕੜੇ ਦੇਖ ਲਓ। ਦੂਜੇ ਪਾਸੇ, ਜਦੋਂ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਬਣੀ ਤਾਂ ਤਿੰਨ ਸਾਲਾਂ ਵਿੱਚ ਅਸੀਂ ਰੈਵੇਨਿਯੂ 64 ਹਜ਼ਾਰ 253 ਕਰੋੜ ਰੁਪਏ ਤੇ ਲੈ ਕੇ ਆਉਂਦਾ। (ਥੰਪਿੰਗ) ਸਪੀਕਰ ਸਾਹਿਬ, ਉਹ ਕੰਪਨਸ਼ੇਸ਼ਨ ਤੇ ਡਿਪੈਂਡ ਕਰਦੇ ਸਨ। ਤੁਸੀਂ ਕਹੋਗੇ ਕਿ ਮੈਨੂੰ ਪਤਾ ਹੈ, ਤੁਸੀਂ ਕਹੋਗੇ ਕਿ ਤੁਸੀਂ ਗਲਤ ਬੋਲ ਰਹੇ ਹੋ। ਉਹ ਕੰਪਨਸ਼ੇਸ਼ਨ ਸੀ। ਉਹ ਕੰਪਨਸ਼ੇਸ਼ਨ ਕੀ ਸੀ? ਜਿਹੜੀ ਗੌਰਮਿੰਟ ਆਫ ਇੰਡੀਆ ਹੈ, ਉਹ ਲੋਨ ਲੈ ਕੇ ਸਟੇਟਾਂ ਨੂੰ ਕੰਪਨਸ਼ੇਸ਼ਨ ਦਿੰਦੀ ਸੀ ਐਂਰ ਜਿਹੜਾ ਉਹ ਲੋਨ ਹੈ, ਅੱਜ ਵੀ ਬੋਲ ਰਿਹਾ ਹੈ, ਅੱਜ ਵੀ ਜਿਹੜਾ ਤੁਸੀਂ ਲੋਨ ਕੋਟ ਕਰ ਰਹੇ ਹੋ, ਉਹ ਜੀ.ਐਸ.ਟੀ. ਦਾ ਕੰਪਨਸ਼ੇਸ਼ਨ ਜੋ ਕਿ ਕਾਂਗਰਸ ਪਾਰਟੀ ਦੇ ਸਮੇਂ ਆਇਆ ਸੀ, ਅੱਜ ਵੀ 20 ਹਜ਼ਾਰ ਕਰੋੜ ਰੁਪਿਆ ਸਾਨੂੰ ਵਾਪਸ ਦੇਣੇ ਪੈ ਰਹੇ ਹਨ। ਯਾਨੀ ਕਿ ਉਹ ਜੀ.ਐਸ.ਟੀ. ਸਾਡਾ ਲੋਨ ਨਹੀਂ ਸੀ। ਜੇਕਰ ਉਨ੍ਹਾਂ ਨੇ ਯਤਨ ਕੀਤੇ ਹੁੰਦੇ ਤਾਂ ਮੈਨੂੰ ਲੱਗਦਾ ਹੈ ਕਿ ਅੱਜ ਸਾਡੇ ਪੰਜਾਬ ਨੂੰ ਇੱਕ ਲੱਖ ਜਾਂ 70 ਹਜ਼ਾਰ ਕਰੋੜ ਰੁਪਏ ਦਾ ਲੋਨ ਲੈਣ ਦੀ ਲੋੜ ਨਾ ਪੈਂਦੀ। ਅੱਜ ਕਰਜ਼ੇ ਦੀ ਨੌਬਤ ਨਹੀਂ ਸੀ ਆਉਣੀ। ਮੈਂ ਸਮਝਦਾ ਹਾਂ ਕਿ ਪੰਜਾਬ ਅੰਦਰ ਟੈਕਸ ਦੀ ਜਿਹੜੀ ਚੋਰੀ ਹੈ, ਉਹ ਵੱਡੇ ਪੱਧਰ ਤੇ ਹੁੰਦੀ ਹੈ। ਤਾਂਹੀ ਅਸੀਂ ਜਦੋਂ ਕਦੇ ਜੀ.ਐਸ.ਟੀ. ਸਬੰਧੀ ਸਖਤੀ ਕਰਦੇ ਹਾਂ ਤਾਂ ਤੁਹਾਡੇ ਸਤਿਕਾਰਯੋਗ ਸਾਥੀ ਕਹਿੰਦੇ ਹਨ ਕਿ ਇਹ tax terrorism ਹੈ। ਇਹ ਕੋਈ tax terrorism ਨਹੀਂ ਹੈ, ਉਸ ਸਮੇਂ ਤੁਸੀਂ ਕੋਈ ਸਖਤੀ ਨਹੀਂ ਕੀਤੀ। ਕੋਈ ਟੈਕਸ ਐਂਡ ਇੰਟੈਲੀਜੰਟ ਯੂਨਿਟ ਨਹੀਂ ਬਣਾਇਆ। ਕੋਈ ਸ਼ਿਪੂ ਯੂਨਿਟ ਦੀ ਸਥਾਪਨਾ ਨਹੀਂ ਕੀਤੀ। ਕੋਈ ਬਿੱਲ ਲਿਆਓ, ਇਨਾਮ ਪਾਓ ਵਰਗੀਆਂ ਸਕੀਮਾਂ ਨਹੀਂ ਲਿਆਂਦੀਆਂ। ਬਲਕਿ ਤੁਸੀਂ ਕਿਹਾ ਠੀਕ ਹੈ ਭਾਈ, ਕੰਪਨਸ਼ੇਸ਼ਨ ਮਿਲਦਾ ਹੈ, ਆਨੰਦ ਲਓ। ਉਹ ਆਨੰਦ ਲੈਂਦੇ ਰਹੇ ਅਤੇ ਅੱਜ ਸਟੇਟ ਨੂੰ ਲੋਨ ਭਰਨਾ ਪੈ ਰਿਹਾ ਹੈ। ਦੂਸਰਾ, ਜੇਕਰ ਮੈਂ ਐਕਸਾਈਜ਼ ਦੀ ਗੱਲ ਕਰਾਂ। ਜੇਕਰ ਮੈਂ ਕਾਂਗਰਸ ਅਤੇ ਅਕਾਲੀ ਦਲ ਭਾਜਪਾ ਗਠਜੋੜ ਦੇ ਸਮੇਂ ਦੀ ਗੱਲ ਕਰਾਂ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਪੰਜਾਂ ਸਾਲਾਂ ਵਿੱਚ 20 ਹਜ਼ਾਰ 545 ਕਰੋੜ ਰੁਪਿਆ ਅਤੇ ਕਾਂਗਰਸ ਸਰਕਾਰ ਦੇ ਸਮੇਂ 27 ਹਜ਼ਾਰ 395 ਕਰੋੜ ਰੁਪਿਆ ਰੈਵੇਨਿਯੂ ਇਕੱਠਾ ਕੀਤਾ ਸੀ ਪਰੰਤੂ ਜਦੋਂ ਸਰਦਾਰ ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ 28 ਹਜ਼ਾਰ 20 ਕਰੋੜ ਰੁਪਿਆ ਰੈਵੇਨਿਯੂ ਵਿੱਚ ਇਕੱਠਾ ਕੀਤਾ। ਤੁਹਾਡਾ ਪੰਜਾਂ ਸਾਲਾਂ ਦਾ 27 ਕਰੋੜ ਰੁਪਿਆ ਅਤੇ ਸਾਡਾ ਤਿੰਨ ਸਾਲਾਂ ਦਾ ਐਕਸਾਈਜ਼ ਅੰਦਰ 28 ਹਜ਼ਾਰ ਕਰੋੜ ਰੁਪਿਆ ਇਕੱਠਾ ਕੀਤਾ। ਹਾਲੇ ਦੋ ਸਾਲ ਹੋਰ ਪਏ ਹਨ। (ਥੰਪਿੰਗ) ਮੈਂ ਇਸ ਫਿਲੋਰ ਤੇ ਵਾਅਦਾ ਕਰਦਾ ਹਾਂ ਕਿ ਦੋਨਾਂ ਸਾਲਾਂ ਵਿੱਚ 25 ਹਜ਼ਾਰ ਕਰੋੜ ਰੁਪਿਆ ਹਾਲੇ ਹੋਰ ਇਕੱਠਾ ਕੀਤਾ ਜਾਵੇਗਾ। (ਥੰਪਿੰਗ) ਉਹ ਪੰਜਾਬ ਸਰਕਾਰ ਦੇ ਖਜ਼ਾਨੇ ਵਿੱਚ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜਮ੍ਹਾਂ ਹੋਵੇਗਾ। ਇਸ ਲਈ ਤੁਹਾਡੇ ਵਿੱਤ ਮੰਤਰੀ ਖਜ਼ਾਨਾ ਖਾਲੀ ਹੈ, ਖਜ਼ਾਨਾ ਖਾਲੀ ਹੈ, ਇਹ ਕਹਿ ਕੇ ਪੱਲਾ ਝਾੜ ਲੈਂਦੇ ਹੁੰਦੇ ਸਨ। ਆਮ ਆਦਮੀ ਪਾਰਟੀ ਦੀ ਸਰਕਾਰ ਲਗਾਤਾਰ ਉਸੇ ਖਜ਼ਾਨੇ ਨੂੰ ਮਜ਼ਬੂਤ ਕਰਨ ਵਿੱਚ ਲੱਗੀ ਹੋਈ ਹੈ। ਚਲੋ ਛੱਡੋ, ਇਹ ਸੱਚ ਹੈ। ਤੁਹਾਡੇ ਤੋਂ ਪਹਿਲਾਂ ਜਦੋਂ ਪੰਜਾਬ ਵਿੱਚ ਅਕਾਲੀ ਦਲ

ਬੀ.ਜੇ.ਪੀ. ਦੀ ਸਰਕਾਰ ਸੀ, ਉਸ ਸਮੇਂ ਕੀ ਕਿਹਾ ਜਾਂਦਾ ਸੀ। ਉਹ ਕਹਿੰਦੇ ਸੀ ਕਿ ਪੰਜਾਬ ਅੰਦਰ ਲੈਂਡ ਮਾਫੀਆ ਕੰਮ ਕਰ ਰਿਹਾ ਹੈ, ਟਰਾਂਸਪੋਰਟ ਦਾ ਮਾਫੀਆ ਕੰਮ ਕਰ ਰਿਹਾ ਹੈ ਜਾਂ ਸ਼ਰਾਬ ਦਾ ਮਾਫੀਆ ਕੰਮ ਕਰ ਰਿਹਾ ਹੈ। ਇਹ ਗੱਲ ਪੰਜਾਬ ਦੇ ਬੱਚੇ-ਬੱਚੇ ਦੇ ਮੂੰਹ ਉੱਤੇ ਸੀ ਔਰ ਤੁਹਾਡੇ ਸੀ.ਐਮ. ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਨੇ ਹੱਥ ਵਿੱਚ ਗੁਟਕਾ ਸਾਹਿਬ ਲੈ ਕੇ ਸਹੁੰ ਖਾਧੀ ਸੀ ਕਿ ਪੰਜਾਬ ਵਿੱਚੋਂ ਨਸ਼ੇ ਖਤਮ ਕਰ ਦੇਵਾਂਗਾ ਔਰ ਸਾਰੇ ਮਾਫੀਆ ਵੀ ਖਤਮ ਕਰ ਦੇਵਾਂਗਾ। ਕੋਈ ਮਾਫੀਆ ਖਤਮ ਨਹੀਂ ਕੀਤਾ, ਜੇਕਰ ਮਾਫੀਆ ਖਤਮ ਕੀਤਾ ਹੁੰਦਾ ਤਾਂ ਦੋਨੋਂ ਹੈੱਡਾਂ ਅੰਦਰ ਆਮਦਨ ਵਧ ਜਾਣੀ ਸੀ, ਪੈਸੇ ਵੱਧ ਆ ਜਾਣੇ ਸੀ। ਦੂਜਾ, ਜਿਹੜਾ ਲੈਂਡ ਮਾਫੀਆ ਨਾਲ ਜੁੜਿਆ ਹੋਇਆ ਸਵਾਲ ਹੈ, ਮੈਂ ਸਟੈਂਪ ਐਂਡ ਰਜਿਸਟਰੇਸ਼ਨ ਦੀ ਗੱਲ ਕਰ ਰਿਹਾ ਹਾਂ, ਜਦੋਂ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਸੀ, ਉਸ ਸਮੇਂ ਸਟੈਂਪ ਐਂਡ ਰਜਿਸਟਰੇਸ਼ਨ ਵਿੱਚ 12 ਹਜ਼ਾਰ 387 ਕਰੋੜ ਰੁਪਿਆ ਇਕੱਠਾ ਹੋਇਆ ਸੀ। ਜਦੋਂ ਕਾਂਗਰਸ ਦਾ ਰਾਜ ਆਇਆ, ਇਨ੍ਹਾਂ ਉੱਤੇ ਲੈਂਡ ਮਾਫੀਆ ਬਹੁਤ ਵੱਡਾ ਭਾਰੂ ਸੀ। ਕਿਵੇਂ ਲੈਂਡ ਮਾਫੀਏ ਨੇ ਕਾਂਗਰਸ ਪਾਰਟੀ ਉੱਤੇ ਕਬਜ਼ਾ ਕੀਤਾ ਹੋਇਆ ਸੀ। ਕਾਂਗਰਸ ਸਰਕਾਰ ਦੇ ਸਮੇਂ ਸਟੈਂਪ ਐਂਡ ਰਜਿਸਟਰੇਸ਼ਨ ਵਿੱਚ 12 ਹਜ਼ਾਰ 459 ਕਰੋੜ ਰੁਪਏ ਇਕੱਠਾ ਹੋਇਆ ਸੀ। ਇਹ ਮੈਂ ਨਹੀਂ, ਸਾਡੇ statics ਕਹਿ ਰਹੇ ਹਨ ਕਿਉਂਕਿ ਇਹ ਉਹੀ ਅਫਸਰ ਹਨ, ਜੋ ਤੁਹਾਡੇ ਵੇਲੇ ਵੀ ਸਨ। ਉਨ੍ਹਾਂ ਨੂੰ ਪੁੱਛ ਕੇ ਦੇਖ ਲਿਓ। ਸਰ, ਪੰਜ ਸਾਲਾਂ ਵਿੱਚ ਸਿਰਫ 90 ਕਰੋੜ ਰੁਪਏ ਦਾ ਵਾਧਾ ਹੋਇਆ। ਪਰ ਜਦੋਂ ਸਾਡੀ ਸਰਕਾਰ ਆਈ, ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਆਈ, ਤਾਂਹੀ ਤਾਂ ਕਹਿੰਦੇ ਹਨ ਕਿ ਪੰਜਾਬ ਵਿੱਚ ਬਦਲਾਵ ਆਇਆ। ਪੰਜਾਬ ਵਿੱਚ ਇਮਾਨਦਾਰ ਸਰਕਾਰ ਆਈ ਹੈ। ਅੱਜ ਤਿੰਨ ਸਾਲਾਂ ਅੰਦਰ ਸਾਡਾ ਸਟੈਂਪ ਐਂਡ ਰਜਿਸਟਰੇਸ਼ਨ ਵਿੱਚ 14 ਹਜ਼ਾਰ 786 ਕਰੋੜ ਰੈਵੇਨਿਊ ਆਇਆ ਹੈ। ਇਹ ਕਿਉਂ ਆਇਆ?

**1620/Manika Rani/Abhishek gautam**

**1625/Gurpreet kaur**

ਮੇਰੇ ਸਾਹਮਣੇ ਬੈਠੀਆਂ ਧਿਰਾਂ ਨੇ ਜੋ ਕਾਇਮ ਕੀਤਾ ਸੀ, ਉਹ ਅੱਜ ਖਤਮ ਹੋਇਆ ਹੈ। ਮੇਰਾ ਕਹਿਣ ਦਾ ਭਾਵ ਕਿ ਅਸੀਂ ਹਰੇਕ ਖੇਤਰ ਅੰਦਰ ਲਗਾਤਾਰ ਰੈਵੀਨਿਊ ਵਧਾ ਰਹੇ ਹਾਂ। ਰਾਣਾ ਗੁਰਜੀਤ ਜੀ ਨੇ ਵੇਅਜ਼ ਐਂਡ ਮੀਨਜ਼ ਦੇ ਵਧਣ ਦੀ ਗੱਲ ਕੀਤੀ ਸੀ ਕਿ ਇਹ ਕਿਉਂ ਵਧ ਰਿਹਾ ਹੈ। ਮੈਂ ਇਸ ਬਾਰੇ ਕਲੈਰੀਫਾਈ ਕਰਨਾ ਚਾਹੁੰਦਾ ਹਾਂ ਕਿ ਵੇਅਜ਼ ਅਤੇ ਮੀਨਜ਼ ਸਿੰਕਿਗ ਫੰਡਜ਼ ਦੇ ਅੰਦਰ ਪੰਜਾਬ ਸਰਕਾਰ ਨੇ ਲਗਭਗ 8 ਹਜ਼ਾਰ ਕਰੋੜ ਰੁਪਿਆ ਇਨਵੈਸਟ ਕੀਤਾ ਹੋਇਆ ਹੈ। ਉਸ ਅੰਦਰ ਹਰ ਰੋਜ਼ ਐਂਟਰੀਜ਼ ਹੁੰਦੀਆਂ ਹਨ ਚਾਹੇ 100 ਰੁਪਿਆ ਲੈ ਲਿਆ ਜਾਂ 100 ਰੁਪਿਆ ਵਾਪਿਸ ਕਰ ਲਿਆ। ਸ਼ਾਰਟ ਟਰਮ ਲੋਨ ਇਹ ਨਹੀਂ ਕਿ 71 ਹਜ਼ਾਰ ਕਰੋੜ ਰੁਪਏ ਦੀ ਐਂਟਰੀ ਅਗਲੇ ਸਾਲ ਤੱਕ ਘੁੰਮਦੀ ਰਹੇਗੀ। ਇਸ ਅਨੁਸਾਰ ਉਸੇ ਸਾਲ ਅੰਦਰ ਭਾਵ ਕਿ ਸਾਲ 2025-26 ਦਾ ਕਰੰਟ ਈਅਰ ਦੇ ਅੰਦਰ ਹੀ ਲੋਨ ਵਾਪਿਸ ਹੋ ਜਾਂਦਾ ਹੈ। ਇਸ ਤੋਂ ਬਿਨਾਂ ਤੁਸੀਂ ਸੋਲਰ ਸਬਸਿਡੀ ਦੀ ਵੀ ਗੱਲ ਕੀਤੀ ਸੀ ਕਿ ਸੋਲਰ ਸਿਸਟਮ ਨੂੰ ਡਿਵੈਲਪ ਕੀਤਾ ਗਿਆ। ਮੇਰੇ ਤੋਂ ਪਹਿਲਾਂ ਅਮਨ ਅਰੋੜਾ ਜੀ ਨੇ ਬਹੁਤ ਵਧੀਆ ਤਰੀਕੇ ਨਾਲ ਐਕਸਪਲੇਨ ਕਰ ਦਿੱਤਾ ਕਿ ਬਠਿੰਡਾ, ਐਸ.ਏ.ਐਸ. ਨਗਰ ਅਤੇ ਸੰਗਰੂਰ ਅੰਦਰ 200 **ਵਾਟ** ਦਾ ਸੋਲਰ ਦਾ ਗਰਿੱਡ ਲਗਾਉਣ ਜਾ ਰਹੇ ਹਾਂ। ਇਸ ਦੇ ਲਈ 115 ਕਰੋੜ ਰੁਪਏ ਦਾ ਬਜਟ ਵੀ ਰੱਖਿਆ ਗਿਆ ਹੈ। ਇਸ ਸਬੰਧੀ ਬਜਟ ਦੇ ਅੰਦਰ ਪੂਰਾ ਐਕਸਪਲੇਨ ਕੀਤਾ ਗਿਆ ਹੈ। ਜਿਵੇਂ ਅਰੁਨਾ ਚੌਧਰੀ ਜੀ ਨੇ ਸੇਵਾ ਕੇਂਦਰਾਂ ਦੀ ਵੀ ਗੱਲ ਕੀਤੀ ਹੈ। ਇਸ ਦੇ ਲਈ 406 ਅਸੈਂਸ਼ੀਅਲ

ਸਰਵਿਸਿਜ਼ ਸ਼ਾਮਿਲ ਸਨ। ਜਦੋਂ ਫੀਡ ਬੈਕ ਆਈ ਤਾਂ ਸਾਨੂੰ ਪਤਾ ਲੱਗਾ ਕਿ 120 ਰੁਪਏ ਦੀ ਫੀਸ ਜ਼ਿਆਦਾ ਹੈ ਤਾ ਅਸੀਂ ਘਟਾ ਕੇ 50 ਰੁਪਏ ਕੀਤੇ। ਸਰਕਾਰ ਹੁਣ ਬੈਨੀਫਿਸ਼ਰੀਜ਼ ਦੇ ਬਿਹਾਫ ਤੇ ਹੁਣ 70 ਰੁਪਏ ਵੀ ਅਦਾ ਕਰਾਂਗੇ। ਇਸ ਤੋਂ ਬਿਨਾਂ ਮਨਪ੍ਰੀਤ ਇਆਲੀ ਜੀ ਨੇ ਵੀ ਕੁਝ ਗੱਲਾਂ ਕਹੀਆਂ ਸਨ ਕਿ ਮੈਡੀਕਲ ਕਾਲਜਿਜ਼ ਦੇ ਪੈਸੇ ਨਹੀਂ ਰੱਖੇ ਗਏ। ਸਾਲ 2025-26 ਲਈ 404 ਕਰੋੜ ਰੁਪਏ ਰੱਖੇ ਗਏ ਹਨ। 188 ਕਰੋੜ ਰੁਪਏ ... ਵਿੱਚੋਂ ਆਉਣਗੇ। ਇਸ ਲਈ ਟੋਟਲ 592 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਮੈਂ ਸਮਝਦਾ ਹਾਂ ਕਿ ਸਾਰੇ ਇਸ ਬਜਟ ਨੂੰ ਚੰਗੀ ਤਰ੍ਹਾਂ ਪੜ੍ਹ ਲਿਓ। ਮੈਂ ਇੱਕ ਵਾਰ ਫਿਰ ਇਹੀ ਗੱਲ ਦੁਹਰਾਉਣਾ ਚਾਹੁੰਦਾ ਹਾਂ ਪਹਿਲੀ ਵਾਰ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਜੋ ਕਿ ਗਰੀਬ ਲੋਕਾਂ ਨੂੰ ਲੋਨ ਦਿੰਦੀ ਹੈ, ਉਸ ਦੇ ਲਈ ਵੀ ਬਜਟ ਦਾ ਉਪਬੰਧ ਕੀਤਾ ਗਿਆ ਹੈ। ਬਹੁਤ ਲੰਬੇ ਸਮੇਂ ਤੋਂ ਬਹੁਤ ਸਾਰੇ ਲੋਕ ਕਿਸੇ ਨਾ ਕਿਸੇ ਕਾਰਨ ਕਰਕੇ ਜਿਵੇਂ ਕਿ ਬਿਮਾਰੀ ਕਰਕੇ, ਕਿਸੇ ਪਰਿਵਾਰਿਕ ਮੈਂਬਰ ਦੀ ਡੈੱਥ ਹੋਣ ਕਰਕੇ ਜਾਂ ਹੋਰ ਕੋਈ ਕੁਦਰਤੀ ਆਫਤਾਂ ਆਉਣ ਕਰਕੇ ਲੋਨ ਨਹੀਂ ਭਰ ਸਕਦੇ ਸਨ। 31 ਮਾਰਚ, 2020 ਤੱਕ ਸਰਦਾਰ ਭਗਵੰਤ ਮਾਨ ਜੀ ਦੀ ਅਗਵਾਈ ਵਿੱਚ ਸਾਰੇ ਲੋਨ ਮਾਫ ਕਰਕੇ ਪੰਜਾਬ ਦੇ ਦਲਿਤ ਵਰਗ ਦਾ, ਪੰਜਾਬ ਦੇ ਅਨੁਸੂਚਿਤ ਜਾਤੀ ਜਨ ਵਰਗ ਦਾ ਬਹੁਤ ਵੱਡਾ ਫਾਇਦਾ ਕੀਤਾ ਹੈ। ਨਹੀਂ ਤਾਂ ਉਨ੍ਹਾਂ ਦੀਆਂ ਪ੍ਰਾਪਰਟੀਆਂ ਗਿਰਵੀ ਹੋ ਗਈਆਂ ਸਨ। ਉਨ੍ਹਾਂ ਲੋਕਾਂ ਦੇ ਘਰ ਵਿਕਣ ਤੱਕ ਆ ਗਏ ਸੀ। ਉਹ ਵਿਚਾਰੇ ਪੇਅ ਨਹੀਂ ਕਰਦੇ ਸਨ। ਅਫਸਰ ਉਨ੍ਹਾਂ ਨੂੰ ਜਾ ਜਾ ਕੇ ਡਰਾਉਂਦੇ ਸਨ। ਉਨ੍ਹਾਂ ਲੋਕਾਂ ਨੂੰ ਘਰ ਛੱਡ ਕੇ ਬਾਹਰ ਜਾਣਾ ਪੈਂਦਾ ਸੀ। ਮੈਂ ਸਮਝਦਾ ਹਾਂ ਕਿ ਅੱਜ ਦਲਿਤ ਸਮਾਜ ਲਈ ਵੱਡੀ ਯੋਜਨਾ ਪਾਸ ਹੋਈ ਹੈ। ਜਿਵੇਂ ਨਛੱਤਰ ਪਾਲ ਜੀ ਨੇ ਕਿਹਾ ਹੈ ਕਿ ਸ਼ਡਿਊਲਡ ਕਾਸਟ ਸਬ-ਪਲਾਨ ਲਈ 13987 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ ਜੋ ਕਿ ਟੋਟਲ ਬਜਟ ਦਾ 34% ਬਣਦਾ ਹੈ (ਥੰਪਿੰਗ)। ਇਸ ਬਜਟ ਦੇ ਅੰਦਰ ਇਸ ਦਾ ਉਪਬੰਧ ਕੀਤਾ ਗਿਆ ਹੈ। ਸਾਡੇ ਸਾਥੀਆਂ ਵੱਲੋਂ ਕਿਹਾ ਗਿਆ ਕਿ ਮੁਲਾਜ਼ਮਾਂ ਲਈ ਕੀ ਕੀਤਾ ਗਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੁਲਾਜ਼ਮਾਂ ਦੀ 14 ਹਜਾਰ 191 ਕਰੋੜ ਤੋਂ ਉੱਪਰ ਦੀ ਜਿਹੜੀ ਕਿਸ਼ਤ ਪੈਂਡਿੰਗ ਪਈ ਸੀ, ਉਸ ਦਾ ਇੱਕ ਪਲਾਨ ਬਣਾ ਕੇ ਜਾਰੀ ਕੀਤਾ ਹੈ। ਅਸੀਂ ਸਾਰੇ ਮਲਾਜ਼ਮ ਚਾਹੇ ਉਹ ਰਿਟਾਇਰਡ ਹਨ, ਚਾਹੇ ਸਰਵਿਸ ਵਿੱਚ ਹਨ, ਅਸੀਂ ਸਾਰੇ ਮੁਲਾਜ਼ਮਾਂ ਨੂੰ ਆਉਣ ਵਾਲੇ ਸਮੇਂ ਵਿੱਚ 14 ਹਜਾਰ 191 ਕਰੋੜ ਰੁਪਿਆ ਦੇਵਾਂਗੇ। ਜਿਹੜੇ ਰਿਟਾਇਰਡ ਮੁਲਾਜ਼ਮ ਹਨ ਖਾਸ ਕਰਕੇ ਜਿਨ੍ਹਾਂ ਦੀ ਉਮਰ 85 ਸਾਲ ਤੋਂ ਉੱਪਰ ਹੈ, ਜੇਕਰ ਉਹ ਦੁਨੀਆ ਵਿੱਚ ਨਹੀਂ ਰਹੇ ਤਾਂ ਜੇਕਰ ਉਨ੍ਹਾਂ ਦਾ ਕੋਈ ਫੈਮਿਲੀ ਮੈਂਬਰ ਹੈ ਜਾਂ ਉਨ੍ਹਾਂ ਦਾ ਲੀਗਲ ਹੇਅਰ ਹੈ ਤਾਂ ਉਸ ਦੀ ਪਹਿਲੀ ਕਿਸ਼ਤ ਜਾਰੀ ਹੋ ਚੁੱਕੀ ਹੈ। ਜੋ ਰਿਟਾਇਰ ਹੁੰਦੇ ਹਨ ਉਨ੍ਹਾਂ ਨੂੰ ਬੈਂਕ ਤੋਂ ਪੈਨਸ਼ਨ ਮਿਲਦੀ ਹੈ। ਅਸੀਂ ਬੈਕਿੰਗ ਸੈਕਟਰ ਨੂੰ 500 ਕਰੋੜ ਰੁਪਿਆ ਜਾਰੀ ਕਰ ਦਿੱਤਾ ਹੈ। ਇਸ ਤੋਂ ਬਿਨਾਂ ਜੇਕਰ ਐਜੁਕੇਸ਼ਨ ਦੀ ਗੱਲ ਕੀਤੀ ਜਾਵੇ ਤਾਂ ਐਜੁਕੇਸ਼ਨ ਦਾ ਬਜਟ 17975 ਕਰੋੜ ਰੁਪਏ, ਪਹਿਲੀ ਵਾਰ ਸਪੋਰਟਸ ਦਾ ਬਜਟ 979 ਕਰੋੜ ਰੁਪਏ ਰੱਖਿਆ ਗਿਆ ਹੈ। ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਯਤਨ ਹੈ ਕਿ ਜਿਸ ਤਰ੍ਹਾਂ ਇਨ੍ਹਾਂ ਦੀ ਅਗਵਾਈ ਵਿੱਚ ਯੁੱਧ ਨਸ਼ਿਆਂ ਵਿਰੁੱਧ ਸ਼ੁਰੂ ਹੋਇਆ ਹੈ ਉਸ ਦੇ ਲਈ ਵੀ ਸਪੈਸ਼ਲ ਬਜਟ ਰੱਖਿਆ ਗਿਆ ਹੈ। ਨਹੀਂ ਤਾਂ ਅਸੀਂ ਸਾਰ ਸਕਦੇ ਸੀ। ਅਸੀਂ ਵੀ ਕਹਿ ਸਕਦੇ ਸੀ ਕਿ ਪੰਜਾਬ ਪੁਲਿਸ ਨੇ ਕਾਰਵਾਈ ਕਰਨੀ ਹੈ ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਐਂਟੀ ਡਰੋਨ ਇਕੁਇਪਮੈਂਟ ਖਰੀਦਣ ਲਈ 110 ਕਰੋੜ ਰੁਪਏ ਅਤੇ ਡਰੱਗਜ਼ ਸੈਂਸਿਜ਼ ਕਰਵਾਉਣ ਲਈ 150 ਕਰੋੜ ਰੁਪਏ ਅਤੇ ਈ.ਆਰ.ਵੀ. ਐਮਰਜੈਂਸੀ ਰਿਸਪਾਂਸ ਵਹੀਕਲ ਪਰਚੇਜ਼ ਕਰਨ ਲਈ 125 ਕਰੋੜ ਰੁਪਏ

**1625/Gurpreet kaur/Abhishek gautam**

**1630/Rajneet Kaur**

ਅਤੇ ਇਨ੍ਹਾਂ ਸਾਰਿਆਂ ਦੇ ਲਈ ਇੱਕ ਨਵਾਂ ਹੈੱਡਕੁਆਰਟਰ ਬਣਾਉਣ ਲਈ 53 ਕਰੋੜ ਰੁਪਏ ਰੱਖੇ ਹਨ, ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡਾ ਕੰਮ ਸਰਕਾਰ ਕਰ ਰਹੀ ਹੈ। (ਥੰਪਿੰਗ) ਇਸ ਦੇ ਨਾਲ ਹੀ ਅਸੀਂ 5000 ਹੋਮਗਾਰਡ ਭਰਤੀ ਕਰ ਰਹੇ ਹਾਂ ਕਿਉਂਕਿ ਨਾਲ ਬੀ.ਐਸ.ਐਫ. ਦੇ ਜਵਾਨ ਹੋਣਗੇ ਜਿਹੜੇ ਕਿ ਕਈ ਵਾਰ ਬਾਹਰਲੇ ਸੂਬਿਆਂ ਤੋਂ ਵੀ ਹੁੰਦੇ ਹਨ, ਸਾਡੇ ਲੋਕਲ ਨੌਜਵਾਨ ਉਨ੍ਹਾਂ ਨਾਲ ਮਿਲ ਕੇ ਕੰਮ ਕਰਨਗੇ। ਅਸੀਂ ਸੈਕਿੰਡ ਲਾਈਨ ਆਫ ਡਿਫੈਂਸ ਵੀ ਤਿਆਰ ਕੀਤੀ ਹੈ। ਮੈਂ ਸਮਝਦਾ ਹਾਂ ਕਿ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਇੱਕ ਬਹੁਤ ਵੱਡੀ ਸੋਚ ਹੈ, ਇਨ੍ਹਾਂ ਨੇ ਕਿਹਾ ਹੈ ਕਿ ਨਾਲ ਦੀ ਨਾਲ ਬੱਚਿਆਂ ਨੂੰ ਗਰਾਊਂਡ ਵਿੱਚ ਲਿਜਾਣਾ ਸ਼ੁਰੂ ਕਰੋ। ਜਦੋਂ ਬੱਚੇ ਗਰਾਊਂਡ ਵਿੱਚ ਜਾਣਗੇ ਅਤੇ ਗਰਾਊਂਡ ਵਿੱਚ ਖੇਡਣਗੇ ਤਾਂ ਮੈਂ ਸਮਝਦਾ ਹਾਂ ਕਿ ਉਹ ਨਸ਼ਿਆਂ ਤੋਂ ਕੋਹਾਂ ਦੂਰ ਰਹਿਣਗੇ।

ਇਸ ਤੋਂ ਬਿਨਾਂ ਇੰਡਸਟਰੀ ਦੀ ਗੱਲ ਹੋਈ ਹੈ, ਇਆਲੀ ਸਾਹਿਬ, ਵੈਸੇ ਤਾਂ ਇੰਡਸਟਰੀਅਲ ਮਨਿਸਟਰ ਸਾਹਿਬ ਨੇ ਕਲੀਅਰ ਕਰ ਦਿੱਤਾ ਹੈ ਪਰੰਤੂ ਮੈਂ ਦੱਸਣਾ ਚਾਹਾਂਗਾ ਕਿ 250 ਕਰੋੜ ਰੁਪਏ ਜਾਰੀ ਕਰ ਚੁੱਕੇ ਹਾਂ। ਕਈ ਸਾਡੇ ਸਾਥੀ ਨਰਾਜ਼ ਹੋ ਜਾਂਦੇ ਹਨ ਕਿ ਸਾਡੇ ਬਾਰੇ ਬੋਲਿਆ ਨਾ ਕਰੋ। ਇਹ ਕਾਂਗਰਸ ਦੇ ਰਾਜ ਸਮੇਂ 53 ਕਰੋੜ ਰੁਪਏ ਔਰ ਇਸ ਸਮੇਂ ਟੋਟਲ ਸਬਸਿਡੀ ਜਿਹੜੀ ਇੰਡਸਟਰੀ ਖੇਤਰ ਨੂੰ ਜਾ ਰਹੀ ਹੈ, ਉਹ 3,436 ਕਰੋੜ ਰੁਪਏ ਜਾ ਰਹੀ ਹੈ, ਇਹ ਪੈਸਾ ਅਸੀਂ ਰੱਖਿਆ ਹੈ।

ਹੈਲਥ ਐਂਡ ਫੈਮਲੀ ਵੈਲਫੇਅਰ ਦੇ ਲਈ 5,598 ਕਰੋੜ ਰੁਪਏ, ਇੰਪਲਾਈਮੈਂਟ ਲਈ ਅਸੀਂ ਅਲੱਗ ਤੋਂ ਬਜਟ ਰੱਖਿਆ ਹੈ। ਇਸ ਤੋਂ ਬਿਨਾਂ ਮੈਂ ਛੇਵੇਂ ਪੇਅ ਕਮਿਸ਼ਨ ਦੀ ਆਲਰੇਡੀ ਗੱਲ ਕਰ ਚੁੱਕਿਆ ਹਾਂ। ਜੇਕਰ ਅਸੀਂ ਕੈਪੀਟਲ ਐਕਸਪੈਂਡੀਚਰ ਦੇ ਅੰਦਰ ਥੋੜ੍ਹੀ ਜਿਹੀ ਗੱਲ ਕਰ ਲਈਏ, ਮੇਰੇ ਤੋਂ ਬਾਅਦ ਸੀ.ਐਮ. ਸਾਹਿਬ ਨੇ ਬੋਲਣਾ ਹੈ। ਅਕਾਲੀ ਦਲ ਅਤੇ ਬੀ.ਜੇ.ਪੀ ਦੇ ਪੰਜ ਸਾਲਾਂ ਦੇ ਰਾਜ ਵਿੱਚ ਕੈਪੀਟਲ ਐਕਸਪੈਂਡੀਚਰ ਸਿਰਫ 14,641 ਕਰੋੜ ਰੁਪਏ ਸੀ। ਇੱਥੋਂ ਪਤਾ ਲਗਦਾ ਹੈ ਕਿ ਸਟੇਟ ਡਿਵੈਲਪ ਹੋ ਰਿਹਾ ਹੈ ਜਾਂ ਪਿੱਛੇ ਨੂੰ ਜਾ ਰਿਹਾ ਹੈ। ਜਦੋਂ ਕਾਂਗਰਸ ਪਾਰਟੀ ਦਾ 2017 ਤੋਂ ਲੈ ਕੇ 2022 ਤੱਕ ਰਾਜ ਆਇਆ ਤਾਂ 19,356 ਕਰੋੜ ਰੁਪਏ, ਇੱਥੋਂ ਪਤਾ ਲਗਦਾ ਹੈ ਕਿ ਸਕੂਲਾਂ ਦੇ ਕਮਰੇ ਬਣਾਏ ਹਨ ਜਾਂ ਨਹੀਂ? ਹਾਸਪਿਟਲ ਬਣਾਏ ਹਨ ਜਾਂ ਨਹੀਂ? ਹਾਸਪਿਟਲਾਂ ਦੇ ਅੰਦਰ ਨਵੀਂ ਮਸ਼ੀਨਰੀ ਖਰੀਦੀ ਹੈ ਜਾਂ ਨਹੀਂ? ਇਨ੍ਹਾਂ ਪੈਸਿਆਂ ਤੋਂ ਪਤਾ ਲਗਦਾ ਹੈ ਕਿ ਕੈਪੀਟਲ ਐਕਸਪੈਂਡੀਚਰ ਹੋਇਆ ਹੈ ਜਾਂ ਨਹੀਂ? ਤੁਹਾਡੀ 19,356 ਕਰੋੜ ਰੁਪਏ ਪੰਜ ਸਾਲਾਂ ਦੀ ਫਿੱਗਰ ਹੈ ਪਰੰਤੂ ਆਮ ਆਦਮੀ ਪਾਰਟੀ ਦੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ 19,810 ਕਰੋੜ ਰੁਪਏ ਤਿੰਨ ਸਾਲਾਂ ਦੇ ਹਨ। ਇੱਕ ਸਾਲ ਦੀ ਐਵਰੇਜ 6,600 ਕਰੋੜ ਆ ਰਹੀ ਹੈ ਅਤੇ ਤੁਹਾਡੀ 3800 ਕਰੋੜ ਰੁਪਏ ਸੀ। ਇਸ ਤੋਂ ਪਤਾ ਲਗਦਾ ਹੈ ਕਿ ਪੰਜਾਬ ਕਿਸ ਤਰ੍ਹਾਂ ਬਦਲ ਰਿਹਾ ਹੈ ਅਤੇ ਪੰਜਾਬ ਦੀ ਤਰੱਕੀ ਹੋ ਰਹੀ ਹੈ। ਸੋ, ਮੈਂ ਜ਼ਿਆਦਾ ਸਮਾਂ ਨਾ ਬੋਲਦਾ ਹੋਇਆ ਇਹੀ ਕਹਾਂਗਾ ਕਿ ਜਿਹੜੇ ਆਪੋਜੀਸ਼ਨ ਨੇ ਤੌਖਲੇ ਜ਼ਾਹਿਰ ਕੀਤੇ ਹਨ, ਉਹ ਸਾਰਾ ways and means ਦਾ 71000 ਕਰੋੜ ਰੁਪਏ ਜਿਹੜੇ ਅਸੀਂ ਸਿੰਕਿਗ ਫੰਡਜ਼ ਲੈਂਦੇ ਹਾਂ। ਉਸ ਦੀ ਆਈ, ਚਲਾਈ ਹੁੰਦੀ ਹੈ ਕਿ ਅਸੀਂ ਅੱਜ 100 ਰੁਪਿਆ ਲੈ ਲਿਆ ਅਤੇ ਕੱਲ੍ਹ ਮੋੜ ਦਿੱਤਾ। ਉਹ ਅਸੀਂ within Year ਖਰਚ ਕਰਨਾ ਹੁੰਦਾ ਹੈ, ਉਸੇ ਸਾਲ ਵਿੱਚ ਲੈਣਾ ਹੁੰਦਾ ਹੈ ਅਤੇ ਉਸੇ ਸਾਲ ਡਿਸਪੋਜ਼ਲ ਹੋ ਜਾਂਦੀ ਹੈ। ਸ਼ਾਰਟ ਟਰਮ ਲੋਨ ਲਈ ਆਰ.ਬੀ.ਆਈ.ਨੇ ਇੱਕ ਪ੍ਰੋਵੀਜ਼ਨ ਕੀਤੀ ਹੋਈ ਹੈ, ਪਹਿਲਾਂ ਤਾਂ ਉਹ ਵੀ ਨਹੀਂ

ਹੁੰਦੀ ਸੀ, ਅਸੀਂ ਲਾਸਟ ਈਅਰ ਉਸ ਵਿੱਚ 5000 ਕਰੋੜ ਰੁਪਿਆ ਇਨਵੈਸਟ ਕਰਕੇ ਇੱਕ ਕਿਟੀ ਕ੍ਰੀਏਟ ਕੀਤੀ ਹੈ ਤਾਂ ਕਿ ਸਾਨੂੰ ਜਦੋਂ ਵੀ ਲੋੜ ਪਵੇ, ਅਸੀਂ ਲੈ ਲਈਏ। ਸਾਨੂੰ ਜਦੋਂ ਵੀ ਲੋੜ ਪੈਂਦੀ ਹੈ, ਅਸੀਂ ਲੈਂਦੇ ਵੀ ਰਹਿੰਦੇ ਹਾਂ ਅਤੇ ਨਾਲ ਦੀ ਨਾਲ ਮੋੜਦੇ ਵੀ ਰਹਿੰਦੇ ਹਾਂ। ਮਾਣਯੋਗ ਸਪੀਕਰ ਸਾਹਿਬ, ਮੈਂ ਤਾਂ ਇਹੀ ਬੇਨਤੀ ਕਰਾਂਗਾ ਕਿ ਆਪੋਜੀਸ਼ਨ ਨੇ ਜਿੰਨੇ ਵੀ ਤੌਖਲੇ ਅਤੇ ਸਵਾਲ ਖੜ੍ਹੇ ਕੀਤੇ ਹਨ, ਲਗਭਗ ਉਨ੍ਹਾਂ ਦੇ ਜਵਾਬ ਦੇ ਦਿੱਤੇ ਹਨ। ਦੂਸਰਾ, ਸਰਦਾਰ ਮਨਪ੍ਰੀਤ ਸਿੰਘ ਇਆਲੀ ਅਤੇ ਸ਼੍ਰੀਮਤੀ ਅਰੁਨਾ ਚੌਧਰੀ ਜੀ ਨੇ ਔਰਤਾਂ ਬਾਰੇ ਗੱਲ ਕੀਤੀ ਸੀ ਕਿ ਉਨ੍ਹਾਂ ਨੂੰ 1000 ਰੁਪਿਆ ਕਦੋਂ ਦਿਓਗੇ? ਬਿਲਕੁਲ, ਅਸੀਂ ਤਿੰਨਾਂ ਸਾਲਾਂ ਦੇ ਅੰਦਰ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਦੇ ਅੰਦਰ 5 ਵਿੱਚੋਂ 4 ਗਾਰੰਟੀਆਂ ਪੂਰੀਆਂ ਕਰਕੇ ਪੰਜਾਬ ਦੀ ਜਨਤਾ ਵਿੱਚ ਖੜ੍ਹੇ ਹਾਂ। ਸਿਰਫ 1 ਗਾਰੰਟੀ ਬਾਕੀ ਹੈ, ਉਸ ਦੇ ਲਈ ਸਾਡਾ ਵੈਲਫੇਅਰ ਡਿਪਾਰਟਮੈਂਟ ਅਤੇ ਕਾਫੀ ਡਿਪਾਰਟਮੈਂਟ ਅੰਕੜਾ ਇਕੱਠਾ ਕਰ ਰਹੇ ਹਨ। ਇਸ ਦੇ ਐਸਟੀਮੇਟਸ ਲਗਾ ਰਹੇ ਹਨ, ਬਹੁਤ ਹੀ ਜਲਦੀ ਇਹ ਸਕੀਮ ਪੰਜਾਬ ਵਿੱਚ ਲਾਂਚ ਕਰਨ ਜਾ ਰਹੇ ਹਾਂ, ਬਹੁਤ ਬਹੁਤ ਧੰਨਵਾਦ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਸਰਦਾਰ ਮਨਪ੍ਰੀਤ ਸਿੰਘ ਇਆਲੀ**: ਸਰ, ਪੰਜ ਕਰੋੜ ਰੁਪਏ ਹਲਕਾਵਾਈਜ਼ ਕਲੀਅਰ ਕਰ ਦਿਓ ਜੀ ਕਿ ਐਮ.ਐਲ.ਏ. ਦੇ ਹਿਸਾਬ ਨਾਲ ਜਾਣਾ ਹੈ ਜਾਂ ਕਿਸ ਤਰ੍ਹਾਂ ਜਾਣਾ ਹੈ?

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਬਿਲਕੁਲ ਜੀ, ਜਿਹੜੀ ਗੱਲ ਇਆਲੀ ਸਾਹਿਬ ਨੇ ਕਹੀ ਹੈ ਕਿ ਅਸੀਂ 5 ਕਰੋੜ ਰੁਪਏ ਦੀ ਪ੍ਰੋਵੀਜ਼ਨ ਕੀਤੀ ਹੈ, ਉਹ ਹਲਕਾ ਇੰਚਾਰਜ (ਵਿਘਨ) ਮੈਂ ਹਲਕਾ ਇੰਚਾਰਜ ਬਾਰੇ ਹੀ ਦੱਸ ਰਿਹਾ ਹਾਂ ਕਿ ਉਹ ਹਲਕਾ ਇੰਚਾਰਜ ਰਾਹੀਂ ਜਾਣਗੇ ਜਾਂ ਐਮ.ਐਲ.ਏ. ਰਾਹੀਂ ਜਾਣਗੇ? ਅਸੀਂ ਐਕਟ ਦੇ ਅੰਦਰ ਹੀ ਪ੍ਰੋਵੀਜ਼ਨ ਕੀਤੀ ਹੈ ਕਿ ਐਮ.ਐਲ.ਏ. ਜਾਂ ਹੋਰ ਚੁਣੀਆਂ ਹੋਈਆਂ ਇੰਸਟੀਚਿਊਸ਼ਨਜ਼ ਹਨ, ਚਾਹੇ ਉਹ ਸਰਪੰਚ ਹੈ, ਚਾਹੇ ਪੰਚ ਹੈ, ਚਾਹੇ ਕੋਈ ਐਮ.ਸੀ. ਵੀ ਹੈ, ਉਹ ਵੀ ਆਪਣੀ ਪਰਪੋਜ਼ਲ ਡੀ.ਸੀ. ਸਾਹਿਬ ਨੂੰ ਭੇਜ ਸਕਦਾ ਹੈ। ਤੁਸੀਂ ਆਪਣੀ ਪਰਪੋਜ਼ਲ ਡੀ.ਸੀ. ਸਾਹਿਬ ਨੂੰ ਭੇਜੋ, ਤੁਸੀਂ ਡਰ ਕਿਉਂ ਰਹੇ ਹੋ? ਤੁਸੀਂ ਆਪਣੀਆਂ ਪਰਪੋਜ਼ਲਾਂ ਡੀ.ਸੀ. ਸਾਹਿਬ ਨੂੰ ਭੇਜ ਦਿਓ, ਉਹ ਪਾਸ ਕਰਕੇ ਭੇਜਣਗੇ। ਇਹ ਅਸੀਂ ਨਹੀਂ ਦੇਣਾ।

**ਮੁੱਖ ਮੰਤਰੀ** : (ਬੈਠੇ-ਬੈਠੇ) 20 ਹਲਕੇ ਹਨ, ਅਸੀਂ 20 ਹਲਕੇ ਥੋੜ੍ਹਾ ਛੱਡਾਂਗੇ।

**ਵਿੱਤ ਮੰਤਰੀ** : ਸੀ.ਐਮ. ਸਾਹਿਬ ਕਹਿ ਰਹੇ ਹਨ ਕਿ 20 ਹਲਕੇ ਹੀ ਹਨ, ਇਸ ਦੀ ਸਾਨੂੰ ਕੋਈ ਆਪੱਤੀ ਨਹੀਂ ਹੈ। ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ, ਸ਼ੁਕਰੀਆ।

---------

**1630/Rajneet Kaur/BS khokhar**

**1635/Kuldeep kaur**

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ**: ਇਸ ਅਜ਼ੀਮ ਸਦਨ ਵਿਖੇ, ਹਾਊਸ ਦੀ ਕਾਰਵਾਈ ਵੇਖਣ ਲਈ ਸਾਡੇ ਵੈਟਰਨ ਖਿਡਾਰੀ ਆਏ ਹਨ, ਜਿਨ੍ਹਾਂ ਨੇ ਦੁਨੀਆ ਵਿੱਚ ਹਿੰਦੁਸਤਾਨ ਦਾ ਨਾਂ ਬਣਾਇਆ ਸੀ। ਹਾਕੀ ਵਿਸ਼ਵ ਕੱਪ ਜਿਹੜਾ Kuala Lumpur, ਮਲੇਸ਼ੀਆ ਵਿੱਚ ਹੋਇਆ ਸੀ, ਉਹ ਜਿੱਤ ਕੇ ਆਏ ਸੀ। ਅੱਜ ਉਹ ਸਦਨ ਦੀ ਕਾਰਵਾਈ ਦੇਖਣ ਲਈ ਆਏ ਹੋਏ ਹਨ। ਮੈਂ ਉਨ੍ਹਾਂ ਸਾਰਿਆਂ ਦਾ ਸਵਾਗਤ ਕਰਦਾ ਹਾਂ। ਆਓ ਆਪਾਂ ਸਾਰੇ ਇੱਥੇ ਉਨ੍ਹਾਂ ਦਾ ਸਵਾਗਤ ਕਰੀਏ, ਉਨ੍ਹਾਂ ਨੂੰ ਜੀ ਆਇਆਂ ਕਹੀਏ। (ਥੰਪਿੰਗ)

---------

## GENERAL DISCUSSION ON THE BUDGET ESTIMATES FOR THE YEAR 2025-26 *(Resumption)*

**ਮਾਣਯੋਗ ਸਪੀਕਰ**: ਹੁਣ ਮਾਣਯੋਗ ਮੁੱਖ ਮੰਤਰੀ ਸਾਹਿਬ, ਤੁਹਾਨੂੰ ਮੁਖਾਤਿਬ ਹੋਣਗੇ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)**: ਬਹੁਤ ਬਹੁਤ ਧੰਨਵਾਦ ਮਾਣਯੋਗ ਸਪੀਕਰ ਸਾਹਿਬ, ਬਜਟ ਸੈਸ਼ਨ ਵਿੱਚ ਪਹਿਲੇ ਦਿਨ ਮਾਣਯੋਗ ਗਵਰਨਰ ਸਾਹਿਬ ਦਾ ਭਾਸ਼ਣ ਹੋਇਆ ਔਰ ਉਨ੍ਹਾਂ ਨੇ ਲਗਭਗ ਸਰਕਾਰ ਦੀਆਂ ਸਾਰੀਆਂ ਪ੍ਰਾਪਤੀਆਂ ਗਿਣਾਈਆਂ। ਬਜਟ ਵਿੱਚ ਅਸੀਂ ਅੱਗੇ ਕੀ ਕਰਨਾ ਹੈ, ਇਹ ਮਾਣਯੋਗ ਵਿੱਤ ਮੰਤਰੀ ਸਾਹਿਬ ਨੇ ਬੜਾ ਡਿਟੇਲ ਵਿੱਚ ਕੱਲ੍ਹ ਪੌਣੇ 2 ਘੰਟੇ ਦੀ ਸਪੀਚ ਵਿੱਚ ਗਿਣਾਇਆ ਹੈ ਕਿ ਆਉਣ ਵਾਲੇ ਸਮੇਂ ਲਈ ਸਾਡੇ ਕੀ ਕੀ ਰੋਡ ਮੈਪ ਹਨ। ਸੋ, ਮੈਂ ਕੋਈ ਜ਼ਿਆਦਾ ਉਨ੍ਹਾਂ ਗੱਲਾਂ ਨੂੰ ਰਿਪੀਟ ਨਹੀਂ ਕਰਾਂਗਾ ਪਰ ਕੁਝ ਗੱਲਾਂ, ਮੈਂ ਅਜ਼ੀਮ ਸਦਨ ਨੂੰ ਸੂਚਿਤ ਵੀ ਕਰਨਾ ਚਾਹਾਂਗਾ ਅਤੇ ਕੁਝ ਵਿਚਾਰ ਵਟਾਂਦਰੇ ਵੀ ਕਰਨਾ ਚਾਹਾਂਗਾ। ਪਹਿਲੀ ਗੱਲ ਤਾਂ ਮੈਂ ਆਹ ਜਿਹੜਾ ਸਟਾਫ ਖੜ੍ਹਾ ਹੈ, ਜਿਸ ਨੂੰ ਮਾਰਸ਼ਲ ਕਹਿੰਦੇ ਹਨ, ਮੈਂ ਬੇਨਤੀ ਕਰਦਾ ਹਾਂ, ਬੇਟਾ ਰੌਲਾ ਪਾਉਣ ਵਾਲੇ ਤਾਂ ਚਲੇ ਗਏ। (ਹਾਸਾ) ਇਹ ਤਾਂ ਵਿਚਾਰੇ ਸਾਰੇ ਸੁਣਨ ਵਾਲੇ ਹਨ। ਜਿਹੜੇ ਮੇਨ ਰੌਲਾ ਪਾਉਣ ਵਾਲੇ ਹਨ ਜਾਂ ਤਾਂ ਆਉਂਦੇ ਨਹੀਂ ਜਾਂ ਚਲੇ ਜਾਂਦੇ ਹਨ। ਤੁਸੀਂ ਥੋੜ੍ਹਾ ਜਿਹਾ ਆਰਾਮ ਨਾਲ ਰਹੋ। ਕੋਈ ਗੱਲ ਨਹੀਂ ਹੈ। ਇੱਥੇ ਇਨ੍ਹਾਂ ਵਿੱਚੋਂ ਕੋਈ ਵੀ ਰੌਲਾ ਨਹੀਂ ਪਾਉਂਦਾ। ਆਰਾਮ ਨਾਲ, take it easy, take it easy. (ਹਾਸਾ) ਕੋਈ ਰੌਲਾ ਨਹੀਂ ਪਾਉਂਦਾ, ਨਾ ਹੀ ਮੈਂ ਕੋਈ ਰੌਲਾ ਪਾਉਣ ਵਾਲੀ ਗੱਲ ਕਰਨੀ ਹੈ। ਜਿਹੜੇ ਖੁਰਾਪਾਤੀ ਹਨ, ਉਹ ਤਾਂ ਚਲੇ ਗਏ ਹਨ। ਉਹ ਤਾਂ ਇਸ ਸਮੇਂ ਘਰੇ ਬੈਠੇ ਹਨ। ਉਹ ਤਾਂ ਟੀ.ਵੀ. ਤੇ ਬੋਲ ਕੇ ਘਰ ਚਲੇ ਗਏ ਹਨ। ਸੋ, ਆਹ ਜਿਹੜੇ ਬੈਠੇ ਹਨ, ਇਹ ਤਾਂ ਆਰਗੈਨਿਕ ਕਾਂਗਰਸੀ ਹਨ। (ਹਾਸਾ) ਇਹ ਅਸਲੀ ਕਾਂਗਰਸੀ ਨਹੀਂ ਹਨ। ਇਹ ਸੁਣਨ ਵਾਲੇ ਹਨ, ਸਬਰ ਨਾਲ ਸੁਣੀ ਜਾਂਦੇ ਹਨ। ਕੋਈ ਕੁਝ ਮੂਹਰੋਂ ਬੋਲਦੇ ਨਹੀਂ। ਜਿੱਥੇ ਐਨੀ ਵਧੀਆ ਸ਼ਾਂਤ ਆਪੋਜ਼ੀਸ਼ਨ ਹੋਵੇ ਉੱਥੇ ਮੁੱਖ ਮੰਤਰੀ ਨੂੰ ਵੀ ਬੋਲਣ ਦਾ ਵਧੀਆ ਨਜ਼ਾਰਾ ਆਉਂਦਾ ਹੈ। ਸਾਡੀ 1975 ਵਰਲਡ ਕੱਪ ਵਿਜੇਤੂ ਟੀਮ ਬੈਠੀ ਹੈ। ਜਦੋਂ ਮੂਹਰੋਂ ਉਨ੍ਹਾਂ ਨੂੰ ਕੋਈ ball ਹੀ ਨਹੀਂ ਮਿਲਣੀ ਜਦੋਂ ball ਹੀ ਆਪਣੇ ਕੋਲ ਰਹਿਣੀ ਹੈ ਤਾਂ ਫਿਰ ਖੇਡਣ ਦਾ ਵੀ ਆਪਣਾ ਹੀ ਨਜ਼ਾਰਾ ਹੁੰਦਾ ਹੈ। ਜਦੋਂ 25 ਗਜ਼ ਦੀ ਰੇਖਾ ਤੇ ਜਾਂ D ਵਿੱਚ ਹੀ ਰਹਿਣਾ ਹੈ। ਸੋ, ਸਰ, ਬਹੁਤ ਬਹੁਤ ਧੰਨਵਾਦ ਹੈ। ਸਾਰੇ ਬਹੁਤ ਅੱਛਾ ਬੋਲੇ। ਮੈਂ ਸੁਣਦਾ ਵੀ ਰਿਹਾ ਹਾਂ, sorry ਮੈਨੂੰ ਕੁਝ ਰੁਝੇਵਿਆਂ ਕਰਕੇ ਇੱਧਰ ਉੱਧਰ ਵੀ ਜਾਣਾ ਪਿਆ ਪਰ ਮੈਂ ਹਰ ਗੱਲ ਦੇਖਦਾ ਵੀ ਸੀ ਕਿ ਕੌਣ ਕੀ ਬੋਲ ਰਿਹਾ ਹੈ ਕਿਉਂਕਿ ਸੈਸ਼ਨ ਦੀ ਕਾਰਵਾਈ ਲਾਈਵ ਵੀ ਚਲਦੀ ਹੈ। ਬੜੀਆਂ ਅੱਛੀਆਂ ਗੱਲਾਂ ਕੀਤੀਆਂ, ਕਈ ਗੱਲਾਂ ਤੇ ਤਕਰਾਰ ਵੀ

ਹੋਇਆ। ਜਿਹੜੀਆਂ ਡਿਸਕਸ਼ਨਜ਼ ਵਿਚਾਰ ਵਟਾਂਦਰੇ ਹੋਏ, ਉਸ ਲਈ ਇੱਧਰਲੇ ਪਾਸੇ ਦਾ ਵੀ ਔਰ ਉੱਧਰਲੇ ਪਾਸੇ ਦਾ ਵੀ ਬਹੁਤ ਬਹੁਤ ਧੰਨਵਾਦ ਕਿਉਂਕਿ ਅਸੀਂ ਸਾਰੇ ਚੁਣੇ ਹੋਏ ਹਾਂ। ਲੋਕ ਸਾਡੇ ਤੋਂ ਉਮੀਦ ਕਰਦੇ ਹਨ ਕਿ ਸਾਡੇ ਬਾਰੇ ਕੀ ਬੋਲੋਗੇ ਜੀ? ਇਕੱਲਾ ਰੌਲਾ ਤਾਂ ਨਹੀਂ ਪਾਉਂਦੇ ਇਕੱਲਾ ਵਾਕ-ਆਊਟ ਤਾਂ ਨਹੀਂ ਕਰਦੇ? ਇਸ ਗੱਲ ਤੇ ਲੋਕ ਇਤਰਾਜ਼ ਕਰਦੇ ਹਨ ਕਿ ਰੌਲਾ ਜਾ ਪਾ ਕੇ ਮੁਰਦਾਬਾਦ ਜਾ ਕਹਿ ਕੇ ਚਲੇ ਗਏ, ਗੱਲ ਜੀ ਨਹੀਂ ਬਣੀ। ਬੈਠੋ, ਟਾਈਮ ਮਿਲੇਗਾ। ਸਪੀਕਰ ਸਾਹਿਬ, ਕੱਲ੍ਹ ਇੱਕ ਐਮ.ਐਲ.ਏ. ਸਾਹਿਬ ਕਹਿ ਰਹੇ ਸਨ ਕਿ ਤੁਸੀਂ ਇੱਧਰਲੇ ਪਾਸੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਨਾਲੋਂ ਉੱਧਰਲੇ ਪਾਸੇ (ਟਰੇਜ਼ਰੀ ਬੈਂਚਿਜ਼ ਵੱਲੋਂ ਇਸ਼ਾਰਾ) ਵਾਲੇ ਨੂੰ ਜ਼ਿਆਦਾ ਟਾਈਮ ਦਿੰਦੇ ਹੋ। ਹੁਣ ਜਦੋਂ ਇੱਧਰਲਾ ਪਾਸਾ (ਆਪੋਜ਼ੀਸ਼ਨ ਬੈਂਚਿਜ਼) ਬਾਹਰ ਹੀ ਚਲਾ ਜਾਂਦਾ ਹੈ ਜਾਂ ਤਾਂ ਫਿਰ ਐਵੇਂ ਕਰਿਆ ਕਰੋ ਕਿ ਸਾਡੇ ਵਾਲੇ ਅੱਧੇ ਕੁ ਮੈਂਬਰ ਇੱਧਰਲੇ ਪਾਸੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬਿਠਾ ਦਿਆ ਕਰੋ। ਹੁਣ ਐਵੇਂ ਇੱਕ ਪਾਸੜ ਜਾ ਮੈਚ ਤਾਂ ਚੰਗਾ ਨਹੀਂ ਲਗਦਾ। ਸੋ, LOP ਸਾਹਿਬ ਹੁਣ ਬੈਠੇ ਨਹੀਂ ਹਨ। ਕੋਈ ਬਹੁਤ ਜ਼ਰੂਰੀ ਕੰਮ ਤੇ ਗਏ ਹੋਣਗੇ। (ਹਾਸਾ) ਕੱਲ੍ਹ ਉਨ੍ਹਾਂ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਤੇ ਇਕ ਟਿੱਪਣੀ ਕੀਤੀ ਕਿ ਸੀਚੇਵਾਲ ਕੌਣ ਹੈ? ਇਸ ਦੀ ਕੀ ਡਿਗਰੀ ਹੈ? ਇਸ ਦੇ ਨਾਂ ਤੇ ਤੁਸੀਂ ਕਿਉਂ ਛੱਪੜ ਟੋਭੇ ਬਣਾਈ ਜਾਂਦੇ ਹੋ?

**1635/Kuldeep kaur/BS khokhar**

**1640/Pawan sharma**

ਮੈਨੂੰ ਇਹ ਸੁਣ ਕੇ ਬੜਾ ਦੁੱਖ ਲੱਗਿਆ। ਅਸੀਂ ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਪੁਲਿਟੀਕਲ ਐਂਗਲ ਤੋਂ ਨਹੀਂ ਬਣਾਇਆ, ਉਨ੍ਹਾਂ ਦੇ ਵਾਤਾਵਰਨ ਪ੍ਰੇਮੀ ਹੋਣ ਕਾਰਨ ਰਾਜ ਸਭਾ ਦੀ ਸੀਟ ਦਿੱਤੀ ਹੈ (ਥੰਪਿੰਗ)। ਉਹ 1999 ਤੋਂ ਆਪਣੇ ਪਿੰਡ ਸੀਚੇਵਾਲ ਵਾਟਰ ਟਰੀਟਮੈਂਟ ਕਰ ਰਹੇ ਹਨ। ਮੇਰੇ ਖਿਆਲ ਵਿੱਚ 1600 ਤੋਂ ਵੱਧ ਪਿੰਡਾਂ ਵਿੱਚ ਉਨ੍ਹਾਂ ਦੇ ਟਰੀਟਮੈਂਟ ਮਾਡਲ ਸਫਲਤਾਪੂਰਵਕ ਚਲ ਰਹੇ ਹਨ ਅਤੇ ਲੋਕ ਡਿਮਾਂਡ ਕਰ ਰਹੇ ਹਨ। ਸਰ, ਮੈਨੂੰ ਐਲ.ਓ.ਪੀ. ਸਾਹਿਬ ਦੀ ਸਮਝ ਨਹੀਂ ਆਉਂਦੀ ਕਿ ਉਹ ਮਾਨਸਿਕ ਤੌਰ ਤੇ ਠੀਕ ਹਨ? ਸਰ, ਕਈ ਵਾਰੀ ਅਜਿਹਾ ਹੋ ਜਾਂਦਾ ਹੈ ਜਦੋਂ ਹਰ ਰੋਜ਼ ਸ਼ੀਸ਼ੇ ਮੂਹਰੇ ਪੱਗ ਬੰਨ੍ਹਣ ਵੇਲੇ ਵੀ ਮੈਂ ਕਦੋਂ ਸੀ.ਐਮ. ਬਣਾਂਗਾ, ਇਹ ਚੀਜ਼ ਅੰਦਰ ਬਹਿ ਜਾਂਦੀ ਹੈ! ਭਗਵੰਤ ਮਾਨ ਦੀਵਾਲੀ ਵੇਲੇ ਲਹਿ ਜਾਵੇਗਾ, ਹੋਲੀ ਵੇਲੇ ਲਹਿ ਜਾਵੇਗਾ, ਇਹ ਕੰਮ ਉਨ੍ਹਾਂ ਦਾ ਹੋ ਨਹੀਂ ਰਿਹਾ। ਉਹ ਜਿੱਥੇ ਵੀ ਬੈਠੇ ਹਨ, ਇਸ ਵਕਤ ਸੁਣਦੇ ਹੋਣਗੇ, ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਕੋਈ ਬੰਦਾ ਚੰਗਾ ਕੰਮ ਕਰਦਾ ਹੈ, ਤੁਸੀਂ ਉਸ ਦੀ ਡਿਗਰੀ ਦੇਖੋਗੇ? Bill Gates ਜਿਸ ਨੇ ਕੰਪਿਊਟਰ ਦੀ, ਗੂਗਲ ਦੀ invention ਕੀਤੀ, ਉਸ ਨੇ ਕੀ ਕਿਹਾ? ਉਸ ਨੇ ਕਿਹਾ ਕਿ I am not university topper. ਮੈਂ ਕਿਸੇ ਯੂਨੀਵਰਸਿਟੀ ਵਿੱਚ ਟੌਪ ਨਹੀਂ ਕੀਤਾ ਪਰ ਦੁਨੀਆ ਭਰ ਦੇ ਯੂਨੀਵਰਸਿਟੀ ਟਾਪਰ ਮੇਰੇ ਅਧੀਨ ਕੰਮ ਕਰਦੇ ਹਨ। ਸਰ, ਇਸ ਦਾ ਮਤਲਬ ਤੁਸੀਂ Bill Gates ਨੂੰ ਫੇਲ੍ਹ ਕਹਿ ਦੇਵੋਗੇ! ਚਲੋ, ਛੱਡ ਦਿੰਦੇ ਹਾਂ, ਡਿਗਰੀਆਂ ਵਾਲਿਆਂ ਤੇ ਆ ਜਾਂਦੇ ਹਾਂ। ਮਾਣਯੋਗ ਐਲ.ਓ.ਪੀ. ਸਾਹਿਬ, ਤੁਹਾਡੇ ਜਿਹੜੇ ਪਹਿਲਾਂ ਪ੍ਰਧਾਨ ਰਹੇ ਹਨ, ਅੱਜ ਕੱਲ੍ਹ ਚਲਦੀ ਤਾਂ ਉਨ੍ਹਾਂ ਦੀ ਹੀ ਹੈ, ਉਨ੍ਹਾਂ ਦੀ ਪਿਛਲੇ ਕਈ ਸਾਲਾਂ ਤੋਂ ਲਾਚਿੰਗ ਚਲ ਰਹੀ ਹੈ ਕਿ ਉਹ ਕਿਤੇ ਲਾਂਚ ਹੋ ਜਾਣ। ਮਾਣਯੋਗ ਰਾਹੁਲ ਗਾਂਧੀ ਜੀ ਨੇ

Cambridge University ਤੋਂ ਡਿਗਰੀ ਪ੍ਰਾਪਤ ਕੀਤੀ ਹੈ। ਉਨ੍ਹਾਂ ਨੇ ਦੇਸ ਵਾਸਤੇ ਕੀ ਕਰ ਦਿੱਤਾ? ਅਸੀਂ ਉਸ ਡਿਗਰੀ ਦਾ ਕੀ ਕਰੀਏ? ਜਿਹੜਾ ਬੰਦਾ 12 ਸਾਲ ਤੋਂ ਪ੍ਰਧਾਨ ਮੰਤਰੀ ਬਣਿਆ ਬੈਠਿਆ ਹੈ, ਉਸ ਦੀ ਡਿਗਰੀ ਹੀ ਨਹੀਂ ਲੱਭ ਰਹੀ! ਤੁਸੀਂ ਸੀਚੇਵਾਲ ਦੀ ਡਿਗਰੀ ਦੀਆਂ ਗੱਲਾਂ ਕਰ ਰਹੇ ਹੋ। ਜੇਕਰ ਤੁਸੀਂ ਆਪਣਾ ਟੋਭਾ ਨਹੀਂ ਠੀਕ ਕਰਵਾਉਣਾ ਤਾਂ ਨਾ ਕਰਵਾਓ। ਤੁਸੀਂ ਥਾਪਰ ਤੋਂ ਕਰਵਾ ਲਵੋ। ਅਸਲ ਵਿੱਚ, ਇਸ ਤੋਂ ਪਹਿਲਾਂ ਤੁਹਾਡੇ ਕੋਲ Doon ਵਾਲੇ ਵੀ ਸਨ, ਜਿਹੜਾ ਤੁਹਾਡਾ 9 ਸਾਲ ਬਜਟ ਵੜ ਗਿਆ। ਇੱਥੇ ਸਨਾਵਰ ਵਾਲੇ ਵੀ ਸਨ, ਖੁਦ ਪੀ.ਪੀ.ਐੱਸ ਵਾਲੇ ਹਨ, ਹੈ ਨਹੀਂ ਹੁਣ। ਤੁਹਾਡੇ ਕੋਲ ਵੀ ਬਹੁਤ ਕਮਾਲ ਦੀਆਂ ਡਿਗਰੀਆਂ ਹਨ, ਉਸ ਨਾਲ ਕੀ ਹੋ ਗਿਆ? ਮਤਲਬ ਤੁਸੀਂ ਕਿਸੇ ਬੰਦੇ ਨੂੰ ਇਸ ਤਰ੍ਹਾਂ ਜੱਜ ਕਰੋਗੇ? ਕੋਈ ਅਨਪੜ੍ਹ ਬੰਦਾ ਵੀ ਬਹੁਤ ਵੱਡੀ ਖੋਜ ਕਰ ਸਕਦਾ ਹੈ। ਹਾਂ ਸੀਚੇਵਾਲ ਸਾਹਿਬ ਦਾ ਮਾਡਲ ਟੋਭਿਆਂ ਦਾ ਪਾਣੀ ਸਾਫ ਕਰ ਸਕਦਾ ਹੈ ਪਰ ਸਿਆਸਤਦਾਨਾਂ ਦੇ ਦਿਮਾਗ ਦੀ ਗੰਦਗੀ ਨਹੀਂ ਸਾਫ ਕਰ ਸਕਦਾ। (ਥੰਪਿੰਗ)। ਬੱਸ, ਦਿਮਾਗ ਵਿੱਚ ਗੰਦਗੀ ਭਰੀ ਹੋਈ ਹੈ, ਸਿਰਫ ਵਿਰੋਧ ਕਰਨਾ ਹੈ ਕਿ ਰਾਜ ਸਭਾ ਦਾ ਮੈਂਬਰ ਬਣਾ ਦਿੱਤਾ, ਹੁਣ ਤੁਸੀਂ ਇਹ ਕਰ ਦਿੱਤਾ। ਪਿਛਲੇ ਦਿਨੀਂ ਮਹਾਮਹੀਮ ਰਾਸ਼ਟਰਪਤੀ ਜੀ ਆਏ ਸਨ, ਉਹ ਤਾਰੀਫ ਕਰਦੇ ਸੀ ਕਿ बाबा जी बड़ा अच्छा काम कर रहे हैं। ਮੇਰੇ ਕੋਲ ਲਿਸਟ ਪਈ ਹੈ। ਮਿਤੀ 17 ਅਗਸਤ 2006 ਨੂੰ ਤੇ ਦੂਜੀ ਵਾਰੀ ਜੁਲਾਈ 2008 ਨੂੰ ਸੀਚੇਵਾਲ, ਸੁਲਤਾਨਪੁਰ ਲੋਧੀ ਵਿਖੇ ਰਾਸ਼ਟਰਪਤੀ ਡਾਕਟਰ ਅਬਦੁਲ ਕਲਾਮ, ਬਹੁਤ ਵੱਡੇ scientist ਮੰਨੇ ਜਾਂਦੇ ਸੀ, ਉਹ ਉੱਥੇ ਮਾਡਲ ਦੇਖਣ ਗਏ ਸੀ, ਥਾਪਰ ਨਹੀਂ ਗਏ ਸੀ। ਤੁਹਾਨੂੰ ਜੇ ਉਹ ਠੇਕੇਦਾਰ ਲੱਗਦਾ ਹੈ, ਵਪਾਰੀ ਲੱਗਦਾ ਹੈ, ਕਾਂਗਰਸ ਨੇ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਮੈਂਬਰ ਕਿਉਂ ਬਣਾਇਆ? ਕੋਈ ਜਵਾਬ ਹੈ? ਉਹ ਹੁਣ ਕੱਲ੍ਹ ਨੂੰ ਬੋਲਣਗੇ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਭਗਵੰਤ ਮਾਨ ਆਇਆ ਹੋਇਆ ਹੈ, ਇਸ ਨੇ ਗੱਲਾਂ ਕਹਿਣੀਆਂ ਹਨ ਅਤੇ ਮੇਰੇ ਕੋਲ ਅੱਖ ਨਹੀਂ ਚੁੱਕੀ ਜਾਣੀ, ਉਹ ਪਹਿਲਾਂ ਹੀ ਲੰਘ ਗਏ। ਸਰ, ਇਹ ਕੋਈ ਪ੍ਰੋਗਰਾਮ ਬਣਾਓ ਕਿ ਇੱਧਰੋਂ ਇੱਧਰ ਤਾਂ ਧੱਕਣ ਵਾਸਤੇ ਸਾਡੇ ਕੋਲ ਹੈਗੇ ਹਨ, ਉਧਰੋਂ ਇੱਧਰ ਲਿਆਉਣ ਵਾਸਤੇ ਕੋਈ ਪ੍ਰੋਗਰਾਮ ਬਣਾਓ(ਥੰਪਿੰਗ)। ਉਹ ਬੈਠ ਕੇ ਸੁਣਨ ਤਾਂ ਸਹੀ। ਸੁਣਦੇ ਹੈ ਨਹੀਂ, ਆਪ ਦਾ ਬੋਲ ਕੇ ਚਲੇ ਜਾਂਦੇ ਹਨ। ਆਹ (ਆਪੋਜ਼ੀਸ਼ਨ ਵੱਲ ਇਸ਼ਾਰਾ) ਰਹਿ ਜਾਂਦੇ ਹਨ। ਬਈ ਚਲੋ 4 ਮਿੰਟ 10 ਮਿੰਟ ਮਿਲ ਜਾਣਗੇ, ਕਾਂਗਰਸ ਵਾਕ ਆਊਟ ਕਰਦੀ ਹੈ, 4 ਨਾਲ ਨਹੀਂ ਜਾਂਦੇ, 3 ਆਉਂਦੇ ਨਹੀਂ, ਚਲੋ ਜੀ। ਮੈਨੂੰ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਦਾ ਪਲਾਨ ਕੀ ਹੈ? ਜਿਹੜੇ ਫੇਸਬੁੱਕ ਦਾ ਮਾਲਕ ਹੈ, ਉਹ ਕਾਲਜ ਤੋਂ ਡਰਾਪ ਆਊਟ ਹੈ, ਕਾਲਜ ਤੋਂ ਕੱਢਿਆ ਹੋਇਆ ਹੈ।

**1640/Pawan sharma/Rajneesh kumar**

**1645/Beant kaur**

ਉਸ ਨੇ ਇਹ ਫੇਸ ਬੁੱਕ ਕਾਲਜ ਦੇ ਸਟੂਡੈਂਟਾਂ ਵਾਸਤੇ ਬਣਾਈ ਸੀ ਕਿ ਆਪਾਂ ਸਾਰੇ ਕਾਲਜ ਦੇ ਸਟੂਡੈਂਟ ਆਪਸ ਵਿੱਚ ਗੱਲ ਕਰਿਆ ਕਰਾਂਗੇ। ਕਾਲਜ ਨੂੰ ਲੱਗਿਆ ਕਿ ਇਹ ਯੂਨੀਅਨ ਬਣਾਏਗਾ, ਸੋ ਉਨ੍ਹਾਂ ਨੇ ਉਸ ਨੂੰ ਕਾਲਜ ਵਿਚੋਂ ਕੱਢ ਦਿੱਤਾ। ਉਸ ਨੇ ਬਾਹਰ ਆ ਕੇ ਫੇਸ ਬੁੱਕ ਬਣਾ ਲਈ। ਬਾਜਵਾ ਸਾਹਿਬ ਫੇਸ ਬੁੱਕ ਚਲਾਉਂਦੇ ਹਨ। ਉਹ ਤਾਂ ਬਿਨਾ ਡਿਗਰੀ ਵਾਲੇ ਨੇ ਬਣਾਈ ਹੋਈ ਹੈ, ਥਾਪਰ ਵਾਲੇ ਨੇ ਜਾਂ ਕਿਸੇ ਹੋਰ ਨੇ ਤਾਂ ਬਣਾਈ ਨਹੀਂ ਪਰ ਉਹ ਚਲਾਉਂਦੇ ਹੋਣਗੇ। ਟਵਿੱਟਰ ਤੇ ਤੜਕੇ ਨੂੰ ਮੈਨੂੰ ਗਾਲ੍ਹਾਂ ਕੱਢਦੇ ਹਨ, ਉਹ ਵੀ ਇਹੋ ਜਿਹੇ ਹੀ ਹਨ। ਗੂਗਲ ਇਕ ਗੈਰਾਜ ਵਿੱਚ ਬਣੀ ਸੀ। ਇਹ ਸਮਝਦੇ ਕੀ ਹਨ? ਸਾਨੂੰ ਇਹ ਮਟੀਰੀਅਲ ਕਹਿੰਦੇ ਹਨ, ਇਹ ਕਿਹੋ ਜਿਹਾ ਮਟੀਰੀਅਲ ਸਾਡੇ ਸਾਮ੍ਹਣੇ ਆ

ਗਿਆ। ਕਮਾਲ ਹੈ। ਜੇ ਸਾਡੇ ਕੋਲ ਤੁਹਾਡੇ ਵਰਗੀਆਂ ਗੱਡੀਆਂ ਨਹੀਂ ਹਨ, ਤੁਹਾਡੇ ਵਰਗੀਆਂ ਪਜਾਮੀਆਂ ਨਹੀਂ ਹਨ, ਤੁਹਾਡੇ ਵਰਗੇ ਓਵਰ ਕੋਟ ਨਹੀਂ ਹਨ, ਇਸ ਦਾ ਮਤਲਬ ਅਸੀਂ ਮਟੀਰੀਅਲ ਹੋ ਗਏ। ਅਸੀਂ ਉਹ ਮਟੀਰੀਅਲ ਹਾਂ ਜਿਹੜੇ ਦਿਮਾਗ ਠੀਕ ਕਰਦੇ ਹਨ। ਕੁਝ ਮੋਬਾਇਲ ਠੀਕ ਕਰਦੇ ਹਨ, ਕੁਝ ਹੋਰ ਕਰਦੇ ਹਨ, ਡਾਕਟਰ ਵੀ ਹਨ, ਵਕੀਲ ਵੀ ਹਨ, ਇਸ ਵਿੱਚ ਆਪਣੀ ਅਮੇਰਿਕਾ ਦੀ ਸਿਟੀਜ਼ਨਸ਼ਿਪ ਛੱਡ ਕੇ ਆਏ ਹੋਏ ਬੰਦੇ ਵੀ ਹਨ। ਅਮੇਰਿਕਾ ਦੀ ਸਿਟੀਜ਼ਨਸ਼ਿਪ ਸਰੈਂਡਰ ਕਰਕੇ ਵਾਪਸ ਇੰਡੀਅਨ ਸਿਟੀਜ਼ਨਸ਼ਿਪ ਲੈ ਕੇ ਬੰਦੇ ਆਏ ਹੋਏ ਹਨ। ਇਕ ਅੰਦਰਲੀ ਰਿਪੋਰਟ ਹੈ, ਭੂਪੇਸ਼ ਬਘੇਲ ਜੀ ਕਾਂਗਰਸ ਪਾਰਟੀ ਪੰਜਾਬ ਦੇ ਪ੍ਰਭਾਰੀ ਲਗਾਏ ਹੋਏ ਹਨ, ਅਸੀਂ ਇਸ ਬਾਰੇ ਕੁਝ ਨਹੀਂ ਕਹਿੰਦੇ। ਇਹ ਲੋਕ ਹੀ ਕਹਿੰਦੇ ਹੋ ਕਿ ਦਿੱਲੀ ਵਾਲੇ ਆ ਗਏ ਪਰ ਤੁਹਾਡੇ ਕੋਲ ਤਾਂ ਛਤੀਸਗੜ੍ਹ ਵਾਲੇ ਆ ਗਏ। ਪਿਛਲੇ ਦਿਨੀਂ ਕੀ ਹੋਇਆ, ਉਨ੍ਹਾਂ ਨੇ ਦਿੱਲੀ ਮੀਟਿੰਗ ਬੁਲਾਈ। ਸਾਰੇ ਕਾਂਗਰਸ ਵਾਲੇ ਐਮਐਲਏ ਗਏ ਸੀ। ਮੈਂ ਸਰਕਾਰ ਵਿੱਚ ਹਾਂ, ਇਸ ਲਈ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਮੇਰੇ ਕੋਲ ਇੰਟੈਲੀਜੈਂਸ ਦੀਆਂ ਖਬਰਾਂ ਆਉਂਦੀਆਂ ਹਨ। ਪਹਿਲੀ ਗੱਲ, ਭੂਪੇਸ਼ ਬਘੇਲ ਜੀ ਨੇ ਪਰਗਟ ਸਿੰਘ ਨੂੰ ਪੁੱਛਿਆ ਕਿ ਆਪ ਹਾਕੀ ਟੀਮ ਕੇ ਕੈਪਟਨ ਰਹੇ ਹੋ। ਪਹਿਲੀ ਗੱਲ ਤਾਂ ਇਹ ਗਲਤ ਹੈ। ਪਰਗਟ ਸਿੰਘ ਨੂੰ ਪੁੱਛਣਾ ਪਵੇਗਾ ਕਿ ਤੂੰ ਕੈਪਟਨ ਰਿਹਾ ਹੈਂ। ਕੀ ਮਤਲਬ ਉਨ੍ਹਾਂ ਨੇ ਕਦੇ ਹਾਕੀ ਨਹੀਂ ਦੇਖੀ। ਉਸ ਨੂੰ ਇਹੀ ਨਹੀਂ ਪਤਾ ਕਿ ਦੋ ਉਲੰਪਿਕ ਹੈੱਡ ਕੀਤੀਆਂ ਹਨ।

(ਇਸ ਸਮੇਂ ਸਰਦਾਰ ਪਰਗਟ ਸਿੰਘ, ਮੈਂਬਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮੁੱਖ ਮੰਤਰੀ** : ਨਹੀਂ, ਤੁਸੀਂ ਬਾਅਦ ਵਿੱਚ ਬੋਲਿਓ।

**ਮਾਣਯੋਗ ਸਪੀਕਰ :** ਸੀਐਮ ਸਾਹਿਬ ਨੂੰ ਬੋਲ ਲੈਣ ਦਿਓ।(ਵਿਘਨ)

**ਮੁੱਖ ਮੰਤਰੀ** : ਮੈਂ ਕਾਂਗਰਸ ਨੂੰ ਜਾਣਦਾ ਹਾਂ ਉਹ ਤੁਹਾਨੂੰ ਕਲ੍ਹ ਨੂੰ ਪੁੱਛ ਲੈਣਗੇ। ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਤੁਸੀਂ ਕੌਣ ਹੋ? ਉਸ ਖੂਹ ਵਿਚੋਂ ਲਾਸ਼ਾਂ ਨਿਕਲਦੀਆਂ ਹਨ। ਉਹ ਇੱਡਾ ਖੂਹ ਹੈ, ਉਥੇ ਕੌਣ ਪੁੱਛਦਾ ਹੈ ਕਿ ਕੌਣ ਕੀ ਹੈ? ਮੈਂ ਤੁਹਾਨੂੰ ਇਕ ਐਗਜ਼ਾਂਪਲ ਦੇ ਰਿਹਾ ਹਾਂ। ਖੈਰ, ਮੈਨੂੰ ਜੋ ਪਤਾ ਲੱਗਿਆ ਹੈ, ਐਲਓਪੀ ਸਾਹਿਬ ਨੇ ਨਾਲ ਹੀ ਕਹਿ ਦਿੱਤਾ ਕਿ ਹਾਂ ਜੀ, ਉਹ ਦੋਵੇਂ ਉਲੰਪਿਅਕ ਆਪਾਂ ਹਾਰ ਗਏ ਸੀ। ਜਨਾਬ ਨੂੰ ਗੁੱਸਾ ਚੜ੍ਹ ਗਿਆ। ਇਹ ਕਹਿੰਦੇ ਜੀ, ਮੈਂ ਕਪਤਾਨੀ ਕੀਤੀ ਹੈ, ਸਮੱਗਲਿੰਗ ਨਹੀਂ ਕੀਤੀ।(ਹਾਸਾ) ਇਹ ਤਾਂ ਹਾਲਾਤ ਹੋਏ ਪਏ ਹਨ। ਪਹਿਲੀ ਗੱਲ, ਇਹ ਪੁੱਛਣ ਦੀ ਕੀ ਲੋੜ ਹੈ? ਕੀ ਕੋਈ ਕਪਤਾਨ ਹਾਰਨ ਜਾਂਦਾ ਹੈ ਕਿ ਮੈਂ ਟੀਮ ਨੂੰ ਹਰਾ ਕੇ ਆਵਾਂਗਾ। 11 ਮੈਂਬਰਾਂ ਦੀ ਟੀਮ ਹੁੰਦੀ ਹੈ ਅਤੇ hockey is a team work. ਕ੍ਰਿਕੇਟ ਵਿੱਚ ਤਾਂ ਫੇਰ ਵੀ ਇੰਡੀਵਿਜ਼ੂਅਲ ਸਕੋਰ ਕਿਤੇ ਨਾ ਕਿਤੇ ਲੈ ਜਾਂਦਾ ਹੈ। ਹਾਕੀ ਤਾਂ ਪਾਸ ਦੀ ਗੇਮ ਹੈ, ਮੈਨੂੰ ਪਾਸ ਮਿਲ ਗਿਆ ਤਾਂ ਗੋਲ ਹੋ ਜਾਵੇਗਾ ਨਹੀਂ ਮਿਲਿਆ ਤਾਂ ਗੋਲ ਨਹੀਂ ਹੋਵੇਗਾ। ਮੈਂ ਤੁਹਾਨੂੰ ਇਕ ਹੋਰ ਗੱਲ ਦੱਸਦਾ ਹਾਂ ਜੋ ਮੇਰੀਆਂ ਅੱਖਾਂ ਦੇ ਸਾਮ੍ਹਣੇ ਵਾਪਰੀ ਹੈ। ਮੁਹੰਮਦ ਸਦੀਕ ਸਾਹਿਬ ਬਹੁਤ ਵੱਡੇ ਕਲਾਕਾਰ ਹਨ, ਜਿਨ੍ਹਾਂ ਨੇ 3-4 ਪੀੜ੍ਹੀਆਂ ਦੇ ਵਿਆਹਾਂ ਵਿੱਚ ਆਪਣੀ ਕਲਾ ਦਾ ਪ੍ਰਫਾਰਮ ਕੀਤਾ, ਅੱਜ ਵੀ ਕਰ ਰਹੇ ਹਨ। ਕਾਂਗਰਸ ਦੇ ਫਰੀਦਕੋਟ ਤੋਂ ਐਮਪੀ ਰਹੇ ਹਨ। ਮੈਂ ਸਾਲ 2019 ਵਿੱਚ ਇਕੱਲਾ ਹੀ ਜਿੱਤਿਆ ਹੋਇਆ ਸੀ। ਮੈਂ ਬੋਲਣਾ ਸੀ ਅਤੇ ਮਾਰਸ਼ਲ ਕੋਲ ਚਲਾ ਗਿਆ। ਮੈਂ ਮਾਰਸ਼ਲ ਨੂੰ ਕਿਹਾ ਕਿ ਮੈਂ ਇਸ ਮੁੱਦੇ ਤੇ ਬੋਲਣਾ ਹੈ। ਮੈਨੂੰ ਕਹਿਣ ਲੱਗਿਆ ਕਿ 10

ਬੁਲਾਰੇ ਹੋਰ ਪਏ ਹਨ, 4.15 ਤੇ ਆ ਜਾਈਂ। ਮੈਂ ਕਿਹਾ ਜੀ, ਠੀਕ ਹੈ। ਮੈਂ ਲੰਘਣ ਲੱਗਿਆ ਤਾਂ ਸਦੀਕ ਸਾਹਿਬ ਕਹਿੰਦੇ ਕਿ ਭਗਵੰਤ, ਇਸ ਮੁੱਦੇ ਤੇ ਮੈਂ ਵੀ ਬੋਲਣਾ ਹੈ, ਬੇਟਾ। ਮੈਂ ਵੀ ਇਸ ਨੂੰ ਲਿਖ ਕੇ ਦੇ ਕੇ ਆਵਾਂ। ਮੈਂ ਕਿਹਾ, ਨਹੀਂ ਜੀ, ਮੈਂ ਇਕੱਲਾ ਹਾਂ ਤਾਂ ਇਸ ਨੂੰ ਦੇਣਾ ਪੈਂਦਾ ਹੈ। ਤੁਹਾਡੀ ਲਿਸਟ ਬਣਦੀ ਹੈ, ਤੁਹਾਡਾ ਚੀਫ ਵਿਪ੍ਹ ਹੈ, ਉਸ ਦਾ ਨਾਮ ਅਧਿਰੰਜਨ ਚੌਧਰੀ ਹੈ, ਉਸ ਕੋਲ ਜਾਓ ਅਤੇ ਆਪਣਾ ਨਾਂ ਲਿਖਾਓ ਕਿ ਮੈਂ ਬੋਲਣਾ ਹੈ। ਉਹ ਬੁਲਾਰਿਆਂ ਦੀ ਲਿਸਟ ਵਿੱਚ ਤੁਹਾਡਾ ਨਾਂ ਪਾ ਦੇਵੇਗਾ ਤੇ ਤੁਸੀਂ ਬੋਲੋਗੇ। ਉਹ ਕਹਿਣ ਲੱਗੇ, ਠੀਕ ਹੈ। 4.15 ਵਜੇ ਮੈਂ ਬੋਲਣ ਆਇਆ ਤਾਂ ਸਦੀਕ ਸਾਹਿਬ ਬੈਠੇ ਸਨ। ਮੈਂ ਕਿਹਾ, ਸਰ, ਬੋਲ ਰਹੇ ਹੋ। ਪੰਜਾਬੀ ਗਾਇਕੀ ਦੀ ਬਹੁਤ ਵੱਡੀ ਸਖਸ਼ੀਅਤ ਮੁਹੰਮਦ ਸਦੀਕ ਜੀ ਹਨ। ਮੈਨੂੰ ਕਹਿਣ ਲੱਗੇ, ਮੈਂ ਬੋਲ ਨਹੀਂ ਰਿਹਾ, ਭਗਵੰਤ ਪਰ ਮੈਂ ਅੱਜ ਉਦਾਸ ਬਹੁਤ ਹਾਂ। ਮੈਂ ਕਿਹਾ, ਕੀ ਗੱਲ ਹੋਈ? ਕਹਿੰਦੇ, ਮੈਂ ਅਧਿਰੰਜਨ ਚੌਧਰੀ ਕੋਲ ਗਿਆ ਸੀ ਕਿ ਮੈਂ ਬੋਲਣਾ ਹੈ। ਉਹ ਮੈਨੂੰ ਕਹਿੰਦਾ, ਤੇਰਾ ਨਾਂ ਕੀ ਹੈ?

**1645/Beant kaur/Rajneesh kumar**

**1650/Karamjit kaur**

ਉਹ ਮੈਨੂੰ ਦੱਸਣ ਲੱਗੇ ਕਿ ਸਾਲ 1968 ਤੋਂ ਬਾਅਦ ਕਿਸੇ ਨੇ ਹੁਣ ਪੁੱਛਿਆ ਹੈ ਕਿ ਤੇਰਾ ਨਾਮ ਕੀ ਹੈ। ਸਦੀਕ ਸਾਹਿਬ ਮੈਨੂੰ ਕਹਿਣ ਲੱਗੇ ਕਿ ਪੁੱਤ ਮੈਂ ਇਕੱਲਾ ਨਾਮ ਹੀ ਕਮਾਇਆ ਸੀ, ਉਹ ਵੀ ਇੱਥੇ ਆ ਕੇ ਕਿਤੇ ਗਿਆ ਆਇਆ। (ਥੰਪਿੰਗ) ਸੋ, ਪਰਗਟ ਸਿੰਘ ਜੀ, ਉਥੇ ਕੌਣ ਪੁੱਛਦਾ ਹੈ? (ਥੰਪਿੰਗ) (ਹਾਸਾ) ਤੁਸੀਂ ਨੈਸ਼ਨਲ ਲੈਵਲ ਦੇ ਕੈਪਟਨ ਹੋ, ਬੱਸ ਤੁਹਾਨੂੰ ਜਾਣਦੇ ਹਨ, ਨਹੀਂ ਤਾਂ ਉਥੇ ਇਹੀ ਪੁੱਛਦੇ ਹਨ ਕਿ ਕਿਆ ਕਾਮ ਕਰਤੇ ਹੋ? ਕਿਆ ਕਾਮ ਕਰਤੇ ਹੋ? ਬੱਸ। ਉਥੇ ਕੋਈ ਕਿਸੇ ਨੂੰ ਨਹੀਂ ਪੁੱਛਦਾ। ਉਹ ਵੱਡਾ ਖੂਹ ਹੈ। ਉਥੇ ਤਾਂ ਕਹਿੰਦੇ ਕਿ ਬੱਸ ਹੋਰ ਕਾਂਗਰਸ ਦੇ ਖੂਹ ਵਿੱਚ ਤਾਰੀਆਂ ਲਗਾ ਲਵੋ, ਉਸ ਦੀ ਡੂੰਘਾਈ ਮਾਪਣ ਦੀ ਕੋਸ਼ਿਸ਼ ਨਾ ਕਰੋ, ਉਥੋਂ ਤਾਂ ਨਹੀਂ ਲਾਸ਼ਾਂ ਨਹੀਂ ਥਿਆਉਂਦੀਆਂ। ਸੋ, ਇਹ ਬੋਲੀ ਜਾਂਦੇ ਹਨ ਸੰਤ ਸੀਚੇਵਾਲ ਜੀ ਬਾਰੇ (ਆਪੋਜੀਸ਼ਨ ਬੈਂਚਿਜ ਵੱਲ ਇਸ਼ਾਰਾ)। ਅੱਛਾ, ਹੋਰ ਦੇਖੋ, ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਉਥੇ ਸੀਚੇਵਾਲ ਮਾਡਲ ਦਾ ਵਿਜ਼ਿਟ ਕੀਤਾ, ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨੀਤੀਸ਼ ਕੁਮਾਰ ਉਥੇ ਉਚੇਚੇ ਤੌਰ ਤੇ ਆਏ। ਠੀਕ ਹੈ ਜੀ? ਮੱਧ ਪ੍ਰਦੇਸ਼ ਨੇ ਆਪਣੇ ਰਾਜ ਵਿੱਚ ਸੀਚੇਵਾਲ ਮਾਡਲ ਲਾਗੂ ਕੀਤਾ ਹੈ। ਐਨ.ਜੀ.ਟੀ. ਦੇ ਚੇਅਰਮੈਨ ਉਨ੍ਹਾਂ ਦੇ ਫੈਸਲਿਆਂ ਮਤਲਬ ਸੀਚੇਵਾਲ ਮਾਡਲ ਦਾ ਜ਼ਿਕਰ ਕਰਦੇ ਰਹੇ ਹਨ। ਐਨ.ਜੀ.ਟੀ. ਦੇ ਮੌਜੂਦਾ ਮੈਂਬਰ ਜਸਟਿਸ ਨੇ 22 ਮਾਰਚ ਨੂੰ ਵਿਸ਼ਵ ਜਲ ਦਿਵਸ ਦੇ ਮੌਕੇ ਤੇ ਦੱਸਿਆ ਹੈ ਕਿ ਸੀਚੇਵਾਲ ਮਾਡਲ ਨੂੰ ਦੇਸ਼ ਭਰ ਵਿੱਚ ਲਾਗੂ ਕਰਨਾ ਚਾਹੀਦਾ ਹੈ। ਆਹ ਕਿਹੜਾ ਬੰਦਾ ਆ ਗਿਆ? ਜੋ ਇਹ ਪੁੱਛਦੇ ਹਨ who is Seechewal. (ਲੀਡਰ ਆਫ ਦਿ ਆਪੋਜੀਸ਼ਨ ਦੀ ਚੇਅਰ ਵੱਲ ਇਸ਼ਾਰਾ) ਅਸਲ ਵਿੱਚ ਇਨ੍ਹਾਂ ਨੂੰ ਆਪਣੇ ਤੋਂ ਬਿਨਾਂ ਹੋਰ ਕੁਝ ਦਿਸਦਾ ਹੀ ਨਹੀਂ। ਆਪਣੇ ਆਪ ਤੋਂ ਬਿਨਾਂ ਹੋਰ ਕੋਈ ਦਿਖਦਾ ਹੀ ਨਹੀਂ। ਗੱਡੀਆਂ ਇੰਨੀਆਂ ਵੱਡੀਆਂ ਵੱਡੀਆਂ ਲੈ ਰੱਖੀਆਂ ਹਨ, ਉਸ ਵਿੱਚ ਵੀ ਆਲੇ ਦੁਆਲੇ ਸ਼ੀਸ਼ੇ ਲੱਗੇ ਹੋਏ ਹਨ, ਆਪਣੇ ਆਪ ਨੂੰ ਹੀ ਦੇਖਦੇ ਰਹਿੰਦੇ ਹਨ, ਕਦੇ ਇੱਧਰ ਦੇਖ ਲਿਆ, ਕਦੇ ਉੱਧਰ ਦੇਖ ਲੈਂਦੇ ਹਨ। ਆਪ ਹੀ ਹਨ ਬੱਸ। ਇਹ ਕਦੇ ਪਬਲਿਕ ਵੱਲ ਤਾਂ ਗਏ ਹੀ ਨਹੀਂ। ਸੋ, ਮੈਂ ਇਸ ਗੱਲ ਦੀ ਨਿੰਦਾ ਕਰਦਾ ਹਾਂ। ਜੇ ਕੋਈ ਪੰਜਾਬ ਵਿੱਚ ਚੰਗਾ ਕੰਮ ਕਰ ਰਿਹਾ ਹੈ, ਫਿਰ ਉਨ੍ਹਾਂ ਨੂੰ ਪਦਮ ਸ੍ਰੀ ਅਵਾਰਡ ਕਿਉਂ ਦੇ ਦਿੱਤਾ, ਸਰ? ਉਹ ਪਦਮ ਸ੍ਰੀ ਅਵਾਰਡੀ ਹਨ। ਦੱਸੋ, ਤੁਹਾਡੀਆਂ

ਡਿਗਰੀਆਂ ਦਾ ਅਸੀਂ ਫਿਰ ਕੀ ਕਰੀਏ? ਕੀ ਤੁਸੀਂ ਡਿਗਰੀਆਂ ਨਾਲ ਨਾਪੋਗੇ? ਸੋ, ਇਸ ਕਰਕੇ ਇਸ ਤਰ੍ਹਾਂ ਦੀਆਂ ਘਟੀਆ ਮਾਨਸਿਕ ਸੋਚਾਂ ਨਹੀਂ ਰੱਖਣੀਆਂ ਚਾਹੀਦੀਆਂ।

ਨਾਲ-ਨਾਲ ਜੋ ਅਸੀਂ ਕੰਮ ਕੀਤੇ ਹਨ, ਮੈਂ ਹੁਣ ਉਨ੍ਹਾਂ ਬਾਰੇ ਜ਼ਿਆਦਾ ਵਾਰ ਰਿਪੀਟ ਨਹੀਂ ਕਰਾਂਗਾ। ਪਰ ਮੈਨੂੰ ਇੰਨਾ ਕੁ ਪਤਾ ਹੈ, ਕਿਉਂਕਿ ਮੈਂ ਖੇਤਾਂ ਨਾਲ ਜੁੜਿਆ ਹੋਇਆ ਹਾਂ। ਮੇਰੇ ਕੋਲ ਹਰ ਰੋਜ਼ ਦੋ-ਚਾਰ ਵਿਡੀਓਜ਼ ਮੇਰੇ ਕੋਲ ਆਉਂਦੀਆਂ ਹਨ ਕਿ 40 ਸਾਲ ਬਾਅਦ ਸਾਡੇ ਪਿੰਡ ਦੀ ਖਾਲ਼ ਵਿੱਚ ਪਾਣੀ ਆਇਆ ਹੈ। ਕੋਈ ਕਹਿੰਦਾ ਹੈ ਕਿ 35 ਸਾਲ ਬਾਅਦ ਇਸ ਸੂਏ ਵਿੱਚ ਪਾਣੀ ਦੇਖਿਆ ਹੈ। ਅਸੀਂ 15000 ਕਿਲੋਮੀਟਰ ਤੋਂ ਵੱਧ ਪਾਈਪਾਂ ਅਤੇ ਖਾਲ਼ ਚਲਾ ਦਿੱਤੇ ਹਨ। (ਥੰਪਿੰਗ)। ਸਰ, ਉਸ ਦਾ ਕੀ ਫਾਇਦਾ ਹੈ? ਉਸ ਦੇ ਦੋ ਫਾਇਦੇ ਹਨ, ਇੱਕ ਤਾਂ ਬਿਜਲੀ ਦੀਆਂ ਮੋਟਰਾਂ ਘੱਟ ਚੱਲਣਗੀਆਂ ਜਿਸ ਨਾਲ ਬਿਜਲੀ ਦੀ ਬੱਚਤ ਹੋਵੇਗੀ ਅਤੇ ਧਰਤੀ ਦੇ ਥੱਲੇ ਵਾਲਾ ਪਾਣੀ ਬਚੇਗਾ। ਦੂਜਾ, ਜਿਹੜਾ ਨਹਿਰੀ ਪਾਣੀ ਹੈ, ਉਸ ਦੇ ਵਿੱਚ ਮਿਨਰਲਜ ਹਨ, ਉਸ ਵਿੱਚ ਨਾਲ ਰੇਤ ਵੀ ਆਉਂਦਾ ਹੈ, ਮਿੱਟੀ ਵੀ ਨਾਲ ਆਉਂਦੀ ਹੈ ਜਿਸ ਨਾਲ ਧਰਤੀ ਦੀ ਉਪਜਾਊ ਸ਼ਕਤੀ ਵਧਦੀ ਹੈ। ਉਸ ਗੱਲ ਦੇ ਦੋ-ਤਿੰਨ ਫਾਇਦੇ ਹਨ। ਨਾਲ ਨਾਲ ਅਸੀਂ 30-40 ਸਾਲਾਂ ਤੋਂ ਬੰਦ ਪਈਆਂ 77 ਨਹਿਰਾਂ ਮੁੜ ਕੇ ਦੁਬਾਰਾ ਚਾਲੂ ਕੀਤੀਆਂ ਹਨ। ਪਹਿਲਾਂ ਮੈਨੂੰ ਡਿਊਟੀ ਲਗਾਉਣੀ ਪਈ ਡੀ.ਜੀ.ਪੀ. ਸਾਹਿਬ ਦੇ ਨਾਲ, ਕਿ ਕਿਤੇ ਲੋਕ ਲੜ ਨਾ ਪੈਣ। ਲੋਕਾਂ ਨੇ ਉਹ ਖਾਲ਼ ਦੱਬ ਲਏ ਸੀ, ਮਤਲਬ ਆਪਣੀ ਜ਼ਮੀਨ ਵਿੱਚ ਵਾਹ ਲਏ ਸੀ। ਪਰ ਜਦੋਂ ਪਿੰਡ ਇਕੱਠਾ ਹੋਇਆ, ਇੱਕ ਥਾਂ ਤੋਂ ਵੀ ਸ਼ਿਕਾਇਤ ਨਹੀਂ ਆਈ। ਜਦੋਂ ਸਾਰਾ ਪਿੰਡ ਇਕੱਠਾ ਹੋ ਜਾਂਦਾ ਹੈ ਤਾਂ ਲੋਕ ਕਹਿੰਦੇ ਹਨ ਕਿ ਕਰਨੈਲ ਸਿਆਂ ਖਾਲ਼ ਤਾਂ ਇੱਥੋਂ ਦੀ ਜਾਂਦਾ ਹੁੰਦਾ ਸੀ। ਅਸੀਂ ਕਿਹਾ ਕਿ ਖਾਲ਼ ਤਾਂ ਇੱਥੋਂ ਦੀ ਜਾਂਦਾ ਹੁੰਦਾ ਸੀ ਪ੍ਰੰਤੂ ਅਸੀਂ ਹੁਣ ਕੁਝ ਨਹੀਂ ਕਹਿੰਦੇ, ਅਸੀਂ ਬੱਸ ਥੱਲਿਉਂ ਦੀ ਪਾਈਪ ਪਾ ਦਿਆਂਗੇ। ਸਰ, ਇੱਕ ਥਾਂ 'ਤੇ ਵੀ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਪੈਦਾ ਨਹੀਂ ਹੋਈ। (ਜ਼ੋਰਦਾਰ ਥੰਪਿੰਗ)

ਬਾਕੀ ਸਰ, ਹੁਣ ਮੈਂ ਵਾਟਰ ਲੈਵਲ ਬਾਰੇ ਦੱਸਣਾ ਚਾਹੁੰਦਾ ਹਾਂ ਕਿ 182 ਜ਼ੋਨਾਂ ਵਿੱਚੋਂ ਆਪਣੇ 172 ਜ਼ੋਨ ਡਾਰਕ ਜੋਨ ਸੀ। ਖੁਸ਼ੀ ਦੀ ਗੱਲ ਇਹ ਹੈ, ਸ਼ਾਇਦ ਇੱਥੇ ਵਿਭਾਗ ਦੇ ਸੈਕਟਰੀ ਸਾਹਿਬ ਬੈਠੇ ਹੋਣਗੇ, ਸਾਡੇ ਬਹੁਤ ਸਾਰੇ ਜ਼ੋਨਾਂ ਵਿਚੋਂ ਡਾਰਕ ਜ਼ੋਨ ਤੋਂ ਨਿਕਲ ਕੇ ਨਾਰਮਲ ਜ਼ੋਨ ਵਿੱਚ ਆ ਗਏ। ਉਨ੍ਹਾਂ ਦਾ ਲਗਭੱਗ ਇੱਕ ਮੀਟਰ ਤੋਂ ਡੇਢ ਮੀਟਰ ਤੱਕ ਪਾਣੀ ਉਪਰ ਆ ਗਿਆ। (ਥੰਪਿੰਗ) ਸਪੀਕਰ ਸਾਹਿਬ, ਅਸੀਂ ਅਜੇ ਥੋੜ੍ਹੀਆਂ ਜਿਹੀਆਂ ਐਫਰਟਸ ਕੀਤੀਆਂ ਹਨ ਅਤੇ ਅਸੀਂ ਅਜੇ ਹੋਰ ਕਰਾਂਗੇ। ਅਸੀਂ ਅਜੇ ਉਸ ਲੈਵਲ ਤੱਕ ਨਹੀਂ ਪਹੁੰਚੇ ਕਿ ਖੁਸ਼ੀ ਮਨਾਈਏ ਜਾਂ ਮੇਜ਼ ਥਪਥਪਾਉਣ ਦੀ ਲੋੜ ਹੈ। ਜਿਸ ਦਿਨ ਆਪਾਂ ਉਸ ਲੈਵਲ ਤੇ ਆ ਗਏ, ਜਿਸ ਲੈਵਲ ਤੇ ਪੰਜਾਬ ਦਾ ਪਾਣੀ ਚਾਹੀਦਾ ਹੈ, ਇਹ ਸਾਡੀਆਂ ਐਫਰਟਸ ਹਨ। ਬਾਕੀ ਤੁਸੀਂ ਪਿਛਲੇ ਦਿਨੀਂ ਤਹਿਸੀਲਦਾਰਾਂ ਦਾ ਐਕਸ਼ਨ ਦੇਖਿਆ ਹੋਣਾ ਹੈ, ਉਹ ਕਹਿੰਦੇ ਕਿ ਅਸੀਂ ਰਜਿਸਟਰੀਆਂ ਨਹੀਂ ਕਰਨੀਆਂ ਕਿਉਂਕਿ ਸਾਡੇ ਤਿੰਨ ਬੰਦੇ ਫੜ ਲਏ ਹਨ। ਅਸੀਂ ਕਿਹਾ ਕਿ ਨਾ ਕਰੋ ਫਿਰ। ਰਜਿਸਟਰੀਆਂ ਕੋਈ ਹੋਰ ਕਰ ਦੇਵੇਗਾ।

**1650/Karamjit kaur/Monika sharma**

**1655/harpreet singh**

ਪਠਾਨਕੋਟ ਵਾਲਾ ਮੂਨਕ ਹੈ ਅਤੇ ਧੂਰੀ ਵਾਲਾ ਫਾਜ਼ਿਲਕਾ ਹੈ ਪਰ ਉਹ ਰਜਿਸਟਰੀਆਂ ਨਹੀਂ ਕਰਦੇ। ਰਜਿਸਟਰੀਆਂ ਦੇ ਅਧਿਕਾਰ ਅਸੀਂ ਕਾਨੂੰਗੋ ਜਾਂ ਹੋਰ ਅਧਿਕਾਰੀਆਂ ਨੂੰ ਦੇ ਦਿੱਤੇ। ਹੁਣ ਉਹ ਜੋਗੀਆਂ ਵਾਲੇ ਕੋਬਰੇ ਬਣ ਗਏ। ਜੋਗੀਆਂ ਕੋਲ ਵੀ ਕੋਬਰੇ ਹੁੰਦੇ ਹਨ ਪਰ ਉਨ੍ਹਾਂ ਦੇ ਦੰਦ ਕੱਢੇ ਹੁੰਦੇ ਹਨ। ਉਸ ਨੂੰ ਇਕੋ ਪਿੰਡ ਵਿਚ ਚਾਰ ਵਾਰ ਦਿਖਾਇਆ ਜਾਂਦਾ ਹੈ, ਉਹ ਵੀ ਕਹਿੰਦਾ ਹੈ ਕਿ ਮੈਨੂੰ ਹੁਣ ਵਾਪਸ ਲੈ ਜਾ, ਮੈਂ ਥੱਕ ਗਿਆ ਹਾਂ। ਸੋ, ਉਹ ਹਾਲਤ ਹੈ। ਜੇਕਰ ਕੋਈ ਵੀ ਪੰਜਾਬ ਦੇ ਲੋਕਾਂ ਨੂੰ ਕੁਰੱਪਸ਼ਨ ਦੇ ਰੂਪ ਵਿਚ ਡੱਸੇਗਾ ਤਾਂ ਪੰਜਾਬ ਸਰਕਾਰ ਉਸ ਦੇ ਦੰਦ ਕੱਢੇਗੀ, ਉਸਦੀ ਜ਼ਹਿਰ ਕੱਢੇਗੀ। (ਥੰਪਿੰਗ) ਇਹ ਸਾਡਾ ਵਾਅਦਾ ਹੈ।

ਸੋ, ਸਿੱਖਿਆ ਦੇ ਖੇਤਰ ਵਿਚ ਸਾਡੇ ਮੰਤਰੀ ਜੀ ਨੇ ਦੱਸ ਦਿੱਤਾ ਹੈ ਕਿ ਕਿੰਨੇ ਸਕੂਲ ਬਣ ਗਏ ਹਨ, ਕਿੰਨੇ ਟੀਚਰ ਭਰਤੀ ਕਰ ਰਹੇ ਹਾਂ। ਆਉਣ ਵਾਲੇ ਦਿਨਾਂ ਵਿਚ ਫਿਰ ਨਿਯੁਕਤੀ ਪੱਤਰ ਸਮਾਰੋਹ ਹੈ। ਜੇਕਰ ਸਕੂਲ ਬਣਾਵਾਂਗੇ ਤਾਂ ਟੀਚਰ ਵੀ ਚਾਹੀਦੇ ਹਨ, ਪੀਅਨ ਵੀ ਚਾਹੀਦੇ ਹਨ, ਹਰ ਕਿਸਮ ਦਾ ਮੁਲਾਜ਼ਮ ਚਾਹੀਦਾ ਹੈ। ਜੇਕਰ ਹਸਪਤਾਲ ਬਣਾਵਾਂਗੇ ਤਾਂ ਨਰਸਾਂ, ਡਾਕਟਰ, ਫਾਰਮਾਸਿਸਟ, ਮਸ਼ੀਨ ਓਪਰੇਟਰ ਚਾਹੀਦੇ ਹਨ। ਜਦੋਂ ਪਹਿਲਾਂ ਕੁੱਝ ਬਣਾਇਆ ਹੀ ਨਹੀਂ ਤਾਂ ਉਸਦਾ ਅਸੀਂ ਕੀ ਕਰੀਏ। ਮੈਨੂੰ ਪਾਤਰ ਸਾਹਿਬ ਦੀਆਂ ਚਾਰ ਲਾਈਨਾਂ ਯਾਦ ਆ ਰਹੀਆਂ ਹਨ:

ਬੁਰੇ ਦਿਨਾਂ ਤੋਂ ਡਰੀਂ ਨਾ ਪਾਤਰ

ਭਲੇ ਦਿਨਾਂ ਨੂੰ ਲਿਆਉਣ ਦੀ ਖਾਤਰ

ਤੂੰ ਸਿਦਕ ਦਿਲ ਵਿਚ ਤੇ ਆਸ ਰੂਹ ਵਿਚ

ਨਜ਼ਰ ਵਿਚ ਸੁਪਨੇ ਹਸੀਨ ਰੱਖੀਂ।

ਸੋ, ਪਾਜ਼ਿਟੀਵਿਟੀ ਦਿਮਾਗ ਵਿਚ ਰੱਖਣੀ ਚਾਹੀਦੀ ਹੈ। ਬੁਰੇ ਦਿਨ ਲੰਘ ਜਾਣਗੇ। ਜੇ ਦਿਨ ਉਹ ਨਹੀਂ ਰਹੇ ਤਾਂ ਦਿਨ ਇਹ ਵੀ ਨਹੀਂ ਰਹਿਣਗੇ। ਸੋ, ਇਕ ਦਿਨ ਸਾਡਾ ਪੰਜਾਬ ਰੰਗਲਾ ਪੰਜਾਬ ਜ਼ਰੂਰ ਬਣੇਗਾ। ਇੱਥੇ ਨਛੱਤਰ ਪਾਲ ਜੀ ਨੇ, ਸਰਦਾਰ ਪਰਗਟ ਸਿੰਘ ਜੀ ਨੇ, ਇਆਲੀ ਸਾਹਿਬ ਨੇ, ਡਾ. ਸੁੱਖੀ ਜੀ ਨੇ, ਜਾਖੜ ਸਾਹਿਬ ਨੇ ਆਪਣੇ ਆਪਣੇ ਵਿਚਾਰ ਰੱਖੇ ਹਨ। ਹੈਨਰੀ ਸਾਹਿਬ ਨੇ ਕਿਹਾ ਹੈ ਕਿ ਇਸ ਬਜਟ ਵਿਚ ਸ਼ੇਅਰ ਸੀ। ਜਨਾਬ ਜੀ, ਸਾਡਾ ਤਾਂ ਬਿਨਾ ਸ਼ੇਅਰ ਵਾਲਾ ਬਜਟ ਸੀ।

**ਸ੍ਰੀ ਅਵਤਾਰ ਸਿੰਘ ਜੂਨੀਅਰ:** (ਬੈਠੇ ਬੈਠੇ) ਮੈਂ ਨਹੀਂ ਕਿਹਾ ਜੀ, ਸੁੱਖਾਨੰਦ ਜੀ ਨੇ ਕਿਹਾ ਸੀ।

**ਮੁੱਖ ਮੰਤਰੀ:** ਨਹੀਂ ਨਹੀਂ, ਤੁਸੀਂ ਹੁਣੇ ਬੋਲੇ ਸੀ।

**ਸ੍ਰੀ ਅਵਤਾਰ ਸਿੰਘ ਜੂਨੀਅਰ:** ਮੈਂ ਨਹੀਂ ਕਿਹਾ ਜੀ ।

**ਮੁੱਖ ਮੰਤਰੀ:** ਫਿਰ ਤੁਸੀਂ ਕੀ ਕਿਹਾ ਸੀ ਕਿ ਬਜਟ ਵਿਚ ਕੀ ਹੈ?

**ਸ੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੈਂ ਨਹੀਂ ਕਿਹਾ ਸੀ। ਮੈਂ ਜ਼ਿਕਰ ਕੀਤਾ ਸੀ ਕਿ ਸੁੱਖਾਨੰਦ ਜੀ ਦਾ ਜ਼ਿਕਰ ਕੀਤਾ ਸੀ।

**ਮੁੱਖ ਮੰਤਰੀ:** ਤੁਸੀਂ ਸਾਰੇ ਬਜਟ ਵਿਚ ਇਕ ਸ਼ੇਅਰ ਦਿਖਾ ਦਿਓ। ਤੁਸੀਂ ਪਹਿਲਾਂ ਵਾਲੇ ਬਜਟ ਤਾਂ ਦੇਖ ਲਓ, ਜਿਹੜੇ ਤੁਹਾਡਾ ਬਜਟ 9 ਸਾਲ ਪੜ੍ਹਦੇ ਰਹੇ ਹਨ। ਉਹ ਕਹਿੰਦੇ ਹੁੰਦੇ ਸੀ ਗੁਰਦਸੇ, ਮਹਿਫਿਲੇ, ਅਫ਼ਰੂਜ਼ੇ, ਨਾਫ਼ੂਰੇ। (ਹਾਸਾ) ਉਹ ਕਿੱਥੇ ਗਿਆ? ਉਸ ਦੇ ਸ਼ੇਅਰਾਂ ਵਿਚੋਂ ਬਜਟ ਲੱਭਣਾ ਪੈਂਦਾ ਸੀ। ਮੈਨੂੰ ਤਾਂ ਆਪ ਉਸ ਦੀ ਸਮਝ ਨਹੀਂ ਸੀ ਆਉਂਦੀ। ਮੈਂ ਵੀ ਉਸ ਨੂੰ ਕਹਿੰਦਾ ਸੀ ਕਿ ਜੇਕਰ ਬੋਲਣੇ ਹਨ ਤਾਂ ਮੈਂ ਤੁਹਾਨੂੰ ਪੰਜਾਬੀ ਦੇ ਦੇ ਦਿੰਦਾ ਹਾਂ। ਘੱਟੋ ਘੱਟ ਉਹ ਸ਼ੇਅਰ ਸੁਣਾਓ ਜਿਹੜਾ ਸਮਝ ਆਵੇ। ਉਹ ਮੇਰੀ ਪਾਰਟੀ ਦੇ ਪ੍ਰਧਾਨ ਰਹੇ ਹਨ।

**ਸ੍ਰੀ ਅਵਤਾਰ ਸਿੰਘ ਜੂਨੀਅਰ:** (ਬੈਠੇ ਬੈਠੇ) ਬਜਟ ਵਿਚ ਸਲੋਗਨ ਹਨ।

**ਮੁੱਖ ਮੰਤਰੀ:** ਬਜਟ ਵਿਚ ਸਲੋਗਨ ਵੀ ਕੋਈ ਨਹੀਂ ਹੈ। ਬਦਲਦਾ ਪੰਜਾਬ ਹੈ, ਵੱਸਦਾ ਪੰਜਾਬ ਹੈ, ਹੱਸਦਾ ਪੰਜਾਬ ਹੈ। ਇਹ ਤਾਂ ਸਲੋਗਨ ਆਪਣੇ ਹੀ ਹਨ। ਸੋ, ਸ਼ੇਅਰ ਤਾਂ ਪਹਿਲਾਂ ਵਾਲੇ ਬਜਟਾਂ ਵਿਚ ਪੜ੍ਹੇ ਗਏ ਹਨ।

**ਸ੍ਰੀ ਅਵਤਾਰ ਸਿੰਘ ਜੂਨੀਅਰ:** (ਬੈਠੇ ਬੈਠੇ) ਮੁੱਖ ਮੰਤਰੀ ਜੀ, ਸਾਰਿਆਂ ਦੀ ਇਕੋ ਬੇਨਤੀ ਹੈ ਕਿ 5 ਕਰੋੜ ਵਾਲੀ ਕਲੈਰੀਫਿਕੇਸ਼ਨ ਦੇ ਦਿਓ ਜੀ।

**ਮੁੱਖ ਮੰਤਰੀ:** ਪੰਜ ਕਰੋੜ ਰੁਪਿਆ ਐਮ.ਐਲ.ਏ ਲੈਡ ਫੰਡ ਵਾਂਗ ਹੀ ਹੋਵੇਗਾ। ਐਮ.ਐਲ.ਏ. ਦੇ ਕਹਿਣ ਤੇ ਮਿਲੇਗਾ। ਜੇਕਰ ਤੁਸੀਂ ਕਿਤੇ ਸੜਕ ਬਣਾਉਣੀ ਹੈ ਤਾਂ ਮਿਲੇਗਾ। ਜੇਕਰ ਹੁਣ ਤੁਸੀਂ ਕਿਤੇ ਟੂਰਨਾਮੈਂਟ ਤੇ ਜਾਂਦੇ ਹੋ ਤਾਂ ਕਹਿਣਾ ਪੈਂਦਾ ਹੈ ਕਿ ਸਾਡੇ ਕੋਲ ਇਖਤਿਆਰੀ ਫੰਡ ਨਹੀਂ ਹੈ, ਸਰਕਾਰ ਦੂਜੀ ਹੈ ਜੀ। ਤੁਸੀਂ ਕੁੱਲ 20 ਤਾਂ ਮੈਂਬਰ ਹੋ, 97-98 ਤਾਂ ਸਾਡੇ ਕੋਲ ਹਨ। ਸੋ, ਅਸੀਂ 20 ਕਿਉਂ ਛੱਡੀਏ? ਤੁਸੀਂ ਵੀ ਆਪਣੇ ਹੀ ਹੋ। (ਥੰਪਿੰਗ) ਸੋ, ਜਿੱਥੇ ਮਰਜ਼ੀ ਵਰਤ ਲਿਓ। ਡਿਪਟੀ ਕਮਿਸ਼ਨਰਜ਼ ਨੂੰ ਹੁਕਮ ਜਾਰੀ ਹੋਣਗੇ। ਐਮ.ਐਲ.ਏ. ਦੀ ਰਿਕਮੈਂਡੇਸ਼ਨ, ਸਰਪੰਚ ਦੀ ਰਿਕਮੈਂਡੇਸ਼ਨ, ਕਾਂਉਸਲਰ ਦੀ ਰਿਕਮੈਂਡੇਸ਼ਨ ਚੱਲੇਗੀ। ਜੇਕਰ ਤੁਸੀਂ ਸਰਪੰਚ ਤੋਂ ਰਿਕਮੈਂਡ ਕਰਵਾਉਣਾ ਹੈ ਤਾਂ ਉਸ ਤੋਂ ਕਰਵਾ ਦਿਓ ਜੇਕਰ ਤੁਸੀਂ ਆਪ ਰਿਕਮੈਂਡ ਕਰਨਾ ਹੈ ਤਾਂ ਆਪ ਕਰ ਦਿਓ ਪਰ ਪੈਸੇ ਕੰਮ ਤੇ ਲੱਗ ਜਾਣੇ ਚਾਹੀਦੇ ਹਨ। ਅਸੀਂ ਉਨ੍ਹਾਂ ਦੀ ਚੈਕਿੰਗ ਕਰਾਂਗੇ। (ਹਾਸਾ) ਫਿਰ ਬਾਅਦ ਵਿਚ ਨਾ ਕਿਹੋ ਕਿਉਂਕਿ ਕਈ ਵਾਰ ਪੁਰਾਣੀਆਂ ਆਦਤਾਂ ਹੁੰਦੀਆਂ ਹਨ। (ਹਾਸਾ) ਬੱਸ ਪੁਰਾਣੀਆਂ ਆਦਤਾਂ ਛੱਡ ਦਿਓ, ਮੈਂ 5 ਤੋਂ 10 ਵੀ ਕਰ ਦਿਆਂਗਾ। (ਥੰਪਿੰਗ) ਇਹ ਪੈਸੇ ਪੰਜਾਬ ਦੀ ਧਰਤੀ ਤੇ ਹੀ ਲੱਗਣਗੇ। ਲੱਗਣਗੇ ਤਾਂ ਸੜਕਾਂ ਤੇ ਹੀ, ਲੱਗਣਗੇ ਤਾਂ ਮੰਡੀਆਂ ਤੇ ਹੀ, ਲੱਗਣਗੇ ਤਾਂ ਸੋਲਰ ਲਾਈਟਾਂ ਤੇ ਹੀ ਅਤੇ ਲਾਈਟਾਂ ਵੀ ਤਾਂ ਪੰਜਾਬ ਵਿਚ ਹੀ ਹਨ।

**1655/harpreet singh/Monika sharma**

**1700/amandeep kaur**

ਸੋ, ਮੈਂ ਸਾਰੇ ਪੰਜਾਬ ਨੂੰ ਆਪਣਾ ਮੰਨਦਾ ਹੈ, ਮੈਂ 3.5 ਕਰੋੜ ਲੋਕਾਂ ਦਾ ਕਸਟੋਡੀਅਨ ਹਾਂ। ਮੈਂ ਕਿਸੇ 92-95-96 ਦਾ ਕਸਟੋਡੀਅਨ ਨਹੀਂ ਹਾਂ। ਜਿਨ੍ਹਾਂ ਨੇ ਮੈਨੂੰ ਵੋਟਾਂ ਨਹੀਂ ਵੀ ਪਾਈਆਂ ਮੈਂ ਉਨ੍ਹਾਂ ਦਾ ਵੀ ਮੁੱਖ ਮੰਤਰੀ ਹਾਂ (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਅਸੀਂ ਤੰਗ ਦਿਲੀ ਵਾਲੀ ਰਾਜਨੀਤੀ ਨਹੀਂ ਕਰਦੇ ਹਾਂ ਕਿ ਇਸ ਗਲੀ ਵਿੱਚੋਂ ਸਾਨੂੰ ਵੋਟਾਂ ਨਹੀਂ ਪਈਆਂ ਤਾਂ ਇਨ੍ਹਾਂ ਦੀਆਂ 2 ਪੁਲੀਆਂ ਹੀ ਪੱਟ ਦਿਓ। 2 ਪੁਲੀਆਂ ਹੀ ਪੱਟ ਦਿੱਤੀਆਂ, ਜਾਓ ਬਣਾ ਲਓ ਹੁਣ ਝਾੜੂ ਵਾਲਿਆਂ ਤੋਂ ਲੈ ਲਓ। ਇਸ ਤਰ੍ਹਾਂ ਵੀ ਹੋਇਆ ਹੈ। ਇਹ ਕੀ ਗੱਲ ਹੈ। ਤੁਸੀਂ ਅਗਲੀ ਵਾਰ ਜਿੱਤ ਜਾਓ। ਪੁਲੀਆਂ ਪੱਟ ਕੇ ਕਿਹੜਾ ਜਿੱਤ ਜਾਓਗੇ। ਸੋ ਤੁਹਾਨੂੰ ਸਾਰਿਆਂ ਨੂੰ ਪੈਸਾ ਆਏਗਾ। ਤੁਸੀਂ ਜਿੱਥੇ ਚਾਹੋਗੇ ਚੰਗੇ ਕੰਮਾਂ ਲਈ ਲਗਾ ਦਿਓ। ਮੰਤਵ ਵਧੀਆ ਹੋਣਾ ਚਾਹੀਦਾ ਹੈ। ਪਾਜ਼ੀਟਿਵ ਕੰਮ ਕਰਿਓ। ਸਮਸ਼ਾਨ ਘਾਟਾਂ ਦੀਆਂ ਕੰਧਾਂ ਉੱਚੀਆਂ ਚੁੱਕਣ ਦਾ ਕੋਈ ਫਾਇਦਾ ਨਹੀਂ ਹੈ। ਜਿਹੜੇ ਉਸ ਦੇ ਅੰਦਰ ਹਨ, ਉਹ ਬਾਹਰ ਆ ਨਹੀਂ ਸਕਦੇ ਅਤੇ ਜਿਹੜੇ ਬਾਹਰ ਹਨ ਉਹ ਅੰਦਰ ਜਾਣਾ ਨਹੀਂ ਚਾਹੁੰਦੇ। ਸ਼ਮਸ਼ਾਨ ਘਾਟਾਂ ਦੀਆਂ ਕੰਧਾਂ ਨਾ ਉੱਚੀਆਂ ਚੁੱਕੀਆਂ ਜਾਇਓ। ਕਿਤੇ ਲਾਇਬਰੇਰੀ ਬਣਾ ਦੇਣਾ, ਸਕੂਲ ਵਿੱਚ ਕਮਰੇ ਦੇ ਦੇਣਾ, ਸਕੂਲ ਵਿੱਚ ਜੇਕਰ ਕਿਤੇ ਫਰਨੀਚਰ ਹੈ ਨਹੀਂ ਉਹ ਦੇ ਦਿਓ, ਸੋਲਰ ਲਾਈਟਾਂ ਲਗਾ ਦੇਣਾ, ਆਰ.ਓ ਲਗਾ ਦੇਣਾ। ਸੋ, ਜਿਹੜੇ ਕੰਮ ਨਜ਼ਰ ਵੀ ਆਉਣ। ਐਮਬੂਲੈਂਸ ਦੇ ਦੇਣਾ। ਕਿਸੇ ਪਿੰਡ ਨੂੰ ਐਮਬੂਲੈਂਸ ਦੇ ਦੇਣਾ। ਕਈ ਪਿੰਡਾਂ ਵਿੱਚ ਕਲੱਬ ਹਨ ਜਿਹੜੇ ਆਪਣੇ ਆਪ ਮੇਨਟੇਨ ਕਰਨ ਨੂੰ ਤਿਆਰ ਹਨ। ਜੇਕਰ ਬਿਮਾਰ ਬੰਦਾ ਟਾਈਮ ਨਾਲ ਐਮਬੂਲੈਂਸ ਤੇ ਹਸਪਤਾਲ ਪਹੁੰਚ ਜਾਏ ਤਾਂ ਕਿਸੇ ਦੀ ਜ਼ਿੰਦਗੀ ਬਚ ਸਕਦੀ ਹੈ। ਸੋ, ਮੈਨੂੰ ਬੜਾ ਅੱਛਾ ਲੱਗਿਆ ਕਿ ਮੈਂ ਅੱਜ ਕੋਈ ਸਪੀਚ ਨਹੀਂ ਦਿੱਤੀ, ਮੈਂ ਸਿਰਫ ਤੁਹਾਡੇ ਨਾਲ ਗੱਲਾਂ ਹੀ ਕੀਤੀਆਂ ਹਨ। ਬਾਕੀ ਸਾਰਾ ਕੁਝ ਅਮਨ ਜੀ ਨੇ ਅਤੇ ਸਾਡੇ ਹੋਰ ਮੰਤਰੀ ਸਾਹਿਬਾਨਾਂ ਨੇ ਦੱਸਿਆ ਹੈ, ਇਹ ਜਿਹੜਾ ਲਿਖਿਆ ਹੋਇਆ ਹੈ, ਇਹ ਮੈਂ ਪੜਨਾ ਨਹੀਂ ਹੈ (ਹਥ ਵਿੱਚ ਕਾਗਜ਼ ਲਹਿਰਾਉਂਦੇ ਹੋਏ) । ਮੈਂ ਤਾਂ ਸਿਰਫ ਇਹ ਹੀ ਕਹਾਂਗਾ ਕਿ ਪੰਜਾਬ ਰੰਗਲਾ ਬਣੇਗਾ ਅਤੇ ਮੈਨੂੰ ਤੁਹਾਡਾ ਸਾਰਿਆਂ ਦਾ ਸਹਿਯੋਗ ਚਾਹੀਦਾ ਹੈ ਅਤੇ ਤੁਸੀਂ ਸਾਰੇ ਮੈਨੂੰ ਸਹਿਯੋਗ ਦੇ ਵੀ ਰਹੇ ਹੋ। ਮੈਂ ਇਹ ਨਹੀਂ ਕਹਿੰਦਾ ਕਿ ਵਿਰੋਧੀ ਧਿਰ ਨਾ ਹੋਵੇ ਜਾਂ ਫਿਰ ਉਨ੍ਹਾਂ ਨੂੰ ਬੋਲਣ ਨਾ ਦਿਓ। ਸਪੀਕਰ ਸਾਹਿਬ, ਤੁਸੀਂ ਵੱਧ ਤੋਂ ਵੱਧ ਟਾਈਮ ਇਨ੍ਹਾਂ ਨੂੰ ਦਿੰਦੇ ਹੋ। ਸਾਨੂੰ ਇਨ੍ਹਾਂ ਤੋਂ ਕੁਝ ਆਈਡੀਆਜ਼ ਵੀ ਆਉਂਦੇ ਹਨ। ਜਿਸ ਤਰ੍ਹਾਂ ਅੱਜ ਰਾਣਾ ਸਾਹਿਬ ਨੇ ਬਜਟ ਤੇ ਬੋਲਦਿਆਂ ਬਹੁਤ ਕੁਝ ਦੱਸਿਆ ਹੈ। ਤੁਸੀਂ ਵੀ ਲੋਕਾਂ ਨੂੰ ਮਿਲਦੇ ਹੋ, ਅਸੀਂ ਵੀ ਲੋਕਾਂ ਨੂੰ ਮਿਲਦੇ ਹਾਂ। ਸਾਡੇ ਵਾਲੇ ਲੋਕ ਸ਼ਾਇਦ ਤਾਰੀਫਾਂ ਵਾਲੇ ਜ਼ਿਆਦਾ ਹੁੰਦੇ ਹਨ, ਬਹੁਤ ਵਧੀਆ ਚਲ ਰਿਹਾ ਹੈ, ਕਮਾਲ ਹੋਈ ਪਈ ਹੈ ਜੀ। ਤੁਹਾਡੇ ਕਰੀਟਿਕਸ ਜ਼ਿਆਦਾ ਹੋਣਗੇ ਕਿ ਆਹ ਨਹੀਂ ਹੋਇਆ, ਇਹ ਨਹੀਂ ਹੋਇਆ। ਤੁਸੀਂ ਸਾਨੂੰ ਦੱਸ ਦਿਓ। ਆਪਾਂ ਕਰ ਦਿਆਂਗੇ। ਪੰਜਾਬ ਬਣ ਜਾਵੇਗਾ। ਬਾਕੀ 2027 ਵਿੱਚ ਯਾਰੀ ਦੋਸਤੀ ਪੱਕੀ, ਰਿਜ਼ਲਟ ਆਪੋ-ਆਪਣੇ (ਹਾਸਾ) ਸਾਲ 2027 ਵਿੱਚ ਤੁਸੀਂ ਆਪਣਾ ਮੈਨੀਫੈਸਟੋ ਲੈ ਕੇ ਜਾਇਓ, ਅਸੀਂ ਪਬਲਿਕ ਵਿੱਚ ਆਪਣਾ ਮੈਨੀਫੈਸਟੋ ਲੈ ਕੇ ਜਾਵਾਂਗੇ। ਪਬਲਿਕ ਜਿਸ ਨੂੰ ਪਿਆਰ ਕਰੇਗੀ, ਜਿਸ ਨੂੰ ਚੰਗਾ ਸਮਝੇਗੀ, ਉਸ ਨੂੰ ਚੁਣ ਲਵੇਗੀ। ਸੋ ਐਸੀ ਕੋਈ ਗੱਲ ਨਹੀਂ ਹੈ। ਮੈਂ ਕਦੀ ਕੋਈ ਤੰਗ ਦਿਲੀ ਵਾਲੀ ਰਾਜਨੀਤੀ ਨਹੀਂ ਕੀਤੀ ਹੈ। ਸਕੂਲ ਵੀ ਬਣਨਗੇ, ਹਸਪਤਾਲ ਵੀ ਬਣ ਰਹੇ ਹਨ, ਬਿਜਲੀ, ਇਨਫਰਾਸਟ੍ਰਕਚਰ, ਵਪਾਰ 97000 ਕਰੋੜ ਦੇ ਨੇੜੇ-ਤੇੜੇ ਆ ਗਿਆ ਹੈ। 52000 ਤੋਂ ਵੱਧ ਨੌਕਰੀਆਂ ਹੋ ਗਈਆਂ। ਅੱਜ ਇੱਥੇ ਸਾਡੇ ਪਲੇਅਰ ਬੈਠੇ ਹਨ, ਅੱਜ ਇਨ੍ਹਾਂ ਨੂੰ ਸਨਮਾਨਿਤ ਕੀਤਾ ਹੈ, ਇੱਥੇ ਬ੍ਰਿਗੇਡੀਅਰ ਹਰਚੰਦ ਸਿੰਘ ਜੀ ਬੈਠੇ ਹਨ, ਜਿਨ੍ਹਾਂ ਨੇ ਦੱਸਿਆ ਕਿ ਸਾਡੀਆਂ ਜਿਹੜੀਆਂ ਪੈਨਸ਼ਨਾਂ ਹਨ ਉਹ ਤਿੰਨ ਗੁਣਾ ਵੱਧ ਗਈਆਂ ਹਨ।

ਜਦੋਂ ਸਾਲ 1975 ਦੇ ਵਿੱਚ ਦੇਸ਼ ਨੂੰ proud ਫੀਲ ਹੋਇਆ ਹੋਣਾ ਤਾਂ ਉਸ ਵੇਲੇ ਕਿਨਾ ਮਾਣ ਸਨਮਾਨ ਮਿਲਿਆ ਹੋਣਾ। ਇਨ੍ਹਾਂ ਨੇ ਹੌਲੀ ਹੌਲੀ ਆਪਣੇ ਪੰਜਾਬ ਦੀਆਂ ਨੀਹਾਂ ਭਰੀਆਂ ਹਨ। ਸਾਨੂੰ ਉਨ੍ਹਾਂ ਸਾਰਿਆਂ ਨੂੰ ਭੁੱਲਣਾ ਨਹੀਂ ਚਾਹੀਦਾ ਹੈ। ਨੀਹਾਂ ਵਾਲੀਆਂ ਇੱਟਾਂ ਦੋਮ ਸੋਮ ਨਹੀਂ ਹੁੰਦੀਆਂ ਹਨ, ਉਹ ਅੱਬਲ ਹੁੰਦੀਆਂ ਹਨ। ਅਸੀਂ ਸਾਰਿਆਂ ਦਾ ਸਤਿਕਾਰ ਕਰਦੇ ਹਾਂ ਬਤੌਰ ਮੁੱਖ ਮੰਤਰੀ ਵੀ ਅਤੇ ਇਸ ਅਜ਼ੀਮ ਸਦਨ ਦੇ ਵਿੱਚ ਤੁਹਾਡਾ ਬਹੁਤ ਬਹੁਤ ਧੰਨਵਾਦ ਜੀ। ਇੱਕ ਵਾਰ ਤੁਸੀਂ ਖੜ੍ਹੇ ਹੋ ਕੇ ਸਾਰਿਆਂ ਨੂੰ ਆਪਣੇ ਦਰਸ਼ਨ ਦੇ ਦੇਣਾ ਜੀ।

(ਇਸ ਸਮੇਂ ਗਵਰਨਰ ਬਾਕਸ ਵਿੱਚ ਬੈਠੇ ਕੁਆਲਾ ਲੰਪਰ ਓਲੰਪਿਕਸ ਦੇ ਓਲੰਪੀਅਨ ਖੜ੍ਹੇ ਹੋ ਗਏ ਅਤੇ ਪੂਰੇ ਹਾਊਸ ਨੇ ਜ਼ੋਰਦਾਰ ਥੰਪਿੰਗ ਕੀਤੀ।)

ਇਹ ਉਹ ਟੀਮ ਹੈ ਜਿਸ ਦੇ ਵਿੱਚ 8 ਮੈਂਬਰ ਕੁਆਲਾਲੰਪਰ ਦੇ ਵਿੱਚ ਮੈਡਲ ਲੈ ਕੇ ਆਏ ਹਨ। ਬਹੁਤ ਬਹੁਤ ਧੰਨਵਾਦ ਜੀ। ਇਨ੍ਹਾਂ ਵਿੱਚ ਕੁਝ ਸਰਦਾਰ ਸੁਰਜੀਤ ਸਿੰਘ ਜੀ ਦੇ ਅਤੇ ਸ੍ਰੀ ਵਰਿੰਦਰ ਜੀ ਦੇ ਅਤੇ ਸੀਨੀਅਰ ਬਲਬੀਰ ਜੀ ਦੇ ਰਿਸ਼ਤੇਦਾਰ ਹਨ। ਬਾਕੀ ਅੱਜ ਅਚਾਨਕ ਐਲ.ਓ.ਪੀ ਸਾਹਿਬ ਨੂੰ ਭਗਤ ਸਿੰਘ ਜੀ ਦੀ ਯਾਦ ਆ ਗਈ ਕਿ ਉਨ੍ਹਾਂ ਨੂੰ ਭਾਰਤ ਰਤਨ ਮਿਲਣਾ ਚਾਹੀਦਾ ਹੈ। ਮੈਂ ਇਹ ਗੱਲ ਪਾਰਲੀਮੈਂਟ ਵਿੱਚ ਵੀ ਬੋਲੀ ਸੀ ਕਿ ਭਾਰਤ ਰਤਨ ਅਵਾਰਡ ਉਸ ਨੂੰ ਮਿਲਣਾ ਚਾਹੀਦਾ ਹੈ, ਜਿਸ ਨੂੰ ਭਾਰਤ ਰਤਨ ਦੇ ਕੇ ਭਾਰਤ ਰਤਨ ਦੀ ਗਰੀਮਾ ਵਧੇ, ਅਵਾਰਡ ਦੀ ਇੱਜ਼ਤ ਵਧੇ। ਸ਼ਹੀਦ ਭਗਤ ਸਿੰਘ ਜੀ ਨੂੰ ਭਾਰਤ ਰਤਨ ਨਹੀਂ ਵੀ ਦਿਓਗੇ ਤਾਂ ਕੋਈ ਗੱਲ ਨਹੀਂ, ਉਹ ਤਾਂ ਸਾਡੇ ਦਿਲਾਂ ਵਿੱਚ ਵੱਸਦਾ ਹੈ। ਪਰ ਜੇ ਦੇ ਦਿਓਗੇ ਤਾਂ ਭਾਰਤ ਰਤਨ ਦੀ ਇੱਜ਼ਤ ਵਧੇਗੀ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**1705/Tarlochan Singh**

ਹੁਣ ਤੱਕ ਸਰਕਾਰਾਂ ਕਿਸ ਦੀਆਂ ਸਨ? ਸਰਕਾਰਾਂ ਇਨ੍ਹਾਂ ਦੀਆਂ ਸਨ। ਅੱਛਾ ਮੈਂ ਤੁਹਾਨੂੰ ਇੱਕ ਹੋਰ ਗੱਲ ਦੱਸ ਦਿੰਦਾ ਹਾਂ, ਜਾ ਕੇ ਉਨ੍ਹਾਂ ਨੂੰ ਦੱਸ ਦਿਉ। ਭਾਰਤ ਰਤਨ ਅਵਾਰਡ ਲਈ ਪ੍ਰਧਾਨ ਮੰਤਰੀ ਸਿਫਾਰਸ਼ ਕਰਦਾ ਹੈ। ਪ੍ਰਧਾਨ ਮੰਤਰੀ ਰਾਸ਼ਟਰਪਤੀ ਨੂੰ ਸਿਫਾਰਸ਼ ਕਰਦਾ ਹੈ। ਆਪਣੇ ਦੇਸ਼ ਦੀ ਹਿਸਟਰੀ ਵਿੱਚ ਦੋ ਭਾਰਤ ਰਤਨ ਇਹੋ ਜਿਹੇ ਹਨ ਜਿਹੜੇ ਦੋ ਪ੍ਰਧਾਨ ਮੰਤਰੀਆਂ ਨੇ ਆਪਣੇ ਆਪ ਨੂੰ ਹੀ ਰਿਕਮੈਂਡ ਕਰ ਲਏ ਕਿ ਮੈਨੂੰ ਦੇ ਦਿਉ। ਇੰਦਰਾ ਗਾਂਧੀ ਤੇ ਜਵਾਹਰ ਲਾਲ ਨਹਿਰੂ। ਇਹ ਰਿਕਾਰਡ ਤੇ ਹੈ, ਮੈਂ ਹਾਊਸ ਵਿੱਚ ਕੋਈ ਗਲਤ ਨਹੀਂ ਬੋਲ ਰਿਹਾ ਹਾਂ। At that time, they were Prime Ministers. ਮੈਨੂੰ ਦੇ ਦਿਉ, ਦੂਜੇ ਨੇ ਵੀ ਕਹਿ ਦਿੱਤਾ, ਮੈਨੂੰ ਦੇ ਦਿਉ ਤੇ ਦੋਨਾਂ ਨੂੰ ਭਾਰਤ ਰਤਨ ਅਵਾਰਡ ਮਿਲ ਗਿਆ। ਫਿਰ ਭਾਰਤ ਰਤਨ ਦੀ ਕੀ ਵੈਲਿਊ ਰਹਿ ਗਈ, ਜੇਕਰ ਆਪ ਹੀ ਰਿਕਮੈਂਡ ਕਰਨਾ ਹੈ ਤੇ ਆਪ ਹੀ ਲੈਣਾ ਹੈ। ਸੋ, ਜੇ ਬਾਜਵਾ ਸਾਹਿਬ ਹੁੰਦੇ ਤਾਂ ਮੈਂ ਪੁੱਛ ਲੈਂਦਾ ਕਿ ਉਨ੍ਹਾਂ ਦੋਨਾਂ ਵਿੱਚੋਂ ਹੀ ਇੱਕ ਲੈ ਕੇ ਭਗਤ ਸਿੰਘ ਨੂੰ ਦੇ ਦਿਉ। ਇੱਕ ਵਾਪਸ ਲੈ ਲੈਂਦੇ ਹਾਂ, ਜਿਵੇਂ ਬਾਦਲ ਤੋਂ ਫਖਰ-ਏ-ਕੌਮ ਵਾਪਸ ਲਿਆ ਹੈ। ਮਰਨ ਉਪਰੰਤ ਵਾਪਸ ਲੈ ਲੈਂਦੇ ਹਾਂ, ਇਸ ਵਿੱਚ ਕਿਹੜੀ ਗੱਲ ਹੈ। ਇਹ ਕੰਮ ਕਰਵਾ ਲਉ ਕਿ ਦੋਨੋ ਵਾਪਸ ਲੈ ਕੇ ਦੋ ਵਧੀਆ ਪਲੇਅਰਾਂ ਨੂੰ ਦੇ ਦਿਉ। ਧਿਆਨ ਚੰਦ ਨੂੰ ਦੇ ਦਿਉ, ਭਗਤ ਸਿੰਘ ਨੂੰ ਦੇ ਦਿਉ, ਕਰਤਾਰ ਸਿੰਘ ਸਰਾਭਾ ਨੂੰ ਦੇ ਦਿਉ, ਸ਼ਹੀਦ ਊਧਮ ਸਿੰਘ ਹੋਰਾਂ ਨੂੰ ਦੇ ਦਿਉ, ਰਾਜਗੁਰੂ-ਸੁਖਦੇਵ ਦੋਹਾਂ ਇਕੱਠਿਆਂ ਨੂੰ ਦੇ ਦਿਉ। ਅਸਲ ਵਿੱਚ ਭਾਰਤ ਦੇ ਰਤਨ ਤਾਂ ਉਹੀ ਨੇ, ਜਿਨ੍ਹਾਂ ਨੇ ਸਾਨੂੰ ਭਾਰਤ ਲੈ ਕੇ ਦਿੱਤਾ ਹੈ। ਸੋ, ਪਤਾ ਨਹੀਂ ਇਨ੍ਹਾਂ ਨੂੰ ਕਿੱਥੋਂ ਭਾਰਤ ਰਤਨ ਯਾਦ ਆ ਗਿਆ। ਅਸਲ ਵਿੱਚ

ਇਨ੍ਹਾਂ ਦਾ ਕੀ ਕੰਮ ਹੈ ਕਿ ਇਨ੍ਹਾਂ ਨੂੰ ਕੋਈ ਤੜਕੇ ਹੀ ਫੋਨ ਕਰ ਦਿੰਦਾ ਹੈ। ਇਹ ਕਹਿੰਦੇ ਹਨ ਕਿ ਅੱਜ ਕੀ ਬੋਲੀਏ? ਉਹ ਕਹਿ ਦਿੰਦਾ ਹੈ ਕਿ ਭਗਤ ਸਿੰਘ ਬਾਰੇ ਬੋਲੋ। ਫਿਰ ਕਹਿੰਦੇ ਕਿ ਭਗਤ ਸਿੰਘ ਬਾਰੇ ਕੀ ਬੋਲੀਏ? ਭਾਰਤ ਰਤਨ ਬਾਰੇ ਬੋਲੋ। ਇਹ ਕਹਿੰਦੇ ਹਾਂ। ਅੱਛਾ ਇਹ ਯਾਦ ਨਹੀਂ ਹੁੰਦਾ ਭਾਰਤ ਰਤਨ ਕਦੋਂ ਮਿਲਿਆ ਸੀ, ਕਿਉਂ ਮਿਲਦਾ ਹੈ, ਕਿਵੇਂ ਮਿਲਦਾ ਹੈ। ਫਿਰ ਅੱਜ ਕੀ ਬੋਲੀਏ? ਸੀਚੇਵਾਲ ਬਾਰੇ ਬੋਲ ਦਿਉ। ਹਾਂ, ਇਹ ਵਧੀਆ ਤਰੀਕਾ ਹੈ। ਉਹ ਇਹ ਕਰਦੇ ਹਨ ਅਤੇ ਬਾਅਦ ਵਿੱਚ ਜਦੋਂ ਪੰਗਾ ਪੈਂਦਾ ਹੈ, ਚਲੇ ਜਾਂਦੇ ਹਨ। ਉਦੋਂ ਤੱਕ ਨਿਬੜ ਜਾਂਦੇ ਹਨ। ਸੋ, ਆਹ ਮੈਨੂੰ ਚੰਗਾ ਲੱਗਾ ਹੈ ਕਿ ਜਿਹੜਾ ਤੁਸੀਂ ਹੁਣ ਬੈਠੇ ਹੋ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨੂੰ ਟਰੇਜ਼ਰੀ ਬੈਂਚਿਜ਼ ਵੱਲ ਆਉਣ ਦਾ ਇਸ਼ਾਰਾ ਕਰਦੇ ਹੋਏ) ਸਹੁੰ ਲੱਗੇ, ਇਵੇਂ ਜੀਅ ਕਰਦਾ ਹੈ ਕਿ ਇੱਧਰਲੇ ਪਾਸੇ ਹੀ ਆ ਜਾਉ। (ਹਾਸਾ) (ਥੰਪਿੰਗ) ਜਾਂ ਅਸੀਂ ਇੱਧਰ ਆ ਜਾਂਦੇ ਹਾਂ। ਇੰਨੇ ਪਿਆਰ ਨਾਲ ਸੁਣੀ ਜਾਂਦੇ ਹੋ, ਇੰਨਾ ਵਧੀਆ ਹਾਊਸ ਚੱਲੀ ਜਾਂਦਾ ਹੈ। ਬੱਸ, ਇੱਕ ਦੋ ਹੀ ਹੁੰਦੇ ਹਨ ਅਤੇ ਹਰੇਕ ਪਿੰਡ ਵਿੱਚ ਹੀ ਹੁੰਦੇ ਹਨ, ਹਰੇਕ ਪਿੰਡ ਵਿੱਚ ਉਂਗਲ ਲਗਾਉਣ ਵਾਲੇ ਹੁੰਦੇ ਹਨ। ਇੱਕ ਬੰਦਾ ਪਨਸਾਰੀ ਦੀ ਦੁਕਾਨ ਤੇ ਗਿਆ। ਉਥੇ ਸ਼ਹਿਦ ਪਿਆ ਸੀ। ਮੈਂ ਉਂਗਲ ਲਗਾਉਣ ਵਾਲਿਆਂ ਦੀ ਗੱਲ ਦੱਸਦਾ ਹਾਂ। ਸ਼ਹਿਦ ਵਿੱਚ ਉਂਗਲ ਲਗਾਈ ਤੇ ਚੱਟ ਕੇ ਕਹਿੰਦਾ ਕਿ ਲਾਲ ਜੀ ਬੜਾ ਵਧੀਆ ਸ਼ਹਿਦ ਰੱਖਿਆ ਹੈ। ਉਂਗਲ ਤੋਂ ਬਾਕੀ ਦਾ ਸ਼ਹਿਦ ਕੰਧ ਨਾਲ ਪੂੰਝ ਦਿੱਤਾ। ਸ਼ਹਿਦ ਕੰਧ ਨਾਲ ਲੱਗ ਗਿਆ ਤਾਂ ਮੱਖੀਆਂ ਆ ਗਈਆਂ। ਮੱਖੀਆਂ ਨੂੰ ਦੇਖ ਕੇ ਕੋਹੜ ਕਿਰਲੀ, ਛਿਪਕਲੀ ਆ ਗਈ। ਛਿਪਕਲੀ ਨੂੰ ਦੇਖ ਕੇ ਚੂਹੇ ਨੇ ਛਿਪਕਲੀ ਤੇ ਛਾਲ ਮਾਰ ਦਿੱਤੀ। ਚੂਹੇ ਨੂੰ ਦੇਖ ਕੇ ਬਿੱਲੀ ਆ ਗਈ। ਦੁਕਾਨ ਤੇ ਕੋਈ ਗਾਹਕ ਆਇਆ ਹੋਇਆ ਸੀ, ਉਸ ਕੋਲ ਕੁੱਤਾ ਸੀ, ਕੁੱਤਾ ਬਿੱਲੀ ਨੂੰ ਪੈ ਗਿਆ। ਲਾਲ ਜੀ ਨੇ ਅੱਧਾ ਕਿੱਲੋ ਦਾ ਵੱਟਾ ਕੁੱਤੇ ਦੇ ਮਾਰਨਾ ਸੀ, ਉਹ ਗਾਹਕ ਦੇ ਵੱਜ ਗਿਆ। ਉਸ ਦੇ ਸਿਰ ਵਿੱਚੋਂ ਪਾੜ ਖੁੱਲ੍ਹ ਗਿਆ ਅਤੇ ਲੜਾਈ ਹੋ ਗਈ। ਜਿਹੜਾ ਉਂਗਲ ਲਗਾਉਣ ਵਾਲਾ ਸੀ, ਉਹ ਕਹਿੰਦਾ ਲਾਲ ਜੀ, ਤੁਹਾਡੀ ਲੜਾਈ ਵਧ ਗਈ, ਮੈਂ ਹੁਣ ਕੱਲ੍ਹ ਨੂੰ ਆਵਾਂਗਾ। (ਹਾਸਾ) ਉਹ ਤਾਂ ਉਂਗਲ ਲਗਾ ਕੇ ਚਲੇ ਗਏ। (ਹਾਸਾ) ਸੋ, ਉਨ੍ਹਾਂ ਤੇ ਬਾਹਲਾ ਯਕੀਨ ਨਾ ਕਰਿਆ ਕਰੋ, ਸਾਡੀ ਵਿਧਾਨ ਸਭਾ ਇਸ ਤਰ੍ਹਾਂ ਹੀ ਪਿਆਰ ਨਾਲ ਚੱਲੇ। ਇਸੇ ਗੱਲ ਤੇ ਮੈਂ ਆਪਣੇ ਭਾਸ਼ਣ ਨੂੰ ਅਖੀਰ ਕਰਾਂਗਾ ਕਿ ਇਸੇ ਤਰ੍ਹਾਂ ਪਿਆਰ ਸਤਿਕਾਰ ਨਾਲ ਬੋਲੋ ਵੀ, ਦੱਸੋ ਵੀ, ਵਿਰੋਧ ਵੀ ਕਰੋ, ਅਸੀਂ ਉਸ ਦਾ ਜਵਾਬ ਵੀ ਜ਼ਰੂਰ ਦੇਵਾਂਗੇ। ਘਰੇ ਆਉਣਾ ਹੈ ਤਾਂ ਘਰੇ ਆਉ। ਕੋਈ ਸੁਜੈਸ਼ਨ ਹੈ ਤਾਂ ਦਫ਼ਤਰ ਆ ਜਾਉ। ਸੋ, ਤੁਹਾਡਾ ਬਹੁਤ-ਬਹੁਤ ਧੰਨਵਾਦ, ਬਹੁਤ-ਬਹੁਤ ਮਿਹਰਬਾਨੀ, ਬਹੁਤ-ਬਹੁਤ ਸ਼ੁਕਰੀਆ। (ਥੰਪਿੰਗ)

**ਮਾਣਯੋਗ ਸਪੀਕਰ** : ਧੰਨਵਾਦ।

---------

## FINANCIAL BUSINESS

## DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 2025-26

**ਮਾਣਯੋਗ ਸਪੀਕਰ:** ਅੱਜ ਦੀ ਕਾਰਜ ਸੂਚੀ ਵਿੱਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ ਕੁੱਲ 42 ਬਜਟ ਅਨੁਮਾਨਾਂ ਸਬੰਧੀ ਗ੍ਰਾਂਟਾਂ ਲਈ ਮੰਗਾਂ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ

ਇਕੱਠੀਆਂ ਹੀ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਨ੍ਹਾਂ ਨੂੰ ਇਕੱਠੀਆਂ ਹੀ ਬਹਿਸ ਲਈ ਲੈ ਲਿਆ ਜਾਵੇ।

**(ਅਵਾਜ਼ਾਂ: ਹਾਂਜੀ, ਹਾਂਜੀ।)**

ਮੰਗ ਨੰ.1

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 12,339,92,36,000 ਰੁਪਏ ਅਤੇ ਪੂੰਜੀਗਤ ਲੇਖੇ ਤੇ 333,65,30,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.2

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 681,37,28,000 ਰੁਪਏ ਅਤੇ ਪੂੰਜੀਗਤ ਲੇਖੇ ਤੇ 22,48,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.3

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 594,90,72,000 ਰੁਪਏ ਅਤੇ ਪੂੰਜੀਗਤ ਲੇਖੇ ਤੇ 133,32,83,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.4

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 88,41,09,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,66,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਰੱਖਿਆ ਸੇਵਾਵਾਂ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.5

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 17,442,55,00,000 ਰੁਪਏ ਅਤੇ ਪੂੰਜੀਗਤ ਲੇਖੇ ਤੇ 532,01,81,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.6

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 128,96,85,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7,30,02,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.7

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 333,98,77,000 ਰੁਪਏ ਅਤੇ ਪੂੰਜੀਗਤ ਲੇਖੇ ਤੇ 11,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਆਬਕਾਰੀ ਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.8

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 48,840,03,04,000 ਰੁਪਏ ਅਤੇ ਪੂੰਜੀਗਤ ਲੇਖੇ ਤੇ 89,553,48,31,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.9

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 718,26,92,000 ਰੁਪਏ ਅਤੇ ਪੂੰਜੀਗਤ ਲੇਖੇ ਤੇ 330,20,90,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.10

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 311,13,33,000 ਰੁਪਏ ਅਤੇ ਪੂੰਜੀਗਤ ਲੇਖੇ ਤੇ 33,90,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਆਮ ਰਾਜ ਪ੍ਰਬੰਧ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.11

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 54,83,51,09,000 ਰੁਪਏ ਅਤੇ ਪੂੰਜੀਗਤ ਲੇਖੇ ਤੇ 114,64,01,000 ਰੁਪਏ ਤੋਂਵੱਧ ਨਾ ਹੋਵੇ, ਸਾਲ 2025-26 ਲਈਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.12

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 91,13,96,10,000 ਰੁਪਏ ਅਤੇ ਪੂੰਜੀਗਤ ਲੇਖੇ ਤੇ 566,13,26,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਗ੍ਰਹਿ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.13

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 32,94,77,56,000 ਰੁਪਏ ਅਤੇ ਪੂੰਜੀਗਤ ਲੇਖੇ ਤੇ 131,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.14

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ 639,53,03,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,30,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.15

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 12,47,47,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 19,98,73,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.16

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 42,83,79,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ

ਮੰਗ ਨੰ.17

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 43,49,47,67,000 ਰੁਪਏ ਅਤੇ ਪੂੰਜੀਗਤ ਲੇਖੇ ਤੇ 12,82,34,48,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.18

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 50,11,96,000 ਰੁਪਏ ਅਤੇ ਪੂੰਜੀਗਤ ਲੇਖੇ ਤੇ 20,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਪ੍ਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.19

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 69,82,98,000 ਰੁਪਏ ਅਤੇ ਪੂੰਜੀਗਤ ਲੇਖੇ ਤੇ 831,27,91,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.20

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 76,17,59,18,000 ਰੁਪਏ ਅਤੇ ਪੂੰਜੀਗਤ ਲੇਖੇ ਤੇ 95,04,49,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਪਾਵਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.21

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 739,77,42,000 ਰੁਪਏ ਅਤੇ ਪੂੰਜੀਗਤ ਲੇਖੇ ਤੇ 17,64,41,74,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.22

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 16,98,51,60,000 ਰੁਪਏ ਅਤੇ ਪੂੰਜੀਗਤ ਲੇਖੇ ਤੇ 16,86,17,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈਮਾਲ, ਮੁੜਵਸੇਵਾ ਅਤੇ ਕੁਦਰਤੀ ਆਫਤਾਂ ਪ੍ਰਬੰਧਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.23

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 41,05,14,55,000 ਰੁਪਏ ਅਤੇ ਪੂੰਜੀਗਤ ਲੇਖੇ ਤੇ 468,43,38,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.24

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 35,78,69,000 ਰੁਪਏ ਅਤੇ ਪੂੰਜੀਗਤ ਲੇਖੇ ਤੇ 27,22,03,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਵਿਗਿਆਨ, ਤਕਨੀਕ ਅਤੇ ਵਾਤਾਵਰਣਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.25

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 82,41,97,64,000 ਰੁਪਏ ਅਤੇ ਪੂੰਜੀਗਤ ਲੇਖੇ ਤੇ 76,57,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.26

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 64,67,72,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਰਾਜ ਵਿਧਾਨਪਾਲਿਕਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.27

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 485,78,92,000 ਰੁਪਏ ਅਤੇ ਪੂੰਜੀਗਤ ਲੇਖੇ ਤੇ 93,23,34,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰਦਿੱਤੀ ਜਾਵੇ।

ਮੰਗ ਨੰ.28

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 125,96,85,000 ਰੁਪਏ ਅਤੇ ਪੂੰਜੀਗਤ ਲੇਖੇ ਤੇ 77,90,12,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਯਾਤਰਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.29

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 441,58,78,000 ਰੁਪਏ ਅਤੇ ਪੂੰਜੀਗਤ ਲੇਖੇ ਤੇ 164,09,85,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਟਰਾਂਸਪੋਰਟਦੇਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.30

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 75,96,39,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,00,02,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.31

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 210,23,24,000 ਰੁਪਏ ਅਤੇ ਪੂੰਜੀਗਤ ਲੇਖੇ ਤੇ 20,00,50,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.32

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 281,10,50,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਵਣ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.33

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 88,32,75,000 ਰੁਪਏ ਅਤੇ ਪੂੰਜੀਗਤ ਲੇਖੇ ਤੇ 55,63,04,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਪ੍ਰਸ਼ਾਸਨਿਕ ਸੁਧਾਰਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.34

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 106,24,31,000 ਰੁਪਏ ਅਤੇ ਪੂੰਜੀਗਤ ਲੇਖੇ ਤੇ 31,01,02,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਬਾਗਬਾਨੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.35

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 350,71,94,000 ਰੁਪਏ ਅਤੇ ਪੂੰਜੀਗਤ ਲੇਖੇ ਤੇ 22,63,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.36

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 320,17,76,000 ਰੁਪਏ ਅਤੇ ਪੂੰਜੀਗਤ ਲੇਖੇ ਤੇ 191,37,68,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਜੇਲ੍ਹਾਂਦੇ ਸਬੰਧਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.37

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 13,60,59,75,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7,75,50,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.38

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 816,52,53,000 ਰੁਪਏ ਅਤੇ ਪੂੰਜੀਗਤ ਲੇਖੇ ਤੇ 519,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਮੈਡੀਕਲ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.39

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 30,24,77,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,10,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਛਪਾਈ ਤੇ ਲਿਖਣ ਸਮੱਗਰੀਵਿਭਾਗ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.40

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 958,65,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 20,01,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.41

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 10,21,50,04,000 ਰੁਪਏ ਅਤੇ ਪੂੰਜੀਗਤ ਲੇਖੇ ਤੇ 592,03,36,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.42

ਪ੍ਰਸਤਾਵ ਕੀਤਾ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 749,42,26,000 ਰੁਪਏ ਅਤੇ ਪੂੰਜੀਗਤ ਲੇਖੇ ਤੇ 272,45,91,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਹੋਰ ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਣਯੋਗ ਸਪੀਕਰ:** ਜਿਹੜੇ ਮਾਣਯੋਗ ਮੈਂਬਰ ਜਿਸ ਮੰਗ ਤੇ ਬੋਲਣਾ ਚਾਹੁਣ, ਉਸ ਮੰਗ ਦਾ ਜ਼ਿਕਰ ਜ਼ਰੂਰ ਕਰ ਦੇਣ।

**ਰਾਣਾ ਇੰਦਰ ਪ੍ਰਤਾਪ ਸਿੰਘ** : ਸਪੀਕਰ ਸਾਹਿਬ, ਮੈਂ ਕੱਟ-ਮੋਸ਼ਨ ਦਿੱਤਾ ਸੀ, ਤੁਸੀਂ ਅਕਸੈਪਟ ਨਹੀਂ ਕੀਤਾ।

**ਮਾਣਯੋਗ ਸਪੀਕਰ** : ਕੱਟ ਮੋਸ਼ਨ rejected ਹੈ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ** : ਸਰ, ਕੱਲ੍ਹ ਬਜਟ ਆਇਆ ਹੈ, ਮੈਂ ਕੋਈ ਨੈਗੇਟਿਵ ਗੱਲ ਨਹੀਂ ਕਰਨੀ ਹੈ।

**ਮਾਣਯੋਗ ਸਪੀਕਰ** : ਕੋਈ ਗੱਲ ਨਹੀਂ। ਜੇਕਰ ਤੁਹਾਡੀ ਕੋਈ ਆਬਜ਼ਰਵੇਸ਼ਨ ਹੋਈ ਤਾਂ ਕੱਲ੍ਹ ਨੂੰ ਤੁਹਾਨੂੰ ਸਮਾਂ ਮਿਲੇਗਾ, ਉਦੋਂ ਬੋਲ ਦਿਉ। ਹੁਣ ਆਪਾਂ ਬਜਟ ਪਾਸ ਕਰ ਲਈਏ। ਬੈਠੋ। ਧੰਨਵਾਦ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸਾਰੀਆਂ ਬਜਟ ਅਨੁਮਾਨਾਂ ਸਬੰਧੀ ਗਰਾਂਟਾਂ ਇਕੱਠੀਆਂ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ।)

**1710/mehak**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਾਲ **2025-26** ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਮੰਗਾਂ ਨੰ**: 1** ਤੋਂ **42** ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ ਕੁੱਲ 2 ਲੱਖ 36 ਹਜ਼ਾਰ 80 ਕਰੋੜ 56 ਲੱਖ 95 ਹਜ਼ਾਰ ਤੋਂ ਵੱਧ ਨਾ ਹੋਣ।ਵੱਖ ਵੱਖ ਵਿਭਾਗਾਂ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਜੀ ਨੂੰ ਦਿੱਤੀਆਂ ਜਾਣ।

ਮੰਗ ਨੰ.1

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 12,339,92,36,000 ਰੁਪਏ ਅਤੇ ਪੂੰਜੀਗਤ ਲੇਖੇ ਤੇ 333,65,30,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.2

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 681,37,28,000 ਰੁਪਏ ਅਤੇ ਪੂੰਜੀਗਤ ਲੇਖੇ ਤੇ 22,48,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.3

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 594,90,72,000 ਰੁਪਏ ਅਤੇ ਪੂੰਜੀਗਤ ਲੇਖੇ ਤੇ 133,32,83,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.4

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 88,41,09,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,66,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਰੱਖਿਆ ਸੇਵਾਵਾਂ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.5

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 17,442,55,00,000 ਰੁਪਏ ਅਤੇ ਪੂੰਜੀਗਤ ਲੇਖੇ ਤੇ 532,01,81,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.6

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 128,96,85,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7,30,02,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.7

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 333,98,77,000 ਰੁਪਏ ਅਤੇ ਪੂੰਜੀਗਤ ਲੇਖੇ ਤੇ 11,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਆਬਕਾਰੀ ਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.8

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 48,840,03,04,000 ਰੁਪਏ ਅਤੇ ਪੂੰਜੀਗਤ ਲੇਖੇ ਤੇ 89,553,48,31,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.9

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 718,26,92,000 ਰੁਪਏ ਅਤੇ ਪੂੰਜੀਗਤ ਲੇਖੇ ਤੇ 330,20,90,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.10

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 311,13,33,000 ਰੁਪਏ ਅਤੇ ਪੂੰਜੀਗਤ ਲੇਖੇ ਤੇ 33,90,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਆਮ ਰਾਜ ਪ੍ਰਬੰਧ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.11

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 54,83,51,09,000 ਰੁਪਏ ਅਤੇ ਪੂੰਜੀਗਤ ਲੇਖੇ ਤੇ 114,64,01,000 ਰੁਪਏ ਤੋਂਵੱਧ ਨਾ ਹੋਵੇ, ਸਾਲ 2025-26 ਲਈਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.12

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 91,13,96,10,000 ਰੁਪਏ ਅਤੇ ਪੂੰਜੀਗਤ ਲੇਖੇ ਤੇ 566,13,26,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਗ੍ਰਹਿ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.13

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 32,94,77,56,000 ਰੁਪਏ ਅਤੇ ਪੂੰਜੀਗਤ ਲੇਖੇ ਤੇ 131,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.14

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ 639,53,03,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,30,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.15

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 12,47,47,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 19,98,73,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.16

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 42,83,79,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ

ਮੰਗ ਨੰ.17

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 43,49,47,67,000 ਰੁਪਏ ਅਤੇ ਪੂੰਜੀਗਤ ਲੇਖੇ ਤੇ 12,82,34,48,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.18

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 50,11,96,000 ਰੁਪਏ ਅਤੇ ਪੂੰਜੀਗਤ ਲੇਖੇ ਤੇ 20,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਪ੍ਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.19

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 69,82,98,000 ਰੁਪਏ ਅਤੇ ਪੂੰਜੀਗਤ ਲੇਖੇ ਤੇ 831,27,91,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.20

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 76,17,59,18,000 ਰੁਪਏ ਅਤੇ ਪੂੰਜੀਗਤ ਲੇਖੇ ਤੇ 95,04,49,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਪਾਵਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.21

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 739,77,42,000 ਰੁਪਏ ਅਤੇ ਪੂੰਜੀਗਤ ਲੇਖੇ ਤੇ 17,64,41,74,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.22

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 16,98,51,60,000 ਰੁਪਏ ਅਤੇ ਪੂੰਜੀਗਤ ਲੇਖੇ ਤੇ 16,86,17,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈਮਾਲ, ਮੁੜਵਸੇਵਾ ਅਤੇ ਕੁਦਰਤੀ ਆਫਤਾਂ ਪ੍ਰਬੰਧਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.23

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 41,05,14,55,000 ਰੁਪਏ ਅਤੇ ਪੂੰਜੀਗਤ ਲੇਖੇ ਤੇ 468,43,38,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.24

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 35,78,69,000 ਰੁਪਏ ਅਤੇ ਪੂੰਜੀਗਤ ਲੇਖੇ ਤੇ 27,22,03,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਵਿਗਿਆਨ, ਤਕਨੀਕ ਅਤੇ ਵਾਤਾਵਰਣਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.25

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 82,41,97,64,000 ਰੁਪਏ ਅਤੇ ਪੂੰਜੀਗਤ ਲੇਖੇ ਤੇ 76,57,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.26

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 64,67,72,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਰਾਜ ਵਿਧਾਨਪਾਲਿਕਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.27

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 485,78,92,000 ਰੁਪਏ ਅਤੇ ਪੂੰਜੀਗਤ ਲੇਖੇ ਤੇ 93,23,34,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰਦਿੱਤੀ ਜਾਵੇ।

ਮੰਗ ਨੰ.28

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 125,96,85,000 ਰੁਪਏ ਅਤੇ ਪੂੰਜੀਗਤ ਲੇਖੇ ਤੇ 77,90,12,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਯਾਤਰਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.29

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 441,58,78,000 ਰੁਪਏ ਅਤੇ ਪੂੰਜੀਗਤ ਲੇਖੇ ਤੇ 164,09,85,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਟਰਾਂਸਪੋਰਟਦੇਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.30

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 75,96,39,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,00,02,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.31

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 210,23,24,000 ਰੁਪਏ ਅਤੇ ਪੂੰਜੀਗਤ ਲੇਖੇ ਤੇ 20,00,50,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.32

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 281,10,50,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਵਣ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.33

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 88,32,75,000 ਰੁਪਏ ਅਤੇ ਪੂੰਜੀਗਤ ਲੇਖੇ ਤੇ 55,63,04,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਪ੍ਰਸ਼ਾਸਨਿਕ ਸੁਧਾਰਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.34

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 106,24,31,000 ਰੁਪਏ ਅਤੇ ਪੂੰਜੀਗਤ ਲੇਖੇ ਤੇ 31,01,02,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਬਾਗਬਾਨੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.35

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 350,71,94,000 ਰੁਪਏ ਅਤੇ ਪੂੰਜੀਗਤ ਲੇਖੇ ਤੇ 22,63,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.36

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 320,17,76,000 ਰੁਪਏ ਅਤੇ ਪੂੰਜੀਗਤ ਲੇਖੇ ਤੇ 191,37,68,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਜੇਲ੍ਹਾਂਦੇ ਸਬੰਧਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.37

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 13,60,59,75,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7,75,50,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.38

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 816,52,53,000 ਰੁਪਏ ਅਤੇ ਪੂੰਜੀਗਤ ਲੇਖੇ ਤੇ 519,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਮੈਡੀਕਲ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.39

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 30,24,77,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,10,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਛਪਾਈ ਤੇ ਲਿਖਣ ਸਮੱਗਰੀਵਿਭਾਗ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.40

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 958,65,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 20,01,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.41

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 10,21,50,04,000 ਰੁਪਏ ਅਤੇ ਪੂੰਜੀਗਤ ਲੇਖੇ ਤੇ 592,03,36,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ.42

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 749,42,26,000 ਰੁਪਏ ਅਤੇ ਪੂੰਜੀਗਤ ਲੇਖੇ ਤੇ 272,45,91,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2025-26 ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਹੋਰ ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---------

**THE PUNJAB APPROPRIATION (No.2) BILL, 2025**

**ਮਾਣਯੋਗ ਸਪੀਕਰ :** ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਜੀ ਬਿਲ, 2025 ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ (ਨੰ:2) ਬਿਲ, 2025 ਪੇਸ਼ ਕਰਦਾ ਹਾਂ

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਨੰ:2) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ (ਨੰ:2) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ (ਨੰ:2) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)***

**ਮਾਣਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

**ਕਲਾਜ਼ਾਂ 2 ਤੋਂ 4**

**ਮਾਣਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(ਆਵਾਜ਼ਾਂ : ਹਾਂ ਜੀ, ਹਾਂ ਜੀ)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।(ਥੰਪਿੰਗ)*

**ਸ਼ਡਿਊਲ**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)*

**ਕਲਾਜ਼ 1**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)*

**ਸਿਰਲੇਖ**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)*

**ਮਾਣਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਨੰ:2) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ (ਨੰ:2) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ (ਨੰ:2) ਬਿਲ, 2025 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)***

**ਮਾਣਯੋਗ ਸਪੀਕਰ**: ਹੁਣ ਸਦਨ ਸ਼ੁੱਕਰਵਾਰ ਮਿਤੀ 28 ਮਾਰਚ, 2025 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

*5.14 ਵਜੇ ਸ਼ਾਮ (*ਇਸ ਉਪਰੰਤ ਸਦਨ ਸ਼ੁੱਕਰਵਾਰ ਮਿਤੀ 28 ਮਾਰਚ, 2025 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

---------

**1710/mehak/Abhishek gautam**